# HISTORY THE PUNJAB

(SIMPLIFIED MATERIAL)

CLASS: 12TH

PUNJABI MEDIUM

PART: I

**GURVINDER SINGH**
LECTURER IN HISTORY
GOVT. GIRLS SR. SEC. SCHOOL,
JALALABAD (W) DISTT. FAZILKA
MOBILE: 89569-00001

**Available Free of Cost on SIKHYA APP**

Sikhya
EXCELLENCE IN YOUR POCKET

## ਸਮਰਪਣ

ਪਤਨੀ ਸੁਖਪਾਲ ਕੌਰ, ਬੇਟੇ ਹਰਮਨਬੀਰ ਸਿੰਘ ਅਤੇ ਬੇਟੀ ਹਰਸਿਰਜਨ ਕੌਰ ਨੂੰ ਸਮਰਪਿਤ ਕਿਉਂ ਕਿ ਇਹ ਪੁਸਤਕ ਤਿਆਰ ਕਰਨ ਲਈ ਉਸ ਕੀਮਤੀ ਸਮੇਂ ਦੀ ਵਰਤੋਂ ਕੀਤੀ ਗਈ ਜਿਸਤੇ ਇਹਨਾਂ ਦਾ ਹੱਕ ਬਣਦਾ ਸੀ।

## ਧੰਨਵਾਦ

ਉਹਨਾਂ ਸਾਰੇ ਮਿੱਤਰਾਂ, ਸਹਿਕਰਮੀਆਂ ਦਾ ਜਿਹਨਾਂ ਦੀ ਪ੍ਰੇਰਣਾ ਅਤੇ ਸਲਾਹ ਦੁਆਰਾ ਇਸ ਪਾਠ ਸਮੱਗਰੀ ਨੂੰ ਪੁਸਤਕ ਰੂਪ ਦੇਣਾ ਸੰਭਵ ਹੋ ਸਕਿਆ।

# ਲੇਖਕ ਵੱਲੋਂ ਬੇਨਤੀ

ਇਸ ਪੁਸਤਕ ਦੀ ਰਚਨਾ ਕਿਸੇ ਵਪਾਰਕ ਮਕਸਦ ਲਈ ਨਹੀਂ ਕੀਤੀ ਗਈ। ਇਸ ਪੁਸਤਕ ਦਾ ਮਕਸਦ ਇਤਿਹਾਸ ਵਿਸ਼ੇ ਨਾਲ ਸਬੰਧਤ ਪਾਠ ਸਮੱਗਰੀ ਨੂੰ ਦਿਲਚਸਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਤੱਕ ਪਹੁੰਚਾਉਣਾ ਹੈ। ਇਸ ਪੁਸਤਕ ਵਿੱਚ ਸੌਖੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਅਤੇ ਪ੍ਰਸ਼ਨਾਂ ਨੂੰ ਸੌਖੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀ ਇਹਨਾਂ ਨੂੰ ਅਸਾਨੀ ਨਾਲ ਯਾਦ ਰੱਖਕੇ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰ ਸਕਣ।

ਇਸ ਪੁਸਤਕ ਦਾ ਦੂਜਾ ਭਾਗ ਵੀ ਛੇਤੀ ਹੀ ਤਿਆਰ ਕੀਤਾ ਜਾਵੇਗਾ ਜਿਸ ਵਿੱਚ ਖਾਲੀ ਸਥਾਨ, ਸਹੀ/ਗਲਤ ਦੀ ਚੋਣ ਅਤੇ ਬਹੁਵਿਕਲਪੀ ਪ੍ਰਸ਼ਨ ਹੋਣਗੇ।ਇਸ ਤੋਂ ਇਲਾਵਾ ਮੇਰੇ ਦੁਆਰਾ ਪ੍ਰਤੀਯੋਗੀ ਪ੍ਰੀਖਿਆਵਾਂ ਨਾਲ ਸਬੰਧਤ ਬਹੁਤ ਸਾਰੀ ਸਮੱਗਰੀ ਤਿਆਰ ਕੀਤੀ ਗਈ ਹੈ ਜੋ ਕਿ ਸਿੱਖਿਆ ਐਪ ਤੇ ਮੁਫ਼ਤ ਉਪਲਬਧ ਹੈ। ਸਿੱਖਿਆ ਐਪ ਨੂੰ ਗੂਗਲ ਪਲੇਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਇਸ ਨਾਲ ਕਿਸੇ ਦੀਆਂ ਧਾਰਮਿਕ/ਸਮਾਜਿਕ/ਵਿਅਕਤੀਗਤ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਫਿਰ ਵੀ ਜੇਕਰ ਕੋਈ ਗਲਤੀ ਹੋ ਗਈ ਹੋਵੇ ਤਾਂ ਮੈਂ ਖਿਮਾਂ ਮੰਗਦਾ ਹਾਂ।ਇਸ ਗੱਲ ਦੀ ਵੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਪਾਠ-ਸਮੱਗਰੀ ਵਿੱਚ ਕਿਸੇ ਪ੍ਰਕਾਰ ਦੀ ਕੋਈ ਗਲਤੀ/ਤਰੁੱਟੀ ਨਾ ਰਹੇ। ਫਿਰ ਵੀ ਜੇਕਰ ਕਿਸੇ ਪ੍ਰਕਾਰ ਦੀ ਤਰੁੱਟੀ ਜਾਂ ਗਲਤੀ ਰਹਿ ਗਈ ਹੋਵੇ ਤਾਂ ਕਿਰਪਾ ਕਰਕੇ ਮੇਰੇ ਨੰਬਰ 89569-00001 ਤੇ ਸੰਪਰਕ ਕਰਕੇ ਦੱਸਣ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਕਿ ਇਸਨੂੰ ਛੇਤੀ ਤੋਂ ਛੇਤੀ ਸੁਧਾਰਿਆ ਜਾ ਸਕੇ।

ਧੰਨਵਾਦ ਸਹਿਤ

9/12/2020

ਗੁਰਵਿੰਦਰ ਸਿੰਘ
M.A. M.Ed. M.Phil.
(PSTET & NET Qualified)

# ਵਿਸ਼ਾ ਵਸਤੂ


| ਲੜੀ ਨੰ: | ਪਾਠ ਦਾ ਨਾਂ | ਪੰਨਾ |
|---|---|---|
| 1 | ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਤਿਹਾਸ ਤੇ ਪ੍ਰਭਾਵ | 1 |
| 2 | ਪੰਜਾਬ ਦੇ ਇਤਿਹਾਸ ਦੇ ਸੋਮੇ | 16 |
| 3 | 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ, ਸਮਾਜਿਕ ਅਤੇ ਆਰਥਿਕ ਦਸ਼ਾ | 31 |
| 4 | ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ | 50 |
| 5 | ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਧਰਮ ਦਾ ਵਿਕਾਸ | 67 |
| 6 | ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦੀ ਸ਼ਹੀਦੀ | 82 |
| 7 | ਗੁਰੂ ਹਰਗੋਬਿੰਦ ਜੀ ਅਤੇ ਸਿੱਖ ਪੰਥ ਦਾ ਰੂਪਾਂਤਰਣ | 99 |
| 8 | ਗੁਰੂ ਤੇਗ਼ ਬਹਾਦਰ ਜੀ ਅਤੇ ਉਹਨਾਂ ਦੀ ਸ਼ਹੀਦੀ | 119 |
| 9 | ਗੁਰੂ ਗੋਬਿੰਦ ਸਿੰਘ ਜੀ: ਖਾਲਸਾ ਪੰਥ ਦੀ ਸਿਰਜਣਾ, ਉਹਨਾਂ ਦੀਆਂ ਲੜਾਈਆਂ ਅਤੇ ਸ਼ਖਸੀਅਤ | 133 |
| 10 | ਬੰਦਾ ਸਿੰਘ ਬਹਾਦਰ | 156 |
| 11 | ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਅਤੇ ਮੀਰ ਮਨੂੰ–ਉਹਨਾਂ ਦੇ ਸਿੱਖਾਂ ਨਾਲ ਸੰਬੰਧ | 174 |
| 12 | ਦਲ ਖ਼ਾਲਸਾ ਦੀ ਉਤਪੱਤੀ ਅਤੇ ਇਸ ਦੀ ਯੁੱਧ ਪ੍ਰਣਾਲੀ | 188 |
| 13 | ਮੁਗ਼ਲਾਂ ਅਧੀਨ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਅਵਸਥਾ | 196 |
| 14 | ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿੱਚ ਮੁਗ਼ਲ ਰਾਜ ਦਾ ਪਤਨ | 201 |
| 15 | ਸਿੱਖ ਮਿਸਲਾਂ ਦੀ ਉਤਪੱਤੀ ਤੇ ਵਿਕਾਸ ਅਤੇ ਉਹਨਾਂ ਦੇ ਸੰਗਠਨ ਦਾ ਸਰੂਪ | 216 |
| 16 | ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ | 231 |
| 17 | ਐਂਗਲੋ–ਸਿੱਖ ਸਬੰਧ 1800–1839 | 248 |
| 18 | ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਿਸਤਾਨ ਨਾਲ ਸੰਬੰਧ ਅਤੇ ਉਸਦੀ ਉੱਤਰ-ਪੱਛਮੀ ਸੀਮਾ ਨੀਤੀ | 262 |
| 19 | ਮਹਾਰਾਜਾ ਰਣਜੀਤ ਸਿੰਘ ਦਾ ਸਿਵਲ ਅਤੇ ਸੈਨਿਕ ਪ੍ਰਬੰਧ | 276 |
| 20 | ਮਹਾਰਾਜਾ ਰਣਜੀਤ ਸਿੰਘ ਦਾ ਆਚਰਣ ਅਤੇ ਸ਼ਖਸੀਅਤ | 295 |
| 21 | ਪਹਿਲਾ ਐਂਗਲੋ–ਸਿੱਖ ਯੁੱਧ: ਕਾਰਨ ਅਤੇ ਸਿੱਟੇ | 302 |
| 22 | ਦੂਜਾ ਅੰਗਰੇਜ ਸਿੱਖ ਯੁੱਧ: ਕਾਰਨ, ਸਿੱਟੇ ਅਤੇ ਪੰਜਾਬ ਤੇ ਕਬਜ਼ਾ | 315 |

## ਪਾਠ:1

## ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਤਿਹਾਸ ਤੇ ਪ੍ਰਭਾਵ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1) ਪੰਜਾਬ ਕਿਹੜੀ ਭਾਸ਼ਾ ਦਾ ਸ਼ਬਦ ਹੈ ? — ਫ਼ਾਰਸੀ

2) ਪੰਜਾਬ ਸ਼ਬਦ ਦਾ ਕੀ ਭਾਵ ਹੈ ? — ਪੰਜ ਦਰਿਆਵਾਂ ਦੀ ਧਰਤੀ

3) ਪੰਜਾਬ ਵਿੱਚ ਕਿਹੜੇ ਪੰਜ ਦਰਿਆ ਵਗਦੇ ਸਨ ? — ਸਤਲੁਜ਼, ਰਾਵੀ, ਬਿਆਸ, ਚਨਾਬ, ਜੇਹਲਮ

4) ਰਿਗਵੈਦਿਕ ਕਾਲ ਵਿੱਚ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? — ਸਪਤ ਸਿੰਧੂ

5) ਮਹਾਂਕਾਵਾਂ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? — ਪੰਚਨਦ

6) ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ ? — ਪੈਂਟਾਪੋਟਾਮੀਆ

7) ਪੰਜਾਬ ਨੂੰ ਟੱਕ ਦੇਸ਼ ਕਿਉਂ ਕਿਹਾ ਜਾਂਦਾ ਸੀ ? — ਇੱਥੇ ਕਾਫ਼ੀ ਸਮਾਂ ਟੱਕ ਨਾਮਕ ਕਬੀਲੇ ਦਾ ਰਾਜ ਰਿਹਾ ਸੀ।

8) ਅੰਗਰੇਜਾਂ ਨੇ ਪੰਜਾਬ ਨੂੰ ਕਦੋਂ ਬ੍ਰਿਟਿਸ਼ ਰਾਜ ਵਿੱਚ ਸ਼ਾਮਿਲ ਕੀਤਾ ? — 1849 ਈ:

9) ਪੰਜਾਬ ਦਾ ਵਿਘਟਨ ਕਦੋਂ ਸ਼ੁਰੂ ਹੋਇਆ ? — 1901 ਈ:

10) ਪੰਜਾਬ ਦਾ ਵਿਘਟਨ ਕਿਹੜੇ ਵਾਇਸਰਾਏ ਦੇ ਸਮੇਂ ਸ਼ੁਰੂ ਹੋਇਆ ? — ਲਾਰਡ ਕਰਜ਼ਨ

11) ਅੰਗਰੇਜਾਂ ਨੇ ਦਿੱਲੀ ਨੂੰ ਭਾਰਤ ਤੋਂ ਕਦੋਂ ਵੱਖ ਕੀਤਾ ? — 1911 ਈ:

12) ਭਾਸ਼ਾ ਦੇ ਅਧਾਰ ਤੇ ਪੰਜਾਬ ਦੀ ਵੰਡ ਕਦੋਂ ਹੋਈ ? — 1966 ਈ:

13) ਆਧੁਨਿਕ ਪੰਜਾਬ ਵਿੱਚ ਕਿੰਨੇ ਜਿਲ੍ਹੇ ਹਨ ? — 22

14) ਪੰਜਾਬ ਦਾ ਕਿਹੜਾ ਜਿਲ੍ਹਾ ਸਭ ਤੋਂ ਬਾਅਦ ਵਿੱਚ ਬਣਾਇਆ ਗਿਆ ? — ਫਾਜ਼ਿਲਕਾ


Download Free Study Material From SIKHYA APP

| | |
|---|---|
| 15) ਹਿਮਾਲਿਆ ਪਰਬਤ ਪੰਜਾਬ ਦੀ ਕਿਹੜੀ ਦਿਸ਼ਾ ਵਿੱਚ ਸਥਿਤ ਹੈ ? | ਉੱਤਰ |
| 16) ਹਿਮਾਲਿਆ ਦਾ ਕੀ ਅਰਥ ਹੈ ? | ਬਰਫ਼ ਦਾ ਘਰ |
| 17) ਸੰਸਾਰ ਦੀ ਸਭ ਤੋਂ ਉੱਚੀ ਚੋਟੀ ਦਾ ਕੀ ਨਾਂ ਹੈ ? | ਮਾਊਂਟ ਐਵਰੈਸਟ |
| 18) ਹਿਮਾਲਿਆ ਦਾ ਕਿਹੜਾ ਦੱਰਾ ਸਭ ਤੋਂ ਪ੍ਰਸਿੱਧ ਹੈ ? | ਖ਼ੈਬਰ |
| 19) ਸ਼ਿਵਾਲਿਕ ਪਹਾੜੀਆਂ ਅਤੇ ਪੰਜਾਬ ਦੇ ਮੈਦਾਨੀ ਭਾਗ ਵਿਚਕਾਰਲੇ ਖੇਤਰ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਤਰਾਈ ਪ੍ਰਦੇਸ਼ |
| 20) ਦੁਆਬੇ ਕਿਹੜੇ ਮੁਗ਼ਲ ਬਾਦਸ਼ਾਹ ਦੇ ਸਮੇਂ ਬਣਾਏ ਗਏ ? | ਅਕਬਰ |
| 21) ਦੁਆਬ ਕਿਸ ਭਾਸ਼ਾ ਦਾ ਸ਼ਬਦ ਹੈ ? | ਫ਼ਾਰਸੀ |
| 22) ਦੁਆਬ ਸ਼ਬਦ ਦਾ ਸ਼ਬਦੀ ਅਰਥ ਕੀ ਹੈ ? | ਦੋ ਦਰਿਆਵਾਂ ਵਿਚਕਾਰਲੀ ਧਰਤੀ |
| 23) ਪੰਜਾਬ ਵਿੱਚ ਕਿੰਨੇ ਦੁਆਬੇ ਹਨ ? | ਪੰਜ |
| 24) ਕਿਹੜੇ ਦੁਆਬ ਨੂੰ ਮਾਝਾ ਵੀ ਕਿਹਾ ਜਾਂਦਾ ਹੈ ? | ਬਾਰੀ ਦੁਆਬ ਨੂੰ |
| 25) ਮਾਝੇ ਦੇ ਵਸਨੀਕਾਂ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਮਝੈਲ |
| 26) ਲਾਹੌਰ ਅਤੇ ਅੰਮ੍ਰਿਤਸਰ ਸਾਹਿਬ ਕਿਹੜੇ ਦੁਆਬੇ ਵਿੱਚ ਸਥਿਤ ਹਨ ? | ਬਾਰੀ ਦੁਆਬ |
| 27) ਮਾਲਵਾ ਕਿਹੜੇ ਇਲਾਕੇ ਨੂੰ ਕਿਹਾ ਜਾਂਦਾ ਹੈ ? | ਸਤਲੁਜ਼ ਅਤੇ ਘੱਗਰ ਵਿਚਕਾਰਲੇ ਖੇਤਰ ਨੂੰ |
| 28) ਮਾਲਵਾ ਨੂੰ ਇਹ ਨਾਂ ਕਿਉਂ ਦਿੱਤਾ ਗਿਆ ? | ਇੱਥੇ ਮੱਲ ਨਾਮਕ ਕਬੀਲਾ ਰਾਜ ਕਰਦਾ ਸੀ |


Download Free Study Material From SIKHYA APP

| | |
|---|---|
| 29) ਮਾਲਵੇ ਦੇ ਵਸਨੀਕਾਂ ਨੂੰ ਕੀ ਕਿਹਾ ਜਾਂਦਾ ਹੈ ? | ਮਲਵਈ |
| 30) ਬਾਂਗਰ ਦਾ ਇਲਾਕਾ ਕਿਹੜੇ ਦੋ ਦਰਿਆਵਾਂ ਵਿਚਕਾਰ ਸਥਿੱਤ ਹੈ ? | ਘੱਗਰ ਅਤੇ ਜਮਨਾ |
| 31) ਤਰਾਇਣ ਦੀ ਪਹਿਲੀ ਲੜਾਈ ਕਦੋਂ ਹੋਈ ? | 1191 ਈ: |
| 32) ਤਰਾਇਣ ਦੀ ਪਹਿਲੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਮੁਹੰਮਦ ਗੌਰੀ ਅਤੇ ਪ੍ਰਿਥਵੀ ਰਾਜ ਚੌਹਾਨ |
| 33) ਤਰਾਇਣ ਦੀ ਪਹਿਲੀ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਪ੍ਰਿਥਵੀ ਰਾਜ ਚੌਹਾਨ |
| 34) ਤਰਾਇਣ ਦੀ ਦੂਜੀ ਲੜਾਈ ਕਦੋਂ ਹੋਈ ? | 1192 ਈ: |
| 35) ਤਰਾਇਣ ਦੀ ਦੂਜੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਮੁਹੰਮਦ ਗੌਰੀ ਅਤੇ ਪ੍ਰਿਥਵੀ ਰਾਜ ਚੌਹਾਨ |
| 36) ਤਰਾਇਣ ਦੀ ਦੂਜੀ ਲੜਾਈ ਵਿੱਚ ਕੌਣ ਜੇਤੂ ਰਿਹਾ ? | ਮੁਹੰਮਦ ਗੌਰੀ |
| 37) ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ? | 1526 ਈ: |
| 38) ਪਾਣੀ ਪਤ ਦੀ ਪਹਿਲੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਬਾਬਰ ਅਤੇ ਇਬਰਾਹਿਮ ਲੋਧੀ |
| 39) ਪਾਣੀਪਤ ਦੀ ਪਹਿਲੀ ਲੜਾਈ ਵਿੱਚ ਕੌਣ ਜੇਤੂ ਰਿਹਾ ? | ਬਾਬਰ |
| 40) ਪਾਣੀਪਤ ਦੀ ਦੂਜੀ ਲੜਾਈ ਕਦੋਂ ਹੋਈ ? | 1556 ਈ: |
| 41) ਪਾਣੀਪਤ ਦੀ ਦੂਜੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਅਕਬਰ ਅਤੇ ਹੇਮੂੰ |
| 42) ਪਾਣੀਪਤ ਦੀ ਦੂਜੀ ਲੜਾਈ ਵਿੱਚ ਕੌਣ ਜੇਤੂ ਰਿਹਾ ? | ਅਕਬਰ |
| 43) ਪਾਣੀਪਤ ਦੀ ਤੀਜੀ ਲੜਾਈ ਕਦੋਂ ਹੋਈ ? | 1761 ਈ: |
| 44) ਪਾਣੀਪਤ ਦੀ ਤੀਜੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਅਹਿਮਦ ਸ਼ਾਹ ਅਬਦਾਲੀ ਅਤੇ ਮਰਾਠੇ |


Download Free Study Material From SIKHYA APP

45) ਪਾਣੀਪਤ ਦੀ ਤੀਜੀ ਲੜਾਈ ਵਿੱਚ ਕੌਣ ਜੇਤੂ ਰਿਹਾ ? ਅਹਿਮਦ ਸ਼ਾਹ ਅਬਦਾਲੀ

46) ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ ਕਿਹੜੇ ਸ਼ਹਿਰ ਦੀ ਜਿੱਤ ਤੋਂ ਕੀਤੀ ? ਲਾਹੌਰ

47) ਅਹਿਮਦਸ਼ਾਹ ਅਬਦਾਲੀ ਨੇ ਪੰਜਾਬ ਤੇ ਕਿੰਨੇ ਹਮਲੇ ਕੀਤੇ ? 8

48) ਆਰੀਆ ਸਭ ਤੋਂ ਪਹਿਲਾਂ ਕਿਹੜੇ ਪ੍ਰਦੇਸ਼ ਵਿੱਚ ਆ ਕੇ ਵੱਸੇ ? ਸਪਤ ਸਿੰਧੂ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**1) ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ:

I. ਪੰਜਾਬ ਦੇ ਉੱਤਰ ਵਿੱਚ ਹਿਮਾਲਿਆ ਪਰਬਤ ਸਥਿਤ ਹੈ। ਇਹ ਪਰਬਤ ਬਹੁਤ ਉੱਚਾ ਹੈ। ਇਸ ਨਾਲ ਟਕਰਾ ਕੇ ਮਾਨਸੂਨ ਪੌਣਾਂ ਪੰਜਾਬ ਵਿੱਚ ਵਰਖਾ ਕਰਦੀਆਂ ਹਨ।

II. ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਮੈਦਾਨੀ ਭਾਗਾਂ ਵਿਚਕਾਰ ਅਰਧ-ਪਹਾੜੀ ਪ੍ਰਦੇਸ ਸਥਿਤ ਹੈ। ਇੱਥੋਂ ਦੀ ਮਿੱਟੀ ਘੱਟ ਉਪਜਾਊ ਹੈ।

III. ਪੰਜਾਬ ਦਾ ਮੈਦਾਨੀ ਭਾਗ ਬਹੁਤ ਪ੍ਰਸਿੱਧ ਹੈ। ਇਹ ਸੰਸਾਰ ਦੇ ਸਭ ਤੋਂ ਵੱਧ ਉਪਜਾਊ ਖੇਤਰਾਂ ਵਿੱਚ ਗਿਣਿਆ ਜਾਂਦਾ ਹੈ।

**2) ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ ?**

ਉੱਤਰ: ਪੰਜਾਬ ਨੂੰ ਇਸਦੀ ਭੂਗੋਲਿਕ ਸਥਿਤੀ ਕਾਰਨ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ। ਇਸਦੇ ਉੱਤਰ-ਪੱਛਮ ਵੱਲ ਖੈਬਰ, ਕੁੱਰਮ, ਟੋਚੀ ਅਤੇ ਬੋਲਾਨ ਦੱਰੇ ਸਥਿੱਤ ਹਨ। ਪ੍ਰਾਚੀਨ ਕਾਲ ਤੋਂ ਹੀ ਵਿਦੇਸ਼ੀ ਹਮਲਾਵਰ ਇਹਨਾਂ ਦੱਰਿਆਂ


Download Free Study Material From SIKHYA APP

ਰਾਹੀਂ ਭਾਰਤ ਤੇ ਹਮਲੇ ਕਰਦੇ ਸਨ। ਹਰੇਕ ਵਿਅਕਤੀ ਨੂੰ ਭਾਰਤ ਵਿੱਚ ਦਾਖਲ ਹੋਣ ਲਈ ਪੰਜਾਬ ਵਿੱਚੋਂ ਹੀ ਲੰਘਣਾ ਪੈਂਦਾ ਸੀ। ਇਸ ਲਈ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ।

3) **ਪੰਜਾਬ ਦਾ ਭਾਰਤ ਦੇ ਇਤਿਹਾਸ ਵਿੱਚ ਕੀ ਮਹੱਤਵ ਹੈ ?**

ਉੱਤਰ: ਪੰਜਾਬ ਦਾ ਭਾਰਤ ਦੇ ਇਤਿਹਾਸ ਵਿੱਚ ਮਹੱਤਵ:

I. ਰਿਗਵੇਦ ਦੀ ਰਚਨਾ ਪੰਜਾਬ ਵਿੱਚ ਕੀਤੀ ਗਈ।

II. ਮਹਾਂਭਾਰਤ ਦਾ ਯੁੱਧ ਪੰਜਾਬ ਵਿੱਚ ਲੜਿਆ ਗਿਆ।

III. ਸ਼੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਇਸੇ ਧਰਤੀ ਤੇ ਦਿੱਤਾ।

IV. ਚੰਦਰਗੁਪਤ ਮੌਰੀਆ ਨੇ ਭਾਰਤ ਦਾ ਪਹਿਲਾ ਸਾਮਰਾਜ ਸਥਾਪਿਤ ਕੀਤਾ।

V. ਭਾਰਤੀ ਇਤਿਹਾਸ ਦੀਆਂ ਅਨੇਕਾਂ ਮਹੱਤਵਪੂਰਨ ਲੜਾਈਆਂ ਇੱਥੇ ਲੜੀਆਂ ਗਈਆਂ।

VI. ਇਸ ਧਰਤੀ ਤੇ ਸਿੱਖ ਧਰਮ ਦੀ ਸਥਾਪਨਾ ਹੋਈ।

4) **ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕੀ ਮੁੱਖ ਲਾਭ ਹੋਏ ?**

ਉੱਤਰ: ਹਿਮਾਲਿਆ ਪਰਬਤ ਦੇ ਲਾਭ:

I. ਹਿਮਾਲਿਆ ਪਰਬਤ ਹਮਲਾਵਰਾਂ ਨੂੰ ਪੰਜਾਬ ਵਿੱਚ ਦਾਖਲ ਹੋਣ ਤੋਂ ਰੋਕਦਾ ਹੈ।

II. ਇਸਦੀਆਂ ਨਦੀਆਂ ਨੇ ਪੰਜਾਬ ਦੇ ਮੈਦਾਨਾਂ ਨੂੰ ਉਪਜਾਊ ਬਣਾਇਆ ਹੈ।

III. ਮਾਨਸੂਨ ਪੌਣਾ ਇਸ ਨਾਲ ਟਕਰਾ ਕੇ ਪੰਜਾਬ ਵਿੱਚ ਵਰਖਾ ਕਰਦੀਆਂ ਹਨ।

IV. ਇਸਦੀਆਂ ਵਾਦੀਆਂ ਵਿੱਚ ਅਨੇਕਾਂ ਹਿੱਲ ਸਟੇਸ਼ਨ ਜਿਵੇਂ ਡਲਹੌਜੀ, ਸ਼ਿਮਲਾ ਆਦਿ ਹਨ।

V. ਹਿਮਾਲਿਆ ਤੋਂ ਪੰਜਾਬ ਨੂੰ ਬਹੁਤ ਆਰਥਿਕ ਲਾਭ ਹੋਇਆ ਹੈ।


Download Free Study Material From SIKHYA APP

5) **ਮਾਲਵਾ ਅਤੇ ਬਾਂਗਰ ਤੋਂ ਕੀ ਭਾਵ ਹੈ ?**

ਉੱਤਰ:

I. **ਮਾਲਵਾ**: ਸੱਤਲੁਜ ਅਤੇ ਘੱਗਰ ਦਰਿਆਵਾਂ ਵਿਚਕਾਰਲੇ ਖੇਤਰ ਨੂੰ ਮਾਲਵਾ ਕਿਹਾ ਜਾਂਦਾ ਹੈ। ਇਸ ਵਿੱਚ ਪਟਿਆਲਾ, ਲੁਧਿਆਣਾ, ਸੰਗਰੂਰ, ਸਰਹਿੰਦ, ਮਲੇਰਕੋਟਲਾ, ਫਰੀਦਕੋਟ, ਬਠਿੰਡਾ ਅਤੇ ਨਾਭਾ ਆਦਿ ਸ਼ਾਮਲ ਹਨ। ਇਸ ਪ੍ਰਦੇਸ ਵਿੱਚ ਪੁਰਾਣੇ ਸਮਿਆਂ ਵਿੱਚ ਮੱਲਵ ਨਾਂ ਦਾ ਇੱਕ ਕਬੀਲਾ ਰਾਜ ਕਰਦਾ ਸੀ। ਇਸ ਲਈ ਇਸ ਇਲਾਕੇ ਦਾ ਨਾਂ ਮਾਲਵਾ ਪੈ ਗਿਆ।

II. **ਬਾਂਗਰ**: ਘੱਗਰ ਅਤੇ ਜਮਨਾ ਦਰਿਆਵਾਂ ਵਿਚਕਾਰਲੇ ਇਲਾਕੇ ਨੂੰ ਬਾਂਗਰ ਕਿਹਾ ਜਾਂਦਾ ਹੈ। ਇਹ ਇਲਾਕਾ ਹੁਣ ਹਰਿਆਣੇ ਵਿੱਚ ਸ਼ਾਮਿਲ ਹੈ। ਇਸ ਵਿੱਚ ਪਾਣੀਪਤ, ਰੋਹਤਕ, ਕਰਨਾਲ, ਕੁਰੂਕਸ਼ੇਤਰ, ਅੰਬਾਲਾ, ਗੁਰੂਗ੍ਰਾਮ, ਜੀਂਦ ਅਤੇ ਹਿਸਾਰ ਆਦਿ ਸ਼ਾਮਲ ਹਨ। ਇਸ ਖੇਤਰ ਵਿੱਚ ਇਤਿਹਾਸ ਦੀਆਂ ਅਨੇਕਾਂ ਮਹੱਤਵਪੂਰਨ ਲੜਾਈਆਂ ਲੜੀਆਂ ਗਈਆਂ।

6) **ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਨੇ ਇਸਦੀ ਆਰਥਿਕਤਾ ਤੇ ਕੀ ਪ੍ਰਭਾਵ ਪਾਇਆ ਹੈ ?**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਆਰਥਿਕ ਪ੍ਰਭਾਵ:

I. ਮੈਦਾਨੀ ਖੇਤਰ ਅਤੇ ਉਪਜਾਊ ਭੂਮੀ ਕਾਰਨ ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਰਿਹਾ ਹੈ।

II. ਉਪਜਾਊ ਭੂਮੀ ਕਾਰਨ ਫਸਲਾਂ ਦੀ ਪੈਦਾਵਾਰ ਵਧੀਆ ਹੁੰਦੀ ਸੀ।

III. ਪਹਾੜੀ ਖੇਤਰਾਂ ਵਿੱਚ ਲੋਕ ਭੇਡ ਬੱਕਰੀਆਂ ਆਦਿ ਪਾਲਦੇ ਸਨ।

IV. ਭੂਗੋਲਿਕ ਸਥਿਤੀ ਕਾਰਨ ਪੰਜਾਬ ਦਾ ਵਿਦੇਸ਼ੀ ਵਪਾਰ ਬਹੁਤ ਵਧ ਗਿਆ।

V. ਪੰਜਾਬ ਵਿੱਚ ਲਾਹੌਰ, ਮੁਲਤਾਨ, ਪੇਸ਼ਾਵਰ ਵਰਗੇ ਸ਼ਹਿਰ ਪ੍ਰਸਿੱਧ ਵਪਾਰਕ ਕੇਂਦਰ ਬਣੇ।

VI. ਪੰਜਾਬ ਦੇ ਲੋਕ ਸਦਾ ਅਮੀਰ ਅਤੇ ਖੁਸ਼ਹਾਲ ਰਹੇ।


Download Free Study Material From SIKHYA APP

**7) ਪੰਜਾਬ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਦੇ ਕੀ ਰਾਜਨੀਤਕ ਪ੍ਰਭਾਵ ਪਏ ?**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਰਾਜਨੀਤਕ ਪ੍ਰਭਾਵ:

I. ਪੰਜਾਬ ਸਦੀਆਂ ਤੱਕ ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ।

II. ਅਨੇਕਾਂ ਇਤਿਹਾਸਕ ਲੜਾਈਆਂ ਪੰਜਾਬ ਵਿੱਚ ਲੜੀਆਂ ਗਈਆਂ।

III. ਪੰਜਾਬ ਲੰਮਾਂ ਸਮਾਂ ਉੱਤਰੀ-ਪੱਛਮੀ ਸੀਮਾ ਦੀ ਸਮੱਸਿਆ ਵਿੱਚ ਉਲਝਿਆ ਰਿਹਾ।

IV. ਪੰਜਾਬ ਦੇ ਸ਼ਹਿਰਾਂ ਲਾਹੌਰ, ਮੁਲਤਾਨ, ਪੇਸ਼ਾਵਰ ਆਦਿ ਦਾ ਵਿਸ਼ੇਸ਼ ਮਹੱਤਵ ਰਿਹਾ।

**8) ਪੰਜਾਬ ਦੇ ਦਰਿਆਵਾਂ ਨੇ ਇਸਦੇ ਇਤਿਹਾਸ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ?**

ਉੱਤਰ: ਪੰਜਾਬ ਦੇ ਦਰਿਆਵਾਂ ਦੇ ਇਤਿਹਾਸਕ ਪ੍ਰਭਾਵ:

I. ਇਹਨਾਂ ਨੇ ਹਮਲਾਵਰਾਂ ਤੋਂ ਪੰਜਾਬ ਦੀ ਰਾਖੀ ਕੀਤੀ।

II. ਇਹਨਾਂ ਦਰਿਆਵਾਂ ਨੇ ਕਈ ਵਾਰ ਹਮਲਾਵਰਾਂ ਦਾ ਮਾਰਗ ਨਿਰਧਾਰਤ ਕੀਤਾ।

III. ਇਹਨਾਂ ਦੁਆਰਾ ਲਿਆਂਦੀ ਮਿੱਟੀ ਕਾਰਨ ਹੀ ਪੰਜਾਬ ਦੇ ਮੈਦਾਨੀ ਭਾਗਾਂ ਦਾ ਜਨਮ ਹੋਇਆ।

**9) ਪੰਜਾਬ ਦੇ ਪਹਾੜਾਂ ਅਤੇ ਜੰਗਲਾਂ ਨੇ ਇਸਦੇ ਇਤਿਹਾਸ ਤੇ ਕੀ ਪ੍ਰਭਾਵ ਪਾਇਆ ਹੈ ?**

ਉੱਤਰ: ਪੰਜਾਬ ਦੇ ਪਹਾੜਾ ਅਤੇ ਜੰਗਲਾਂ ਦੇ ਇਤਿਹਾਸਕ ਪ੍ਰਭਾਵ:

I. ਮੁਗ਼ਲਾਂ ਅਤੇ ਅਫ਼ਗਾਨਾਂ ਤੋਂ ਬਚਣ ਲਈ ਸਿੱਖ ਪਹਾੜਾਂ ਅਤੇ ਜੰਗਲਾਂ ਵਿੱਚ ਸ਼ਰਨ ਲੈਂਦੇ ਸਨ।

II. ਗੁਰੀਲਾ ਯੁੱਧ ਪ੍ਰਣਾਲੀ ਵਿੱਚ ਪਹਾੜ ਅਤੇ ਜੰਗਲ ਸਿੱਖਾਂ ਲਈ ਸਹਾਇਕ ਸਨ।

III. ਪਹਾੜ ਅਤੇ ਜੰਗਲ ਪੰਜਾਬੀਆਂ ਲਈ ਆਰਥਿਕ ਤੌਰ ਤੇ ਵੀ ਲਾਹੇਵੰਦ ਸਨ।

**10) ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਨੇ ਇਸਦੇ ਸਮਾਜਿਕ-ਸੱਭਿਆਚਾਰਕ ਇਤਿਹਾਸ ਤੇ ਕੀ ਪ੍ਰਭਾਵ ਪਾਇਆ ਹੈ ?**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਸਮਾਜਿਕ-ਸੱਭਿਆਚਾਰਕ ਪ੍ਰਭਾਵ:


Download Free Study Material From SIKHYA APP

I. ਅਨੇਕਾਂ ਹਮਲਾਵਰ ਅਤੇ ਵਪਾਰੀ ਪੰਜਾਬ ਦੇ ਰਸਤੇ ਭਾਰਤ ਵਿੱਚ ਦਾਖ਼ਲ ਹੋਏ। ਇਹਨਾਂ ਵਿੱਚੋਂ ਬਹੁਤ ਸਾਰੇ ਪੰਜਾਬ ਵਿੱਚ ਹੀ ਵੱਸ ਗਏ। ਉਹਨਾਂ ਨੇ ਇੱਥੋਂ ਦੇ ਲੋਕਾਂ ਨਾਲ ਵਿਆਹ ਸੰਬੰਧ ਬਣਾਏ ਅਤੇ ਅਨੇਕਾਂ ਨਵੀਆਂ ਜਾਤੀਆਂ ਹੋਂਦ ਵਿੱਚ ਆਈਆਂ।

II. ਵਿਦੇਸ਼ੀਆਂ ਨਾਲ ਮੇਲਜੋਲ ਕਾਰਨ ਪੰਜਾਬ ਵਿੱਚ ਇੱਕ ਨਵੇਂ ਸੱਭਿਆਚਾਰ ਦਾ ਜਨਮ ਹੋਇਆ।

III. ਵਿਦੇਸ਼ੀ ਹਮਲਿਆਂ ਕਾਰਨ ਪੰਜਾਬ ਦਾ ਬਹੁਤ ਸਾਰਾ ਇਤਿਹਾਸ ਨਸ਼ਟ ਹੋ ਗਿਆ।

IV. ਪੰਜਾਬੀਆਂ ਨੇ ਵਿਦੇਸ਼ੀਆਂ ਤੋਂ ਅਨੇਕਾਂ ਚੀਜਾਂ ਸਿੱਖੀਆਂ ਜਿਹੜੀਆਂ ਪੰਜਾਬੀਆਂ ਦੇ ਜੀਵਨ ਦਾ ਅੰਗ ਬਣ ਗਈਆਂ।

**11) ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਨੇ ਪੰਜਾਬ ਦੇ ਧਾਰਮਿਕ ਜੀਵਨ ਤੇ ਕੀ ਪ੍ਰਭਾਵ ਪਾਇਆ ਹੈ ?**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਧਾਰਮਿਕ ਪ੍ਰਭਾਵ:

I. ਪੰਜਾਬ ਵਿੱਚ ਹਿੰਦੂ ਧਰਮ ਅਤੇ ਸਿੱਖ ਧਰਮ ਦਾ ਜਨਮ ਹੋਇਆ।

II. ਪੰਜਾਬ ਵਿੱਚ ਬਹੁਤ ਸਾਰਾ ਧਾਰਮਿਕ ਸਾਹਿਤ ਰਚਿਆ ਗਿਆ।

III. ਵਿਦੇਸ਼ੀ ਹਮਲਿਆਂ ਸਮੇਂ ਅਨੇਕਾਂ ਸੰਤ, ਮਹਾਤਮਾ ਅਤੇ ਫ਼ਕੀਰ ਪੰਜਾਬ ਆਏ। ਉਹਨਾਂ ਨੇ ਆਪਣੇ ਧਰਮਾਂ ਦਾ ਪ੍ਰਚਾਰ ਕੀਤਾ।

IV. ਮੁਗ਼ਲਾਂ ਅਤੇ ਅਫ਼ਗਾਨਾਂ ਨੇ ਪੰਜਾਬ ਵਿੱਚ ਇਸਲਾਮ ਨੂੰ ਸਰਪ੍ਰਸਤੀ ਦਿੱਤੀ।

V. ਭੂਗੋਲਿਕ ਸਥਿਤੀ ਕਾਰਨ ਪੰਜਾਬ ਵਿੱਚ ਅਨੇਕਾਂ ਧਰਮਾਂ ਦਾ ਵਿਕਾਸ ਹੋਇਆ।

**12) ਦੁਆਬ ਸ਼ਬਦ ਤੋਂ ਕੀ ਭਾਵ ਹੈ ? ਪੰਜਾਬ ਦੇ ਦੁਆਬਿਆਂ ਦਾ ਸੰਖੇਪ ਵਰਣਨ ਕਰੋ।**

ਉੱਤਰ: ਦੁਆਬ ਸ਼ਬਦ ਤੋਂ ਭਾਵ ਹੈ; ਦੋ ਦਰਿਆਵਾਂ ਵਿਚਕਾਰਲੀ ਧਰਤੀ। ਦੁਆਬੇ ਅਕਬਰ ਦੇ ਸਮੇਂ ਬਣਾਏ ਗਏ ਸਨ। ਇਹ ਅੱਜ ਵੀ ਪ੍ਰਚਲਿਤ ਹਨ। ਪੰਜਾਬ ਨੂੰ ਪੰਜ ਦੁਆਬਿਆਂ ਵਿੱਚ ਵੰਡਿਆ ਜਾਂਦਾ ਹੈ:


Download Free Study Material From SIKHYA APP

I. **ਬਿਸਤ ਦੁਆਬ:** ਦਰਿਆ ਬਿਆਸ ਅਤੇ ਸਤਲੁਜ ਵਿਚਕਾਰਲੇ ਖੇਤਰ ਨੂੰ ਬਿਸਤ ਦੁਆਬ ਕਿਹਾ ਜਾਂਦਾ ਹੈ। ਜਲੰਧਰ ਅਤੇ ਹੁਸ਼ਿਆਰਪੁਰ ਇਸ ਦੁਆਬ ਦੇ ਦੋ ਪ੍ਰਸਿੱਧ ਜਿਲ੍ਹੇ ਹਨ।

II. **ਬਾਰੀ ਦੁਆਬ:** ਬਿਆਸ ਅਤੇ ਰਾਵੀ ਵਿਚਕਾਰਲੇ ਖੇਤਰ ਨੂੰ ਬਾਰੀ ਦੁਆਬ ਕਿਹਾ ਜਾਂਦਾ ਹੈ। ਲਾਹੌਰ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਇਸ ਦੁਆਬ ਦੇ ਦੋ ਪ੍ਰਸਿੱਧ ਸ਼ਹਿਰ ਹਨ।

III. **ਰਚਨਾ ਦੁਆਬ:** ਰਾਵੀ ਅਤੇ ਚਨਾਬ ਵਿਚਕਾਰਲੇ ਖੇਤਰ ਨੂੰ ਰਚਨਾ ਦੁਆਬਾ ਕਿਹਾ ਜਾਂਦਾ ਹੈ। ਗੁਜ਼ਰਾਂਵਾਲਾ ਅਤੇ ਸ਼ੇਖੂਪੁਰਾ ਇਸ ਦੁਆਬ ਦੇ ਦੋ ਪ੍ਰਸਿੱਧ ਸ਼ਹਿਰ ਹਨ।

IV. **ਚੱਜ ਦੁਆਬ:** ਚਨਾਬ ਅਤੇ ਜੇਹਲਮ ਦਰਿਆਵਾਂ ਵਿਚਕਾਰਲੇ ਖੇਤਰ ਨੂੰ ਚੱਜ ਦੁਆਬ ਕਿਹਾ ਜਾਂਦਾ ਹੈ। ਇਸ ਦੁਆਬ ਦਾ ਪ੍ਰਸਿੱਧ ਸ਼ਹਿਰ ਗੁਜ਼ਰਾਤ ਹੈ।

V. **ਸਿੰਧ ਸਾਗਰ ਦੁਆਬ:** ਸਿੰਧ ਅਤੇ ਜੇਹਲਮ ਵਿਚਕਾਲੇ ਖੇਤਰ ਨੂੰ ਸਿੰਧ ਸਾਗਰ ਦੁਆਬ ਕਿਹਾ ਜਾਂਦਾ ਹੈ। ਇਸ ਦੁਆਬ ਦਾ ਪ੍ਰਸਿੱਧ ਸ਼ਹਿਰ ਰਾਵਲਪਿੰਡੀ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1) **ਪੰਜਾਬ ਦੇ ਨਾਂ ਅਤੇ ਹੱਦਾਂ ਸਮੇਂ-ਸਮੇਂ ਤੇ ਬਦਲਦੀਆਂ ਰਹੀਆਂ ਹਨ। ਸਪਸ਼ਟ ਕਰੋ।**

ਉੱਤਰ: ਪੰਜਾਬ ਦੇ ਨਾਂ ਅਤੇ ਹੱਦਾਂ:

I. **ਸਪਤ ਸਿੰਧੂ:** ਰਿਗਵੈਦਿਕ ਕਾਲ ਵਿੱਚ ਪੰਜਾਬ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ। ਇਸ ਸਮੇਂ ਪੰਜਾਬ ਵਿੱਚ ਸੱਤ ਦਰਿਆ ਸਨ; ਸਤੁਲੁਜ਼, ਰਾਵੀ, ਬਿਆਸ, ਚਨਾਬ, ਜੇਹਲਮ, ਸਿੰਧ ਅਤੇ ਸਰਸਵਤੀ। ਸਿੰਧ ਅਤੇ ਸਰਸਵਤੀ ਪੰਜਾਬ ਦੀਆਂ ਬਾਹਰਲੀਆਂ ਹੱਦਾਂ ਸਨ।

II. **ਪੰਚਨਦ:** ਮਹਾਂਕਾਵਾਂ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ ਪੰਚਨਦ ਦਾ ਨਾਂ ਦਿੱਤਾ ਗਿਆ। ਪੰਜਾਬ ਨੂੰ ਇਹ ਨਾਂ ਇੱਥੇ ਵਹਿਣ ਵਾਲੇ ਪੰਜ ਦਰਿਆਵਾਂ ਕਾਰਨ ਦਿੱਤਾ ਗਿਆ।


Download Free Study Material From SIKHYA APP

III. **ਪੈਂਟਾਪੋਟਾਮੀਆ:** ਯੂਨਾਨੀਆਂ ਨੇ ਪੰਜਾਬ ਤੇ ਕਬਜ਼ਾ ਕਰਨ ਤੋਂ ਬਾਅਦ ਇਸਨੂੰ ਪੈਂਟਾਪੋਟਾਮੀਆ ਦਾ ਨਾਂ ਦਿੱਤਾ। ਪੈਂਟਾ ਤੋਂ ਭਾਵ ਸੀ ਪੰਜ ਅਤੇ ਪੋਟਾਮੀਆ ਤੋਂ ਭਾਵ ਸੀ ਦਰਿਆ।

IV. **ਪੰਜਾਬ:** ਪੰਜਾਬ ਵਿੱਚ ਲੰਮਾਂ ਸਮਾਂ ਟੱਕ ਨਾਮਕ ਕਬੀਲੇ ਦਾ ਰਾਜ ਰਿਹਾ ਸੀ। ਇਸ ਲਈ ਪੰਜਾਬ ਨੂੰ ਕਾਫ਼ੀ ਸਮਾਂ ਟੱਕ ਦੇਸ਼ ਕਿਹਾ ਗਿਆ।

V. **ਲਾਹੌਰ ਸੂਬਾ:** ਮੱਧਕਾਲ ਵਿੱਚ ਪੰਜਾਬ ਦੀ ਰਾਜਧਾਨੀ ਲਾਹੌਰ ਸੀ। ਇਸ ਲਈ ਪੰਜਾਬ ਨੂੰ ਲਾਹੌਰ ਸੂਬਾ ਕਿਹਾ ਜਾਂਦਾ ਸੀ। ਅਕਬਰ ਨੇ ਪੰਜਾਬ ਨੂੰ ਦੋ ਸੂਬਿਆਂ ਮੁਲਤਾਨ ਅਤੇ ਲਾਹੌਰ ਵਿੱਚ ਵੰਡ ਦਿੱਤਾ।

VI. **ਲਾਹੌਰ ਰਾਜ:** ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਨੂੰ ਲਾਹੌਰ ਰਾਜ ਦਾ ਨਾਂ ਦਿੱਤਾ। ਇਸ ਸਮੇਂ ਪੰਜਾਬ ਦੀਆਂ ਹੱਦਾਂ ਉੱਤਰ ਵੱਲ ਲੱਦਾਖ ਤੋਂ ਦੱਖਣ ਵਿੱਚ ਸ਼ਿਕਾਰਪੁਰ ਤੱਕ, ਪੂਰਬ ਵਿੱਚ ਸਤਲੁਜ ਨਦੀ ਤੋਂ ਲੈ ਕੇ ਪੱਛਮ ਵਿੱਚ ਪੇਸ਼ਾਵਰ ਤੱਕ ਫੈਲੀਆਂ ਹੋਈਆਂ ਸਨ।

VII. **ਪੰਜਾਬ ਪ੍ਰਾਂਤ:** ਅੰਗਰੇਜਾਂ ਨੇ ਪੰਜਾਬ ਨੂੰ ਬ੍ਰਿਟਿਸ਼ ਰਾਜ ਵਿੱਚ ਸ਼ਾਮਲ ਕਰਨ ਤੋਂ ਬਾਅਦ ਇਸਦਾ ਨਾਂ ਪੰਜਾਬ ਪ੍ਰਾਂਤ ਰੱਖਿਆ। 1857 ਈ: ਦੇ ਵਿਦਰੋਹ ਤੋਂ ਬਾਅਦ ਦਿੱਲੀ ਨੂੰ ਪੰਜਾਬ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਇਸ ਨਾਲ ਪੰਜਾਬ ਦੀਆਂ ਹੱਦਾਂ ਉੱਤਰ ਵਿੱਚ ਕਸ਼ਮੀਰ, ਉੱਤਰ-ਪੱਛਮ ਵਿੱਚ ਅਫ਼ਗਾਨਿਸਤਾਨ, ਪੂਰਬ ਵਿੱਚ ਜਮਨਾ ਅਤੇ ਦੱਖਣ ਵਿੱਚ ਰਾਜਸਥਾਨ ਤੱਕ ਫੈਲ ਗਈਆਂ ਸਨ। 1911 ਈ: ਵਿੱਚ ਦਿੱਲੀ ਨੂੰ ਪੰਜਾਬ ਤੋਂ ਵੱਖ ਕੀਤਾ ਗਿਆ। 1947 ਈ: ਵਿੱਚ ਅਜਾਦੀ ਦੇ ਸਮੇਂ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। 1966 ਈ: ਵਿੱਚ ਪੰਜਾਬ ਵਿੱਚੋਂ ਹਰਿਆਣਾ ਨਾਂ ਦਾ ਨਵਾਂ ਪ੍ਰਾਂਤ ਬਣਾਇਆ ਗਿਆ। ਪੰਜਾਬ ਦੇ ਹਿੰਦੀ ਬੋਲਦੇ ਇਲਾਕੇ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੇ ਗਏ।

**2) ਪੰਜਾਬ ਦਾ ਭਾਰਤੀ ਇਤਿਹਾਸ ਵਿੱਚ ਕੀ ਮਹੱਤਵ ਹੈ ?**

ਉੱਤਰ: ਪੰਜਾਬ ਦਾ ਭਾਰਤੀ ਇਤਿਹਾਸ ਵਿੱਚ ਮਹੱਤਵ:


Download Free Study Material From SIKHYA APP

I. ਸਿੰਧੂ ਘਾਟੀ ਸੱਭਿਅਤਾ ਦਾ ਜਨਮ ਇਸ ਧਰਤੀ ਤੇ ਹੋਇਆ।

II. ਰਿਗਵੇਦ ਦੀ ਰਚਨਾ ਪੰਜਾਬ ਦੀ ਧਰਤੀ ਤੇ ਕੀਤੀ ਗਈ।

III. ਹਿੰਦੂ ਧਰਮ ਅਤੇ ਸਿੱਖ ਧਰਮ ਦਾ ਜਨਮ ਇਸੇ ਧਰਤੀ ਤੇ ਹੋਇਆ।

IV. ਮਹਾਂਭਾਰਤ ਦਾ ਯੁੱਧ ਪੰਜਾਬ ਵਿੱਚ ਲੜਿਆ ਗਿਆ।

V. ਸ਼੍ਰੀ ਕਿਸ਼ਨ ਨੇ ਗੀਤਾ ਦਾ ਉਪਦੇਸ਼ ਇਸੇ ਧਰਤੀ ਤੇ ਦਿੱਤਾ।

VI. ਚੰਦਰਗੁਪਤ ਮੌਰੀਆ ਨੇ ਭਾਰਤ ਦਾ ਪਹਿਲਾ ਸਾਮਰਾਜ ਸਥਾਪਿਤ ਕੀਤਾ।

VII. ਭਾਰਤੀ ਇਤਿਹਾਸ ਦੀਆਂ ਅਨੇਕਾਂ ਮਹੱਤਵਪੂਰਨ ਲੜਾਈਆਂ ਪੰਜਾਬ ਵਿੱਚ ਲੜੀਆਂ ਗਈਆਂ।

VIII. ਖ਼ਾਲਸਾ ਪੰਥ ਦੀ ਸਥਾਪਨਾ ਇਸੇ ਧਰਤੀ ਤੇ ਕੀਤੀ ਗਈ।

IX. ਇਸੇ ਧਰਤੀ ਤੇ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾ ਸਿੱਖ ਸਾਮਰਾਜ ਸਥਾਪਿਤ ਕੀਤਾ।

X. ਪਹਿਲੇ ਨੌਂ ਗੁਰੂ ਸਾਹਿਬਾਨ ਨੇ ਪੰਜਾਬ ਵਿੱਚ ਜਨਮ ਲਿਆ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਹੁਤ ਸਾਰਾ ਸਮਾਂ ਪੰਜਾਬ ਵਿੱਚ ਗੁਜ਼ਾਰਿਆ।

3) **ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ:

I. **ਹਿਮਾਲਿਆ ਪਰਬਤ**: ਹਿਮਾਲਿਆ ਪਰਬਤ ਪੰਜਾਬ ਦੇ ਉੱਤਰ ਵਿੱਚ ਸਥਿਤ ਹੈ। ਇਹ ਪਰਬਤ ਪੂਰਬ ਵਿੱਚ ਆਸਾਮ ਤੋਂ ਲੈ ਕੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਫੈਲਿਆ ਹੋਇਆ ਹੈ। ਹਿਮਾਲਿਆ ਪਰਬਤ ਪੰਜਾਬ ਲਈ ਇੱਕ ਵਰਦਾਨ ਸਿੱਧ ਹੋਇਆ ਹੈ। ਇਹ ਪੰਜਾ ਅਤੇ ਭਾਰਤ ਦਾ ਸਦੀਆਂ ਤੱਕ ਪਹਿਰੇਦਾਰ ਰਿਹਾ ਹੈ।

II. **ਸੁਲੇਮਾਨ ਪਰਬਤ ਸ਼੍ਰੇਣੀਆਂ**: ਸੁਲੇਮਾਨ ਪਰਬਤ ਸ਼੍ਰੇਣੀਆਂ ਪੰਜਾਬ ਦੇ ਉੱਤਰ-ਪੱਛਮ ਵਿੱਚ ਸਥਿਤ ਹਨ। ਇਹਨਾਂ ਪਰਬਤ ਸ਼੍ਰੇਣੀਆਂ ਵਿੱਚ ਅਨੇਕਾਂ ਦੱਰਿਆਂ ਵਿੱਚ ਖੈਬਰ, ਬੋਲਾਨ, ਕੁਰੱਮ, ਟੋਚੀ ਤੇ ਗੋਮਲ ਨਾਮਕ ਦੱਰੇ ਪ੍ਰਸਿੱਧ ਹਨ।


Download Free Study Material From SIKHYA APP

ਪੰਜਾਬ ਵਿੱਚ ਆਉਣ ਵਾਲੇ ਜਿਆਦਾਤਰ ਵਿਦੇਸ਼ੀ ਹਮਲਾਵਰ ਅਤੇ ਵਪਾਰੀ ਇਹਨਾਂ ਦੱਰਿਆਂ ਰਾਹੀਂ ਹੀ ਭਾਰਤ ਆਏ।

III. **ਅਰਧ-ਪਹਾੜੀ ਪ੍ਰਦੇਸ਼**: ਇਹ ਪ੍ਰਦੇਸ਼ ਸ਼ਿਵਾਲਿਕ ਪਹਾੜੀਆਂ ਅਤੇ ਪੰਜਾਬ ਦੇ ਮੈਦਾਨੀ ਭਾਗ ਵਿੱਚ ਸਥਿਤ ਹੈ। ਇਸ ਪ੍ਰਦੇਸ਼ ਨੂੰ ਤਰਾਈ ਪ੍ਰਦੇਸ਼ ਵੀ ਕਿਹਾ ਜਾਂਦਾ ਹੈ। ਪਹਾੜੀ ਪ੍ਰਦੇਸ਼ ਹੋਣ ਕਾਰਨ ਇੱਥੋਂ ਦੀ ਭੂਮੀ ਘੱਟ ਉਪਜਾਊ ਹੈ ਅਤੇ ਵੱਸੋਂ ਵੀ ਬਹੁਤ ਸੰਘਣੀ ਨਹੀਂ ਹੈ।

IV. **ਮੈਦਾਨੀ ਪ੍ਰਦੇਸ਼**: ਮੈਦਾਨੀ ਪ੍ਰਦੇਸ਼ ਪੰਜਾਬ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਭਾਗ ਹੈ। ਇਹ ਪ੍ਰਦੇਸ਼ ਸਿੰਧ ਅਤੇ ਜਮਨਾ ਦਰਿਆਵਾਂ ਦੇ ਵਿਚਕਾਰ ਸਥਿਤ ਹੈ। ਪੰਜਾਬ ਵਿੱਚ ਵਹਿਣ ਵਾਲੇ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਇਸ ਪ੍ਰਦੇਸ਼ ਵਿੱਚ ਵਹਿੰਦੇ ਹਨ।

**4) ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕੀ ਮੁੱਖ ਲਾਭ ਹੋਏ ?**

ਉੱਤਰ: ਹਿਮਾਲਿਆ ਪਰਬਤ ਦੇ ਲਾਭ:

I. **ਵਿਦੇਸ਼ੀ ਹਮਲਾਵਰਾਂ ਤੋਂ ਰਾਖੀ**: ਹਿਮਾਲਿਆ ਪਰਬਤ ਦੀ ਉਚਾਈ ਬਹੁਤ ਜਿਆਦਾ ਹੈ। ਇਹ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਂਦਾ ਹੈ।

II. **ਉਪਜਾਊ ਮੈਦਾਨਾਂ ਦਾ ਨਿਰਮਾਣ**: ਹਿਮਾਲਿਆ ਪਰਬਤ ਤੋਂ ਨਿਕਲਣ ਵਾਲੀਆਂ ਨਦੀਆਂ ਨੇ ਆਪਣੇ ਨਾਲ ਲਿਆਂਦੀ ਮਿੱਟੀ ਦੁਆਰਾ ਪੰਜਾਬ ਦੇ ਮੈਦਾਨਾਂ ਦਾ ਨਿਰਮਾਣ ਹੋਇਆ ਹੈ।

III. **ਵਰਖਾ**: ਮਾਨਸੂਨ ਪੌਣਾਂ ਹਿਮਾਲਿਆ ਪਰਬਤ ਨਾਲ ਟਕਰਾ ਕੇ ਪੰਜਾਬ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਵਰਖਾ ਕਰਦੀਆਂ ਹਨ। ਇਹ ਵਰਖਾ ਖੇਤੀਬਾੜੀ ਲਈ ਬਹੁਤ ਲਾਭਦਾਇਕ ਹੈ।


Download Free Study Material From SIKHYA APP

IV. **ਸੈਲਾਨੀਆਂ ਲਈ ਖਿੱਚ**: ਹਿਮਾਲਿਆ ਦੀਆਂ ਵਾਦੀਆਂ ਵਿੱਚ ਸ਼ਿਮਲਾ, ਡਲਹੌਜੀ, ਕੁੱਲੂ, ਔਲੀ, ਮਨਾਲੀ ਵਰਗੇ ਅਨੇਕਾਂ ਖੂਬਸੂਰਤ ਹਿੱਲ ਸਟੇਸ਼ਨ ਹਨ। ਹਰ ਸਾਲ ਲੱਖਾਂ ਸੈਲਾਨੀ ਇੱਥੇ ਆਉਂਦੇ ਹਨ। ਇਸ ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਅਤੇ ਹੋਰ ਆਰਥਿਕ ਲਾਭ ਹੁੰਦਾ ਹੈ।

V. **ਆਰਥਿਕ ਖੁਸ਼ਹਾਲੀ**: ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਨੇ ਪੰਜਾਬ ਦੇ ਉਪਜਾਊ ਮੈਦਾਨਾਂ ਦਾ ਨਿਰਮਾਣ ਕੀਤਾ ਹੈ। ਇਸ ਲਈ ਇੱਥੇ ਫਸਲਾਂ ਦੀ ਉਪਜ ਬਹੁਤ ਜਿਆਦਾ ਹੁੰਦੀ ਹੈ। ਇਸ ਨਾਲ ਪੰਜਾਬ ਦੇ ਲੋਕਾਂ ਦਾ ਆਰਥਿਕ ਜੀਵਨ ਬਹੁਤ ਖੁਸ਼ਹਾਲੀ ਭਰਿਆ ਹੈ।

VI. **ਪੰਜਾਬ ਦੀ ਹੋਂਦ ਦਾ ਅਧਾਰ**: ਜੇਕਰ ਹਿਮਾਲਿਆ ਨਾ ਹੁੰਦਾ ਤਾਂ ਪੰਜਾਬ ਦੀ ਹੋਂਦ ਵੀ ਨਾ ਹੁੰਦੀ। ਪੰਜਾਬ ਦੇ ਇੱਕ ਵੱਡੇ ਹਿੱਸੇ ਦਾ ਨਿਰਮਾਣ ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੁਆਰਾ ਕੀਤਾ ਗਿਆ ਹੈ। ਜੇਕਰ ਹਿਮਾਲਿਆ ਕਾਰਨ ਪੰਜਾਬ ਵਿੱਚ ਵਰਖਾ ਨਾ ਹੁੰਦੀ ਤਾਂ ਪੰਜਾਬ ਦਾ ਇੱਕ ਵੱਡਾ ਹਿੱਸਾ ਰੇਗਿਸਤਾਨ ਹੁੰਦਾ।

5) **ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਨੇ ਪੰਜਾਬ ਦੇ ਇਤਿਹਾਸ ਤੇ ਕੀ ਪ੍ਰਭਾਵ ਪਾਇਆ ਹੈ ?**

ਉੱਤਰ: ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਪ੍ਰਭਾਵ:

I. **ਆਰਥਿਕ ਪ੍ਰਭਾਵ**:

i. ਮੈਦਾਨੀ ਖੇਤਰ ਅਤੇ ਉਪਜਾਊ ਭੂਮੀ ਕਾਰਨ ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਰਿਹਾ ਹੈ।

ii. ਉਪਜਾਊ ਭੂਮੀ ਕਾਰਨ ਫਸਲਾਂ ਦੀ ਪੈਦਾਵਾਰ ਵਧੀਆ ਹੁੰਦੀ ਸੀ।

iii. ਪਹਾੜੀ ਖੇਤਰਾਂ ਵਿੱਚ ਲੋਕ ਭੇਡ ਬੱਕਰੀਆਂ ਆਦਿ ਪਾਲਦੇ ਸਨ।

iv. ਭੂਗੋਲਿਕ ਸਥਿਤੀ ਕਾਰਨ ਪੰਜਾਬ ਦਾ ਵਿਦੇਸ਼ੀ ਵਪਾਰ ਬਹੁਤ ਵਧ ਗਿਆ।

v. ਪੰਜਾਬ ਵਿੱਚ ਲਾਹੌਰ, ਮੁਲਤਾਨ, ਪੇਸ਼ਾਵਰ ਵਰਗੇ ਸ਼ਹਿਰ ਪ੍ਰਸਿੱਧ ਵਪਾਰਕ ਕੇਂਦਰ ਬਣੇ।

vi. ਪੰਜਾਬ ਦੇ ਲੋਕ ਸਦਾ ਅਮੀਰ ਅਤੇ ਖੁਸ਼ਹਾਲ ਰਹੇ।


Download Free Study Material From SIKHYA APP

II. **ਰਾਜਨੀਤਕ ਪ੍ਰਭਾਵ:**

i. ਪੰਜਾਬ ਸਦੀਆਂ ਤੱਕ ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ।

ii. ਅਨੇਕਾਂ ਇਤਿਹਾਸਕ ਲੜਾਈਆਂ ਪੰਜਾਬ ਵਿੱਚ ਲੜੀਆਂ ਗਈਆਂ।

iii. ਪੰਜਾਬ ਲੰਮਾਂ ਸਮਾਂ ਉੱਤਰੀ-ਪੱਛਮੀ ਸੀਮਾ ਦੀ ਸਮੱਸਿਆ ਵਿੱਚ ਉਲਝਿਆ ਰਿਹਾ।

iv. ਪੰਜਾਬ ਦੇ ਸ਼ਹਿਰਾਂ ਲਾਹੌਰ, ਮੁਲਤਾਨ, ਪੇਸ਼ਾਵਰ ਆਦਿ ਦਾ ਵਿਸ਼ੇਸ਼ ਮਹੱਤਵ ਰਿਹਾ।

III. **ਸਮਾਜਿਕ-ਸੱਭਿਆਚਾਰਕ ਪ੍ਰਭਾਵ:**

i. ਅਨੇਕਾਂ ਹਮਲਾਵਰ ਅਤੇ ਵਪਾਰੀ ਪੰਜਾਬ ਦੇ ਰਸਤੇ ਭਾਰਤ ਵਿੱਚ ਦਾਖ਼ਲ ਹੋਏ। ਇਹਨਾਂ ਵਿੱਚੋਂ ਬਹੁਤ ਸਾਰੇ ਪੰਜਾਬ ਵਿੱਚ ਹੀ ਵੱਸ ਗਏ। ਉਹਨਾਂ ਨੇ ਇੱਥੋਂ ਦੇ ਲੋਕਾਂ ਨਾਲ ਵਿਆਹ ਸੰਬੰਧ ਬਣਾਏ ਅਤੇ ਅਨੇਕਾਂ ਨਵੀਆਂ ਜਾਤੀਆਂ ਹੋਂਦ ਵਿੱਚ ਆਈਆਂ।

ii. ਵਿਦੇਸ਼ੀਆਂ ਨਾਲ ਮੇਲਜੋਲ ਕਾਰਨ ਪੰਜਾਬ ਵਿੱਚ ਇੱਕ ਨਵੇਂ ਸੱਭਿਆਚਾਰ ਦਾ ਜਨਮ ਹੋਇਆ।

iii. ਵਿਦੇਸ਼ੀ ਹਮਲਿਆਂ ਕਾਰਨ ਪੰਜਾਬ ਦਾ ਬਹੁਤ ਸਾਰਾ ਇਤਿਹਾਸ ਨਸ਼ਟ ਹੋ ਗਿਆ।

iv. ਪੰਜਾਬੀਆਂ ਨੇ ਵਿਦੇਸ਼ੀਆਂ ਤੋਂ ਅਨੇਕਾਂ ਚੀਜਾਂ ਸਿੱਖੀਆਂ ਜਿਹੜੀਆਂ ਪੰਜਾਬੀਆਂ ਦੇ ਜੀਵਨ ਦਾ ਅੰਗ ਬਣ ਗਈਆਂ।

IV. **ਧਾਰਮਿਕ ਪ੍ਰਭਾਵ:**

i. ਪੰਜਾਬ ਵਿੱਚ ਹਿੰਦੂ ਧਰਮ ਅਤੇ ਸਿੱਖ ਧਰਮ ਦਾ ਜਨਮ ਹੋਇਆ।

ii. ਪੰਜਾਬ ਵਿੱਚ ਬਹੁਤ ਸਾਰਾ ਧਾਰਮਿਕ ਸਾਹਿਤ ਰਚਿਆ ਗਿਆ।

iii. ਵਿਦੇਸ਼ੀ ਹਮਲਿਆਂ ਸਮੇਂ ਅਨੇਕਾਂ ਸੰਤ, ਮਹਾਤਮਾ ਅਤੇ ਫ਼ਕੀਰ ਪੰਜਾਬ ਆਏ। ਉਹਨਾਂ ਨੇ ਆਪਣੇ ਧਰਮਾਂ ਦਾ ਪ੍ਰਚਾਰ ਕੀਤਾ।


Download Free Study Material From SIKHYA APP

iv. ਮੁਗ਼ਲਾਂ ਅਤੇ ਅਫ਼ਗਾਨਾਂ ਨੇ ਪੰਜਾਬ ਵਿੱਚ ਇਸਲਾਮ ਨੂੰ ਸਰਪ੍ਰਸਤੀ ਦਿੱਤੀ।

v. ਭੂਗੋਲਿਕ ਸਥਿਤੀ ਕਾਰਨ ਪੰਜਾਬ ਵਿੱਚ ਅਨੇਕਾਂ ਧਰਮਾਂ ਦਾ ਵਿਕਾਸ ਹੋਇਆ।

6) **ਦੁਆਬ ਸ਼ਬਦ ਤੋਂ ਕੀ ਭਾਵ ਹੈ? ਪੰਜਾਬ ਦੇ ਦੁਆਬਿਆਂ ਦਾ ਸੰਖੇਪ ਵਰਣਨ ਕਰੋ।**

ਉੱਤਰ: ਦੁਆਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਇਸਦਾ ਅਰਥ ਹੈ ਦੋ ਦਰਿਆਵਾਂ ਵਿਚਕਾਰਲੀ ਧਰਤੀ। ਦੁਆਬੇ ਅਕਬਰ ਦੇ ਸਮੇਂ ਬਣਾਏ ਗਏ ਸਨ। ਇਹ ਅੱਜ ਵੀ ਪ੍ਰਚਲਿਤ ਹਨ। ਪੰਜਾਬ ਨੂੰ ਪੰਜ ਦੁਆਬਿਆਂ ਵਿੱਚ ਵੰਡਿਆ ਜਾਂਦਾ ਹੈ:

I. **ਬਿਸਤ ਦੁਆਬ:** ਦਰਿਆ ਬਿਆਸ ਅਤੇ ਸਤਲੁਜ ਵਿਚਕਾਰਲੇ ਖੇਤਰ ਨੂੰ ਬਿਸਤ ਦੁਆਬ ਕਿਹਾ ਜਾਂਦਾ ਹੈ। ਇਹ ਦੁਆਬ ਸਭ ਤੋਂ ਵੱਧ ਉਪਜਾਊ ਹੈ। ਜਲੰਧਰ ਅਤੇ ਹੁਸ਼ਿਆਰਪੁਰ ਇਸ ਦੁਆਬ ਦੇ ਦੋ ਪ੍ਰਸਿੱਧ ਜਿਲ੍ਹੇ ਹਨ।

II. **ਬਾਰੀ ਦੁਆਬ:** ਬਿਆਸ ਅਤੇ ਰਾਵੀ ਵਿਚਕਾਰਲੇ ਖੇਤਰ ਨੂੰ ਬਾਰੀ ਦੁਆਬ ਕਿਹਾ ਜਾਂਦਾ ਹੈ। ਇਹ ਇਲਾਕਾ ਪੰਜਾਬ ਦੇ ਮੱਧ ਵਿੱਚ ਸਥਿਤ ਹੈ। ਇਸ ਲਈ ਇਸਨੂੰ ਮਾਝਾ ਵੀ ਕਿਹਾ ਜਾਂਦਾ ਹੈ। ਇੱਥੇ ਰਹਿਣ ਵਾਲੇ ਲੋਕਾਂ ਨੂੰ ਮਝੈਲ ਕਿਹਾ ਜਾਂਦਾ ਹੈ। ਲਾਹੌਰ ਅਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਇਸ ਦੁਆਬ ਦੇ ਦੋ ਪ੍ਰਸਿੱਧ ਸ਼ਹਿਰ ਹਨ।

III. **ਰਚਨਾ ਦੁਆਬ:** ਰਾਵੀ ਅਤੇ ਚਨਾਬ ਵਿਚਕਾਰਲੇ ਖੇਤਰ ਨੂੰ ਰਚਨਾ ਦੁਆਬਾ ਕਿਹਾ ਜਾਂਦਾ ਹੈ। ਗੁਜ਼ਰਾਂਵਾਲਾ ਅਤੇ ਸ਼ੇਖੂਪੁਰਾ ਇਸ ਦੁਆਬ ਦੇ ਦੋ ਪ੍ਰਸਿੱਧ ਸ਼ਹਿਰ ਹਨ।

IV. **ਚੱਜ ਦੁਆਬ:** ਚਨਾਬ ਅਤੇ ਜੇਹਲਮ ਦਰਿਆਵਾਂ ਵਿਚਕਾਰਲੇ ਖੇਤਰ ਨੂੰ ਚੱਜ ਦੁਆਬ ਕਿਹਾ ਜਾਂਦਾ ਹੈ। ਇਸ ਦੁਆਬ ਦਾ ਪ੍ਰਸਿੱਧ ਸ਼ਹਿਰ ਗੁਜ਼ਰਾਤ ਹੈ।

V. **ਸਿੰਧ ਸਾਗਰ ਦੁਆਬ:** ਸਿੰਧ ਅਤੇ ਜੇਹਲਮ ਵਿਚਕਾਲੇ ਖੇਤਰ ਨੂੰ ਸਿੰਧ ਸਾਗਰ ਦੁਆਬ ਕਿਹਾ ਜਾਂਦਾ ਹੈ। ਇਸ ਦੁਆਬ ਦਾ ਪ੍ਰਸਿੱਧ ਸ਼ਹਿਰ ਰਾਵਲਪਿੰਡੀ ਹੈ। ਇੱਥੋਂ ਦੀ ਭੂਮੀ ਘੱਟ ਉਪਜਾਊ ਹੈ।


Download Free Study Material From SIKHYA APP

## ਪਾਠ :2

## ਪੰਜਾਬ ਦੇ ਇਤਿਹਾਸ ਦੇ ਸੋਮੇ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) ਪੰਜਾਬ ਕਦੋਂ ਤੱਕ ਮੁਗ਼ਲ ਸਾਮਰਾਜ ਦਾ ਹਿੱਸਾ ਰਿਹਾ ? | 1752 ਈ: ਤੱਕ |
| 2) 1920ਈ: ਤੋਂ ਪਹਿਲਾਂ ਪੰਜਾਬ ਦੇ ਗੁਰਦੁਆਰਿਆਂ ਤੇ ਕਿਸਦਾ ਅਧਿਕਾਰ ਸੀ ? | 1752 ਈ: ਤੱਕ |
| 3) ਕਿਹੜੀ ਲਹਿਰ ਦੁਆਰਾ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਵਾਇਆ ਗਿਆ ? | ਗੁਰਦੁਆਰਾ ਸੁਧਾਰ ਲਹਿਰ |
| 4) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਦੋਂ ਕੀਤਾ ਗਿਆ ? | 1604 ਈ: |
| 5) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਸਨੇ ਕੀਤਾ ? | ਸ਼੍ਰੀ ਗੁਰੂ ਅਰਜਨ ਦੇਵ ਜੀ ਨੇ |
| 6) ਆਰੰਭ ਵਿੱਚ ਆਦਿ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ? | ਪਹਿਲੇ 5 ਗੁਰ ਸਾਹਿਬਾਨ ਦੀ |
| 7) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਦਿ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂ ਸਾਹਿਬ ਦੀ ਬਾਣੀ ਦਰਜ ਕੀਤੀ ਗਈ ? | ਗੁਰੂ ਤੇਗ਼ ਬਹਾਦਰ ਜੀ ਦੀ |
| 8) ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਕਿਹੜੇ ਗੁਰੂ ਸਾਹਿਬ ਨੇ ਦਿੱਤਾ ? | ਗੁਰੂ ਗੋਬਿੰਦ ਸਿੰਘ ਜੀ |
| 9) ਦਸਮ ਗ੍ਰੰਥ ਸਾਹਿਬ ਦਾ ਸੰਕਲਨ ਕਿਸਨੇ ਕੀਤਾ ? | ਭਾਈ ਮਨੀ ਸਿੰਘ ਜੀ ਨੇ |
| 10) ਦਸਮ ਗ੍ਰੰਥ ਸਾਹਿਬ ਦਾ ਸੰਕਲਨ ਕਦੋਂ ਕੀਤਾ ਗਿਆ ? | 1721 ਈ: |
| 11) ਦਸਮ ਗ੍ਰੰਥ ਸਾਹਿਬ ਕਿਸਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ ? | ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ |



Download Free Study Material From SIKHYA APP

| | |
|---|---|
| 12) ਦਸਮ ਗ੍ਰੰਥ ਸਾਹਿਬ ਕਿੰਨੇ ਗ੍ਰੰਥਾਂ ਦਾ ਸੰਗ੍ਰਹਿ ਹੈ ? | 18 |
| 13) ਦਸਮ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੋਈ ਦੋ ਬਾਣੀਆਂ ਦੇ ਨਾਂ ਲਿਖੋ। | ਜਾਪੁ ਸਾਹਿਬ, ਚੰਡੀ ਦੀ ਵਾਰ |
| 14) ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕਥਾ ਦਾ ਨਾਂ ਕੀ ਹੈ ? | ਬਚਿੱਤਰ ਨਾਟਕ |
| 15) ਜ਼ਫ਼ਰਨਾਮਾ ਦਾ ਕੀ ਅਰਥ ਹੈ ? | ਜਿੱਤ ਦੀ ਚਿੱਠੀ |
| 16) ਜ਼ਫ਼ਰਨਾਮਾ ਕਿਸਦੀ ਰਚਨਾ ਹੈ ? | ਗੁਰੂ ਗ੍ਰੰਥ ਸਾਹਿਬ ਜੀ ਦੀ |
| 17) ਜ਼ਫ਼ਰਨਾਮਾ ਕਿਸਨੂੰ ਲਿਖਿਆ ਗਿਆ ਸੀ ? | ਔਰੰਗਜ਼ੇਬ ਨੂੰ |
| 18) ਜ਼ਫ਼ਰਨਾਮਾ ਕਿਹੜੀ ਭਾਸ਼ਾ ਵਿੱਚ ਲਿਖਿਆ ਗਿਆ ? | ਫ਼ਾਰਸੀ |
| 19) ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਹੜੇ ਸਥਾਨ ਤੇ ਲਿਖਿਆ ? | ਦੀਨਾ ਕਾਂਗੜ ਵਿਖੇ |
| 20) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਸਨੂੰ ਕਿਹਾ ਜਾਂਦਾ ਹੈ ? | ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ |
| 21) ਭਾਈ ਗੁਰਦਾਸ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? | ਦਤਾਰ ਚੰਦ ਭੱਲਾ |
| 22) ਭਾਈ ਗੁਰਦਾਸ ਜੀ ਕਿਹੜੇ ਗੁਰੂ ਸਾਹਿਬਾਨ ਦੇ ਸਮਕਾਲੀਨ ਸਨ ? | ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਜੀ |
| 23) ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ? | 39 |
| 24) ਜਨਮ ਸਾਖੀਆਂ ਦਾ ਸੰਬੰਧ ਕਿਹੜੇ ਗੁਰੂ ਸਾਹਿਬ ਦੇ ਜਨਮ ਅਤੇ ਜੀਵਨ ਨਾਲ ਹੈ ? | ਗੁਰੂ ਨਾਨਕ ਦੇਵ ਜੀ |
| 25) ਪੁਰਾਤਨ ਜਨਮ ਸਾਖੀ ਦਾ ਸੰਪਾਦਨ ਕਿਸਨੇ ਕੀਤਾ ? | ਭਾਈ ਵੀਰ ਸਿੰਘ ਜੀ ਨੇ |
| 26) ਪੁਰਾਤਨ ਜਨਮ ਸਾਖੀ ਦਾ ਸੰਪਾਦਨ ਕਦੋਂ ਕੀਤਾ ਗਿਆ ? | 1926 ਈ: |
| 27) ਪੁਰਾਤਨ ਜਨਮ ਸਾਖੀ ਕਿਹੜੀਆਂ ਦੋ ਜਨਮ ਸਾਖੀਆਂ ਦੇ ਸੁਮੇਲ ਨਾਲ ਤਿਆਰ ਕੀਤੀ ਗਈ ਹੈ ? | ਵਲਾਇਤ ਵਾਲੀ ਜਨਮ ਸਾਖੀ ਅਤੇ ਹਾਫ਼ਜਾਬਾਦ ਵਾਲੀ ਜਨਮ ਸਾਖੀ |


Download Free Study Material From SIKHYA APP

| | |
|---|---|
| 28) ਮਿਹਰਬਾਨ ਕੌਣ ਸੀ ? | ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਸਪੁੱਤਰ |
| 29) ਭਾਈ ਮਨੀ ਸਿੰਘ ਜੀ ਜਨਮ ਸਾਖੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਗਿਆਨ ਰਤਨਾਵਲੀ |
| 30) ਗਿਆਨ ਰਤਨਾਵਲੀ ਭਾਈ ਗੁਰਦਾਸ ਜੀ ਦੀ ਕਿਹੜੀ ਵਾਰ ਤੇ ਅਧਾਰਿਤ ਹੈ ? | ਪਹਿਲੀ ਵਾਰ ਤੇ |
| 31) ਹੁਕਮਨਾਮੇ ਕਿਸ ਦੁਆਰਾ ਜਾਰੀ ਕੀਤੇ ਜਾਂਦੇ ਸਨ ? | ਸਿੱਖ ਗੁਰੂਆਂ ਜਾਂ ਗੁਰੂ ਘਰਾਣੇ ਨਾਲ ਸਬੰਧਤ ਮੈਬਰਾਂ ਦੁਆਰਾ |
| 32) ਭਾਈ ਗੰਡਾ ਸਿੰਘ ਨੇ ਕਿੰਨੇ ਹੁਕਮਨਾਮਿਆਂ ਦਾ ਸੰਕਲਨ ਕੀਤਾ ਹੈ ? | 89 |
| 33) ਸਭ ਤੋਂ ਵੱਧ ਹੁਕਮਨਾਮੇ ਕਿਹੜੇ ਗੁਰੂ ਸਾਹਿਬ ਦੇ ਪ੍ਰਾਪਤ ਹੋਏ ਹਨ ? | ਗੁਰੂ ਗੋਬਿੰਦ ਸਿੰਘ ਜੀ ਦੇ |
| 34) ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਹੁਕਮਨਾਮੇ ਪ੍ਰਾਪਤ ਹੋਏ ਹਨ ? | 34 |
| 35) ਗੁਰੂ ਤੇਗ਼ ਬਹਾਦਰ ਜੀ ਦੇ ਕਿੰਨੇ ਹੁਕਮਨਾਮੇ ਪ੍ਰਾਪਤ ਹੋਏ ਹਨ ? | 23 |
| 36) ਸ੍ਰੀ ਗੁਰ ਸੋਭਾ ਦੀ ਰਚਨਾ ਕਿਸਨੇ ਕੀਤੀ ? | ਸੈਨਾਪਤ ਨੇ |
| 37) ਸੈਨਾਪਤ ਕੌਣ ਸੀ ? | ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ |
| 38) ਸ੍ਰੀ ਗੁਰਸੋਭਾ ਵਿੱਚ ਕਿਹੜੇ ਸਮੇਂ ਦੀਆਂ ਘਟਨਾਵਾਂ ਦਾ ਵਰਣਨ ਹੈ ? | 1699 ਈ: ਤੋਂ 1708 ਈ: |
| 39) ਸਿੱਖਾਂ ਦੀ ਭਗਤਮਾਲਾ ਦੀ ਰਚਨਾ ਕਿਸਨੇ ਕੀਤੀ ? | ਭਾਈ ਮਨੀ ਸਿੰਘ ਜੀ ਨੇ |
| 40) ਸਿੱਖਾਂ ਦੀ ਭਗਤ ਮਾਲਾ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਭਗਤ ਰਤਨਾਵਲੀ |
| 41) ਬੰਸਾਵਲੀਨਾਮਾ ਦਾ ਲੇਖਕ ਕੌਣ ਹੈ ? | ਕੇਸਰ ਸਿੰਘ ਛਿੱਬੜ |
| 42) ਮਹਿਮਾ ਪ੍ਰਕਾਸ਼ ਵਾਰਤਕ ਦੀ ਰਚਨਾ ਕਿਸਨੇ ਕੀਤੀ ? | ਬਾਵਾ ਕਿਰਪਾਲ ਸਿੰਘ ਨੇ |


Download Free Study Material From SIKHYA APP

| | |
|---|---|
| 43) ਮਹਿਮਾ ਪ੍ਰਕਾਸ਼ ਕਵਿਤਾ ਦੀ ਰਚਨਾ ਕਿਸਨੇ ਕੀਤੀ ? | ਸਰੂਪ ਦਾਸ ਭੱਲਾ |
| 44) ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕਿਸਨੇ ਕੀਤੀ ? | ਭਾਈ ਸੰਤੋਖ ਸਿੰਘ ਨੇ |
| 45) ਪ੍ਰਾਚੀਨ ਪੰਥ ਪ੍ਰਕਾਸ਼ ਦੀ ਰਚਨਾ ਕਿਸਨੇ ਕੀਤੀ ? | ਰਤਨ ਸਿੰਘ ਭੰਗੂ ਨੇ |
| 46) ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਦੀ ਰਚਨਾ ਕਿਸਨੇ ਕੀਤੀ ? | ਗਿਆਨੀ ਗਿਆਨ ਸਿੰਘ ਨੇ |
| 47) ਤੁਜ਼ਕੇ ਬਾਬਰੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਬਾਬਰ ਨਾਮਾ |
| 48) ਤੁਜ਼ਕੇ ਬਾਬਰੀ ਦਾ ਲੇਖਕ ਕੌਣ ਸੀ ? | ਬਾਬਰ |
| 49) ਤੁਜ਼ਕੇ ਬਾਬਰੀ ਕਿਸਦੀ ਆਤਮ ਕਥਾ ਹੈ ? | ਬਾਬਰ ਦੀ |
| 50) ਤੁਜ਼ਕੇ ਬਾਬਰੀ ਕਿਹੜੀ ਭਾਸ਼ਾ ਵਿੱਚ ਲਿਖੀ ਗਈ ? | ਤੁਰਕੀ |
| 51) ਆਈਨੇ ਅਕਬਰੀ ਅਤੇ ਅਕਬਰ ਨਾਮਾ ਕਿਸਦੀਆਂ ਰਚਨਾਵਾਂ ਹਨ ? | ਅਬੁਲ ਫਜ਼ਲ |
| 52) ਤੁਜ਼ਕੇ ਜਹਾਂਗੀਰੀ ਕਿਸਦੀ ਆਤਮ ਕਥਾ ਹੈ ? | ਜਹਾਂਗੀਰ ਦੀ |
| 53) ਜੰਗਨਾਮਾ ਦਾ ਲੇਖਕ ਕੌਣ ਹੈ ? | ਕਾਜ਼ੀ ਨੂਰ ਮੁਹੰਮਦ |
| 54) ਜੰਗਨਾਮਾ ਵਿੱਚ ਕਿਸਦੇ ਹਮਲੇ ਦਾ ਵਰਣਨ ਕੀਤਾ ਗਿਆ ਹੈ ? | ਅਹਿਮਦ ਸ਼ਾਹ ਅਬਦਾਲੀ ਦੇ |
| 55) ਤਵਾਰੀਖ–ਏ–ਸਿੱਖਾਂ ਦੀ ਰਚਨਾ ਕਿਸਨੇ ਕੀਤੀ ? | ਖੁਸ਼ਵਕਤ ਰਾਏ |
| 56) ਤਵਾਰੀਖ਼–ਏ–ਪੰਜਾਬ ਦੀ ਰਚਨਾ ਕਿਸਨੇ ਕੀਤੀ ? | ਬੂਟੇ ਸ਼ਾਹ |
| 57) ਜ਼ਫ਼ਰਨਾਮਾ–ਏ–ਰਣਜੀਤ ਸਿੰਘ ਕਿਸਦੀ ਰਚਨਾ ਹੈ ? | ਦੀਵਾਨ ਅਮਰਨਾਥ |
| 58) ਚਾਰ ਬਾਗ–ਏ–ਪੰਜਾਬ ਦਾ ਲੇਖਕ ਕੌਣ ਹੈ ? | ਗਣੇਸ਼ ਦਾਸ ਵਡੇਹਰਾ |
| 59) ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ ਕਿਸਨੇ ਲਿਖੀ ? | ਜਾਰਜ਼ ਫੌਰਸਟਰ |
| 60) ਸਕੈਚ ਆਫ਼ ਦੀ ਸਿੱਖਸ ਕਿਸਦੀ ਰਚਨਾ ਹੈ ? | ਮੈਲਕੌਮ |


Download Free Study Material From SIKHYA APP

61) ਅੰਗਰੇਜ ਲਿਖਾਰੀਆਂ ਦੁਆਰਾ ਲਿਖੀਆਂ ਗਈਆਂ ਪੁਸਤਕਾਂ ਵਿੱਚੋਂ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਸਭ ਤੋਂ ਮਹੱਤਵਪੂਰਨ ਪੁਸਤਕ ਕਿਸਨੂੰ ਮੰਨਿਆ ਜਾਂਦਾ ਹੈ ? ਹਿਸਟਰੀ ਆਫ਼ ਦਾ ਸਿੱਖਸ

62) ਹਿਸਟਰੀ ਆਫ਼ ਦੀ ਸਿੱਖਸ ਦੀ ਰਚਨਾ ਕਿਸਨੇ ਕੀਤੀ ? ਜੇ ਡੀ ਕਨਿੰਘਮ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਪੰਜਾਬ ਦੇ ਇਤਿਹਾਸਕ ਸੋਮਿਆਂ ਸੰਬੰਧੀ ਇਤਿਹਾਸ ਦੇ ਵਿਦਿਆਰਥੀਆਂ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?**

ਉੱਤਰ: ਇਤਿਹਾਸ ਦੇ ਸੋਮਿਆਂ ਸੰਬੰਧੀ ਸਮੱਸਿਆਵਾਂ:

I. ਗੁਰੂ ਇਤਿਹਾਸ ਨਾਲ ਸਬੰਧਤ ਸੋਮੇ ਅਧੂਰੇ ਹਨ।
II. ਇਹਨਾਂ ਵਿੱਚ ਇਤਿਹਾਸ ਦੇ ਨਾਲ ਮਿਥਿਹਾਸ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।
III. ਕਈ ਮੁਸਲਮਾਨ ਲਿਖਾਰੀਆਂ ਨੇ ਸਿੱਖ ਇਤਿਹਾਸ ਨੂੰ ਠੀਕ ਰੂਪ ਵਿੱਚ ਪੇਸ਼ ਨਹੀਂ ਕੀਤਾ।
IV. ਲਗਾਤਾਰ ਯੁੱਧਾਂ ਕਾਰਨ ਪੰਜਾਬੀਆਂ ਨੂੰ ਆਪਣਾ ਇਤਿਹਾਸ ਲਿਖਣ ਦਾ ਸਮਾਂ ਨਾ ਮਿਲਿਆ।
V. ਦੇਸ਼ ਦੀ ਵੰਡ ਕਾਰਨ ਅਨੇਕਾਂ ਇਤਿਹਾਸਕ ਸੋਮੇ ਨਸ਼ਟ ਹੋ ਗਏ।
VI. ਮੁਗ਼ਲਾਂ ਅਧੀਨ ਹੋਣ ਕਾਰਨ ਇਤਿਹਾਸ ਸੋਮਿਆਂ ਤੇ ਮੁਗ਼ਲਾਂ ਦਾ ਪ੍ਰਭਾਵ ਹੈ।
VII. ਪੰਜਾਬ ਦੇ ਅਨੇਕਾਂ ਸੋਮੇ ਅਜੇ ਅਣਘੋਖੇ ਪਏ ਹਨ।

**2) ਹੁਕਮਨਾਮਿਆਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਹੁਕਮਨਾਮੇ:

I. ਹੁਕਮਾਨਾਮੇ ਉਹ ਆਗਿਆ ਪੱਤਰ ਹਨ ਜੋ ਗੁਰੂ ਸਾਹਿਬਾਨ ਜਾਂ ਗੁਰੂ ਘਰਾਣੇ ਦੇ ਮੈਂਬਰਾਂ ਦੁਆਰਾ ਸਿੱਖ ਸੰਗਤ ਲਈ ਜਾਰੀ ਕੀਤੇ ਜਾਂਦੇਸਨ।


Download Free Study Material From SIKHYA APP

II. ਸਭ ਤੋਂ ਵੱਧ 34 ਹੁਕਮਨਾਮੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਾਰੀ ਕੀਤੇ ਗਏ।

III. ਗੁਰੂ ਤੇਗ਼ ਬਹਾਦਰ ਜੀ ਨੇ 23 ਹੁਕਮਨਾਮੇ ਜਾਰੀ ਕੀਤੇ।

IV. ਬਹੁਤੇ ਹੁਕਮਨਾਮਿਆਂ ਵਿੱਚ ਗੁਰੂ ਕੇ ਲੰਗਰ ਲਈ ਰਸਦ, ਧਾਰਮਿਕ ਸਥਾਨਾਂ ਦੇ ਨਿਰਮਾਣ ਲਈ ਮਾਇਆ ਅਤੇ ਘੋੜੇ, ਸ਼ਸਤਰ ਆਦਿ ਲਿਆਉਣ ਲਈ ਕਿਹਾ ਗਿਆ।

V. ਸਿੱਖ ਇਹਨਾਂ ਹੁਕਮਨਾਮਿਆਂ ਦੀ ਪਾਲਣਾ ਰੱਬ ਦਾ ਹੁਕਮ ਮੰਨ ਕੇ ਕਰਦੇ ਸਨ।

**3) ਜਨਮ ਸਾਖੀਆਂ ਤੇ ਇੱਕ ਨੋਟ ਲਿਖੋ।**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਜੀਵਨ ਨਾਲ ਸੰਬੰਧਤ ਕਥਾਵਾਂ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ:

I. **ਪੁਰਾਤਨ ਜਨਮ ਸਾਖੀ:** ਇਸਦਾ ਸੰਪਾਦਨ 1926 ਈ: ਵਿੱਚ ਭਾਈ ਵੀਰ ਸਿੰਘ ਨੇ ਕੀਤਾ ਸੀ। ਇਸ ਜਨਮ ਸਾਖੀ ਨੂੰ ਸਭ ਤੋਂ ਭਰੋਸੇਯੋਗ ਮੰਨਿਆ ਜਾਂਦਾ ਹੈ।

II. **ਮਿਹਰਬਾਨ ਵਾਲੀ ਜਨਮ ਸਾਖੀ:** ਇਸਦੀ ਰਚਨਾ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਨੇ ਕੀਤੀ ਸੀ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਵਿਸਥਾਰਪੂਰਨ ਵਰਣਨ ਕੀਤਾ ਗਿਆ ਹੈ।

III. **ਭਾਈ ਬਾਲਾ ਵਾਲੀ ਜਨਮ ਸਾਖੀ:** ਕੁਝ ਇਤਿਹਾਸਕਾਰ ਮੰਨਦੇ ਹਨ ਕਿ ਇਸ ਜਨਮ ਸਾਖੀ ਦੀ ਰਚਨਾ ਭਾਈ ਬਾਲਾ ਦੁਆਰਾ ਕੀਤੀ ਗਈ ਹੈ। ਇਸ ਵਿੱਚ ਬਹੁਤ ਸਾਰੀਆਂ ਮਨਘੜਤ ਗੱਲਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਇਸਨੂੰ ਜਿਆਦਾ ਭਰੋਸੇਯੋਗ ਨਹੀਂ ਮੰਨਿਆ ਜਾਂਦਾ।

**4) ਭਾਈ ਗੁਰਦਾਸ ਜੀ ਦੀਆਂ ਵਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਰਾ ਦਤਾਰ ਚੰਦ ਭੱਲਾ ਜੀ ਦੇ ਸਪੁੱਤਰ ਸਨ। ਉਹ ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬ ਦੇ ਸਮਕਾਲੀਨ ਸਨ। ਉਹ ਇੱਕ ਮਹਾਨ ਕਵੀ ਅਤੇ ਲੇਖਕ ਸਨ। ਭਾਈ ਗੁਰਦਾਸ ਜੀ ਨੇ 39 ਵਾਰਾਂ ਦੀ ਰਚਨਾ ਕੀਤੀ। ਇਹ ਵਾਰਾਂ ਪੰਜਾਬੀ ਭਾਸ਼ਾ ਵਿੱਚ ਹਨ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਅਤੇ ਭਾਵਾਂ ਨੂੰ


Download Free Study Material From SIKHYA APP

ਸਮਝਣ ਲਈ ਇਹਨਾਂ ਵਾਰਾਂ ਦਾ ਅਧਿਐਨ ਕਰਨਾ ਬਹੁਤ ਜਰੂਰੀ ਹੈ। ਇਸ ਲਈ ਇਹਨਾਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ।

**5) ਆਦਿ ਗ੍ਰੰਥ ਸਾਹਿਬ ਤੇ ਇੱਕ ਨੋਟ ਲਿਖੋ।**

ਉੱਤਰ: ਆਦਿ ਗ੍ਰੰਥ ਸਾਹਿਬ ਸਿੱਖਾਂ ਦੀ ਕੇਂਦਰੀ ਧਾਰਮਿਕ ਪੁਸਤਕ ਹੈ। ਇਸਦਾ ਸੰਕਲਨ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਮਹਾਨ ਕਾਰਜ ਮੰਨਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸਦਾ ਸੰਕਲਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਨਾਂ ਦੇ ਸਥਾਨ ਤੇ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਬਾਣੀ ਲਿਖਵਾਉਂਦੇ ਗਏ ਅਤੇ ਭਾਈ ਗੁਰਦਾਸ ਜੀ ਲਿਖਦੇ ਗਏ। ਇਸਦੇ ਸੰਕਲਨ ਤੇ ਲੱਗਭਗ 3 ਸਾਲ ਦਾ ਸਮਾਂ ਲੱਗਿਆ। 16 ਅਗਸਤ 1604 ਈ: ਨੂੰ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਵਿੱਚ ਛੇ ਗੁਰੂ ਸਾਹਿਬਾਨ, 15 ਹਿੰਦੂ ਭਗਤਾਂ ਅਤੇ ਸੂਫ਼ੀ ਸੰਤਾਂ ਦੀ ਬਾਣੀ ਹੈ। ਇਸ ਵਿੱਚ 11 ਭੱਟਾਂ ਦੇ ਸਵੈਯੇ ਵੀ ਸ਼ਾਮਿਲ ਹਨ। ਆਦਿ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ।

**6) ਦਸਮ ਗ੍ਰੰਥ ਸਾਹਿਬ ਤੇ ਇੱਕ ਨੋਟ ਲਿਖੋ।**

ਉੱਤਰ: ਦਸਮ ਗ੍ਰੰਥ ਸਾਹਿਬ: ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਇਸਦਾ ਸੰਕਲਨ 1721 ਈ: ਵਿੱਚ ਭਾਈ ਮਨੀ ਸਿੰਘ ਜੀ ਦੁਆਰਾ ਕੀਤਾ ਗਿਆ ਸੀ। ਇਸਦਾ ਉਦੇਸ਼ ਮੁੱਖ ਤੌਰ ਤੇ ਜਾਲਮਾਂ ਵਿਰੁੱਧ ਲੜਣ ਲਈ ਸਿੱਖਾਂ ਵਿੱਚ ਜੋਸ਼ ਭਰਨਾ ਸੀ। ਇਹ ਕੁੱਲ 18 ਗ੍ਰੰਥਾਂ ਦਾ ਸੰਗ੍ਰਹਿ ਹੈ। ਇਹਨਾਂ ਵਿੱਚ ਜਾਪੁ ਸਾਹਿਬ, ਅਕਾਲ ਉਸਤਤਿ, ਚੰਡੀ ਦੀ ਵਾਰ, ਚੌਬੀਸ ਅਵਤਾਰ, ਸ਼ਬਦ ਹਜਾਰੇ, ਸ਼ਸਤਰਨਾਮਾ, ਬਚਿੱਤਰ ਨਾਟਕ, ਜਫ਼ਰਨਾਮਾ ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।


Download Free Study Material From SIKHYA APP

**7) ਬਚਿੱਤਰ ਨਾਟਕ ਤੇ ਸੰਖੇਪ ਨੋਟ ਲਿਖੋ।**

ਉੱਤਰ: ਬਚਿੱਤਰ ਨਾਟਕ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਹੈ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕਥਾ ਵੀ ਮੰਨਿਆ ਜਾਂਦਾ ਹੈ। ਇਸ ਵਿੱਚ ਗੁਰੂ ਸਾਹਿਬ ਨੇ ਪ੍ਰਮਾਤਮਾ ਦੀ ਉਸਤਤਿ ਕੀਤੀ ਹੈ। ਇਸ ਤੋਂ ਇਲਾਵਾ ਇਸ ਵਿੱਚ ਸੰਸਾਰ ਦੀ ਰਚਨਾ, ਬੇਦੀ ਵੰਸ਼ ਅਤੇ ਸੋਢੀ ਵੰਸ਼ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਗੁਰੂ ਸਾਹਿਬ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਚਾਨਣਾ ਪਾਇਆ ਹੈ। ਇਸ ਵਿੱਚ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਉਦੇਸ਼ ਦਾ ਵੀ ਵਰਣਨ ਕੀਤਾ ਹੈ।

**8) ਸ਼੍ਰੀ ਗੁਰਸੋਭਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸ਼੍ਰੀ ਗੁਰਸੋਭਾ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਇੱਕ ਪ੍ਰਸਿੱਧ ਦਰਬਾਰੀ ਕੀ ਸੈਨਾਪਤ ਨੇ 1741 ਈ: ਵਿੱਚ ਕੀਤੀ ਸੀ। ਇਸ ਗ੍ਰੰਥ ਵਿੱਚ 1699 ਈ: ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਤੋਂ ਲੈ ਕੇ 1708 ਈ: ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੱਕ ਦੀਆਂ ਅੱਖੀ ਵੇਖੀਆਂ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ। ਇਸ ਵਿੱਚ ਘਟਨਾਵਾਂ ਦਾ ਵਿਸਥਾਰ ਸਹਿਤ ਅਤੇ ਪ੍ਰਮਾਣਿਕ ਵੇਰਵਾ ਦਿੱਤਾ ਗਿਆ ਹੈ।

**9) ਸਿੱਖਾਂ ਦੀ ਭਗਤਮਾਲਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਇਸ ਗ੍ਰੰਥ ਦੀ ਰਚਨਾ 18ਵੀਂ ਸਦੀ ਦੇ ਇੱਕ ਮਹਾਨ ਸਿੱਖ ਭਾਈ ਮਨੀ ਸਿੰਘ ਜੀ ਨੇ ਕੀਤੀ ਸੀ। ਇਸ ਵਿੱਚ ਸਿੱਖ ਗੁਰੂਆਂ, ਉਹਨਾਂ ਦੇ ਸਮੇਂ ਦੇ ਪ੍ਰਸਿੱਧ ਸਿੱਖਾਂ, ਉਹਨਾਂ ਦੀਆਂ ਜਾਤਾਂ ਅਤੇ ਨਿਵਾਸ ਸਥਾਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਉਸ ਸਮੇਂ ਦੀਆਂ ਸਮਾਜਿਕ ਅਤੇਰਾਜਨੀਤਕ ਹਾਲਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ।


Download Free Study Material From SIKHYA APP

**10) ਬੰਸਾਵਲੀਨਾਮਾ ਤੇ ਸੰਖੇਪ ਨੋਟ ਲਿਖੋ।**

ਉੱਤਰ ਇਸ ਗ੍ਰੰਥ ਦੀ ਰਚਨਾ ਗਿਆਨੀ ਕੇਸਰ ਸਿੰਘ ਛਿੱਬੜ ਨੇ 1780 ਈ: ਵਿੱਚ ਕੀਤੀ ਸੀ। ਇਸ ਵਿੱਚ 14 ਅਧਿਆਇ ਹਨ। ਪਹਿਲੇ 10 ਅਧਿਆਇ ਸਿੱਖ ਗੁਰੂਆਂ ਨਾਲ ਸਬੰਧਤ ਹਨ। ਬਾਕੀ 4 ਅਧਿਆਇ ਬਾਬਾ ਅਜੀਤ ਸਿੰਘ ਜੀ, ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਜੀ ਅਤੇ ਖ਼ਾਲਸਾ ਪੰਥ ਨਾਲ ਸੰਬੰਧਤ ਹਨ। ਲੇਖਕ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਇਸ ਲਈ ਉਸਨੇਉਸ ਸਮੇਂ ਦੀਆਂ ਅੱਖੀਂ ਡਿੱਠੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ। ਇਸ ਗ੍ਰੰਥ ਵਿੱਚ ਦਿੱਤੀ ਜਾਣਕਾਰੀ ਬਹੁਤ ਪ੍ਰਮਾਣਿਕ ਅਤੇ ਮਹੱਤਵਪੂਰਨ ਹੈ।

**11) ਪ੍ਰਾਚੀਨ ਪੰਥ ਪ੍ਰਕਾਸ਼ ਦਾ ਸੰਖੇਪ ਵਰਣਨ ਕਰੋ।**

ਉੱਤਰ: ਪ੍ਰਾਚੀਨ ਪੰਥ ਪ੍ਰਕਾਸ਼ ਇੱਕ ਮਹੱਤਵਪੂਰਨ ਇਤਿਹਾਸਕ ਰਚਨਾ ਹੈ। ਇਸਦੀ ਰਚਨਾ 1841 ਈ: ਵਿੱਚ ਰਤਨ ਸਿੰਘ ਭੰਗੂ ਨੇ ਕੀਤੀ ਸੀ। ਇਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 18ਵੀਂ ਸਦੀ ਤੱਕ ਦੇ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ। ਇਸ ਵਿੱਚ ਮੁਗ਼ਲ–ਸਿੱਖ ਸੰਬੰਧਾਂ, ਮਰਾਠਾ–ਸਿੱਖ ਸੰਬੰਧਾਂ ਅਤੇ ਅਫ਼ਗਾਨ–ਸਿੱਖ ਸੰਬੰਧਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ।

**12) ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਫ਼ਾਰਸੀ ਦੇ ਮਹੱਤਵਪੂਰਨ ਸੋਮਿਆਂ ਦੀ ਜਾਣਕਾਰੀ ਦਿਓ।**

ਉੱਤਰ: ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਫ਼ਾਰਸੀ ਸੋਮੇ:

i. **ਆਇਨ-ਏ-ਅਕਬਰੀ**: ਇਸ ਪੁਸਤਕ ਦੀ ਰਚਨਾ ਅਬੁਲ ਫਜ਼ਲ ਨੇ ਕੀਤੀ ਸੀ। ਇਸ ਪੁਸਤਕ ਤੋਂ ਅਕਬਰ ਦੇ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਾਂ ਦੀ ਜਾਣਕਾਰੀ ਮਿਲਦੀ ਹੈ।

ii. **ਜੰਗਨਾਮਾ**: ਇਸ ਪੁਸਤਕ ਦੀ ਰਚਨਾ ਕਾਜ਼ੀ ਨੂਰ ਮੁਹੰਮਦ ਨੇ ਕੀਤੀ ਸੀ। ਇਸ ਵਿੱਚ ਅਬਦਾਲੀ ਦੇ ਹਮਲੇ, ਸਿੱਖਾਂ ਦੇ ਯੁੱਧ ਕਰਨ ਦੇ ਢੰਗ ਅਤੇ ਸਿੱਖਾਂ ਦੇ ਚਰਿੱਤਰ ਦਾ ਵਰਨਣ ਕੀਤਾ ਗਿਆ ਹੈ।


Download Free Study Material From SIKHYA APP

III. **ਉਮਦਤ-ਉਤ-ਤਵਾਰੀਖ਼:** ਇਸ ਪੁਸਤਕ ਦੀ ਰਚਨਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸੋਹਨ ਲਾਲ ਸੂਰੀ ਨੇ ਕੀਤੀ ਸੀ। ਇਸ ਪੁਸਤਕ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ।

**13) ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਜਾਣਕਾਰੀ ਦੇਣ ਵਾਲੇ ਤਿੰਨ ਅੰਗਰੇਜੀ ਸੋਮਿਆਂ ਤੇ ਰੌਸ਼ਨੀ ਪਾਓ।**

ਉੱਤਰ: ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਅੰਗਰੇਜੀ ਸੋਮੇ:

I. **ਦੀ ਕੋਰਟ ਐਂਡ ਕੈਂਪ ਆਫ਼ ਰਣਜੀਤ ਸਿੰਘ:** ਇਸ ਪੁਸਤਕ ਦੀ ਰਚਨਾ 1840 ਈ: ਵਿੱਚ ਕੈਪਟਨ ਵਿਲੀਅਮ ਓਸਬਾਰਨ ਨੇ ਕੀਤੀ ਸੀ। ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਸ਼ਾਨੋ-ਸ਼ੌਕਤ ਅਤੇ ਫ਼ੌਜ ਸੰਬੰਧੀ ਜਾਣਕਾਰੀ ਮਿਲਦੀ ਹੈ।

II. **ਹਿਸਟਰੀ ਆਫ਼ ਦੀ ਪੰਜਾਬ:** ਇਸ ਪੁਸਤਕ ਦੀ ਰਚਨਾ 1842 ਈ: ਵਿੱਚ ਡਾਕਟਰ ਮੱਰੇ ਨੇ ਕੀਤੀ ਸੀ। ਇਸ ਪੁਸਤਕ ਤੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਉੱਤਰਅਧਿਕਾਰੀਆਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

III. **ਹਿਸਟਰੀ ਆਫ਼ ਦੀ ਸਿੱਖਜ਼:** ਇਸ ਪੁਸਤਕ ਦੀ ਰਚਨਾ ਡਾਕਟਰ ਮੈਕਗਰੇਗਰ ਨੇ 1846 ਈ: ਵਿੱਚ ਕੀਤੀ ਸੀ। ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖਾਂ ਦੀਆਂ ਅੰਗਰੇਜਾਂ ਨਾਲ ਲੜਾਈਆਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

**14) ਭਾਰਤ ਦੇ ਬ੍ਰਿਟਿਸ਼ ਸਰਕਾਰ ਦੇ ਰਿਕਾਰਡਾਂ ਦੇ ਇਤਿਹਾਸਕ ਮਹੱਤਵ ਤੇ ਨੋਟ ਲਿਖੋ।**

ਉੱਤਰ: ਲੁਧਿਆਣਾ ਏਜੰਸੀ ਅਤੇ ਦਿੱਲੀ ਰੈਜ਼ੀਡੈਂਸੀ ਦੇ ਰਿਕਾਰਡ ਪੰਜਾਬ ਸੰਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ। ਇਹਨਾਂ ਤੋਂ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਤੋਂ ਲੈ ਕੇ ਸਿੱਖ ਰਾਜ ਦੇ ਪਤਨ ਤੱਕ ਦੀ ਜਾਣਕਾਰੀ ਮਿਲਦੀ ਹੈ। ਇਹ ਰਿਕਾਰਡ ਅੰਗਰੇਜ-ਸਿੱਖ ਸੰਬੰਧਾਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ, ਅੰਗਰੇਜ਼-ਅਫ਼ਗਾਨ ਸੰਬੰਧਾਂ ਦੀ ਜਾਣਕਾਰੀ ਮਿਲਦੀ ਹੈ।


Download Free Study Material From SIKHYA APP

**15) ਪੰਜਾਬ ਦੇ ਇਤਿਹਾਸ ਦੇ ਨਿਰਮਾਣ ਵਿੱਚ ਸਿੱਕਿਆਂ ਦਾ ਕੀ ਮਹੱਤਵ ਹੈ ?**

ਉੱਤਰ: ਪੰਜਾਬ ਦੇ ਇਤਿਹਾਸ ਦੇ ਨਿਰਮਾਣ ਵਿੱਚ ਸਿੱਕਿਆਂ ਦਾ ਮਹੱਤਵ:

I. ਇਹਨਾਂ ਤੋਂ ਸਾਨੂੰ ਮੁਗ਼ਲ ਸ਼ਾਸਕਾਂ, ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਅਹਿਮਦਸ਼ਾਹ ਅਬਦਾਲੀ ਆਦਿ ਸੰਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

II. ਇਹਨਾਂ ਤੋਂ ਸਾਨੂੰ ਮਹੱਤਵਪੂਰਨ ਘਟਨਾਵਾਂ, ਮਿਤੀਆਂ ਅਤੇ ਸ਼ਾਸਕਾਂ ਸੰਬੰਧੀ ਪਤਾ ਲੱਗਦਾ ਹੈ।

III. ਇਹਨਾਂ ਤੋਂ ਪ੍ਰਾਪਤ ਜਾਣਕਾਰੀ ਪ੍ਰਮਾਣਿਕ ਹੁੰਦੀ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਪੰਜਾਬ ਦੇ ਇਤਿਹਾਸਕ ਸੋਮਿਆਂ ਸੰਬੰਧੀ ਇਤਿਹਾਸ ਦੇ ਵਿਦਿਆਰਥੀਆਂ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?**

ਉੱਤਰ: ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਸਮੱਸਿਆਵਾਂ:

I. **ਧਾਰਮਿਕ ਸਾਹਿਤ ਵਿੱਚ ਮਿਥਿਹਾਸ ਦੀ ਮਿਲਾਵਟ:** ਪੰਜਾਬ ਦੇ ਇਤਿਹਾਸ ਦਾ ਵੱਡਾ ਸੋਮਾ ਧਾਰਮਿਕ ਸਾਹਿਤ ਹੈ। ਜਿਆਦਾਤਰ ਇਤਿਹਾਸਕ ਸੋਮਿਆਂ ਵਿੱਚ ਅਨੇਕਾਂ ਮਿਥਿਹਾਸਕ ਘਟਨਾਵਾਂ ਵੀ ਸ਼ਾਮਲ ਹੁੰਦੀਆਂ ਹਨ ਜਿਹਨਾਂ ਕਾਰਨ ਇਤਿਹਾਸਕ ਤੱਥ ਲੱਭਣੇ ਮੁਸ਼ਕਿਲ ਹੁੰਦੇ ਹਨ। ਇਸ ਤੋਂ ਇਲਾਵਾ ਧਾਰਮਿਕ ਸਾਹਿਤ ਵਿੱਚ ਮਿਤੀਆਂ ਸੰਬੰਧੀ ਜਾਣਕਾਰੀ ਦੀ ਘਾਟ ਹੁੰਦੀ ਹੈ।

II. **ਮੁਸਲਮਾਨ ਲਿਖਾਰੀਆਂ ਦੇ ਪੱਖਪਾਤ ਪੂਰਨ ਵਿਚਾਰ:** ਪੰਜਾਬ ਦਾ ਬਹੁਤ ਸਾਰਾ ਇਤਿਹਾਸ ਮੁਸਲਿਮ ਇਤਿਹਾਸਕਾਰਾਂ ਦੁਆਰਾ ਲਿਖਿਆ ਗਿਆ। ਅਨੇਕਾਂ ਮੁਸਲਮਾਨ ਲਿਖਾਰੀ ਬਹੁਤ ਕੱਟੜ ਸਨ ਅਤੇ ਸਿੱਖਾਂ ਤੋਂ ਨਫ਼ਰਤ ਕਰਦੇ ਸਨ। ਇਸ ਨਈ ਉਹਨਾਂ ਨੇ ਸਿੱਖਾਂ ਨਾਲ ਸੰਬੰਧਤ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਹਨ।


Download Free Study Material From SIKHYA APP

III. **ਪੰਜਾਬ ਯੁੱਧਾਂ ਦਾ ਅਖਾੜਾ**: ਪੰਜਾਬ ਲੰਮਾਂ ਸਮਾਂ ਯੁੱਧਾਂ ਦਾ ਅਖਾੜਾ ਬਣਿਆ ਰਿਹਾ। ਲਗਾਤਾਰ ਯੁੱਧਾਂ ਕਾਰਨ ਪੰਜਾਬੀਆਂ ਦਾ ਜਿਆਦਾ ਸਮਾਂ ਸੰਘਰਸ਼ਾਂ ਵਿੱਚ ਬੀਤਿਆ। ਇਸ ਲਈ ਉਹਨਾਂ ਨੂੰ ਆਪਣਾ ਇਤਿਹਾਸ ਲਿਖਣ ਦਾ ਸਮਾਂ ਨਹੀਂ ਮਿਲਿਆ।

IV. **ਵਿਦੇਸ਼ੀ ਹਮਲੇ**: ਲੰਮੇਂ ਸਮੇਂ ਤੋਂ ਪੰਜਾਬ ਤੇ ਵਿਦੇਸ਼ੀ ਹਮਲਾਵਰ ਹਮਲੇ ਕਰਦੇ ਰਹੇ ਹਨ। ਜਿਆਦਾਤਰ ਵਿਦੇਸ਼ੀ ਹਮਲਾਵਰਾਂ ਦਾ ਮੰਤਵ ਧੰਨ ਲੁੱਟਣਾ ਅਤੇ ਆਪਣੇ ਧਰਮ ਦਾ ਪ੍ਰਚਾਰ ਕਰਨਾ ਹੁੰਦਾ ਸੀ। ਇਸ ਲਈ ਉਹ ਦੂਜੇ ਧਰਮਾਂ ਦੇ ਸਾਹਿਤ ਅਤੇ ਇਮਾਰਤਾਂ ਨੂੰ ਨਸ਼ਟ ਕਰ ਦਿੰਦੇ ਸਨ।

V. **ਦੇਸ਼ ਦੀ ਵੰਡ**: ਦੇਸ਼ ਦੀ ਵੰਡ ਸਮੇਂ ਪਾਕਿਸਤਾਨੀ ਪੰਜਾਬ ਦੇ ਬਹੁਤ ਸਾਰੇ ਲੋਕ ਭਾਰਤੀ ਪੰਜਾਬ ਅਤੇ ਭਾਰਤੀ ਪੰਜਾਬ ਦੇ ਬਹੁਤ ਸਾਰੇ ਲੋਕ ਪਾਕਿਸਤਾਨੀ ਪੰਜਾਬ ਚਲੇ ਗਏ। ਪ੍ਰਵਾਸ ਦੇ ਇਸ ਦੌਰ ਵਿੱਚ ਇਤਿਹਾਸਕ ਸੋਮਿਆਂ ਦਾ ਭਾਰੀ ਨੁਕਸਾਨ ਹੋਇਆ।

VI. **ਮੁਗ਼ਲਾਂ ਦਾ ਪ੍ਰਭਾਵ**: ਪੰਜਾਬ ਲੰਮਾਂ ਸਮਾਂ ਮੁਗ਼ਲਾਂ ਦੇ ਅਧੀਨ ਰਿਹਾ ਹੈ। ਲੇਖ਼ਕਾਂ ਅਤੇ ਇਤਿਹਾਸਕਾਰਾਂ ਨੂੰ ਮੁਗ਼ਲ ਸ਼ਾਸਕਾਂ ਦੁਆਰਾ ਸਰਪ੍ਰਸਤੀ ਦਿੱਤੀ ਜਾਂਦੀ ਸੀ। ਇਸ ਲਈ ਉਹ ਮੁਗ਼ਲ ਸ਼ਾਸਕਾਂ ਨੂੰ ਨਰਾਜ ਨਹੀਂ ਕਰ ਸਕਦੇ ਸਨ। ਇਸ ਲਈ ਮੁਗ਼ਲ ਕਾਲ ਦੀਆਂ ਲਿਖ਼ਤਾਂ ਤੇ ਮੁਗ਼ਲਾਂ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ।

VII. **ਦੇਸ਼ ਦੀ ਵੰਡ**: ਦੇਸ਼ ਦੀ ਵੰਡ ਸਮੇਂ ਅੱਧਾ ਪੰਜਾਬ ਪਾਕਿਸਤਾਨ ਵਿੱਚ ਚਲਾ ਗਿਆ। ਇਸ ਨਾਲ ਬਹੁਤ ਇਤਿਹਾਸਕ ਸਥਾਨ ਅਤੇ ਸੋਮੇ ਪਾਕਿਸਤਾਨ ਵਿੱਚ ਰਹਿ ਗਏ। ਸਾਡੇ ਲਈ ਹੁਣ ਪਾਕਿਸਤਾਨ ਜਾ ਕੇ ਉੱਥੋਂ ਦੇ ਇਤਿਹਾਸਕ ਸੋਮਿਆਂ ਦੀ ਘੋਖ ਕਰਨਾ ਬਹੁਤ ਔਖਾ ਹੈ।

**2) ਜਨਮ ਸਾਖੀਆਂ ਤੇ ਇੱਕ ਨੋਟ ਲਿਖੋ।**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਜੀਵਨ ਨਾਲ ਸੰਬੰਧਤ ਕਥਾਵਾਂ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ:


Download Free Study Material From SIKHYA APP

I. **ਪੁਰਾਤਨ ਜਨਮ ਸਾਖੀ:** ਇਸਦਾ ਸੰਪਾਦਨ 1926 ਈ: ਵਿੱਚ ਭਾਈ ਵੀਰ ਸਿੰਘ ਨੇ ਕੀਤਾ ਸੀ। ਇਹ ਜਨਮ ਸਾਖੀ 17ਵੀਂ ਸਦੀ ਵਿੱਚ ਲਿਖੀਆਂ ਗਈਟਾਂ ਦੋ ਜਨਮ ਸਾਖੀਆਂ; ਵਲਾਇਤ ਵਾਲੀ ਜਨਮ ਸਾਖੀ ਅਤੇ ਹਾਫ਼ਜਾਬਾਦ ਵਾਲੀ ਜਨਮ ਸਾਖੀ ਦੇ ਸੁਮੇਲ ਤੋਂ ਤਿਆਰ ਕੀਤੀ ਗਈ ਹੈ। ਇਸ ਜਨਮ ਸਾਖੀ ਨੂੰ ਸਭ ਤੋਂ ਭਰੋਸੇਯੋਗ ਮੰਨਿਆ ਜਾਂਦਾ ਹੈ।

II. **ਮਿਹਰਬਾਨ ਵਾਲੀ ਜਨਮ ਸਾਖੀ:** ਇਸਦੀ ਰਚਨਾ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਨੇ ਕੀਤੀ ਸੀ। ਗੁਰੂ ਘਰਾਣੇ ਨਾਲ ਸੰਬੰਧਤ ਹੋਣ ਕਾਰਨ ਮਿਹਰਬਾਨ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਕਰਤਾਰਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਨਿਵਾਸ ਸੰਬੰਧੀ ਵਿਸਥਾਰਪੂਰਨ ਵਰਣਨ ਕੀਤਾ ਗਿਆ ਹੈ। ਇਸ ਜਨਮ ਸਾਖੀ ਨੂੰ ਬਹੁਤ ਭਰੋਸੇਯੋਗ ਮੰਨਿਆ ਜਾਂਦਾ ਹੈ। ਇਸ ਵਿੱਚ ਘਟਨਾਵਾਂ ਦਾ ਤਰਤੀਬਵਾਰ ਵੇਰਵਾ ਦਿੱਤਾ ਹੋਇਆ ਹੈ। ਇਸ ਵਿੱਚ ਸ਼ਾਮਿਲ ਵਿਅਕਤੀਆ ਅਤੇ ਸਥਾਨਾਂ ਦੇ ਨਾਂ ਵੀ ਆਮ ਤੌਰ ਤੇ ਠੀਕ ਹਨ।

III. **ਭਾਈ ਬਾਲਾ ਵਾਲੀ ਜਨਮ ਸਾਖੀ:** ਕੁਝ ਇਤਿਹਾਸਕਾਰ ਮੰਨਦੇ ਹਨ ਕਿ ਇਸ ਜਨਮ ਸਾਖੀ ਦੀ ਰਚਨਾ ਭਾਈ ਬਾਲਾ ਦੁਆਰਾ ਕੀਤੀ ਗਈ ਹੈ ਪਰ ਅਨੇਕਾਂ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਨਹੀਂ ਹਨ। ਇਸ ਜਨਮ ਸਾਖੀ ਵਿੱਚ ਬਹੁਤ ਸਾਰੀਆਂ ਮਨਘੜਤ ਗੱਲਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਵਿਚਲੇ ਅਨੇਕਾਂ ਤੱਥ ਵੀ ਅਸ਼ੁੱਧ ਹਨ। ਇਸ ਲਈ ਇਸ ਜਨਮ ਸਾਖੀ ਨੂੰ ਜਿਆਦਾ ਭਰੋਸੇਯੋਗ ਨਹੀਂ ਮੰਨਿਆ ਜਾਂਦਾ।

IV. **ਗਿਆਨ ਰਤਨਾਵਲੀ:** ਇਸ ਜਨਮ ਸਾਖੀ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਇੱਕ ਸ਼ਰਧਾਲੂ ਭਾਈ ਮਨੀ ਸਿੰਘ ਨੇ ਕੀਤੀ। ਇਸਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਕਾਲ ਦੌਰਾਨ ਕੀਤੀ ਗਈ। ਇਹ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਤੇ ਅਧਾਰਿਤ ਹੈ। ਇਸ ਵਿੱਚ ਘਟਨਾਵਾਂ ਦਾ ਤਰਤੀਬਵਾਰ ਵੇਰਵਾ ਦਿੱਤਾ ਗਿਆ ਹੈ। ਇਸ


Download Free Study Material From SIKHYA APP

ਵਿੱਚ ਕਲਪਿਤ ਕਥਾਵਾਂ ਸ਼ਾਮਿਲ ਨਹੀਂ ਹਨ। ਇਸ ਲਈ ਇਸ ਜਨਮ ਸਾਖੀ ਨੂੰ ਬਹੁਤ ਭਰੋਸੇਯੋਗ ਮੰਨਿਆ ਜਾਂਦਾ ਹੈ।

**3) ਪੰਜਾਬ ਦੇ ਇਤਿਹਾਸ ਦੇ ਸੋਮੇ ਵਜੋਂ ਸਿੱਖ ਧਾਰਮਿਕ ਸਾਹਿਤ ਦਾ ਮੁਲਾਂਕਣ ਕਰੋ।**

ਉੱਤਰ: ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਸਿੱਖ ਧਾਰਮਿਕ ਸਾਹਿਤ:

I. **ਆਦਿ ਗ੍ਰੰਥ ਸਾਹਿਬ**: ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ, 15 ਹਿੰਦੂ ਭਗਤਾਂ ਅਤੇ ਸੂਫ਼ੀ ਸੰਤਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਵਿੱਚ 11 ਭੱਟਾਂ ਦੇ ਸਵੱਯੇ ਵੀ ਅੰਕਿਤ ਕੀਤੇ ਗਏ ਹਨ। ਭਾਵੇਂ ਆਦਿ ਗ੍ਰੰਥ ਸਾਹਿਬ ਦੀ ਰਚਨਾ ਇਤਿਹਾਸਕ ਦ੍ਰਿਸ਼ਟੀ ਤੋਂ ਨਹੀਂ ਕੀਤੀ ਗਈ ਪਰ ਫਿਰ ਵੀ ਇਸ ਤੋਂ ਸਾਨੂੰ ਉਸ ਸਮੇਂ ਦੇ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਜੀਵਨ ਸਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

II. **ਦਸਮ ਗ੍ਰੰਥ ਸਾਹਿਬ**: ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਇਸਦਾ ਸੰਕਲਨ 1721 ਈ: ਵਿੱਚ ਭਾਈ ਮਨੀ ਸਿੰਘ ਜੀ ਦੁਆਰਾ ਕੀਤਾ ਗਿਆ ਸੀ। ਇਸਦਾ ਉਦੇਸ਼ ਮੁੱਖ ਤੌਰ ਤੇ ਜਾਲਮਾਂ ਵਿਰੁੱਧ ਲੜਣ ਲਈ ਸਿੱਖਾਂ ਵਿੱਚ ਜੋਸ਼ ਭਰਨਾ ਸੀ। ਇਹ ਕੁੱਲ 18 ਗ੍ਰੰਥਾਂ ਦਾ ਸੰਗ੍ਰਹਿ ਹੈ। ਇਹਨਾਂ ਵਿੱਚ ਜਾਪੁ ਸਾਹਿਬ, ਅਕਾਲ ਉਸਤਤਿ, ਚੰਡੀ ਦੀ ਵਾਰ, ਚੌਬੀਸ ਅਵਤਾਰ, ਸ਼ਬਦ ਹਜਾਰੇ, ਸ਼ਸਤਰਨਾਮਾ, ਬਚਿੱਤਰ ਨਾਟਕ, ਜ਼ਫ਼ਰਨਮਾ ਆਦਿ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਸਤੋਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀਆਂ ਅਨੇਕਾਂ ਘਟਨਾਵਾਂ, ਉਸ ਸਮੇਂ ਦੇ ਧਾਰਮਿਕ, ਰਾਜਨੀਤਕ, ਆਰਥਿਕ ਹਲਾਤਾਂ, ਗੁਰੂ ਸਾਹਿਬ ਨਾਲ ਸੰਬੰਧਤ ਸਿੱਖਾਂ ਦੇ ਜੀਵਨ, ਬੇਦੀ ਵੰਸ਼, ਸੋਢੀ ਵੰਸ਼ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

III. **ਭਾਈ ਗੁਰਦਾਸ ਜੀ ਦੀਆਂ ਵਾਰਾਂ**: ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਰਾ ਦਤਾਰ ਚੰਦ ਭੱਲਾ ਜੀ ਦੇ ਸਪੁੱਤਰ ਸਨ। ਉਹ ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬ ਦੇ ਸਮਕਾਲੀਨ ਸਨ। ਉਹ ਇੱਕ ਮਹਾਨ ਕਵੀ


Download Free Study Material From SIKHYA APP

ਅਤੇ ਲੇਖਕ ਸਨ। ਭਾਈ ਗੁਰਦਾਸ ਜੀ ਨੇ 39 ਵਾਰਾਂ ਦੀ ਰਚਨਾ ਕੀਤੀ। ਇਤਿਹਾਸਕ ਪੱਖ ਤੋਂ ਪਹਿਲੀ ਅਤੇ ਗਿਆਰਵ੍ਹੀਂ ਵਾਰ ਬਹੁਤ ਮਹੱਤਵਪੂਰਨ ਹੈ।

IV. **ਜਨਮ ਸਾਖੀਆਂ**: ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਜੀਵਨ ਨਾਲ ਸੰਬੰਧਤ ਕਥਾਵਾਂ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ। ਇਹਨਾਂ ਵਿੱਚੋਂ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਦੀ ਜਨਮ ਸਾਖੀ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਬਹਤੁ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹਨਾਂ ਜਨਮ ਸਾਖੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਜਨਮ, ਉਦਾਸੀਆਂ ਅਤੇ ਗੁਰੂ ਸਾਹਿਬ ਦੁਆਰਾ ਕਰਤਾਰਪੁਰ ਸਾਹਿਬ ਵਿਖੇ ਬਿਤਾਏ ਗਏ ਸਮੇਂ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ।

V. **ਹੁਕਮਨਾਮੇ**: ਹੁਕਮਾਨਾਮੇ ਉਹ ਆਗਿਆ ਪੱਤਰ ਹਨ ਜੋ ਗੁਰੂ ਸਾਹਿਬਾਨ ਜਾਂ ਗੁਰੂ ਘਰਾਣੇ ਦੇ ਮੈਂਬਰਾਂ ਦੁਆਰਾ ਸਿੱਖ ਸੰਗਤ ਲਈ ਜਾਰੀ ਕੀਤੇ ਜਾਂਦੇਸਨ। ਸਭ ਤੋਂ ਵੱਧ 34 ਹੁਕਮਨਾਮੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਾਰੀ ਕੀਤੇ ਗਏ। ਗੁਰੂ ਤੇਗ਼ ਬਹਾਦਰ ਜੀ ਨੇ 23 ਹੁਕਮਨਾਮੇ ਜਾਰੀ ਕੀਤੇ। ਬਹੁਤੇ ਹੁਕਮਨਾਮਿਆਂ ਵਿੱਚ ਗੁਰੂ ਕੇ ਲੰਗਰ ਲਈ ਰਸਦ, ਧਾਰਮਿਕ ਸਥਾਨਾਂ ਦੇ ਨਿਰਮਾਣ ਲਈ ਮਾਇਆ ਅਤੇ ਘੋੜੇ, ਸ਼ਸਤਰ ਆਦਿ ਲਿਆਉਣ ਲਈ ਕਿਹਾ ਗਿਆ। ਸਿੱਖ ਇਹਨਾਂ ਹੁਕਮਨਾਮਿਆਂ ਦੀ ਪਾਲਣਾ ਰੱਬ ਦਾ ਹੁਕਮ ਮੰਨ ਕੇ ਕਰਦੇ ਸਨ।


Download Free Study Material From SIKHYA APP

# ਪਾਠ 3

## 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ, ਸਮਾਜਿਕ ਅਤੇ ਆਰਥਿਕ ਦਸ਼ਾ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) 16ਵੀਂ ਸਦੀ ਦੇ ਆਰੰਭ ਵਿੱਚ ਦਿੱਲੀ ਤੇ ਕਿਸਦਾ ਸ਼ਾਸਨ ਸੀ ? | ਲੋਧੀ ਸੁਲਤਾਨਾਂ ਦਾ |
| 2) ਲੋਧੀ ਵੰਸ਼ ਦੀ ਸਥਾਪਨਾ ਕਿਸਨੇ ਕੀਤੀ ? | ਬਹਿਲੋਲ ਲੋਧੀ ਨੇ |
| 3) ਲੋਧੀ ਵੰਸ਼ ਦੀ ਸਥਾਪਨਾ ਕਦੋਂ ਕੀਤੀ ਗਈ ? | 1451 ਈ: |
| 4) ਸਿਕੰਦਰ ਲੋਧੀ ਦਿੱਲੀ ਦੀ ਗੱਦੀ ਤੇ ਕਦੋਂ ਬੈਠਾ ? | 1489 ਈ: |
| 5) ਸਿਕੰਦਰ ਲੋਧੀ ਨੇ ਹਿੰਦੂਆਂ ਦੇ ਕਿਹੜੀ ਨਦੀ ਵਿੱਚ ਇਸ਼ਨਾਨ ਕਰਨ ਦੀ ਮਨਾਹੀ ਕੀਤੀ ? | ਜਮਨਾ ਨਦੀ ਵਿੱਚ |
| 6) ਇਬਰਾਹਿਮ ਲੋਧੀ ਰਾਜਗੱਦੀ ਤੇ ਕਦੋਂ ਬੈਠਾ ? | 1517 ਈ: |
| 7) ਦੌਲਤ ਖਾਂ ਲੋਧੀ ਕੌਣ ਸੀ ? | ਪੰਜਾਬ ਦਾ ਸੂਬੇਦਾਰ |
| 8) ਦੌਲਤ ਖਾਂ ਲੋਧੀ ਪੰਜਾਬ ਦਾ ਸੂਬੇਦਾਰ ਕਦੋਂ ਬਣਿਆ ? | 1500 ਈ: |
| 9) ਦੌਲਤ ਖਾਂ ਲੋਧੀ ਨੂੰ ਪੰਜਾਬ ਦਾ ਸੂਬੇਦਾਰ ਕਿਸਨੇ ਬਣਾਇਆ ? | ਸਿਕੰਦਰ ਲੋਧੀ ਨੇ |
| 10) ਪੰਜਾਬ ਵਿੱਚ ਤਿਕੋਣੇ ਸੰਘਰਸ਼ ਦਾ ਸਮਾਂ ਕੀ ਸੀ ? | 1519 ਈ: ਤੋਂ 1526 ਈ: |
| 11) ਤਿਕੋਣਾ ਸੰਘਰਸ਼ ਕਿਹੜੀਆਂ ਸ਼ਕਤੀਆਂ ਵਿਚਕਾਰ ਸੀ ? | ਬਾਬਰ, ਇਬਰਾਹਿਮ ਲੋਧੀ ਤੇ ਦੌਲਤ ਖਾਂ ਲੋਧੀ |
| 12) ਬਾਬਰ ਕਿੱਥੋਂ ਦਾ ਸ਼ਾਸਕ ਸੀ ? | ਕਾਬਲ ਦਾ |


Download Free Study Material From SIKHYA APP

| | |
|---|---|
| 13) ਬਾਬਰ ਨੇ ਪੰਜਾਬ ਤੇ ਕਿੰਨੇ ਹਮਲੇ ਕੀਤੇ ? | 5 |
| 14) ਬਾਬਰ ਨੇ ਪਹਿਲਾ ਹਮਲਾ ਕਿਹੜੇ ਵਰ੍ਹੇ ਕੀਤਾ ? | 1519 ਈ: |
| 15) ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸੈਦਪੁਰ ਤੇ ਕੀਤੇ ਹਮਲੇ ਦੀ ਤੁਲਨਾ ਕਿਸ ਨਾਲ ਕੀਤੀ ਹੈ ? | ਪਾਪਾਂ ਜੀ ਜੰਞ |
| 16) ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜੁਲਮਾਂ ਦਾ ਵਰਣਨ ਆਪਣੀ ਕਿਹੜੀ ਰਚਨਾ ਵਿੱਚ ਕੀਤਾ ਹੈ ? | ਬਾਬਰ ਵਾਣੀ |
| 17) ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ? | 21 ਅਪ੍ਰੈਲ, 1526 ਈ: |
| 18) ਪਾਣੀਪਤ ਦੀ ਪਹਿਲੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਬਾਬਰ ਅਤੇ ਇਬਰਾਹਿਮ ਲੋਧੀ |
| 19) ਪਾਣੀਪਤ ਦੀ ਪਹਿਲੀ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਬਾਬਰ |
| 20) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਵਿੱਦਿਆ ਦੇ ਦੋ ਮੁੱਖ ਕੇਂਦਰ ਕਿਹੜੇ ਸਨ ? | ਲਾਹੌਰ ਅਤੇ ਮੁਲਤਾਨ |
| 21) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਲੋਕਾਂ ਦਾ ਮੁੱਖ ਧਰਮ ਕਿਹੜਾ ਸੀ ? | ਹਿੰਦੂ ਧਰਮ |
| 22) 16ਵੀਂ ਸਦੀ ਦੇ ਆਰੰਭ ਵਿੱਚ ਹਿੰਦੂ ਸਮਾਜ ਵਿੱਚ ਕਿੰਨੀਆਂ ਉਪ ਜਾਤੀਆਂ ਸਨ ? | 84 |
| 23) ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਕਿਉਂ ਕਿਹਾ ਜਾਂਦਾ ਸੀ ? | ਫਸਲਾਂ ਦੀ ਭਰਪੂਰ ਉਪਜ ਕਾਰਨ |
| 24) 16ਵੀਂ ਸਦੀ ਵਿੱਚ ਪੰਜਾਬ ਦਾ ਕਿਹੜਾ ਉਦਯੋਗ ਸਭ ਤੋਂ ਪ੍ਰਸਿੱਧ ਸੀ ? | ਕੱਪੜਾ ਉਦਯੋਗ |
| 25) ਹਿੰਦੂਆਂ ਦੀਆਂ ਕਿਹੜੀਆਂ ਜਾਤੀਆਂ ਵਪਾਰ ਦਾ ਕੰਮ ਕਰਦੀਆਂ ਸਨ ? | ਖੱਤਰੀ, ਬਾਣੀਏ, ਮਹਾਜਨ, ਸੂਦ, ਅਰੋੜੇ |


Download Free Study Material From SIKHYA APP

| | |
|---|---|
| 26) ਮੁਸਲਮਾਨਾਂ ਦੀਆਂ ਕਿਹੜੀਆਂ ਜਾਤੀਆਂ ਵਪਾਰ ਦਾ ਕੰਮ ਕਰਦੀਆਂ ਸਨ ? | ਬੋਹਰਾ ਅਤੇ ਖੋਜਾ |
| 27) ਜੋਗੀਆਂ ਦੀ ਮੁੱਖ ਸ਼ਾਖਾ ਨੂੰ ਕੀ ਕਿਹਾ ਜਾਂਦਾ ਸੀ ? | ਨਾਥਪੰਥੀ |
| 28) ਨਾਥਪੰਥੀ ਸ਼ਾਖਾ ਦੀ ਸਥਾਪਨਾ ਕਿਸਨੇ ਕੀਤੀ ਸੀ ? | ਗੋਰਖਨਾਥ ਨੇ |
| 29) ਜੋਗੀਆਂ ਦੇ ਪ੍ਰਸਿੱਧ ਕੇਂਦਰ ਦਾ ਨਾਂ ਕੀ ਸੀ ? | ਗੋਰਖਨਾਥ ਦਾ ਟਿੱਲਾ |
| 30) ਵੈਸ਼ਨਵ ਮਦ ਦੇ ਪੈਰੋਕਾਰ ਕਿਸਦੀ ਪੂਜਾ ਕਰਦੇ ਸਨ ? | ਭਗਵਾਨ ਵਿਸ਼ਨੂੰ ਅਤੇ ਉਸਦੇ ਅਵਤਾਰਾਂ ਦੀ |
| 31) ਪੁਰਾਣਾਂ ਵਿੱਚ ਭਗਵਾਨ ਵਿਸ਼ਨੂੰ ਦੇ ਕਿੰਨੇ ਅਵਤਾਰ ਦੱਸੇ ਗਏ ਹਨ ? | 24 |
| 32) ਸ਼ਕਤੀ ਮਤ ਦੇ ਪੈਰੋਕਾਰ ਕਿਸਦੀ ਪੂਜਾ ਕਰਦੇ ਸਨ ? | ਦੇਵੀ ਦੁਰਗਾ, ਦੇਵੀ ਕਾਲੀ, ਵੈਸ਼ਣੋ ਦੇਵੀ, ਜਵਾਲਾਮੁਖੀ ਦੇਵੀ ਅਤੇ ਹੋਰ ਦੇਵੀਆਂ ਦੀ |
| 33) ਹਿੰਦੂ ਧਰਮ ਤੋਂ ਬਾਅਦ ਪੰਜਾਬ ਦਾ ਦੂਜਾ ਮੁੱਖ ਧਰਮ ਕਿਹੜਾ ਸੀ ? | ਇਸਲਾਮ |
| 34) ਇਸਲਾਮ ਦੀ ਸਥਾਪਨਾ ਕਿਸਨੇ ਕੀਤੀ ਸੀ ? | ਹਜ਼ਰਤ ਮੁਹੰਮਦ ਸਾਹਿਬ ਨੇ |
| 35) ਇਸਲਾਮ ਦੀ ਸਥਾਪਨਾ ਕਿੱਥੇ ਕੀਤੀ ਗਈ ਸੀ ? | ਮੱਕਾ ਵਿਖੇ |
| 36) ਇਸਲਾਮ ਦੀ ਸਥਾਪਨਾ ਕਦੋਂ ਕੀਤੀ ਗਈ ? | ਸੱਤਵੀਂ ਸਦੀ ਵਿੱਚ |
| 37) ਸੂਫ਼ੀ ਮਤ ਦੇ ਨੇਤਾਵਾਂ ਨੂੰ ਕੀ ਕਹਿੰਦੇ ਸਨ ? | ਸ਼ੇਖ ਜਾਂ ਪੀਰ |
| 38) ਸੂਫ਼ੀ ਮਤ ਦੇ ਨੇਤਾਵਾਂ ਨੇ ਕਿਹੜੀ ਪ੍ਰੰਪਰਾ ਚਲਾਈ ? | ਕੱਵਾਲੀ ਦੀ |
| 39) ਸੂਫ਼ੀਆਂ ਦੇ ਦੋ ਪ੍ਰਸਿੱਧ ਸਿਲਸਿਲਿਆਂ ਦੇ ਨਾਂ ਲਿਖੋ। | ਚਿਸ਼ਤੀ ਅਤੇ ਸੁਹਰਾਵਰਦੀ |
| 40) ਚਿਸ਼ਤੀ ਸਿਲਸਿਲੇ ਦੀ ਨੀਂਹ ਕਿਸਨੇ ਰੱਖੀ ? | ਖ਼ਵਾਜ਼ਾ ਮੁਈਨੁਦੀਨ ਚਿਸ਼ਤੀ |


Download Free Study Material From SIKHYA APP

41) ਚਿਸ਼ਤੀ ਸਿਲਸਿਲੇ ਦੀ ਨੀਂਹ ਕਿੱਥੇ ਰੱਖੀ ਗਈ ? ਅਜਮੇਰ

42) ਚਿਸ਼ਤੀ ਸਿਲਸਿਲੇ ਦੇ ਪੰਜਾਬ ਵਿੱਚ ਸਭ ਤੋਂ ਪ੍ਰਸਿੱਧ ਪ੍ਰਚਾਰਕ ਕੌਣ ਸਨ ? ਸ਼ੇਖ ਫ਼ਰੀਦ

43) ਸੁਹਰਾਵਰਦੀ ਸਿਲਸਿਲੇ ਦੀ ਨੀਂਹ ਕਿੱਥੇ ਰੱਖੀ ਗਈ ? ਮੁਲਤਾਨ ਵਿਖੇ

44) ਸੁਹਰਾਵਰਦੀ ਸਿਲਸਿਲੇ ਦੀ ਨੀਂਹ ਕਿਸਨੇ ਰੱਖੀ ? ਸ਼ੇਖ ਬਹਾਉੱਦੀਨ ਜ਼ਕਰੀਆ

45) ਜੈਨ ਮਤ ਦੇ ਕਿੰਨੇ ਤੀਰਥਾਂਕਰ ਹੋਏ ਹਨ ? 24

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ ਹਾਲਤ ਕਿਹੋ ਜਿਹੀ ਸੀ ?**

ਉੱਤਰ: 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ ਹਾਲਤ ਬਹੁਤ ਖਰਾਬ ਸੀ। ਲੋਧੀ ਸੁਲਤਾਨਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਲੋਕ ਦੁਖੀ ਸਨ। ਹਰ ਪਾਸੇ ਬਦਅਮਨੀ ਫੈਲੀ ਹੋਈ ਸੀ। ਸ਼ਾਸਕ ਭੋਗ ਵਿਲਾਸ ਵਿੱਚ ਡੁੱਬੇ ਰਹਿੰਦੇ ਸਨ ਅਤੇ ਪਰਜਾ ਵੱਲ ਧਿਆਨ ਨਹੀਂ ਦਿੰਦੇ ਸਨ। ਸਰਕਾਰੀ ਕਰਮਚਾਰੀ ਭ੍ਰਿਸ਼ਟ ਹੋ ਚੁੱਕੇਸਨ। ਮੁਸਲਮਾਨ ਹਿੰਦੂਆਂ ਤੇ ਬਹੁਤ ਜੁਲਮ ਕਰਦੇ ਸਨ। ਉਹਨਾਂ ਨੂੰ ਜਬਰਦਸਤੀ ਧਰਮ ਬਦਲਣ ਤੇ ਮਜਬੂਰ ਕੀਤਾ ਜਾਂਦਾ ਸੀ।

**2) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਤਿਕੌਣੇ ਸੰਘਰਸ਼ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਇਹ ਤਿਕੌਣਾ ਸੰਘਰਸ਼ ਬਾਬਰ, ਦਿੱਲੀ ਦੇ ਸ਼ਾਸਕ ਇਬਰਾਹਿਮ ਲੋਧੀ ਅਤੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਵਿਚਕਾਰ ਹੋਇਆ। ਦੌਲਤ ਖਾਂ ਲੋਧੀ ਪੰਜਾਬ ਦਾ ਸੁਤੰਤਰ ਸ਼ਾਸਕ ਬਣਨਾ ਚਾਹੁੰਦਾ ਸੀ। ਜਦੋਂ ਇਸ ਗੱਲ ਦਾ ਪਤਾ ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਨੂੰ ਲੱਗਿਆ ਤਾਂ ਉਸਨੇ ਦੌਲਤ ਖਾਂ ਲੋਧੀ ਨੂੰ ਦਿੱਲੀ ਬੁਲਾਇਆ। ਦੌਲਤ ਖਾਂ ਨੇ ਆਪਣੀ ਥਾਂ ਤੇ ਆਪਣੇ ਪੁੱਤਰ ਦਿਲਾਵਰ ਖਾਂ ਨੂੰ ਦਿੱਲੀ ਭੇਜ ਦਿੱਤਾ। ਇਬਰਾਹਿਮ ਲੋਧੀ ਨੇ ਦਿਲਾਵਰ ਖਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਪਾ ਦਿੱਤਾ। ਇਸ ਬੇਇੱਜਤੀ ਦਾ ਬਦਲਾ ਲੈਣ ਲਈ ਦੌਲਤ ਖਾਂ ਲੋਧੀ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਇਸ ਸੰਘਰਸ਼ ਵਿੱਚ ਬਾਬਰ ਦੀ ਜਿੱਤ ਹੋਈ।


Download Free Study Material From SIKHYA APP

**3) ਦੌਲਤ ਖਾਂ ਲੋਧੀ ਅਤੇ ਇਬਰਾਹਿਮ ਲੋਧੀ ਵਿਚਾਲੇ ਸੰਘਰਸ਼ ਦੇ ਕੀ ਕਾਰਨ ਸਨ ?**

ਉੱਤਰ: ਦੌਲਤ ਖਾਂ ਲੋਧੀ ਪੰਜਾਬ ਦਾ ਸੁਤੰਤਰ ਸ਼ਾਸਕ ਬਣਨਾ ਚਾਹੁੰਦਾ ਸੀ। ਜਦੋਂ ਇਸ ਗੱਲ ਦਾ ਪਤਾ ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਨੂੰ ਲੱਗਿਆ ਤਾਂ ਉਸਨੇ ਦੌਲਤ ਖਾਂ ਲੋਧੀ ਨੂੰ ਦਿੱਲੀ ਬੁਲਾਇਆ। ਦੌਲਤ ਖਾਂ ਨੇ ਆਪਣੀ ਥਾਂ ਤੇ ਆਪਣੇ ਪੁੱਤਰ ਦਿਲਾਵਰ ਖਾਂ ਨੂੰ ਦਿੱਲੀ ਭੇਜ ਦਿੱਤਾ। ਇਬਰਾਹਿਮ ਲੋਧੀ ਨੇ ਦਿਲਾਵਰ ਖਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਪਾ ਦਿੱਤਾ। ਦਿਲਾਵਰ ਖਾਂ ਜੇਲ੍ਹ ਵਿੱਚੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਉਸਨੇ ਸਾਰੀ ਗੱਲ ਆਪਣੇ ਪਿਤਾ ਨੂੰ ਦੱਸੀ। ਇਸ ਬੇਇੱਜਤੀ ਦਾ ਬਦਲਾ ਲੈਣ ਲਈ ਦੌਲਤ ਖਾਂ ਲੋਧੀ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ।

**4) ਬਾਬਰ ਨੇ ਭਾਰਤ ਤੇ ਹਮਲਾ ਕਿਉਂ ਕੀਤਾ ?**

ਉੱਤਰ: ਬਾਬਰ ਦੇ ਭਾਰਤ ਤੇ ਹਮਲੇ ਦੇ ਕਾਰਨ:

I. ਬਾਬਰ ਆਪਣੇ ਸਾਮਰਾਜ ਦਾ ਵਿਸਥਾਰ ਕਰਨਾ ਚਾਹੁੰਦਾ ਸੀ।
II. ਉਹ ਭਾਰਤ ਦੀ ਦੌਲਤ ਨੂੰ ਲੁੱਟਣਾ ਚਾਹੁੰਦਾ ਸੀ।
III. ਉਹ ਭਾਰਤ ਵਿੱਚ ਇਸਲਾਮ ਦਾ ਪ੍ਰਚਾਰ ਕਰਨਾ ਚਾਹੁੰਦਾ ਸੀ।
IV. ਉਹ ਭਾਰਤ ਵਿੱਚ ਫੈਲੀ ਰਾਜਨੀਤਕ ਅਸਥਿਰਤਾ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।
V. ਉਸਨੂੰ ਦੌਲਤ ਖਾਂ ਲੋਧੀ ਨੇ ਭਾਰਤ ਤੇ ਹਮਲਾ ਕਰਨ ਲਈ ਸੱਦਾ ਦਿੱਤਾ ਸੀ।

**5) ਬਾਬਰ ਦੇ ਤੀਜੇ ਹਮਲੇ/ ਸੈਦਪੁਰ ਹਮਲੇ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਬਾਬਰ ਨੇ ਸੈਦਪੁਰ ਤੇ 1520 ਈ: ਵਿੱਚ ਹਮਲਾ ਕੀਤਾ। ਇੱਥੋਂ ਦੇ ਲੋਕਾਂ ਨੇ ਬਾਬਰ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ। ਗੁੱਸੇ ਵਿੱਚ ਆ ਕੇ ਬਾਬਰ ਨੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਕਤਲ ਕਰ ਦਿੱਤਾ ਅਤੇ ਭਾਰੀ ਤਬਾਹੀ ਮਚਾਈ। ਭਾਰੀ ਲੁੱਟਮਾਰ ਕੀਤੀ ਗਈ ਅਤੇ ਲੋਕਾਂ ਦੇ ਘਰਾਂ ਨੂੰ ਸਾੜ ਦਿੱਤਾ ਗਿਆ। ਹਜ਼ਾਰਾਂ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਸਤਰੀਆਂ ਨਾਲ ਬਦਸਲੂਕੀ ਕੀਤੀ ਗਈ। ਇਸ ਸਮੇਂ ਗੁਰੂ ਨਾਨਕ ਦੇਵ ਜੀ ਵੀ ਸੈਦਪੁਰ ਵਿੱਚ ਸਨ। ਬਾਬਰ ਨੇ


Download Free Study Material From SIKHYA APP

ਗੁਰੂ ਸਾਹਿਬ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਪਰ ਬਾਅਦ ਵਿੱਚ ਉਹਨਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੂੰ ਰਿਹਾ ਕਰ ਦਿੱਤਾ ਗਿਆ।

6) **ਪਾਨੀਪਤ ਦੀ ਪਹਿਲੀ ਲੜਾਈ ਦਾ ਸੰਖੇਪ ਵਰਣਨ ਕਰੋ।**

ਉੱਤਰ: ਬਾਬਰ ਨੇ ਨਵੰਬਰ 1525 ਈ: ਵਿੱਚ ਪੰਜਾਬ ਤੇ ਹਮਲਾ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਇਸਤੋਂ ਬਾਅਦ ਬਾਬਰ ਦਿੱਲੀ ਵੱਲ ਵਧਿਆ। 21 ਅਪ੍ਰੈਲ 1526 ਈ: ਨੂੰ ਬਾਬਰ ਅਤੇ ਇਬਰਾਹਿਮ ਲੋਧੀ ਦੀਆਂ ਫੌਜਾਂ ਵਿਚਕਾਰ ਪਾਨੀਪਤ ਦੇ ਮੈਦਾਨ ਵਿੱਚ ਲੜਾਈ ਹੋਈ। ਇਬਰਾਹਿਮ ਲੋਧੀ ਦੀ ਫੌਜ ਦੀ ਗਿਣਤੀ ਲੱਗਭਗ 1 ਲੱਖ ਸੀ ਜਦੋਂ ਕਿ ਬਾਬਰ ਦੀ ਫੌਜ਼ ਦੀ ਗਿਣਤੀ 20 ਹਜਾਰ ਦੇ ਕਰੀਬ ਸੀ। ਬਾਬਰ ਨੇ ਤੁਗ਼ਲਮਾ ਯੁੱਧ ਪ੍ਰਣਾਲੀ ਦੀ ਵਰਤੋਂ ਕੀਤੀ ਅਤੇ ਇਬਰਾਹਿਮ ਲੋਧੀ ਨੂੰ ਹਰਾ ਦਿੱਤਾ। ਇਸ ਲੜਾਈ ਵਿੱਚ ਇਬਰਾਹਿਮ ਲੋਧੀ ਮਾਰਿਆ ਗਿਆ, ਲੋਧੀ ਵੰਸ਼ ਦਾ ਅੰਤ ਹੋ ਗਿਆ ਅਤੇ ਭਾਰਤ ਵਿੱਚ ਮੁਗ਼ਲ ਰਾਜ ਦਾ ਆਰੰਭ ਹੋਇਆ।

7) **ਪਾਨੀਪਤ ਦੀ ਲੜਾਈ ਵਿੱਚ ਬਾਬਰ ਦੀ ਜਿੱਤ ਦੇ ਕੀ ਕਾਰਨ ਸਨ ?**

ਉੱਤਰ: ਬਾਬਰ ਦੀ ਜਿੱਤ ਦੇ ਕਾਰਨ:

- i. ਇਬਰਾਹਿਮ ਲੋਧੀ ਆਪਣੀ ਪਰਜਾ ਵਿੱਚ ਬਦਨਾਮ ਸੀ।
- ii. ਇਬਰਾਹਿਮ ਲੋਧੀ ਦੀ ਫੌਜ ਅਨੁਸ਼ਾਸਨਹੀਣ ਅਤੇ ਨਿਕੰਮੀ ਸਿੱਧ ਹੋਈ।
- iii. ਬਾਬਰ ਇੱਕ ਯੋਗ ਸੈਨਾਪਤੀ ਸੀ। ਉਸਨੂੰ ਲੜਾਈਆਂ ਦਾ ਤਜ਼ਰਬਾ ਸ।
- iv. ਇਬਰਾਹਿਮ ਲੋਧੀ ਨੇ 8 ਦਿਨ ਤੱਕ ਹਮਲਾ ਨਾ ਕੀਤਾ। ਬਾਬਰ ਨੂੰ ਤਿਆਰੀ ਕਰਨ ਦਾ ਮੌਕਾ ਮਿਲ ਗਿਆ।
- v. ਬਾਬਰ ਨੇ ਤੋਪਖਾਨੇ ਦੀ ਵਰਤੋਂ ਕੀਤੀ।


Download Free Study Material From SIKHYA APP

**8) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਸਮਾਜਿਕ ਹਾਲਤ ਕਿਹੋ ਜਿਹੀ ਸੀ ?**

ਉੱਤਰ: ਪੰਜਾਬ ਦਾ ਸਮਾਜ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਵੰਡਿਆ ਹੋਇਆ ਸੀ। ਸ਼ਾਸਕ ਵਰਗ ਨਾਲ ਸੰਬੰਧਤ ਹੋਣ ਕਾਰਨ ਮੁਸਲਮਾਨਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਾਪਤ ਸਨ। ਉਹਨਾਂ ਨੂੰ ਉੱਚੇ ਅਹੁਦੇ ਦਿੱਤੇ ਜਾਂਦੇ ਸਨ। ਉਹਨਾਂ ਨੂੰ ਟੈਕਸ ਦੇਣ ਦੀ ਲੋੜ ਨਹੀਂ ਹੁੰਦੀ ਸੀ। ਹਿੰਦੂਆਂ ਤੇ ਬਹੁਤ ਜੁਲਮ ਕੀਤੇ ਜਾਂਦੇ ਸਨ। ਉਹਨਾਂ ਤੇ ਭਾਰੀ ਟੈਕਸ ਲਗਾਏ ਜਾਂਦੇ ਸਨ। ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਮੁਸਲਮਾਨਾਂ ਨੂੰ ਕਾਫ਼ਰ ਕਿਹਾ ਜਾਂਦਾ ਸੀ। ਇਸਤਰੀਆਂ ਦੀ ਹਾਲਤ ਬਹੁਤ ਤਰਸਯੋਗ ਸੀ।

**9) 16ਵੀ: ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ ?**

ਉੱਤਰ: ਇਸਤਰੀਆਂ ਦੀ ਸਮਾਜਿਕ ਹਾਲਤ ਬਹੁਤ ਤਰਸਯੋਗ ਸੀ। ਹਿੰਦੂ ਸਮਾਜ ਵਿੱਚ ਉਹਨਾਂ ਨੂੰ ਮਰਦਾਂ ਤੋਂ ਨੀਵਾਂ ਸਮਝਿਆ ਜਾਂਦਾ ਸੀ। ਲੜਕੀ ਦਾ ਜਨਮ ਲੈਣਾ ਚੰਗਾ ਨਹੀਂ ਮੰਨਿਆ ਜਾਂਦਾ ਸੀ। ਉਹਨਾਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਸੀ। ਉਹਨਾਂ ਦੀ ਸਿੱਖਿਆ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਸੀ। ਸਤੀ ਪ੍ਰਥਾ ਪ੍ਰਚਲਿਤ ਸੀ। ਲੜਕੀਆਂ ਨੂੰ ਜਨਮ ਲੈਂਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਵਿਧਵਾ ਔਰਤਾਂ ਦਾ ਜੀਵਨ ਬਹੁਤ ਔਖਾ ਸੀ। ਉਹਨਾਂ ਨੂੰ ਦੁਬਾਰਾ ਵਿਆਹ ਕਰਵਾਉਣ ਦੀ ਆਗਿਆ ਨਹੀਂ ਸੀ।

ਮੁਸਲਿਮ ਔਰਤਾਂ ਲਈ ਪਰਦਾ ਕਰਨਾ ਬਹੁਤ ਜਰੂਰੀ ਸੀ। ਘਰ ਵਿੱਚ ਉਹਨਾਂ ਦੇ ਰਹਿਣ ਲਈ ਵੱਖਰਾ ਸਥਾਨ ਬਣਿਆ ਹੁੰਦਾ ਸੀ ਜਿਸਨੂੰ ਜਨਾਨ-ਖਾਨਾ ਕਹਿੰਦੇ ਸਨ। ਉਹਨਾਂ ਤੇ ਅਨੇਕਾਂ ਪਾਬੰਦੀਆਂ ਸਨ। ਬਹੁ-ਵਿਆਹ ਅਤੇ ਤਲਾਕ ਪ੍ਰਥਾ ਨੇ ਉਹਨਾਂ ਦਾ ਜੀਵਨ ਨਰਕ ਬਣਾ ਦਿੱਤਾ ਸੀ।

**10) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਮੁਸਲਮਾਨ ਸਮਾਜ ਦੀਆਂ ਸ਼੍ਰੇਣੀਆਂ ਤੇ ਇੱਕ ਨੋਟ ਲਿਖੋ।**

ਉੱਤਰ: ਮੁਸਲਿਮ ਸਮਾਜ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ:



Download Free Study Material From SIKHYA APP

I. **ਉੱਚ ਸ਼੍ਰੇਣੀ:** ਇਸ ਸ਼੍ਰੇਣੀ ਵਿੱਚ ਅਮੀਰ, ਖਾਨ, ਸ਼ੇਖ, ਕਾਜ਼ੀ ਅਤੇ ਉਲੇਮਾ ਸ਼ਾਮਿਲ ਸਨ। ਉਹ ਬਹੁਤ ਐਸ਼ੋ-ਆਰਾਮ ਦਾ ਜੀਵਨ ਬਤੀਤ ਕਰਦੇ ਸਨ। ਉਹ ਵੱਡੇ-ਵੱਡੇ ਮਹਿਲਾਂ ਵਿੱਚ ਰਹਿੰਦੇ ਅਤੇ ਜਿਆਦਾ ਸਮਾਂ ਜ਼ਸਨ ਮਨਾਉਣ ਵਿੱਚ ਲਗਾਉਂਦੇ ਸਨ।

II. **ਮੱਧ ਸ਼੍ਰੇਣੀ:** ਇਸ ਸ੍ਰੇਣੀ ਵਿੱਚ ਵਪਾਰੀ, ਸੈਨਿਕ, ਕਿਸਾਨ ਅਤੇ ਰਾਜ ਦੇ ਛੋਟੇ ਕਰਮਚਾਰੀ ਆਉਂਦੇ ਸਨ। ਉਹਨਾਂ ਦਾ ਜੀਵਨ ਉੱਚ ਸ਼੍ਰੇਣੀ ਤੋਂ ਨੀਵਾਂ ਪਰ ਆਰਾਮਦਾਇਕ ਹੁੰਦਾ ਸੀ।

III. **ਨੀਵੀਂ ਸ਼੍ਰੇਣੀ:** ਇਸ ਸ੍ਰੇਣੀ ਵਿੱਚ ਦਾਸ, ਕਾਮੇ ਅਤੇ ਮਜਦੂਰ ਆਦਿ ਸ਼ਾਮਿਲ ਸਨ। ਉਹਨਾਂ ਦਾ ਜੀਵਨ ਬਹੁਤ ਔਖਾ ਸੀ। ਜਿਉਂਦੇ ਰਹਿਣ ਲਈ ਉਹਨਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਉਹਨਾਂ ਦੇ ਮਾਲਕ ਉਹਨਾਂ ਤੇ ਬਹੁਤ ਜੁਲਮ ਕਰਦੇ ਸਨ।

**11) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਪ੍ਰਚਲਿਤ ਸਿੱਖਿਆ ਪ੍ਰਣਾਲੀ ਬਾਰੇ ਜਾਣਕਾਰੀ ਦਿਓ।**

ਉੱਤਰ: ਸਿੱਖਿਆ ਦੇ ਖੇਤਰ ਵਿੱਚ ਕੋਈ ਖਾਸ ਤਰੱਕੀ ਨਹੀਂ ਹੋਈ ਸੀ। ਮੁਸਲਮਾਨਾਂ ਨੂੰ ਸਿੱਖਿਆ ਦੇਣ ਦਾ ਕੰਮ ਉਲਮਾ, ਮੁੱਲਾਂ ਅਤੇ ਮੌਲਵੀ ਕਰਦੇ ਸਨ। ਉਹ ਮਸਜਿਦਾਂ, ਮਕਤਬਾਂ ਅਤੇ ਮਦਰੱਸਿਆਂ ਵਿੱਚ ਸਿੱਖਿਆ ਦਿੰਦੇ ਸਨ। ਰਾਜ ਸਰਕਾਰ ਉਹਨਾਂ ਨੂੰ ਅਨੁਦਾਨ ਦਿੰਦੀ ਸੀ। ਲਾਹੌਰ ਅਤੇ ਮੁਲਤਾਨ ਮੁਸਲਿਮ ਸਿੱਖਿਆ ਦੇ ਪ੍ਰਸਿੱਧ ਕੇਂਦਰ ਸਨ। ਹਿੰਦੂ ਲੋਕ ਮੰਦਰਾਂ ਅਤੇ ਪਾਠਸ਼ਾਲਾਵਾਂ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ। ਹਿੰਦੂਆਂ ਨੂੰ ਸਿੱਖਿਆ ਬ੍ਰਾਹਮਣਾਂ ਦੁਆਰਾ ਦਿੱਤੀ ਜਾਂਦੀ ਸੀ।

**12) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਲੋਕ ਆਪਣਾ ਮਨੋਰੰਜਨ ਕਿਵੇਂ ਕਰਦੇ ਸਨ?**

ਉੱਤਰ: ਮੁਸਲਮਾਨ ਆਪਣਾ ਮਨੋਰੰਜਨ ਸ਼ਿਕਾਰ ਕਰਕੇ, ਚੌਗਾਨ ਖੇਡ ਕੇ, ਜਾਨਵਰਾਂ ਦੀਆਂ ਲੜਾਈਆਂ ਵੇਖ ਕੇ, ਅਤੇ ਘੋੜ ਦੌੜਾਂ ਆਦਿ ਵਿੱਚ ਹਿੱਸਾ ਲੈ ਕੇ ਕਰਦੇ ਸਨ। ਇਸ ਤੋਂ ਇਲਾਵਾ ਉਹ ਜਸ਼ਨਾਂ ਅਤੇ ਮਹਿਫ਼ਿਲਾਂ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਸ਼ਤਰੰਜ ਅਤੇ ਚੌਪੜ ਦੁਆਰਾ ਵੀ ਮਨੋਰੰਜਨ ਕੀਤਾ ਜਾਂਦਾ ਸੀ। ਈਦ, ਨੌਰੋਜ ਅਤੇ ਸ਼ਬ-ਏ-ਬਰਾਤ


Download Free Study Material From SIKHYA APP

ਆਦਿ ਉਹਨਾਂ ਦੇ ਪ੍ਰਸਿੱਧ ਤਿਉਹਾਰ ਸਨ। ਹਿੰਦੂ ਲੋਕ ਨਾਚ, ਸੰਗੀਤ, ਗੀਤਾਂ ਆਦਿ ਦੁਆਰਾ ਆਪਣਾ ਮਨੋਰੰਜਨ ਕਰਦੇ ਸਨ। ਉਹ ਤਾਸ਼ ਅਤੇ ਸ਼ਤਰੰਜ ਵੀ ਖੇਡਦੇ ਸਨ।

**13) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ ?**

ਉੱਤਰ: ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਧਰਤੀ ਬਹੁਤ ਉਪਜਾਊ ਸੀ। ਸਿੰਜਾਈ ਸਹੂਲਤਾਂ ਦੀ ਘਾਟ ਨਹੀਂ ਸੀ। ਪੰਜਾਬ ਦੇ ਲੋਕ ਮਿਹਨਤੀ ਸਨ। ਇਸ ਲਈ ਫੈਸਲਾਂ ਦੀ ਪੈਦਾਵਾਰ ਬਹੁਤ ਵਧੀਆ ਹੁੰਦੀ ਸੀ। ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਕਿਹਾ ਜਾਂਦਾ ਸੀ। ਕਣਕ, ਜੌਂ, ਚਾਵਲ, ਮੱਕੀ, ਗੰਨਾ ਆਦਿ ਪੰਜਾਬ ਦੀਆਂ ਮੁੱਖ ਫਸਲਾਂ ਸਨ। ਲੋਕਾਂ ਦਾ ਦੂਜਾ ਮੁੱਖ ਕਿੱਤਾ ਉਦਯੋਗ ਸੀ। ਪੰਜਾਬ ਦਾ ਕੱਪੜਾ ਉਦਯੋਗ, ਚਮੜਾ ਉਦਯੋਗ, ਸ਼ਸਤਰ ਉਦਯੋਗ ਅਤੇ ਲੱਕੜ ਉਦਯੋਗ ਬਹੁਤ ਪ੍ਰਸਿੱਧ ਸੀ। ਵਪਾਰ ਵੀ ਬਹੁਤ ਵਿਕਸਿਤ ਸੀ। ਪੰਜਾਬ ਦੇ ਲੋਕ ਖੁਸ਼ਹਾਲ ਸਨ।

**14) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਖੇਤੀਬਾੜੀ ਤੇ ਨੋਟ ਲਿਖੋ।**

ਉੱਤਰ: ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਧਰਤੀ ਬਹੁਤ ਉਪਜਾਊ ਸੀ। ਸਿੰਜਾਈ ਸਹੂਲਤਾਂ ਦੀ ਘਾਟ ਨਹੀਂ ਸੀ। ਪੰਜਾਬ ਦੇ ਲੋਕ ਮਿਹਨਤੀ ਸਨ। ਹੋਰ ਜਮੀਨਾਂ ਨੂੰ ਵਾਹੀ ਹੇਠ ਲਿਆਉਣ ਲਈ ਰਾਜ ਸਰਕਾਰ ਕਿਸਾਨਾਂ ਨੂੰ ਕਰਜੇ ਅਤੇ ਵਿਸ਼ੇਸ਼ ਸਹੂਲਤਾਂ ਦਿੰਦੀ ਸੀ। ਇਸ ਲਈ ਫੈਸਲਾਂ ਦੀ ਪੈਦਾਵਾਰ ਬਹੁਤ ਵਧੀਆ ਹੁੰਦੀ ਸੀ। ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਕਿਹਾ ਜਾਂਦਾ ਸੀ। ਕਣਕ, ਜੌਂ, ਚਾਵਲ, ਮੱਕੀ, ਗੰਨਾ ਆਦਿ ਪੰਜਾਬ ਦੀਆਂ ਮੁੱਖ ਫਸਲਾਂ ਸਨ।

**15) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਉਦਯੋਗਾਂ ਤੇ ਨੋਟ ਲਿਖੋ।**

ਉੱਤਰ: ਖੇਤੀਬਾੜੀ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਦੂਜਾ ਮੁੱਖ ਧੰਦਾ ਉਦਯੋਗ ਸੀ। ਉਦਯੋਗ ਸਰਕਾਰੀ ਵੀ ਸਨ ਅਤੇ ਗੈਰ-ਸਰਕਾਰੀ ਵੀ। ਸਰਕਾਰੀ ਉਦਯੋਗ ਵੱਡੇ ਸ਼ਹਿਰਾਂ ਵਿੱਚ ਜਦੋਂ ਕਿ ਗੈਰ-ਸਰਕਾਰੀ ਉਦਯੋਗ ਪਿੰਡਾਂ ਵਿੱਚ ਹੁੰਦੇ ਸਨ। ਪੰਜਾਬ ਦਾ ਕੱਪੜਾ ਉਦਯੋਗ, ਚਮੜਾ ਉਦਯੋਗ, ਸ਼ਸਤਰ ਉਦਯੋਗ ਅਤੇ ਲੱਕੜ ਉਦਯੋਗ ਬਹੁਤ ਵਿਕਸਿਤ ਸੀ। ਇੱਥੇ


Download Free Study Material From SIKHYA APP

ਸੂਤੀ, ਊਨੀ ਅਤੇ ਰੇਸ਼ਮੀ ਤਿੰਨਾਂ ਤਰ੍ਹਾਂ ਦੇ ਕੱਪੜੇ ਬਣਾਏ ਜਾਂਦੇ ਸਨ। ਭਾਂਡੇ, ਹਾਥੀ ਦੰਦ ਅਤੇ ਖਿਡੌਣੇ ਬਣਾਉਣ ਦੇ ਉਦਯੋਗ ਵੀ ਪ੍ਰਚਲਿਤ ਸਨ।

**16) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਵਪਾਰ ਸਬੰਧੀ ਜਾਣਕਾਰੀ ਦਿਓ।**

ਉੱਤਰ: ਪੰਜਾਬ ਦਾ ਵਪਾਰ ਬਹੁਤ ਵਿਕਸਿਤ ਸੀ। ਮਾਲ ਦੀ ਢੋਆ-ਢੁਆਈ ਦਾ ਕੰਮ ਵੰਜਾਰੇ ਕਰਦੇ ਸਨ। ਮੇਲਿਆਂ ਅਤੇ ਤਿਉਹਾਰਾਂ ਸਮੇਂ ਵਿਸ਼ੇਸ਼ ਮੰਡੀਆਂ ਲੱਗਦੀਆਂ ਸਨ। ਪੰਜਾਬ ਦਾ ਵਿਦੇਸ਼ੀ ਵਪਾਰ ਮੁੱਖ ਰੂਪ ਵਿੱਚ ਅਫ਼ਗਾਨਿਸਤਾਨ, ਈਰਾਨ, ਅਰਬ, ਸੀਰੀਆ, ਤਿੱਬਤ, ਭੂਟਾਨ ਅਤੇ ਚੀਨ ਆਦਿ ਦੇਸ਼ਾਂ ਨਾਲ ਹੁੰਦਾ ਸੀ। ਪੰਜਾਬ ਇਹਨਾਂ ਦੇਸ਼ਾਂ ਨੂੰ ਅਨਾਜ, ਕੱਪੜੇ, ਕਪਾਹ, ਰੇਸ਼ਮ ਅਤੇ ਖੰਡ ਨਿਰਯਾਤ ਕਰਦਾ ਸੀ। ਬਦਲੇ ਵਿੱਚ ਇਹਨਾਂ ਦੇਸ਼ਾਂ ਤੋਂ ਘੋੜੇ, ਸ਼ਸਤਰ, ਫਰ, ਕਸਤੂਰੀ ਅਤੇ ਮੇਵੇ ਆਦਿ ਮੰਗਵਾਏ ਜਾਂਦੇ ਸਨ।

**17) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਹਿੰਦੂਆਂ ਦੀ ਧਾਰਮਿਕ ਸਥਿਤੀ ਕਿਹੋ ਜਿਹੀ ਸੀ ?**

ਉੱਤਰ: 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਲੋਕਾਂ ਦਾ ਮੁੱਖ ਧਰਮ ਹਿੰਦੂ ਧਰਮ ਸੀ। ਇਹ ਭਾਰਤ ਦਾ ਸਭ ਤੋਂ ਪ੍ਰਾਚੀਨ ਧਰਮ ਸੀ। ਇਹ ਧਰਮ ਵੇਦਾਂ ਤੇ ਅਧਾਰਿਤ ਸੀ। ਰਮਾਇਣ ਅਤੇ ਮਹਾਂਭਾਰਤ ਹਰਮਨ ਪਿਆਰੇ ਸਨ। ਲੋਕ ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ, ਤੀਰਥ ਯਾਤਰਾਵਾਂ, ਨਦੀਆਂ ਆਦਿ ਵਿੱਚ ਇਸ਼ਨਾਨ ਕਰਨ ਨੂੰ ਪਵਿੱਤਰ ਸਮਝਦੇ ਸਨ। ਉਹ ਬ੍ਰਾਹਮਣਾਂ ਦਾ ਬਹੁਤ ਸਤਿਕਾਰ ਕਰਦੇ ਸਨ। ਬ੍ਰਾਹਮਣਾਂ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਧਾਰਮਿਕ ਕੰਮ ਪੂਰਾ ਨਹੀਂ ਹੁੰਦਾ ਸੀ।

**18) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਇਸਲਾਮ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ: ਹਿੰਦੂ ਧਰਮ ਤੋਂ ਬਾਅਦ ਦੂਜਾ ਮੁੱਖ ਧਰਮ ਇਸਲਾਮ ਸੀ। ਇਸਲਾਮ ਦੀ ਸਥਾਪਨਾ ਸੱਤਵੀਂ ਸਦੀ ਵਿੱਚ ਹਜ਼ਰਤ ਮੁਹੰਮਦ ਸਾਹਿਬ ਨੇ ਮੱਕਾ ਵਿਖੇ ਕੀਤੀ ਸੀ। ਉਹਨਾਂ ਨੇ ਅਰਬ ਸਮਾਜ ਵਿੱਚ ਪ੍ਰਚਲਿਤ ਧਾਰਮਿਕ ਕੁਰੀਤੀਆਂ ਦਾ ਖੰਡਨ


Download Free Study Material From SIKHYA APP

ਕੀਤਾ। ਉਹਨਾਂ ਨੇ ਇੱਕ ਅੱਲਾ ਅਤੇ ਆਪਸੀ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹਨਾਂ ਦੇ ਅਨੁਸਾਰ ਹਰ ਮੁਸਲਮਾਨ ਨੂੰ ਪੰਜ ਸਿਧਾਂਤਾਂ ਤੇ ਚੱਲਣਾ ਚਾਹੀਦਾ ਹੈ। ਇਹਨਾਂ ਪੰਜ ਸਿਧਾਂਤਾਂ ਨੂੰ ਜੀਵਨ ਦੇ ਪੰਜ ਥੰਮ੍ਹ ਕਿਹਾ ਜਾਂਦਾ ਹੈ।

19) **ਇਸਲਾਮ ਦੇ ਪੰਜ ਥੰਮ੍ਹ ਕਿਹੜੇ ਹਨ ?**

ਉੱਤਰ: ਹਜ਼ਰਤ ਮੁਹੰਮਦ ਸਾਹਿਬ ਦੇ ਅਨੁਸਾਰ ਹਰ ਮੁਸਲਮਾਨ ਨੂੰ ਪੰਜ ਸਿਧਾਂਤਾਂ ਤੇ ਚੱਲਣਾ ਚਾਹੀਦਾ ਹੈ। ਇਹਨਾਂ ਪੰਜ ਸਿਧਾਂਤਾਂ ਨੂੰ ਜੀਵਨ ਦੇ ਪੰਜ ਥੰਮ੍ਹ ਕਿਹਾ ਜਾਂਦਾ ਹੈ। ਇਹ ਪੰਜ ਥੰਮ੍ਹ ਹੇਠ ਲਿਖੇ ਹਨ:

I. ਹਰੇਕ ਮੁਸਲਮਾਨ ਨੂੰ ਕਲਮਾ ਪੜ੍ਹਣਾ ਚਾਹੀਦਾ ਹੈ।
II. ਹਰ ਰੋਜ ਪੰਜ ਵਾਰ ਨਮਾਜ ਪੜ੍ਹਣੀ ਚਾਹੀਦੀ ਹੈ।
III. ਰਮਜਾਨ ਦੇ ਮਹੀਨੇ ਵਿੱਚ ਰੋਜੇ ਰੱਖਣੇ ਚਾਹੀਦੇ ਹਨ।
IV. ਆਪਣੀ ਕਮਾਈ ਵਿੱਚੋਂ ਜੱਕਾਤ ਦੇਣਾ ਚਾਹੀਦਾ ਹੈ।
V. ਜੀਵਨ ਵਿੱਚ ਇੱਕ ਵਾਰ ਹੱਜ ਤੇ ਜਰੂਰ ਜਾਣਾ ਚਾਹੀਦਾ ਹੈ।

20) **ਉਲਮਾ ਕੌਣ ਸਨ ? ਉਹਨਾਂ ਦੇ ਮੁੱਖ ਕੰਮ ਕੀ ਸਨ ?**

ਉੱਤਰ: ਉਲਮਾ ਇਸਲਾਮ ਦੇ ਵਿਦਵਾਨ ਸਨ। ਉਹਨਾਂ ਦੇ ਮੁੱਖ ਕੰਮ ਹੇਠ ਲਿਖੇ ਸਨ:

I. ਉਹ ਇਸਲਾਮੀ ਕਾਨੂੰਨਾਂ ਦੀ ਵਿਆਖਿਆ ਕਰਦੇ ਸਨ।
II. ਉਹ ਸੁਲਤਾਨਾਂ ਨੂੰ ਹਿੰਦੂਆਂ ਵਿਰੁੱਧ ਜ਼ੇਹਾਦ (ਧਰਮ ਯੁੱਧ) ਲਈ ਪ੍ਰੇਰਿਤ ਕਰਦੇ ਸਨ।
III. ਉਹ ਇਸਲਾਮ ਦੇ ਪ੍ਰਚਾਰ ਲਈ ਯੋਜਨਾਵਾਂ ਤਿਆਰ ਕਰਦੇ ਸਨ।

21) **ਸੁੰਨੀ ਮੁਸਲਮਾਨਾਂ ਤੇ ਇੱਕ ਸੰਖੇਪ ਨੋਟ ਲਿਖੋ।**

ਪੰਜਾਬ ਦੇ ਮੁਸਲਮਾਨਾਂ ਵਿੱਚ ਬਹੁ ਗਿਣਤੀ ਸੁੰਨੀਆਂ ਦੀ ਸੀ। ਦਿੱਲੀ ਸਲਤਨਤ ਤੇ ਸਾਰੇ ਸੁਲਤਾਨ ਅਤੇ ਮੁਗ਼ਲ ਬਾਦਸ਼ਾਹ ਸੁੰਨੀ ਸਨ। ਸੁੰਨੀ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਮੰਨਦੇ ਸਨ। ਉਹ ਕੁਰਾਨ ਨੂੰ ਆਪਣਾ


Download Free Study Material From SIKHYA APP

ਪਵਿੱਤਰ ਗ੍ਰੰਥ ਮੰਨਦੇ ਸਨ। ਉਹ ਮੱਕੇ ਦੀ ਯਾਤਰਾ ਨੂੰ ਜਰੂਰੀ ਸਮਝਦੇਸਨ। ਉਹ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਕਿਸੇ ਹੋਰ ਧਰਮ ਦੀ ਹੋਂਦ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਉਹ ਹਿੰਦੂਆਂ ਨੂੰ ਆਪਣਾ ਕੱਟੜ ਦੁਸ਼ਮਣ ਮੰਨਦੇ ਸਨ ਅਤੇ ਉਹਨਾਂ ਨੂੰ ਕਾਫ਼ਰ ਕਹਿੰਦੇ ਸਨ।

**22) ਸ਼ੀਆ ਮੁਸਲਮਾਨਾਂ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸੁੰਨੀਆਂ ਤੋਂ ਬਾਅਦ ਪੰਜਾਬ ਵਿੱਚ ਬਹੁਤ ਸਾਰੇ ਸ਼ੀਆ ਮੁਸਲਮਾਨ ਵੀ ਰਹਿੰਦੇ ਸਨ। ਸੁੰਨੀ ਮੁਸਲਮਾਨਾਂ ਵਾਂਗ ਉਹ ਵੀ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਮੰਨਦੇ ਸਨ। ਉਹ ਕੁਰਾਨ ਨੂੰ ਆਪਣਾ ਪਵਿੱਤਰ ਗ੍ਰੰਥ ਮੰਨਦੇ ਸਨ। ਉਹ ਇੱਕ ਅੱਲ੍ਹਾ ਵਿੰਚ ਵਿਸ਼ਵਾਸ ਰੱਖਦੇ ਸਨ। ਉਹ ਹਰ ਰੋਜ ਪੰਜ ਵਾਰ ਨਮਾਜ ਪੜ੍ਹਦੇ ਸਨ ਅਤੇ ਰਮਜਾਨ ਦੇ ਮਹੀਨੇ ਵਿੱਚ ਰੋਜ਼ੇ ਰੱਖਦੇ ਸਨ। ਉਹ ਮੱਕੇ ਦੀ ਯਾਤਰਾ ਨੂੰ ਜਰੂਰੀ ਸਮਝਦੇ ਸਨ ਪਰ ਉਹ ਸੁੰਨੀ ਮੁਸਲਮਾਨਾਂ ਵਾਂਗ ਜਿਆਦਾ ਕੱਟੜ ਨਹੀਂ ਸਨ।

**23) ਸੂਫ਼ੀ ਮੱਤ ਬਾਰੇ ਤੁਸੀਂ ਕੀ ਜਾਣਦੇ ਹੋ ?**

16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਵਿੱਚ ਸੂਫ਼ੀ ਮਤ ਬਹੁਤ ਹਰਮਨ ਪਿਆਰਾ ਹੋਇਆ। ਇਸ ਮਤ ਦੇ ਨੇਤਾ ਸ਼ੇਖ ਜਾਂ ਪੀਰ ਦੇ ਨਾਂ ਨਾਲ ਜਾਣੇ ਜਾਂਦੇ ਸਨ। ਉਹ ਆਪਣੇ ਗੱਲ ਵਿੱਚ ਸੂਫ਼ ਦੀ ਮਾਲਾ ਧਾਰਨ ਕਰਦੇ ਸਨ। ਇਸ ਲਈ ਉਹਨਾਂ ਨੂੰ ਸੂਫ਼ੀ ਕਿਹਾ ਜਾਂਦਾ ਸੀ। ਸੂਫ਼ੀ ਮਤ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦਾ ਸੀ। ਉਹ ਅੱਲ੍ਹਾ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ। ਇਸ ਮਤ ਦੇ ਅਨੁਸਾਰ ਅੱਲ੍ਹਾ ਸਰਬਸ਼ਕਤੀਮਾਨ ਹੈ ਅਤੇ ਹਰ ਥਾਂ ਤੇ ਮੌਜੂਦ ਹੈ। ਅੱਲ੍ਹਾ ਦੀ ਪ੍ਰਾਪਤੀ ਲਈ ਪੀਰ ਜਾਂ ਗੁਰੂ ਦਾ ਹੋਣਾ ਜਰੂਰੀ ਹੈ। ਉਹ ਸੰਗੀਤ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਨੇ ਕੱਵਾਲੀ ਚਲਾਉਣ ਦੀ ਪ੍ਰਥਾ ਚਲਾਈ। ਉਹ ਮਨੁੱਖਾਂ ਦੀ ਸੇਵਾ ਕਰਨ ਨੂੰ ਆਪਣਾ ਕਰਤੱਵ ਮੰਨਦੇ ਸਨ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ। ਉਹ ਜਾਤ-ਪਾਤ ਵਿੱਚ ਯਕੀਨ ਨਹੀਂ ਰੱਖਦੇ ਸਨ।


Download Free Study Material From SIKHYA APP

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1) **16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ ਦਸ਼ਾ ਦਾ ਸੰਖੇਪ ਵਿੱਚ ਵਰਣਨ ਕਰੋ।**

ਉੱਤਰ: 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ ਹਾਲਤ:

I. **ਬਦਅਮਨੀ ਅਤੇ ਅਰਾਜਕਤਾ:** 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਰਾਜਨੀਤਕ ਦਸ਼ਾ ਬਹੁਤ ਖਰਾਬ ਸੀ। ਲੋਧੀ ਸੁਲਤਾਨਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਲੋਕ ਦੁਖੀ ਸਨ। ਹਰ ਪਾਸੇ ਬਦਅਮਨੀ ਫੈਲੀ ਹੋਈ ਸੀ। ਸ਼ਾਸਕ ਹਰ ਸਮੇਂ ਭੋਗ ਵਿਲਾਸ ਵਿੱਚ ਡੁੱਬੇ ਰਹਿੰਦੇ ਸਨ ਅਤੇ ਪਰਜਾ ਵੱਲ ਧਿਆਨ ਨਹੀਂ ਦਿੰਦੇ ਸਨ। ਸਰਕਾਰੀ ਕਰਮਚਾਰੀ ਭ੍ਰਿਸ਼ਟ ਹੋ ਚੁੱਕੇ ਸਨ। ਮੁਸਲਮਾਨ ਹਿੰਦੂਆਂ ਤੇ ਬਹੁਤ ਜੁਲਮ ਕਰਦੇ ਸਨ। ਉਹਨਾਂ ਨੂੰ ਧਰਮ ਬਦਲਣ ਤੇ ਮਜਬੂਰ ਕੀਤਾ ਜਾਂਦਾ ਸੀ।

II. **ਪੰਜਾਬ ਵਿੱਚ ਤਿਕੋਣਾ ਸੰਘਰਸ਼:** ਇਹ ਸੰਘਰਸ਼ ਬਾਬਰ, ਦਿੱਲੀ ਦੇ ਸ਼ਾਸਕ ਇਬਰਾਹਿਮ ਲੋਧੀ ਅਤੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਵਿਚਕਾਰ ਹੋਇਆ। ਦੌਲਤ ਖਾਂ ਲੋਧੀ ਪੰਜਾਬ ਦਾ ਸੁਤੰਤਰ ਸ਼ਾਸਕ ਬਣਨਾ ਚਾਹੁੰਦਾ ਸੀ। ਜਦੋਂ ਇਸ ਗੱਲ ਦਾ ਪਤਾ ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਨੂੰ ਲੱਗਿਆ ਤਾਂ ਉਸਨੇ ਦੌਲਤ ਖਾਂ ਲੋਧੀ ਨੂੰ ਦਿੱਲੀ ਬੁਲਾਇਆ। ਦੌਲਤ ਖਾਂ ਨੇ ਆਪਣੀ ਥਾਂ ਤੇ ਆਪਣੇ ਪੁੱਤਰ ਦਿਲਾਵਰ ਖਾਂ ਨੂੰ ਦਿੱਲੀ ਭੇਜ ਦਿੱਤਾ। ਇਬਰਾਹਿਮ ਲੋਧੀ ਨੇ ਦਿਲਾਵਰ ਖਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਪਾ ਦਿੱਤਾ। ਇਸ ਬੇਇੱਜਤੀ ਦਾ ਬਦਲਾ ਲੈਣ ਲਈ ਦੌਲਤ ਖਾਂ ਲੋਧੀ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਇਸ ਸੰਘਰਸ਼ ਵਿੱਚ ਬਾਬਰ ਦੀ ਜਿੱਤ ਹੋਈ।

III. **ਬਾਬਰ ਦੇ ਹਮਲੇ:** ਬਾਬਰ ਆਪਣੇ ਸਾਮਰਾਜ ਦਾ ਵਿਸਥਾਰ ਕਰਨਾ ਚਾਹੁੰਦਾ ਸੀ। ਉਹ ਭਾਰਤ ਦੀ ਦੌਲਤ ਨੂੰ ਲੁੱਟਣਾ ਅਤੇ ਇਸਲਾਮ ਦਾ ਪ੍ਰਚਾਰ ਕਰਨਾ ਚਾਹੁੰਦਾ ਸੀ। ਭਾਰਤ ਵਿੱਚ ਰਾਜਨੀਤਕ ਅਰਾਜਕਤਾ ਫੈਲੀ ਹੋਈ ਸੀ, ਬਾਬਰ ਇਸਦਾ ਫਾਇਦਾ ਉਠਾਉਣਾ ਚਾਹੁੰਦਾ ਸੀ। ਜਦੋਂ ਦੌਲਤ ਖਾਂ ਲੋਧੀ ਨੇ ਉਸਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ


Download Free Study Material From SIKHYA APP

ਦਿੱਤਾ ਤਾਂ ਉਹ ਫੌਰਨ ਤਿਆਰ ਹੋ ਗਿਆ। ਉਸਨੇ ਪੰਜਾਬ ਤੇ ਪੰਜ ਹਮਲੇ ਕੀਤੇ। ਪੰਜਾਬ ਤੇ ਕਬਜ਼ਾ ਕਰਨ ਤੋਂ ਬਾਅਦ ਉਹ ਦਿੱਲੀ ਵੱਲ ਵਧਿਆ। ਪਾਨੀਪਤ ਦੇ ਮੈਦਾਨ ਤੇ ਉਸਦਾ ਟਾਕਰਾ ਇਬਰਾਹਿਮ ਲੋਧੀ ਨਾਲ ਹੋਇਆ। ਉਸਨੇ ਇਬਰਾਹਿਮ ਲੋਧੀ ਨੂੰ ਹਰਾ ਕੇ ਭਾਰਤ ਵਿੱਚ ਮੁਗ਼ਲ ਰਾਜ ਦੀ ਨੀਂਹ ਰੱਖੀ।

2) **16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਮੁਸਲਮਾਨਾਂ ਦੀ ਸਮਾਜਿਕ ਹਾਲਤ ਕਿਹੋ ਜਿਹੀ ਸੀ ?**

ਉੱਤਰ: ਮੁਸਲਿਮ ਸਮਾਜ:

I. **ਸ਼੍ਰੇਣੀਆਂ**: ਮੁਸਲਿਮ ਸਮਾਜ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ; ਉੱਚ ਸ਼੍ਰੇਣੀ, ਮੱਧ ਸ਼੍ਰੇਣੀ ਅਤੇ ਨੀਵੀਂ ਸ਼੍ਰੇਣੀ। ਉੱਚ ਸ਼੍ਰੇਣੀ ਵਿੱਚ ਅਮੀਰ, ਖਾਨ, ਸ਼ੇਖ, ਕਾਜ਼ੀ ਅਤੇ ਉਲੇਮਾ ਸ਼ਾਮਿਲ ਸਨ। ਉਹ ਬਹੁਤ ਐਸ਼ੋ-ਆਰਾਮ ਦਾ ਜੀਵਨ ਬਤੀਤ ਕਰਦੇ ਸਨ। ਉਹ ਵੱਡੇ-ਵੱਡੇ ਮਹਿਲਾਂ ਵਿੱਚ ਰਹਿੰਦੇ ਅਤੇ ਜਿਆਦਾ ਸਮਾਂ ਜ਼ਸਨ ਮਨਾਉਣ ਵਿੱਚ ਲਗਾਉਂਦੇ ਸਨ। ਮੱਧ ਸ੍ਰੇਣੀ ਵਿੱਚ ਵਪਾਰੀ, ਸੈਨਿਕ, ਕਿਸਾਨ ਅਤੇ ਰਾਜ ਦੇ ਛੋਟੇ ਕਰਮਚਾਰੀ ਆਉਂਦੇ ਸਨ। ਉਹਨਾਂ ਦਾ ਜੀਵਨ ਉੱਚ ਸ਼੍ਰੇਣੀ ਤੋਂ ਨੀਵਾਂ ਪਰ ਆਰਾਮਦਾਇਕ ਹੁੰਦਾ ਸੀ।ਨੀਵੀਂ ਸ੍ਰੇਣੀ ਵਿੱਚ ਦਾਸ, ਕਾਮੇ ਅਤੇ ਮਜਦੂਰ ਆਦਿ ਸ਼ਾਮਿਲ ਸਨ। ਉਹਨਾਂ ਦਾ ਜੀਵਨ ਬਹੁਤ ਔਖਾ ਸੀ। ਜਿਉਂਦੇ ਰਹਿਣ ਲਈ ਉਹਨਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਉਹਨਾਂ ਦੇ ਮਾਲਕ ਉਹਨਾਂ ਤੇ ਬਹੁਤ ਜੁਲਮ ਕਰਦੇ ਸਨ।

II. **ਇਸਤਰੀਆਂ ਦੀ ਹਾਲਤ**: ਮੁਸਲਿਮ ਔਰਤਾਂ ਲਈ ਪਰਦਾ ਕਰਨਾ ਬਹੁਤ ਜਰੂਰੀ ਸੀ। ਘਰ ਵਿੱਚ ਉਹਨਾਂ ਦੇ ਰਹਿਣ ਲਈ ਵੱਖਰਾ ਸਥਾਨ ਬਣਿਆ ਹੁੰਦਾ ਸੀ ਜਿਸਨੂੰ ਜਨਾਨ-ਖਾਨਾ ਕਹਿੰਦੇ ਸਨ। ਉਹਨਾਂ ਤੇ ਅਨੇਕਾਂ ਪਾਬੰਦੀਆਂ ਸਨ। ਬਹੁ-ਵਿਆਹ ਅਤੇ ਤਲਾਕ ਪ੍ਰਥਾ ਨੇ ਉਹਨਾਂ ਦਾ ਜੀਵਨ ਨਰਕ ਬਣਾ ਦਿੱਤਾ ਸੀ।

III. **ਖਾਣ-ਪੀਣ**: ਉੱਚ ਸ਼੍ਰੇਣੀ ਦੇ ਲੋਕਾਂ ਦਾ ਖਾਣ-ਪੀਣ ਬਹੁਤ ਵਧੀਆ ਸੀ। ਉਹ ਮੀਟ, ਹਲਵਾ, ਪੂੜੀ, ਮੱਖਣ ਅਤੇ ਸ਼ਰਾਬ ਆਦਿ ਦੀ ਵਰਤੋਂ ਕਰਦੇ ਸਨ। ਨੀਵੀਂ ਸ਼੍ਰੇਣੀ ਦੇ ਲੋਕਾਂ ਦਾ ਭੋਜਨ ਬਹੁਤ ਸਧਾਰਨ ਹੁੰਦਾ ਸੀ।


Download Free Study Material From SIKHYA APP

**IV.** ਪਹਿਰਾਵਾ: ਉੱਚ ਸ਼੍ਰੇਣੀ ਦੇ ਲੋਕ ਕੀਮਤੀ ਪੁਸ਼ਾਕਾਂ ਪਾਉਂਦੇ ਸਨ। ਉਹਨਾਂ ਦੇ ਕੱਪੜੇ ਰੇਸ਼ਮ ਅਤੇ ਮਲਮਲ ਦੇ ਬਣੇ ਹੁੰਦੇ ਸਨ। ਨੀਵੀਂ ਸ਼੍ਰੇਣੀ ਦੇ ਲੋਕ ਸੂਤੀ ਕੱਪੜੇ ਪਾਉ ਂਦੇ ਸਨ। ਪੁਰਸ਼ ਕੁਰਤਾ-ਪਜਾਮਾ ਅਤੇ ਇਸਤਰੀਆਂ ਬੁਰਕੇ ਦੀ ਵਰਤੋਂ ਕਰਦੀਆਂ ਸਨ।

**V.** **ਸਿੱਖਿਆ**: ਮੁਸਲਮਾਨਾਂ ਨੂੰ ਸਿੱਖਿਆ ਦੇਣ ਦਾ ਕੰਮ ਉਲਮਾ, ਮੁੱਲਾਂ ਅਤੇ ਮੌਲਵੀ ਕਰਦੇ ਸਨ। ਉਹ ਮਸਜਿਦਾਂ, ਮਕਤਬਾਂ ਅਤੇ ਮਦਰੱਸਿਆਂ ਵਿੱਚ ਸਿੱਖਿਆ ਦਿੰਦੇ ਸਨ। ਰਾਜ ਸਰਕਾਰ ਉਹਨਾਂ ਨੂੰ ਅਨੁਦਾਨ ਦਿੰਦੀ ਸੀ। ਹਰ ਬੱਚੇ ਲਈ ਕੁਰਾਨ ਦਾ ਅਧਿਐਨ ਕਰਨਾ ਜਰੂਰੀ ਸੀ। ਲਾਹੌਰ ਅਤੇ ਮੁਲਤਾਨ ਮੁਸਲਿਮ ਸਿੱਖਿਆ ਦੇ ਪ੍ਰਸਿੱਧ ਕੇਂਦਰ ਸਨ।

**3) 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਹਿੰਦੂਆਂ ਦੀ ਸਮਾਜਿਕ ਹਾਲਤ ਕਿਹੋ ਜਿਹੀ ਸੀ ?**

ਉੱਤਰ: ਹਿੰਦੂ ਸਮਾਜ

I. **ਜਾਤੀਆਂ ਅਤੇ ਉਪਜਾਤੀਆਂ**: ਹਿੰਦੂ ਸਮਾਜ ਵਿੱਚ ਚਾਰ ਮੁੱਖ ਜਾਤੀਆਂ ਸਨ੍ਹ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ।ਬ੍ਰਾਹਮਣਾਂ ਨੂੰ ਸਮਾਜ ਵਿੱਚ ਸਭ ਤੋਂ ਉੱਚਾ ਸਥਾਨ ਪ੍ਰਾਪਤ ਸੀ। ਕਸ਼ੱਤਰੀਆਂ ਨੇ ਅਨੇਕਾਂ ਕਿੱਤੇ ਜਿਵੇਂ ਦੁਕਾਨਦਾਰੀ ਅਤੇ ਖੇਤੀ ਆਦਿ ਅਪਣਾ ਲਏ ਸਨ। ਵੈਸ਼ ਵਪਾਰ ਅਤੇ ਖੇਤੀਬਾੜੀ ਹੀ ਕਰਦੇ ਰਹੇ। ਸ਼ੂਦਰਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ।ਇਹਨਾਂ ਜਾਤੀਆਂ ਅੰਦਰ ਅਨੇਕਾਂ ਉਪਜਾਤੀਆਂ ਵੀ ਸਨ।

II. **ਇਸਤਰੀਆਂ ਦੀ ਹਾਲਤ**: ਇਸਤਰੀਆਂ ਦੀ ਸਮਾਜਿਕ ਹਾਲਤ ਚੰਗੀ ਨਹੀਂ ਸੀ। ਉਹਨਾਂ ਨੂੰ ਮਰਦਾਂ ਤੋਂ ਨੀਵਾਂ ਮੰਨਿਆ ਜਾਂਦਾ ਸੀ।ਕੁੜੀਆਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਸੀ। ਉਹਨਾਂ ਦੀਸਿੱਖਿਆ ਵੱਲ ਕੋਈ ਜਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਸੀ। ਸਤੀ ਪ੍ਰਥਾ ਜੋਰਾਂ ਤੇ ਸੀ।ਬਹੁਤ ਸਾਰੀਆਂ ਲੜਕੀਆਂ ਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਂਦਾ ਸੀ। ਵਿਧਵਾ ਔਰਤਾਂ ਦਾ ਜੀਵਨ ਬਹੁਤ ਔਖਾ ਹੁੰਦਾ ਸੀ।ਉਹਨਾਂ ਨੂੰ ਦੁਬਾਰਾ ਵਿਆਹ ਕਰਨ ਦੀ ਆਗਿਆ ਨਹੀਂ ਸੀ।


Download Free Study Material From SIKHYA APP

III. **ਖਾਣ—ਪੀਣ**: ਹਿੰਦੂਆਂ ਦਾ ਭੋਜਨ ਸਾਦਾ ਹੁੰਦਾ ਸੀ। ਜਿਆਦਾਤਰ ਹਿੰਦੂ ਸ਼ਾਕਾਹਾਰੀ ਹੁੰਦੇ ਸਨ। ਕਣਕ, ਚੌਲ, ਸਬਜ਼ੀਆਂ, ਘਿਉ ਅਤੇ ਦੁੱਧ ਆਦਿ ਭੋਜਨ ਦਾ ਮੁੱਖ ਅੰਗ ਸਨ। ਮਾਸ, ਲਸਣ ਅਤੇ ਪਿਆਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਸਧਾਰਨ ਲੋਕ ਰੋਟੀ, ਅਚਾਰ ਅਤੇ ਲੱਸੀ ਆਦਿ ਦੀ ਵਰਤੋਂ ਕਰਦੇ ਸਨ।

IV. **ਪਹਿਰਾਵਾ**: ਹਿੰਦੂਆਂ ਦਾ ਪਹਿਰਾਵਾ ਸਾਦਾ ਸੀ। ਉਹ ਆਮ ਤੌਰ ਤੇ ਸੂਤੀ ਕੱਪੜੇ ਪਾਉਂਦੇ ਸਨ। ਪੁਰਸ਼ ਧੋਤੀ ਅਤੇ ਕੁੜਤਾ ਪਾਉਂਦੇ ਅਤੇ ਪੱਗੜੀ ਬੰਨ੍ਹਦੇ ਸਨ। ਇਸਤਰੀਆਂ ਸਾੜ੍ਹੀ, ਚੋਲੀ ਅਤੇ ਲਹਿੰਗਾ ਪਾਉਂਦੀਆਂ ਸਨ। ਗਰੀਬ ਲੋਕ ਚਾਦਰ ਵਰਗੇ ਕੱਪੜੇ ਨਾਲ ਤਨ ਢੱਕ ਕੇ ਰੱਖਦੇ ਸਨ।

V. **ਮਨੋਰੰਜਨ ਦੇ ਸਾਧਨ**: ਹਿੰਦੂ ਆਪਣਾ ਮਨੋਰੰਜਨ ਨਾਚ—ਗਾਣੇ ਅਤੇ ਸੰਗੀਤ ਨਾਲ ਕਰਦੇ ਸਨ। ਉਹ ਤਾਸ਼ ਅਤੇ ਸ਼ਤਰੰਜ ਵੀ ਖੇਡਦੇ ਸਨ। ਜਾਨਵਰਾਂ ਅਤੇ ਪਸ਼ੂਆਂ ਦੀਆਂ ਲੜਾਈਆਂ ਅਤੇ ਕੁਸ਼ਤੀਆਂ ਵੀ ਮਨੋਰੰਜਨ ਦਾ ਸਾਧਨ ਸਨ।ਹਿੰਦੂ ਆਪਣੇ ਤਿਉਹਾਰ ਦੁਸਹਿਰਾ, ਦੀਵਾਲੀ, ਹੋਲੀ ਆਦਿ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

4) **16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ ?**

ਉੱਤਰ:

I. **ਖੇਤੀਬਾੜੀ**: ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਭੂਮੀ ਬਹੁਤ ਉਪਜਾਊ ਸੀ। ਸਿੰਜਾਈ ਸਹੂਲਤਾਂ ਦੀ ਘਾਟ ਨਹੀਂ ਸੀ। ਪੰਜਾਬ ਦੇ ਲੋਕ ਮਿਹਨਤੀ ਸਨ। ਇਸ ਲਈ ਫਸਲਾਂ ਦੀ ਪੈਦਾਵਾਰ ਬਹੁਤ ਵਧੀਆ ਹੁੰਦੀ ਸੀ।ਪੰਜਾਬ ਨੂੰ ਭਾਰਤ ਦਾ ਅੰਨ੍ਹ ਭੰਡਾਰ ਵੀ ਕਿਹਾ ਜਾਂਦਾ ਸੀ। ਕਣਕ, ਜੌਂ, ਚਾਵਲ, ਮੱਕੀ, ਗੰਨਾ ਆਦਿ ਪੰਜਾਬ ਦੀਆਂ ਮੁੱਖ ਫਸਲਾਂ ਸਨ।ਹੋਰ ਜਮੀਨਾਂ ਨੂੰ ਵਾਹੀ ਹੇਠ ਲਿਆਉਣ ਲਈ ਰਾਜ ਸਰਕਾਰ ਦੁਆਰਾ ਕਿਸਾਨਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ।

II. **ਉਦਯੋਗ**:ਖੇਤੀਬਾੜੀ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਦੂਜਾ ਮੁੱਖ ਧੰਦਾ ਉਦਯੋਗ ਸੀ। ਉਦਯੋਗ ਸਰਕਾਰੀ ਵੀ ਹੁੰਦੇ ਸਨ ਅਤੇ ਗੈਰ—ਸਰਕਾਰੀ ਵੀ। ਸਰਕਾਰੀ ਉਦਯੋਗ ਵੱਡੇ ਵੱਡੇ ਸ਼ਹਿਰਾਂ ਵਿੱਚ ਹੁੰਦੇ ਸਨ ਜਦੋਂ ਕਿ ਗੈਰ—


Download Free Study Material From SIKHYA APP

ਸਰਕਾਰੀ ਉਦਯੋਗ ਪਿੰਡਾਂ ਵਿੱਚ ਹੁੰਦੇ ਸਨ। ਪੰਜਾਬ ਦਾ ਕੱਪੜਾ ਉਦਯੋਗ, ਚਮੜਾ ਉਦਯੋਗ, ਸ਼ਸਤਰ ਉਦਯੋਗ ਅਤੇ ਲੱਕੜ ਉਦਯੋਗ ਬਹੁਤ ਪ੍ਰਸਿੱਧ ਸੀ।ਕੱਪੜਾ ਉਦਯੋਗ ਬਹੁਤ ਵਿਕਸਿਤ ਸੀ। ਇੱਥੇ ਸੂਤੀ, ਊਨੀ ਅਤੇ ਰੇਸ਼ਮੀ ਤਿੰਨਾਂ ਤਰ੍ਹਾਂ ਦੇ ਕੱਪੜੇ ਬਣਾਏ ਜਾਂਦੇ ਸਨ।ਭਾਂਡੇ, ਹਾਥੀ ਦੰਦ ਅਤੇ ਖਿਡੌਣੇ ਬਣਾਉਣ ਦੇ ਉਦਯੋਗ ਵੀ ਪ੍ਰਚਲਿਤ ਸਨ।

III. **ਵਪਾਰ**:ਪੰਜਾਬ ਦਾ ਵਪਾਰ ਬਹੁਤ ਵਿਕਸਿਤ ਸੀ। ਮਾਲ ਦੀ ਢੋਆ ਢੁਆਈ ਦਾ ਕੰਮ ਵੰਜਾਰੇ ਕਰਦੇ ਸਨ। ਮੇਲਿਆਂ ਅਤੇ ਤਿਉਹਾਰਾਂ ਸਮੇਂ ਵਿਸ਼ੇਸ਼ ਮੰਡੀਆਂ ਲੱਗਦੀਆਂ ਸਨ। ਪੰਜਾਬ ਦਾ ਵਿਦੇਸ਼ੀ ਵਪਾਰ ਮੁੱਖ ਰੂਪ ਵਿੱਚ ਅਫ਼ਗਾਨਿਸਤਾਨ, ਈਰਾਨ, ਅਰਬ, ਸੀਰੀਆ, ਤਿੱਬਤ, ਭੂਟਾਨ ਅਤੇ ਚੀਨ ਆਦਿ ਦੇਸ਼ਾਂ ਨਾਲ ਹੁੰਦਾ ਸੀ। ਪੰਜਾਬ ਇਹਨਾਂ ਦੇਸ਼ਾਂ ਨੂੰ ਅਨਾਜ, ਕੱਪੜੇ, ਕਪਾਹ, ਰੇਸ਼ਮ ਅਤੇ ਖੰਡ ਨਿਰਯਾਤ ਕਰਦਾ ਸੀ। ਬਦਲੇ ਵਿੱਚ ਇਹਨਾਂ ਦੇਸ਼ਾਂ ਤੋਂ ਘੋੜੇ, ਸ਼ਸਤਰ, ਫਰ, ਕਸਤੂਰੀ ਅਤੇ ਮੇਵੇ ਆਦਿ ਮੰਗਵਾਏ ਜਾਂਦੇ ਸਨ।

IV. **ਪਸ਼ੂ ਪਾਲਣ**: ਪੰਜਾਬ ਦੇ ਕੁਝ ਲੋਕ ਪਸ਼ੂ ਪਾਲਣ ਦਾ ਧੰਦਾ ਵੀ ਕਰਦੇ ਸਨ। ਪਸ਼ੂਆਂ ਨੂੰ ਦੁੱਧ ਅਤੇ ਉਨ ਪ੍ਰਾਪਤ ਕਰਨ ਲਈ ਪਾਲਿਆ ਜਾਂਦਾ ਸੀ। ਕੁਝ ਪਸ਼ੂਆਂ ਦੀ ਵਰਤੋਂ ਢੋਆ—ਢੁਆਈ ਲਈ ਵੀ ਕੀਤੀ ਜਾਂਦੀ ਸੀ। ਆਮ ਤੌਰ ਤੇ ਗਊਆਂ, ਬਲਦ, ਮੱਝਾਂ, ਘੋੜੇ, ਖੱਚਰ, ਊਠ, ਭੇਡ ਬਕਰੀਆਂ ਆਦਿ ਸਨ।

5) **16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੀ ਧਾਰਮਿਕ ਸਥਿਤੀ ਕਿਹੋ ਜਿਹੀ ਸੀ ?**

ਉੱਤਰ: **ਹਿੰਦੂ ਧਰਮ ਦੀ ਸਥਿਤੀ**: 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਦੇ ਲੋਕਾ ਂਦਾ ਮੁੱਖ ਧਰਮ ਹਿੰਦੂ ਧਰਮ ਸੀ। ਇਹ ਭਾਰਤ ਦਾ ਸਭ ਤੋ ਪ੍ਰਾਚੀਨ ਧਰਮ ਸੀ। ਇਸ ਧਰਮ ਦੇ ਲੋਕ ਵੇਦਾਂ ਵਿੱਚ ਯਕੀਨ ਰੱਖਦੇ ਸਨ।ਉਹ ਬ੍ਰਾਹਮਣਾਂ ਦਾ ਬਹੁਤ ਸਤਿਕਾਰ ਕਰਦੇ ਸਨ। ਹਿੰਦੂ ਸਮਾਜ ਤਿੰਨ ਮੁੱਖ ਸੰਪਰਦਾਵਾਂ ਵਿੱਚ ਵੰਡਿਆ ਹੋਇਆ ਸੀ।

I. **ਸ਼ੈਵਮਤ**: ਪੰਜਾਬ ਦੇ ਲੋਕਾਂਵਿੱਚ ਸ਼ੈਵ ਮਤ ਬਹੁਤ ਹਰਮਨ ਪਿਆਰਾ ਸੀ। ਇਸ ਮਤ ਦੇ ਪੈਰੋਕਾਰ ਭਗਵਾਨ ਸ਼ਿਵ ਦੀ ਪੂਜਾ ਕਰਦੇ ਸਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਅਨੇਕਾਂ ਸ਼ਿਵਾਲੇ ਸਨ ਜਿੱਥੇ ਸ਼ਿਵ ਜੀ ਦੀ ਪੂਜਾ ਕੀਤੀ ਜਾਂਦੀ ਸੀ।


Download Free Study Material From SIKHYA APP

ਇਸ ਮਤ ਦੇ ਪੈਰੋਕਾਰਾਂ ਵਿੱਚ ਸੰਨਿਆਸੀ ਅਤੇ ਜੋਗੀ ਸ਼ਾਮਲ ਸਨ। ਸੰਨਿਆਸੀ ਮੱਠਾਂ ਵਿੱਚ ਰਹਿੰਦੇ ਅਤੇ ਕਠੋਰ ਤਪੱਸਿਆ ਕਰਦੇ ਸਨ। ਜੋਗੀਆਂ ਦੀ ਮੁੱਖ ਸ਼ਾਖਾ ਨੂੰ ਨਾਥ ਪੰਥੀ ਕਹਿੰਦੇ ਸਨ। ਇਸਦਾ ਮੁੱਖੀ ਗੋਰਖਨਾਥ ਸੀ। ਜੋਗੀਆਂ ਨੂੰ ਦੀਖਿਆ ਮੱਠ ਦੇ ਮੁੱਖੀ ਵੱਲੋਂ ਦਿੱਤੀ ਜਾਂਦੀ ਸੀ। ਦੀਖਿਆ ਪੂਰੀ ਹੋਣ ਤੋਂ ਬਾਅਦ ਉਹਨਾਂ ਦੇ ਕੰਨਾਂ ਵਿੱਚ ਚਾਕੂ ਨਾਲ ਸੁਰਾਖ ਕਰਕੇ ਮੁੰਦਰਾਂ ਪਾਈਆਂ ਜਾਂਦੀਆਂ ਸਨ।

II. **ਵੈਸ਼ਨਵ ਮਤ**: ਵੈਸ਼ਨਵਮਤ ਦੇ ਪੈਰੋਕਾਰ ਭਗਵਾਨ ਵਿਸ਼ਨੂੰ ਅਤੇ ਉਹਨਾਂ ਦੇ ਅਵਤਾਰਾਂ ਦੀ ਪੂਜਾ ਕਰਦੇ ਸਨ।ਪੁਰਾਣਾਂ ਵਿੱਚ ਭਗਵਾਨ ਵਿਸ਼ਨੂੰ ਦੇ 24 ਅਵਤਾਰਾਂ ਦਾ ਜਿਕਰ ਆਉਂਦਾ ਹੈ। ਇਹਨਾਂ ਵਿੱਚ ਸ੍ਰੀ ਰਾਮਚੰਦਰ ਅਤੇ ਸ਼੍ਰੀ ਕਿਸ਼ਨ ਜੀ ਸਭ ਤੋਂ ਪ੍ਰਸਿੱਧ ਹਨ।ਇਸ ਮਤ ਦੇ ਪੈਰੋਕਾਰ ਪਵਿੱਤਰ ਜੀਵਨ ਜੀਣ, ਤੀਰਥ ਯਾਤਰਾ, ਗੰਗਾ ਇਸ਼ਨਾਨ, ਮੂਰਤੀ ਪੂਜਾ ਆਦਿ ਨੂੰ ਵਿਸ਼ੇਸ਼ ਮਹੱਤਵ ਦਿੰਦੇ ਸਨ।

III. **ਸ਼ਕਤੀ ਮਤ**:ਇਸ ਮਤ ਦੇ ਪੈਰੋਕਾਰ ਮਾਤਾ ਦੁਰਗਾ, ਮਾਤਾ ਕਾਲੀ, ਮਾਤਾ ਵੈਸ਼ਣੋ ਦੇਵੀ, ਮਾਤਾ ਜਵਾਲਾ ਮੁਖੀ ਅਤੇ ਹੋਰ ਦੇਵੀਆਂ ਦੀ ਪੂਜਾ ਸ਼ਕਤੀ ਦੇ ਰੂਪ ਵਿੱਚ ਕਰਦੇ ਸਨ। ਦੇਵੀਆਂ ਨੂੰ ਖੁਸ਼ ਕਰਨ ਲਈ ਮੰਦਰ ਬਣਾਏ ਜਾਂਦੇ ਸਨ ਅਤੇ ਪਸ਼ੂਆਂ ਦੀ ਬਲੀ ਵੀ ਦਿੱਤੀ ਜਾਂਦੀ ਸੀ।

**ਇਸਲਾਮ ਦੀ ਸਥਿਤੀ**: ਹਿੰਦੂ ਧਰਮ ਤੋਂ ਬਾਅਦ ਦੂਜਾ ਮੁੱਖ ਧਰਮ ਇਸਲਾਮ ਸੀ। ਇਸ ਧਰਮ ਦੀ ਸਥਾਪਨਾ ਸੱਤਵੀਂ ਸਦੀ ਵਿੱਚ ਹਜ਼ਰਤ ਮੁਹੰਮਦ ਸਾਹਿਬ ਨੇ ਮੱਕਾ ਵਿਖੇ ਕੀਤੀ ਸੀ।

I. **ਸੁੰਨੀ ਸੰਪਰਦਾਇ**:ਪੰਜਾਬ ਦੇ ਮੁਸਲਮਾਨਾਂ ਵਿੱਚ ਬਹੁਗਿਣਤੀ ਸੁੰਨੀਆਂ ਦੀ ਸੀ।ਸੁੰਨੀ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਮੰਨਦੇ ਸਨ। ਉਹ ਕੁਰਾਨ ਨੂੰ ਆਪਣਾ ਪਵਿੱਤਰ ਗ੍ਰੰਥ ਮੰਨਦੇ ਸਨ।ਉਹ ਮੱਕੇ ਦੀ ਯਾਤਰਾ ਨੂੰ ਜਰੂਰੀ ਸਮਝਦੇ ਸਨ। ਉਹ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਕਿਸੇ ਹੋਰ ਧਰਮ ਦੀ ਹੋਂਦ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਉਹ ਹਿੰਦੂਆਂ ਨੂੰ ਆਪਣਾ ਕੱਟੜ ਦੁਸ਼ਮਨ ਮੰਨਦੇ ਸਨ।


Download Free Study Material From SIKHYA APP

II. **ਸ਼ੀਆ ਸੰਪਰਦਾਇ**:ਪੰਜਾਬ ਵਿੱਚ ਬਹੁਤ ਸਾਰੇ ਸ਼ੀਆ ਮੁਸਲਮਾਨ ਵੀ ਰਹਿੰਦੇ ਸਨ।ਸੁੰਨੀ ਮੁਸਲਮਾਨਾਂ ਵਾਂਗ ਉਹ ਵੀ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਮੰਨਦੇ ਸਨ। ਉਹ ਕੁਰਾਨ ਨੂੰ ਆਪਣਾ ਪਵਿੱਤਰ ਗ੍ਰੰਥ ਮੰਨਦੇ ਸਨ। ਉਹ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਸਨ।ਉਹ ਸੁੰਨੀ ਮੁਸਲਮਾਨਾਂ ਵਾਂਗ ਬਹੁਤ ਜਿਆਦਾ ਕੱਟੜ ਨਹੀਂ ਸਨ।

III. **ਸੂਫ਼ੀਮਤ**:16ਵੀਂ ਸਦੀ ਵਿੱਚ ਪੰਜਾਬ ਵਿੱਚ ਸੂਫ਼ੀ ਮਤ ਬਹੁਤ ਹਰਮਨ ਪਿਆਰਾ ਹੋਇਆ। ਇਸ ਮਤ ਦੇ ਨੇਤਾ ਸ਼ੇਖ ਜਾਂ ਪੀਰ ਦੇ ਨਾਂ ਨਾਲ ਜਾਣੇ ਜਾਂਦੇ ਸਨ।ਉਹ ਆਪਣੇ ਗਲੇ ਵਿੱਚ ਸੂਫ਼ (ਉੱਨ) ਦੀ ਮਾਲਾ ਧਾਰਨ ਕਰਦੇ ਸਨ। ਇਸ ਲਈ ਉਹਨਾਂ ਨੂੰ ਸੂਫ਼ੀ ਕਿਹਾ ਜਾਂਦਾ ਸੀ। ਸੂਫ਼ੀ ਮਤ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦਾ ਸੀ। ਉਹ ਅੱਲ੍ਹਾ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ ਵਿੱਚਵਿਸ਼ਵਾਸ ਨਹੀਂ ਰੱਖਦਾ ਸੀ।ਸੂਫੀ ਸੰਤ ਅੱਲ੍ਹਾ ਦੀ ਪ੍ਰਾਪਤੀ ਲਈ ਪੀਰ ਜਾਂ ਗੁਰੂ ਦਾ ਹੋਣਾ ਜਰੂਰੀ ਮੰਨਦੇ ਸਨ।ਉਹ ਧਰਮ ਦੇ ਬਾਹਰੀ ਦਿਖਾਵਿਆਂ ਤੇ ਯਕੀਨ ਨਹੀਂ ਰੱਖਦੇ ਸਨ। ਉਹ ਸੰਗੀਤ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਨੇ ਕੱਵਾਲੀ ਗਾਉਣ ਦੀ ਪ੍ਰਥਾ ਚਲਾਈ। ਉਹ ਮਨੁੱਖਾਂ ਦੀ ਸੇਵਾ ਕਰਨ ਨੂੰ ਆਪਣਾ ਕਰਤੱਵ ਮੰਨਦੇ ਸਨ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ।


Download Free Study Material From SIKHYA APP

# ਪਾਠ 4

## ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ? | 1469 ਈ: |
| 2) ਗੁਰੂ ਨਾਨਕ ਦੇਵ ਜੀ ਦਾ ਜਨਮ ਕਿੱਥੇ ਹੋਇਆ ? | ਰਾਏ ਭੋਇ ਦੀ ਤਲਵੰਡੀ |
| 3) ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਨੂੰ ਅੱਜਕੱਲ੍ਹ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਨਨਕਾਣਾ ਸਾਹਿਬ |
| 4) ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? | ਮਹਿਤਾ ਕਾਲੂ ਜੀ |
| 5) ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ ? | ਮਾਤਾ ਤ੍ਰਿਪਤਾ ਜੀ |
| 6) ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਂ ਕੀ ਸੀ ? | ਬੀਬੀ ਨਾਨਕੀ ਜੀ |
| 7) ਗੁਰੂ ਨਾਨਕ ਦੇਵ ਜੀ ਨੂੰ ਸਿੱਖਿਆ ਪ੍ਰਾਪਤੀ ਲਈ ਕਿਸ ਕੋਲ ਭੇਜਿਆ ਗਿਆ ? | ਪੰਡਤ ਗੋਪਾਲ, ਪੰਡਤ ਬ੍ਰਿਜਨਾਥ ਅਤੇ ਮੌਲਵੀ ਕੁਤਬਉੱਦੀਨ ਕੋਲ |
| 8) ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਣਾਉਣ ਲਈ ਕਿਸਨੂੰ ਬੁਲਾਇਆ ਗਿਆ ? | ਪੰਡਤ ਹਰਦਿਆਲ ਨੂੰ |
| 9) ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਦਾ ਨਾਂ ਕੀ ਸੀ ? | ਬੀਬੀ ਸੁਲੱਖਣੀ ਜੀ |
| 10) ਬੀਬੀ ਸੁਲੱਖਣੀ ਦੇ ਪਿਤਾ ਦਾ ਨਾਂ ਕੀ ਸੀ ? | ਮੂਲ ਚੰਦ ਜੀ |
| 11) ਮੂਲ ਚੰਦ ਜੀ ਕਿੱਥੋਂ ਦੇ ਵਾਸੀ ਸਨ ? | ਬਟਾਲਾ ਜੀ |
| 12) ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦੇ ਨਾਂ ਲਿਖੋ। | ਸ੍ਰੀ ਚੰਦ ਜੀ ਅਤੇ ਲੱਖਮੀ ਦਾਸ ਜੀ |


Download Free Study Material From SIKHYA APP

| | |
|---|---|
| 13) ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਲੋਧੀ ਕਿਉਂ ਭੇਜਿਆ ਗਿਆ ? | ਨੌਕਰੀ ਕਰਨ ਲਈ |
| 14) ਗੁਰੂ ਨਾਨਕ ਦੇਵ ਸੁਲਤਾਨਪੁਰ ਵਿਖੇ ਕਿੱਥੇ ਨੌਕਰੀ ਕਰਦੇ ਸਨ ? | ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿੱਚ |
| 15) ਗੁਰੂ ਨਾਂਨਕ ਦੇਵ ਜੀ ਨੂੰ ਰੱਬੀ ਗਿਆਨ ਦੀ ਪ੍ਰਾਪਤੀ ਕਿੱਥੇ ਹੋਈ ? | ਸੁਲਤਾਨਪੁਰ ਲੋਧੀ |
| 16) ਗੁਰੂ ਨਾਨਕ ਦੇਵ ਜੀ ਨੂੰ ਗਿਆਨ ਦੀ ਪ੍ਰਾਪਤੀ ਕਿਹੜੀ ਨਦੀ ਦੇ ਕੰਢੇ ਹੋਈ ? | ਬੇਈਂ ਨਦੀ ਦੇ |
| 17) ਗਿਆਨ ਪ੍ਰਾਪਤੀ ਸਮੇਂ ਗੁਰੂ ਨਾਨਕ ਦੇਵ ਜੀ ਦੀ ਉਮਰ ਕਿੰਨੀ ਸੀ ? | 30 ਸਾਲ |
| 18) ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਕਿਹੜੇ ਸ਼ਬਦ ਉਚਾਰੇ ? | ਨਾ ਕੋ ਹਿੰਦੂ ਨਾ ਕੋ ਮੁਸਲਮਾਨ |
| 19) ਗੁਰੂ ਨਾਨਕ ਦੇਵ ਜੀ ਨੇ ਕਿੰਨੇ ਵਰ੍ਹੇ ਆਪਣੀਆਂ ਉਦਾਸੀਆਂ ਵਿੱਚ ਬਤੀਤ ਕੀਤੇ ? | 21 |
| 20) ਆਧੁਨਿਕ ਖੋਜਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਕੀਤੀਆਂ ? | 3 |
| 21) ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਕਦੋਂ ਸ਼ੁਰੂ ਕੀਤੀ ? | 1499 ਈ: |
| 22) ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਸਭ ਤੋਂ ਪਹਿਲਾਂ ਕਿੱਥੇ ਪਹੁੰਚੇ ? | ਸੈਦਪੁਰ |
| 23) ਸੈਦਪੁਰ ਹੋਰ ਕਿਹੜੇ ਨਾਮ ਨਾਲ ਮਸ਼ਹੂਰ ਹੈ ? | ਐਮਨਾਬਾਦ |
| 24) ਸੈਦਪੁਰ ਵਿਖੇ ਗੁਰੂ ਨਾਨਕ ਦੇਵ ਜੀ ਕਿਸਦੇ ਘਰ ਠਹਿਰੇ ? | ਭਾਈ ਲਾਲੋ ਦੇ |
| 25) ਭਾਈ ਲਾਲੋ ਕੀ ਕੰਮ ਕਰਦਾ ਸੀ ? | ਭਾਈ ਲਾਲੋ ਤਰਖਾਣ ਸੀ |
| 26) ਤਾਲੁੰਬਾ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਿਸਨੂੰ ਸੁਧਾਰਿਆ ? | ਸੱਜਣ ਠੱਗ ਨੂੰ |


Download Free Study Material From SIKHYA APP

| | |
|---|---|
| 27) ਪਾਣੀਪਤ ਵਿਖੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਸ ਨਾਲ ਹੋਈ ? | ਸੂਫ਼ੀ ਸ਼ੇਖ ਤਾਹਿਰ ਨਾਲ |
| 28) ਗੋਰਖਮਤਾ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਿਸ ਨਾਲ ਵਿਚਾਰ-ਵਟਾਂਦਰਾ ਕੀਤਾ ? | ਜੋਗੀਆਂ ਨਾਲ |
| 29) ਗੁਰੂ ਨਾਨਕ ਦੇਵ ਜੀ ਦੀ ਗੋਰਖਮਤਾ ਫੇਰੀ ਤੋਂ ਬਾਅਦ ਗੋਰਖਮਤਾ ਦਾ ਕੀ ਨਾਂ ਪੈ ਗਿਆ ? | ਨਾਨਕਮਤਾ |
| 30) ਗੁਰੂ ਨਾਨਕ ਦੇਵ ਜੀ ਦੀ ਪੰਡਤ ਚਤਰ ਦਾਸ ਨਾਲ ਬਹਿਸ ਕਿੱਥੇ ਹੋਈ ? | ਬਨਾਰਸ ਵਿਖੇ |
| 31) ਗੁਰੂ ਨਾਨਕ ਦੇਵ ਜੀ ਅਤੇ ਪੰਡਤ ਚਤਰ ਦਾਸ ਦੀ ਬਹਿਸ ਦਾ ਮੁੱਖ ਵਿਸ਼ਾ ਕੀ ਸੀ ? | ਮੂਰਤੀ ਪੂਜਾ |
| 32) ਕਾਮਰੂਪ ਦੀ ਕਿਹੜੀ ਜਾਦੂਗਰਨੀ ਨੇ ਗੁਰੂ ਨਾਨਕ ਦੇਵ ਜੀ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ? | ਨੂਰਸ਼ਾਹੀ |
| 33) ਪਾਕਪਟਨ ਵਿਖੇ ਗੁਰੂ ਨਾਨਕ ਦੇਵ ਜੀ ਕਿਸਨੂੰ ਮਿਲੇ ? | ਸ਼ੇਖ ਬ੍ਰਹਮ ਨੂੰ |
| 34) ਗੁਰੂ ਸਾਹਿਬ ਨੇ ਵਲੀ ਕੰਧਾਰੀ ਦਾ ਹੰਕਾਰ ਕਿਹੜੇ ਸਥਾਨ ਤੇ ਤੋੜਿਆ ? | ਹਸਨ ਅਬਦਾਲ |
| 35) ਹਸਨ ਅਬਦਾਲ ਨੂੰ ਅੱਜਕੱਲ੍ਹ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ? | ਪੰਜਾ ਸਾਹਿਬ |
| 36) ਮੁਲਤਾਨ ਵਿਖੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਹੜੇ ਪ੍ਰਸਿੱਧ ਸੂਫ਼ੀ ਸੰਤ ਨਾਲ ਹੋਈ ? | ਸ਼ੇਖ ਬਹਾਉਦੀਨ |
| 37) ਮੱਕਾ ਵਿਖੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਸ ਨਾਲ ਹੋਈ ? | ਕਾਜ਼ੀ ਰੁਕਨੁੱਦੀਨ |
| 38) ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਕਿਹੜੇ ਹਮਲੇ ਦੀ ਤੁਲਨਾ ਪਾਪਾਂ ਦੀ ਜੰਞ ਨਾਲ ਕੀਤੀ ? | ਸੈਦਪੁਰ ਹਮਲੇ ਦੀ |
| 39) ਸੈਦਪੁਰ ਹਮਲਾ ਕਿਹੜੇ ਵਰ੍ਹੇ ਹੋਇਆ ? | 1520 ਈ: |
| 40) ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਸਿਲਸਿਲਾ ਕਦੋਂ ਸਮਾਪਤ ਹੋਇਆ ? | 1521 ਈ: |
| 41) ਗੁਰੂ ਸਾਹਿਬ ਨੇ ਕਿਹੜੇ ਪ੍ਰਸਿੱਧ ਨਗਰ ਦੀ ਸਥਾਪਨਾ ਕੀਤੀ ? | ਕਰਤਾਰਪੁਰ ਸਾਹਿਬ |
| 42) ਕਰਤਾਰਪੁਰ ਸਾਹਿਬ ਕਿਹੜੀ ਨਦੀ ਦੇ ਕੰਢੇ ਸਥਿਤ ਹੈ ? | ਰਾਵੀ |


Download Free Study Material From SIKHYA APP

| | |
|---|---|
| 43) ਕਰਤਾਰਪੁਰ ਦਾ ਕੀ ਅਰਥ ਹੈ ? | ਈਸ਼ਵਰ ਦਾ ਨਗਰ |
| 44) ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਕਿੰਨਾ ਸਮਾਂ ਬਿਤਾਇਆ ? | 18 ਸਾਲ |
| 45) ਗੁਰੂ ਨਾਨਕ ਦੇਵ ਜੀ ਨੇ ਕਿਹੜੀਆਂ ਦੋ ਪ੍ਰਸਿੱਧ ਸੰਸਥਾਵਾਂ ਦੀ ਸਥਾਪਨਾ ਕੀਤੀ ? | ਸੰਗਤ ਅਤੇ ਪੰਗਤ |
| 46) ਗੁਰੂ ਸਾਹਿਬ ਨੇ ਕਿਹੜੇ ਸਥਾਨ ਤੇ ਪੱਛਮ ਵੱਲ ਆਪਣੇ ਖੇਤਾਂ ਨੂੰ ਪਾਣੀ ਦਿੱਤਾ ? | ਹਰਿਦੁਆਰ ਵਿਖੇ |
| 47) ਧੁਬਰੀ ਦੇ ਸਥਾਨ ਤੇ ਗੁਰੂ ਸਾਹਿਬ ਦੀ ਮੁਲਾਕਾਤ ਕਿਸ ਨਾਲ ਹੋਈ ? | ਸ਼ੰਕਰ ਦੇਵ ਨਾਲ |
| 48) ਸ਼ੇਖ ਬ੍ਰਹਮ ਦੀ ਗੁਰੂ ਸਾਹਿਬ ਨਾਲ ਕਿੱਥੇ ਮੁਲਾਕਾਤ ਹੋਈ ? | ਪਾਕਪਟਨ ਵਿਖੇ |
| 49) ਨੂਰਸ਼ਾਹੀ ਕੌਣ ਸੀ ? | ਕਾਮਰੂਪ ਦੀ ਪ੍ਰਸਿੱਧ ਜਾਦੂਗਰਨੀ |
| 50) ਗੁਰੂ ਸਾਹਿਬ ਨੇ ਕਿਸ ਸਥਾਨ ਤੇ ਲੋਕਾਂ ਨੂੰ ਆਰਤੀ ਦਾ ਸਹੀ ਅਰਥ ਦੱਸਿਆ ? | ਉੜੀਸਾ ਦੇ ਜਗਨਨਾਥ ਪੁਰੀ ਵਿਖੇ |
| 51) ਗੁਰੂ ਸਾਹਿਬ ਕਿਹੜੇ ਪਰਬਤ ਤੇ ਸਿੱਧਾਂ ਨੂੰ ਮਿਲੇ ? | ਕੈਲਾਸ਼ ਪਰਬਤ ਤੇ |
| 52) ਗੁਰੂ ਸਾਹਿਬ ਲੰਕਾ ਦੇ ਕਿਹੜੇ ਸ਼ਾਸਕ ਨੂੰ ਮਿਲੇ ? | ਸ਼ਿਵਨਾਭ |
| 53) ਮੱਕਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਕਿਸ ਕਾਜ਼ੀ ਨਾਲ ਵਾਦ-ਵਿਵਾਦ ਹੋਇਆ ? | ਰੁਕਨਦੀਨ ਨਾਲ |
| 54) ਗੁਰੂ ਨਾਨਕ ਦੇਵ ਜੀ ਮੁਸਲਿਮ ਸੰਤ ਹਮਜ਼ਾ ਗੌਸ ਨੂੰ ਕਿੱਥੇ ਮਿਲੇ ? | ਸਿਆਲਕੋਟ ਵਿਖੇ |
| 55) ਗੁਰੂ ਨਾਨਕ ਦੇਵ ਜੀ ਬਗਦਾਦ ਵਿਖੇ ਕਿਸ ਸ਼ੇਖ ਨੂੰ ਮਿਲੇ ? | ਸ਼ੇਖ ਬਹਿਲੋਲ ਨੂੰ |
| 56) ਗੁਰੂ ਨਾਨਕ ਦੇਵ ਜੀ ਦਾ ਸਮਕਾਲੀਨ ਮੁਗਲ ਬਾਦਸ਼ਾਹ ਕੌਣ ਸੀ ? | ਬਾਬਰ |
| 57) ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਕਦੋਂ ਗ੍ਰਿਫਤਾਰ ਕੀਤਾ ? | 1520 ਈ: |
| 58) ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਕਿੱਥੇ ਗ੍ਰਿਫਤਾਰ ਕੀਤਾ ? | ਸੈਦਪੁਰ ਵਿਖੇ |


Download Free Study Material From SIKHYA APP

| | |
|---|---|
| 59) ਗੁਰੂ ਨਾਨਕ ਦੇਵ ਜੀ ਦਾ ਮਾਇਆ ਦਾ ਸੰਕਲਪ ਕੀ ਹੈ | ਸੰਸਾਰ ਇੱਕ ਮਾਇਆ ਹੈ |
| 60) ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਦੀ ਤੁਲਨਾ ਕਿਸ ਨਾਲ ਕੀਤੀ ਹੈ ? | ਪਾਪਾਂ ਦੀ ਜੰਞ ਨਾਲ |
| 61) ਗੁਰੂ ਸਾਹਿਬ ਅਨੁਸਾਰ ਮਨੁੱਖ ਦੇ ਪੰਜ ਵੈਰੀ ਕੌਣ ਹਨ ? | ਕਾਮ, ਕ੍ਰੋਧ, ਮੋਹ, ਲੋਭ, ਹੰਕਾਰ |
| 62) ਆਤਮ ਸਮਰਪਣ ਤੋਂ ਕੀ ਭਾਵ ਹੈ ? | ਹਉਮੈ ਦਾ ਤਿਆਗ |
| 63) ਨਦਰਿ ਤੋਂ ਕੀ ਭਾਵ ਹੈ ? | ਪ੍ਰਮਾਤਮਾ ਦੀ ਮਿਹਰ |
| 64) ਹੁਕਮਿ ਸ਼ਬਦ ਤੋਂ ਕੀ ਭਾਵ ਹੈ ? | ਪ੍ਰਮਾਤਮਾ ਦਾ ਭਾਣਾ |
| 65) ਕਿਰਤ ਤੋਂ ਕੀ ਭਾਵ ਹੈ ? | ਇਮਾਨਦਾਰੀ ਅਤੇ ਮਿਹਨਤ ਦੀ ਕਮਾਈ |
| 66) ਗੁਰੂ ਨਾਨਕ ਦੇਵ ਜੀ ਨੇ ਕਿੰਨੇ ਸ਼ਬਦਾਂ ਦੀ ਰਚਨਾ ਕੀਤੀ ? | 976 |
| 67) ਜਪੁਜੀ ਸਾਹਿਬ ਦੀ ਰਚਨਾ ਕਿਸਨੇ ਕੀਤੀ ? | ਗੁਰੂ ਨਾਨਕ ਦੇਵ ਜੀ ਨੇ |
| 68) ਜਪੁਜੀ ਸਾਹਿਬ ਦਾ ਪਾਠ ਕਿਸ ਸਮੇਂ ਕੀਤਾ ਜਾਂਦਾ ਹੈ ? | ਸਵੇਰ ਦੇ ਸਮੇਂ |
| 69) ਲੰਗਰ ਪ੍ਰਥਾ ਦੀ ਸਥਾਪਨਾ ਕਿਸਨੇ ਕੀਤੀ ? | ਗੁਰੂ ਨਾਨਕ ਦੇਵ ਜੀ ਨੇ |
| 70) ਲੰਗਰ ਪ੍ਰਥਾ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਪੰਗਤ ਪ੍ਰਥਾ |
| 71) ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਦੇ ਅੰਤਮ ਦਿਨ ਕਿੱਥੇ ਬਤੀਤ ਕੀਤੇ ? | ਕਰਤਾਰਪੁਰ ਸਾਹਿਬ ਵਿਖੇ |
| 72) ਗੁਰੂ ਨਾਨਕ ਦੇਵ ਜੀ ਕਦੋਂ ਜੋਤੀ ਜੋਤਿ ਸਮਾਏ ? | 1539 ਈ: |
| 73) ਗੁਰੂ ਨਾਨਕ ਦੇਵ ਜੀ ਕਿੱਥੇ ਜੋਤੀ ਜੋਤਿ ਸਮਾਏ ? | ਕਰਤਾਰਪੁਰ ਸਾਹਿਬ ਵਿਖੇ |
| 74) ਗੁਰੂ ਨਾਨਕ ਦੇਵ ਜੀ ਨੇ ਕਿਸਨੂੰ ਆਪਣਾ ਉੱਤਰਅਧਿਕਾਰੀ ਬਣਾਇਆ ? | ਭਾਈ ਲਹਿਣਾ ਜੀ ਨੂੰ |
| 75) ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਨੂੰ ਕੀ ਨਾਂ ਦਿੱਤਾ ? | ਗੁਰੂ ਅੰਗਦ ਦੇਵ ਜੀ |


Download Free Study Material From SIKHYA APP

76) ਅੰਗਦ ਤੋਂ ਕੀ ਭਾਵ ਹੈ ? ਸਰੀਰ ਦਾ ਅੰਗ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰੂ ਨਾਨਕ ਦੇਵ ਜੀ ਦੀ ਸਿੱਖ ਪੰਥ ਨੂੰ ਕੀ ਦੇਣ ਹੈ ?**

ਉੱਤਰ: ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸ਼ਾਂ ਨੂੰ ਦੂਰ ਕਰਨ ਲਈ ਯਾਤਰਾਵਾਂ ਕੀਤੀਆਂ।ਉਹਨਾਂ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦੇਣ ਦੀ ਵਕਾਲਤ ਕੀਤੀ। ਲੋਕਾਂ ਨੂੰ ਇੱਕੋ ਪਰਮਾਤਮਾ ਦਾ ਨਾਂ ਜਪਣ, ਸੱਚਾ ਤੇ ਪਵਿੱਤਰ ਜੀਵਣ ਜੀਣ ਅਤੇ ਆਪਸੀ ਭਾਈਚਾਰੇ ਦਾ ਉਪਦੇਸ਼ ਦਿੱਤਾ।ਗੁਰੂ ਸਾਹਿਬ ਨੇ ਸ਼ਾਸਕ ਵਰਗ ਦੁਆਰਾ ਆਮ ਲੋਕਾਂ ਤੇ ਕੀਤੇ ਜਾਣ ਵਾਲੇ ਜੁਲਮਾਂ ਖਿਲਾਫ਼ ਅਵਾਜ਼ ਉਠਾਈ। ਸੰਗਤ ਤੇ ਪੰਗਤ ਨਾਂ ਦੀਆਂ ਸੰਸਥਾਵਾਂ ਦੀ ਨੀਂਹ ਰੱਖੀ। ਗੁਰੂ ਸਾਹਿਬ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਉਪਦੇਸ਼ ਦਿੱਤਾ।ਗੁਰੂ ਸਾਹਿਬ ਨੇ ਗੁਰਗੱਦੀ ਦੀ ਪ੍ਰਥਾ ਸ਼ੁਰੂ ਕੀਤੀ।

**2) ਉਦਾਸੀਆਂ ਤੋਂ ਕੀ ਭਾਵ ਹੈ ? ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦੇ ਕੀ ਉਦੇਸ਼ ਸਨ ?**

ਉੱਤਰ: ਉਦਾਸੀਆਂ ਤੋਂ ਭਾਵ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਤੋਂ ਹੈ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਮੁੱਖ ਉਦੇਸ਼ ਲੋਕਾਂ ਵਿੱਚ ਫੈਲੀ ਅਗਿਆਨਤਾ ਅਤੇ ਅੰਧ ਵਿਸ਼ਵਾਸ਼ਾਂ ਨੂੰ ਦੂਰ ਕਰਨਾ ਸੀ। ਉਹ ਲੋਕਾਂ ਨੂੰ ਇੱਕੋ ਪ੍ਰਮਾਤਮਾ ਦਾ ਨਾਮ ਜਪਣ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣਾ ਚਾਹੁੰਦੇ ਸਨ।ਗੁਰੂ ਸਾਹਿਬ ਦੇ ਸਮੇਂ ਹਿੰਦੂ ਅਤੇ ਮੁਸਲਿਮ ਦੋਵੇਂ ਹੀ ਆਪਣੇ ਧਰਮ ਦੇ ਰਸਤੇ ਤੋਂ ਭਟਕ ਚੁੱਕੇ ਸਨ। ਉਹ ਭ੍ਰਿਸ਼ਟ ਅਤੇ ਆਚਰਣਹੀਣ ਹੋ ਚੁੱਕੇ ਸਨ। ਗੁਰੂ ਸਾਹਿਬ ਉਹਨਾਂ ਨੂੰ ਸਹੀ ਰਸਤੇ ਤੇ ਚਲਾਉਣਾ ਚਾਹੁੰਦੇ ਸਨ।ਗੁਰੂ ਸਾਹਿਬ ਲੋਕਾਂ ਵਿਚਲੇ ਜਾਤ-ਪਾਤ ਦੇ ਭੇਦਭਾਵ ਨੂੰ ਦੂਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਉਦੇਸ਼ ਔਰਤਾਂ ਦੀ ਹਾਲਤ ਵਿੱਚ ਸੁਧਾਰ ਕਰਨਾ ਅਤੇ ਉਹਨਾਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦਿਵਾਉਣਾ ਵੀ ਸੀ।

**3) ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਸਿੱਖਿਆਵਾਂ ਲਿਖੋ।**

ਉੱਤਰ: ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ:


Download Free Study Material From SIKHYA APP

I. ਪ੍ਰਮਾਤਮਾ ਇੱਕ ਹੈ। ਉਹ ਨਿਰਾਕਾਰ ਅਤੇ ਸਰਵਵਿਆਪਕ ਹੈ।

II. ਮਾਇਆ ਮੁਕਤੀ ਦੇ ਰਾਹ ਵਿੱਚ ਆਉਣ ਵਾਲੀ ਸਭ ਤੋਂ ਵੱਡੀ ਰੁਕਾਵਟ ਹੈ।

III. ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮਨੁੱਖ ਦੇ ਪੰਜ ਵੈਰੀ ਹਨ।

IV. ਗੁਰੂ ਸਾਹਿਬ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ।

V. ਗੁਰੂ ਸਾਹਿਬ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦਿੱਤੇ ਜਾਣ ਦੀ ਹਮਾਇਤ ਕੀਤੀ।

**4) ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸਬੰਧੀ ਕੀ ਵਿਚਾਰ ਸਨ ?**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸਬੰਧੀ ਵਿਚਾਰ:

I. ਪ੍ਰਮਾਤਮਾ ਇੱਕ ਹੈ। ਉਹ ਨਿਰਾਕਾਰ ਅਤੇ ਸਰਵਵਿਆਪਕ ਹੈ।

II. ਪ੍ਰਮਾਤਮਾ ਹੀ ਇਸ ਸੰਸਾਰ ਦਾ ਰਚਣਹਾਰ, ਪਾਲਣਹਾਰ ਅਤੇ ਨਾਸ਼ ਕਰਨ ਵਾਲਾ ਹੈ।

III. ਪ੍ਰਮਾਤਮਾ ਸਰਬ ਸ਼ਕਤੀਮਾਨ ਹੈ। ਉਸਦੀ ਇੱਛਾ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ।

IV. ਪ੍ਰਮਾਤਮਾ ਦੇ ਰੂਪ ਹਨ। ਉਹ ਨਿਰਗੁਣ ਹੀ ਹੈ ਅਤੇ ਸਰਗੁਣ ਵੀ।

V. ਪ੍ਰਮਾਤਮਾ ਹੀ ਸਭ ਕੁਝ ਕਰਦਾ ਹੈ।

VI. ਪ੍ਰਮਾਤਮਾ ਨੂੰ ਕਿਸੇ ਦਾ ਡਰ ਨਹੀਂ ਹੈ। ਉਹ ਕਿਸੇ ਲਾਲ ਵੈਰ ਨਹੀਂ ਰੱਖਦਾ।

VII. ਪ੍ਰਮਾਤਮਾ ਆਵਾਗੌਣ ਦੇ ਚੱਕਰ ਤੋਂ ਮੁਕਤ ਹੈ। ਉਹ ਜੂਨਾਂ ਵਿੱਚ ਨਹੀਂ ਪੈਂਦਾ।

**5) ਗੁਰੂ ਨਾਨਕ ਦੇਵ ਜੀ ਕਿਹੜੀਆਂ ਧਾਰਮਿਕ ਰਸਮਾਂ ਅਤੇ ਰਿਵਾਜਾਂ ਦਾ ਖੰਡਨ ਕੀਤਾ ?**

ਉੱਤਰ:

I. ਗੁਰੂ ਸਾਹਿਬ ਨੇ ਪਾਖੰਡਾਂ ਅਤੇ ਕਰਮਕਾਂਡਾਂ ਦਾ ਖੰਡਨ ਕੀਤਾ।

II. ਉਹਨਾਂ ਨੇ ਵੇਦ, ਸ਼ਾਸਤਰ, ਮੂਰਤੀ ਪੂਜਾ, ਤੀਰਥ ਯਾਤਰਾ ਦਾ ਵਿਰੋਧ ਕੀਤਾ।


Download Free Study Material From SIKHYA APP

III. ਉਹਨਾਂ ਨੇ ਜੋਗੀਆਂ ਵੱਲੋਂ ਚਲਾਈਆਂ ਜਾਂਦੀਆਂ ਪ੍ਰਣਾਲੀਆਂ ਨੂੰ ਪ੍ਰਵਾਨ ਨਾ ਕੀਤਾ।

IV. ਗੁਰੂ ਸਾਹਿਬ ਨੇ ਸੰਨਿਆਸ ਅਤੇ ਉਦਾਸੀ ਜੀਵਨ ਨੂੰ ਵੀ ਗਲਤ ਦੱਸਿਆ।

V. ਗੁਰੂ ਸਾਹਿਬ ਅਵਤਾਰਵਾਦ ਵਿੱਚ ਵੀ ਯਕੀਨ ਨਹੀਂ ਰੱਖਦੇ ਸਨ।

**6) ਗੁਰੂ ਨਾਨਕ ਦੇਵ ਜੀ ਅਨੁਸਾਰ ਹਾਕਮ ਬੇਇਨਸਾਫ ਕਿਉਂ ਸਨ ?**

ਉੱਤਰ:

I. ਉਹ ਹਿੰਦੂਆਂ ਤੋਂ ਜ਼ਜ਼ੀਆ ਅਤੇ ਤੀਰਥ ਯਾਤਰਾ ਕਰ ਵਸੂਲਦੇ ਸਨ।

II. ਉਹ ਕਿਸਾਨਾਂ ਤੇ ਆਮ ਲੋਕਾਂ ਤੇ ਜੁਲਮ ਕਰਦੇ ਸਨ।

III. ਉਹ ਰਿਸ਼ਵਤ ਲਏ ਬਿਨਾਂ ਇਨਸਾਫ਼ ਨਹੀਂ ਕਰਦੇ ਸਨ।

**7) ਗੁਰੂ ਨਾਨਕ ਦੇਵ ਜੀ ਅਨੁਸਾਰ ਮਾਇਆ ਦਾ ਸੰਕਲਪ ਕੀ ਸੀ ?**

ਉੱਤਰ:ਗੁਰੂ ਨਾਨਕ ਦੇਵ ਜੀ ਅਨੁਸਾਰ ਮਾਇਆ ਉਸ ਪਰਮ-ਪਿਤਾ ਪ੍ਰਮਾਤਮਾ ਦੀ ਰਚਨਾ ਹੈ। ਇਹ ਇੱਕ ਅਜਿਹ ਸੱਚ ਹੈ ਜਿਸਨੂੰ ਸਮਝਣਾ, ਮੰਨਣਾ ਅਤੇ ਫਿਰ ਤੋੜਣਾ ਵੀ ਬਹੁਤ ਜਰੂਰੀ ਹੈ। ਮਨੁੱਖ ਹਮੇਸ਼ਾ ਸੰਸਾਰਕ ਚੀਜਾਂ ਜਿਵੇਂ ਧਨ, ਉੱਚੇ ਅਹੁਦੇ, ਸੋਹਣੀਆਂ ਨਾਰਾਂ, ਔਲਾਦ ਆਦਿ ਦੇ ਚੱਕਰਾਂ ਵਿੱਚ ਫਸਿਆ ਰਹਿੰਦਾ ਹੈ। ਇਸੇ ਨੂੰ ਮਾਇਆ ਕਹਿੰਦੇ ਹਨ। ਗੁਰੂ ਸਾਹਿਬ ਦੇ ਅਨੁਸਾਰ ਹਰ ਉਹ ਚੀਜ ਜੋ ਮਨੁੱਖ ਦੀ ਈਸ਼ਵਰ ਨਾਲ ਮਿਲਾਪ ਤੋਂ ਰੋਕਦੀ ਹੈ, ਮਾਇਆ ਹੈ। ਮਨੁੱਖ ਮਾਇਆ ਨਾਲ ਪਿਆਰ ਕਰਦਾ ਹੈ ਪਰ ਮਰਨ ਸਮੇਂ ਮਾਇਆ ਉਸ ਨਾਲ ਨਹੀਂ ਜਾਂਦੀ। ਮਾਇਆ ਹੀ ਉਸਨੂੰ ਜਨਮ-ਮਰਨ ਦੇ ਚੱਕਰਾਂ ਵਿੱਚ ਪਾਈ ਰੱਖਦੀ ਹੈ।

**8) ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਿੱਚ ਗੁਰੂ ਦਾ ਕੀ ਮਹੱਤਵ ਹੈ ?**

ਉੱਤਰ: ਗੁਰੂ ਸਾਹਿਬ ਅਨੁਸਾਰ ਗੁਰੂ ਪ੍ਰਮਾਤਮਾ ਤੱਕ ਪਹੁੰਚਣ ਵਾਲੀ ਪੌੜੀ ਹੈ। ਗੁਰੂ ਹੀ ਮਾਇਆ ਦੇ ਮੋਹ ਅਤੇ ਹਉਮੇ ਨੂੰ ਤਿਆਗਣ ਵਿੱਚ ਵਿਅਕਤੀ ਦੀ ਸਹਾਇਤਾ ਕਰਦਾ ਹੈ। ਉਹ ਹੀ ਨਾਮ ਅਤੇ ਸ਼ਬਦ ਦੀ ਅਰਾਧਨਾ ਦੁਆਰਾ ਭਗਤੀ ਦੇ


Download Free Study Material From SIKHYA APP

ਮਾਰਗ ਤੇ ਚੱਲਣ ਦਾ ਤਰੀਕਾ ਦੱਸਦਾ ਹੈ। ਗੁਰੂ ਤੋਂ ਬਿਨਾਂ ਭਗਤੀ ਦਾ ਭਾਵ ਅਤੇ ਗਿਆਨ ਪ੍ਰਾਪਤ ਨਹੀਂ ਹੁੰਦਾ। ਗੁਰੂ ਤੋਂ ਬਿਨਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਭਟਕਦਾ ਰਹਿੰਦਾ ਹੈ। ਸੱਚਾ ਗੁਰੂ ਪ੍ਰਮਾਤਮਾ ਆਪ ਹੈ ਜਿਹੜਾ ਸ਼ਬਦ ਰਾਹੀਂ ਸਿੱਖਿਆ ਪ੍ਰਦਾਨ ਕਰਦਾ ਹੈ।

**9) ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਿੱਚ ਨਾਮ ਦਾ ਕੀ ਮਹੱਤਵ ਹੈ ?**

ਉੱਤਰ: ਗੁਰੂ ਸਾਹਿਬ ਅਨੁਸਾਰ ਨਾਮ ਸਿਮਰਨ ਪ੍ਰਮਾਤਮਾ ਤੱਕ ਪਹੁੰਚਣ ਲਈ ਜਰੂਰੀ ਹੈ। ਇਸ ਨਾਲ ਮਨ ਦੇ ਵਿਕਾਰ ਦੂਰ ਹੁੰਦੇ ਹਨ ਅਤੇ ਹਿਰਦਾ ਨਿਰਮਲ ਹੋ ਜਾਂਦਾ ਹੈ। ਇਸ ਨਾਲ ਮਨੁੱਖ ਦਾ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਉਸਦੇ ਸਾਰੇ ਭਰਮ ਵੀ ਦੂਰ ਹੋ ਜਾਂਦੇ ਹਨ। ਨਾਮ ਸਿਮਰਨ ਕਰਨ ਨਾਲ ਅਕਾਲ ਪੁਰਖ ਆਪ ਮਨੁੱਖ ਦੇ ਕੰਮਾਂ ਵਿੱਚ ਸਹਾਇਕ ਹੁੰਦਾ ਹੈ ਅਤੇ ਮਨੁੱਖ ਦੇ ਸਾਰੇ ਕੰਮ ਅਸਾਨੀ ਨਾਲ ਹੁੰਦੇ ਹਨ। ਨਾਮ ਸਿਮਰਨ ਵਾਲੇ ਵਿਅਕਤੀ ਨੂੰ ਵਾਰ-ਵਾਰ ਜਨਮ-ਮਰਨ ਦੇ ਚੱਕਰ ਵਿੱਚ ਨਹੀਂ ਆਉਣਾ ਪੈਂਦਾ। ਨਾਮ ਤੋਂ ਬਿਨਾਂ ਮਨੁੱਖੀ ਜੀਵਨ ਵਿਅਰਥ ਹੈ।

**10) ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਿੱਚ ਹੁਕਮ ਦਾ ਕੀ ਮਹੱਤਵ ਹੈ ?**

ਉੱਤਰ: ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਹੁਕਮ ਜਾਂ ਭਾਣੇ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਗੁਰੂ ਸਾਹਿਬ ਨੇ ਫਰਮਾਇਆ ਹੈ ਕਿ ਸਾਰਾ ਸੰਸਾਰ ਉਸ ਪ੍ਰਮਾਤਮਾ ਦੇ ਹੁਕਮ ਅਨੁਸਾਰ ਚੱਲਦਾ ਹੈ। ਪ੍ਰਮਾਤਮਾ ਦੇ ਹੁਕਮ ਨਾਲ ਹੀ ਮਨੁੱਖ ਇਸ ਧਰਤੀ ਤੇ ਆਉਂਦਾ ਹੈ ਅਤੇ ਉਸਦੇ ਹੁਕਮ ਅਨੁਸਾਰ ਹੀ ਦੁਨੀਆਂ ਛੱਡ ਕੇ ਚਲਾ ਜਾਂਦਾ ਹੈ। ਹੁਕਮ ਦੁਆਰਾ ਹੀ ਮਨੁੱਖ ਨੂੰ ਵਡਿਆਈ ਪ੍ਰਾਪਤ ਹੁੰਦੀ ਹੈ ਜਾਂ ਉਹ ਨੀਚ ਬਣਦਾ ਹੈ। ਸਾਰੇ ਦੁੱਖ-ਸੁੱਖ ਹੁਕਮ ਕਾਰਨ ਹੀ ਪ੍ਰਾਪਤ ਹੁੰਦੇ ਹਨ। ਜੋ ਮਨੁੱਖ ਪ੍ਰਮਾਤਮਾ ਦੇ ਹੁਕਮ ਜਾਂ ਭਾਣੇ ਨੂੰ ਨਹੀਂ ਮੰਨਦਾ, ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ।

**11) ਗੁਰੂ ਨਾਨਕ ਦੇਵ ਜੀ ਦੇ ਇਸਤਰੀ ਜਾਤੀ ਸਬੰਧੀ ਕੀ ਵਿਚਾਰ ਸਨ ?**

ਉੱਤਰ: ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਨਾਲ ਸਬੰਧਤ ਬੁਰਾਈਆਂ ਜਿਵੇਂ ਪਰਦਾ ਪ੍ਰਥਾ, ਸਤੀ ਪ੍ਰਥਾ ਆਦਿ ਦਾ ਜੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਉਹਨਾਂ ਨੇ ਸਮਾਜ ਵਿੱਚ ਇਸਤਰੀਆਂ ਦਾ ਆਦਰ-ਸਤਕਾਰ ਵਧਾਉਣ ਲਈ ਇੱਕ


Download Free Study Material From SIKHYA APP

ਜੋਰਦਾਰ ਮੁਹਿੰਮ ਚਲਾਈ। ਉਹਨਾਂ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਦੇਣ ਦੀ ਹਮਾਇਤ ਕੀਤੀ। ਉਹਨਾਂ ਨੇ ਇਸਤਰੀਆਂ ਨੂੰ ਸੰਗਤ ਅਤੇ ਪੰਗਤ ਵਿੱਚ ਸ਼ਾਮਿਲ ਹੋਣ ਦੀ ਆਗਿਆ ਦੇ ਕੇ ਇੱਕ ਕ੍ਰਾਂਤੀਕਾਰੀ ਕਦਮ ਚੁੱਕਿਆ। ਗੁਰੂ ਸਾਹਿਬ ਦਾ ਕਹਿਣਾ ਸੀ ਕਿ ਰਾਜਿਆਂ ਅਤੇ ਮਹਾਂਪੁਰਸ਼ਾਂ ਨੂੰ ਜਨਮ ਦੇਣ ਵਾਲੀ ਇਸਤਰੀ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ। ਉਹ ਇਸਤਰੀਆਂ ਨੂੰ ਸਿੱਖਿਆ ਦਿਵਾਉਣ ਦੇ ਹੱਕ ਵਿੱਚ ਸਨ।

**12) ਗੁਰੂ ਨਾਨਕ ਦੇਵ ਜੀ ਦੇ ਜਾਤੀ ਪ੍ਰਥਾ ਸਬੰਧੀ ਕੀ ਵਿਚਾਰ ਸਨ ?**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਸਮੇਂ ਜਾਤੀ ਪ੍ਰਥਾ ਕਠੋਰ ਰੂਪ ਧਾਰਨ ਕਰ ਚੁੱਕੀ ਸੀ। ਹਿੰਦੂ ਸਮਾਜ ਚਾਰ ਜਾਤਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਲੋਕ ਆਪਣੀਆਂ ਉੱਚੀਆਂ ਜਾਤਾਂ ਦਾ ਬਹੁਤ ਮਾਣ ਕਰਦੇ ਸਨ। ਨੀਵੀਆਂ ਜਾਤਾਂ ਵਾਲੇ ਲੋਕਾਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਜਾਤ-ਪਾਤ ਅਤੇ ਛੂਆ-ਛਾਤ ਦਾ ਖੰਡਨ ਕੀਤਾ। ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਦੇ ਦਰਬਾਰ ਵਿੱਚ ਅਮਲਾਂ ਨਾਲ ਹੀ ਨਿਬੇੜਾ ਹੁੰਦਾ ਹੈ ਅਤੇ ਕਿਸੇ ਦੀ ਜਾਤ ਨਹੀਂ ਪੁੱਛੀ ਜਾਂਦੀ। ਗੁਰੂ ਸਾਹਿਬ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਚਲਾ ਕੇ ਜਾਤੀ ਪ੍ਰਥਾ ਤੇ ਕਰੜੀ ਸੱਟ ਮਾਰੀ। ਗੁਰੂ ਸਾਹਿਬ ਨੇ ਹਮੇਸ਼ਾ ਆਪਣੇ ਆਪ ਨੂੰ ਨਿਮਨ ਜਾਤੀਆਂ ਅਤੇ ਨੀਵੇਂ ਵਰਗਾਂ ਨਾਲ ਜੋੜਿਆ। ਉਹਨਾਂ ਨੇ ਹਮੇਸ਼ਾ ਹੀ ਆਪਸੀ ਭਾਈਚਾਰੇ ਦਾ ਉਪਦੇਸ਼ ਦਿੱਤਾ।

**13) ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਪੰਜਾਬ ਤੇ ਕੀ ਪ੍ਰਭਾਵ ਪਿਆ ?**

ਉੱਤਰ: ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸਿਰਫ ਸਿੱਖਾਂ ਜਾਂ ਪੰਜਾਬੀਆਂ ਲਈ ਨਹੀਂ ਸਗੋਂ ਸਾਰੀ ਮਨੁੱਖਤਾ ਲਈ ਸਨ। ਕੋਈ ਵੀ ਵਿਅਕਤੀ ਉਹਨਾਂ ਦੁਆਰਾ ਦੱਸੇ ਗਏ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਸੀ। ਉਹਨਾਂ ਨੇ ਆਪਦਾ ਸਾਰਾ ਜੀਵਨ ਲੋਕਾਂ ਵਿੱਚ ਪ੍ਰਚਲਿਤ ਅੰਧਵਿਸ਼ਵਾਸਾਂ ਅਤੇ ਕੁਰੀਤੀਆਂ ਨੂੰ ਖਤਮ ਕਰਨ ਲਈ ਲਗਾ ਦਿੱਤਾ। ਉਹਨਾਂ ਨੇ ਸਮਾਨਤਾ ਦਾ ਪ੍ਰਚਾਰ ਕੀਤਾ ਅਤੇ ਜਾਤੀ ਪ੍ਰਥਾ ਦਾ ਖੰਡਨ ਕੀਤਾ। ਉਹਨਾਂ ਨੇ ਇਸਤਰੀਆਂ ਦੇ ਹੱਕਾਂ ਲਈ ਅਵਾਜ ਉਠਾਈ ਅਤੇ ਉਹਨਾਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਦਰਜਾ ਦੇਣ ਦੀ ਹਮਾਇਤ ਕੀਤੀ। ਸਮਾਜਕ ਸਮਾਨਤਾ ਲਈ


Download Free Study Material From SIKHYA APP

ਗੁਰੂ ਸਾਹਿਬ ਨੇ ਸੰਗਤ ਤੇ ਪੰਗਤ ਨਾਂ ਦੀ ਸੰਸਥਾ ਸ਼ੁਰੂ ਕੀਤੇ ਪਿੰਜਾਬ ਦੇ ਲੱਖਾਂ ਲੋਕ ਗੁਰੂ ਸਾਹਿਬ ਦੇ ਪੈਰੋਕਾਰ ਬਣੇ ਅਤੇ ਉਹਨਾਂ ਨੇ ਉੱਚੀਆਂ ਕਦਰਾਂ ਕੀਮਤਾਂ ਨੂੰ ਅਪਣਾਇਆ।

14) **ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਿੱਚ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਕੀ ਮਹੱਤਵ ਹੈ ?**

ਉੱਤਰ: **ਨਾਮ ਜਪਣਾ**: ਸਿੱਖ ਪੰਥ ਵਿੱਚ ਨਾਮ ਜਪਣ ਜਾਂ ਸਿਮਰਨ ਨੂੰ ਬਹੁਤ ਉੱਚਾ ਸਥਾਨ ਦਿੱਤਾ ਗਿਆ ਹੈ। ਗੁਰਬਾਣੀ ਅਨੁਸਾਰ ਨਾਮ ਜਪਣ ਨਾਲ ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ ਅਤੇ ਮਨ ਨਿਰਮਲ ਹੋ ਜਾਂਦਾ ਹੈ। ਇਸ ਨਾਲ ਮਨੁੱਖ ਦੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸਦੇ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਨਾਮ ਸਿਮਰਨ ਕਰਨ ਵਾਲੇ ਵਿਅਕਤੀ ਦੀ ਸਹਾਇਤਾ ਪ੍ਰਮਾਤਮਾ ਆਪ ਕਰਦਾ ਹੈ ਅਤੇ ਉਸ ਵਿਅਕਤੀ ਦੇ ਸਾਰੇ ਕੰਮ ਆਪਣੇ ਆਪ ਹੀ ਠੀਕ ਹੋ ਜਾਂਦੇ ਹਨ।

**ਕਿਰਤ ਕਰਨੀ**: ਕਿਰਤ ਕਰਨਾ ਤੋਂ ਭਾਵ ਹੈ ਹੱਕ ਦੀ ਕਮਾਈ ਕਰਨਾ। ਕਿਰਤ ਕਰਨਾ ਪ੍ਰਮਾਤਮਾ ਦਾ ਹੁਕਮ ਹੈ। ਹਰ ਵਿਅਕਤੀ ਨੂੰ ਕਿਰਤ ਕਰਕੇ ਆਪਣਾ ਪੇਟ ਪਾਲਣਾ ਚਾਹੀਦਾ ਹੈ। ਜੋ ਵਿਅਕਤੀ ਕਿਰਤ ਨਹੀਂ ਕਰਦਾ, ਉਹ ਆਪਣਾ ਸਰੀਰ ਰਿਸ਼ਟ-ਪੁਸ਼ਟ ਨਹੀਂ ਰੱਖ ਸਕਦਾ। ਅਜਿਹਾ ਵਿਅਕਤੀ ਅਸਲ ਵਿੱਚ ਪ੍ਰਮਾਤਮਾ ਦੇ ਖਿਲਾਫ਼ ਗੁਨਾਹ ਕਰਦਾ ਹੈ।

**ਵੰਡ ਛਕਣਾ**: ਸਿੱਖ ਧਰਮ ਵਿੱਚ ਵੰਡ ਛਕਣ ਨੂੰ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਸਿੱਖ ਧਰਮ ਖਾਣ ਤੋਂ ਬਾਅਦ ਵੰਡਣ ਦੀ ਨਹੀਂ ਸਗੋਂ ਵੰਡਣ ਤੋਂ ਬਾਅਦ ਖਾਣ ਦੀ ਸਿੱਖਿਆ ਦਿੰਦਾ ਹੈ।ਇਸ ਵਿੱਚ ਦੂਜਿਆਂ ਨੂੰ ਆਪਣਾ ਭੈਣ-ਭਰਾ ਸਮਝਣ ਅਤੇ ਉਹਨਾਂ ਨੂੰ ਪਹਿਲਾਂ ਵੰਡਣ ਦੀ ਪ੍ਰੇਰਣਾ ਦਿੱਤੀ ਗਈ ਹੈ।

15) **ਗੁਰੂ ਨਾਨਕ ਦੇਵ ਜੀ ਇੱਕ ਮਹਾਨ ਕਵੀ ਅਤੇ ਸੰਗੀਤਕਾਰ ਵੀ ਸਨ। ਵਿਆਖਿਆ ਕਰੋ।**

ਉੱਤਰ: ਗੁਰੂ ਨਾਨਕ ਦੇਵ ਜੀ ਨਾ ਸਿਰਫ ਇੱਕ ਮਹਾਂਪੁਰਖ ਸਨ ਸਗੋਂ ਉੱਚ ਕੋਟੀ ਦੇ ਕਵੀ ਅਤੇ ਸੰਗੀਤਕਾਰ ਵੀ ਸਨ। ਉਹਨਾਂ ਨੇ ਉੱਚ ਕੋਟੀ ਦੀਆਂ ਕਵਿਤਾਵਾਂ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਆਪ ਜੀ ਦੇ 976 ਸ਼ਬਦ, ਆਪ ਦੇ ਮਹਾਨ ਕਵੀ ਹੋਣ ਦਾ ਪ੍ਰਮਾਣ ਹਨ। ਗੁਰੂ ਸਾਹਿਬ ਨੇ ਆਪਣੀਆਂ ਰਚਨਾਵਾਂ ਵਿੱਚ ਕੁਦਰਤ ਅਤੇ ਮਨੁੱਖਤਾ ਦਾ ਬਹੁਤ ਸੋਹਣੇ ਢੰਗ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿੱਚ ਉਪਮਾਵਾਂ ਅਤੇ ਅਲੰਕਾਰਾਂ ਦੀ


Download Free Study Material From SIKHYA APP

ਵਰਤੋਂ ਬਹੁਤ ਸ਼ਾਨਦਾਰ ਹੈ। ਆਪ ਜੀ ਦੁਆਰਾ ਸੰਖੇਪ ਸ਼ਬਦਾਂ ਵਿੱਚ ਬਹੁਤ ਹੀ ਡੂੰਘੀਆਂ ਗੱਲਾਂ ਆਖੀਆਂ ਗਈਆਂ ਹਨ। ਗੁਰੂ ਸਾਹਿਬ ਪਹਿਲੇ ਅਜਿਹੇ ਸੁਧਾਰਕ ਸਨ ਜਿਨ੍ਹਾਂ ਨੇ ਆਪਣੇ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਦੀ ਵਰਤੋਂ ਕੀਤੀ। ਉਹ ਕਈ ਰਾਗਾਂ ਤੋਂ ਜਾਣੂ ਸਨ ਅਤੇ ਉਹਨਾਂ ਦੇ ਕੀਰਤਨ ਨੂੰ ਸੁਣ ਕੇ ਵੱਡੇ-ਵੱਡੇ ਪਾਪੀ ਵੀ ਉਹਨਾਂ ਦੇ ਚਰਣੀਂ ਪੈ ਜਾਂਦੇ ਸਨ।

16) **ਗੁਰੂ ਨਾਨਕ ਦੇਵ ਜੀ ਸਿੱਖਿਆਵਾਂ ਦੂਜੇ ਭਗਤੀ ਸੁਧਾਰਕਾਂ ਤੋਂ ਕਿਵੇਂ ਭਿੰਨ ਸਨ ?**

ਉੱਤਰ: ਅਨੇਕਾਂ ਭਗਤੀ ਸੁਧਾਰਕਾਂ ਨੇ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਵਤਾਰ ਦੱਸਿਆ ਪਰ ਗੁਰੂ ਸਾਹਿਬ ਜੀ ਅਨੁਸਾਰ ਪ੍ਰਮਾਤਮਾ ਨਿਰਾਕਾਰ ਹੈ। ਉਹ ਕਦੇ ਵੀ ਮਨੁੱਖੀ ਰੂਪ ਧਾਰਨ ਨਹੀਂ ਕਰਦਾ। ਭਗਤੀ ਸੁਧਾਰਕ ਮੂਰਤੀ ਪੂਜਾ ਵਿੱਚ ਵਿਸ਼ਵਾਸ ਰੱਖਦੇ ਸਨ ਪਰ ਗੁਰੂ ਸਾਹਿਬ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ। ਭਗਤੀ ਸੁਧਾਰਕ ਗ੍ਰਹਿਸਥ ਨੂੰ ਮੁਕਤੀ ਪ੍ਰਾਪਤੀ ਦੇ ਰਸਤੇ ਵਿੱਚ ਰੁਕਾਵਟ ਮੰਨਦੇ ਸਨ ਜਦੋਂ ਕਿ ਗੁਰੂ ਸਾਹਿਬ ਨੇ ਗ੍ਰਹਿਸਥ ਵਿੱਚ ਰਹਿੰਦਿਆਂ ਹੋਇਆਂ ਰੱਬ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ।ਗੁਰੂ ਸਾਹਿਬ ਨੇ ਸੰਗਤ ਅਤੇ ਪੰਗਤ ਨਾਂ ਦੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਜਦੋਂ ਕਿ ਕਿਸੇ ਹੋਰ ਭਗਤੀ ਸੰਤ ਨੇ ਅਜਿਹੀ ਕਿਸੇ ਸੰਸਥਾ ਦੀ ਸਥਾਪਨਾ ਨਹੀਂ ਕੀਤੀ।ਬਹੁਤ ਸਾਰੇ ਭਗਤੀ ਸੰਤਾਂ ਨੇ ਸੰਸਕ੍ਰਿਤ ਨੂੰ ਪਵਿੱਤਰ ਭਾਸ਼ਾ ਮੰਨਿਆ ਹੈ ਪਰ ਗੁਰੂ ਸਾਹਿਬ ਨੇ ਅਜਿਹਾ ਨਾ ਮੰਨਿਆ ਅਤੇ ਆਪਣਾ ਪ੍ਰਚਾਰ ਪੰਜਾਬੀ ਭਾਸ਼ਾ ਵਿੱਚ ਕੀਤਾ।

17) **ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਦੇ ਆਖਰੀ 18 ਵਰ੍ਹੇ ਕਿਵੇਂ ਬਤੀਤ ਕੀਤੇ ?**

ਉੱਤਰ: 1521 ਈ: ਵਿੱਚ ਗੁਰੂ ਨਾਨਕ ਦੇਵ ਜੀ ਨੇ ਰਾਵੀ ਨਦੀ ਦੇ ਕੰਢੇ ਤੇ ਕਰਤਾਰਪੁਰ ਸਾਹਿਬ ਨਾਮਕ ਨਗਰ ਦੀ ਸਥਾਪਨਾ ਕੀਤੀ। ਇਸ ਸਥਾਨ ਤੇ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨਾਲ ਅੰਤਮ 18 ਵਰ੍ਹੇ ਬਿਤਾਏ। ਇਸ ਸਮੇਂ ਦੌਰਾਨ ਹੀ ਗੁਰੂ ਸਾਹਿਬ ਨੇ ਸੰਗਤ ਅਤੇ ਪੰਗਤ ਨਾਂ ਦੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ। ਇਹ ਸੰਸਥਾਵਾਂ ਜਾਤ-ਪਾਤ, ਛੂਆ-ਛਾਤ ਅਤੇ ਭੇਦ-ਭਾਵ ਨੂੰ ਦੂਰ ਕਰਨ ਵਿੱਚ ਬਹੁਤ ਸਹਾਇਕ ਸਿੱਧ ਹੋਈਆਂ।ਕਰਤਾਰਪੁਰ ਸਾਹਿਬ ਵਿੱਚ ਹਰ ਰੋਜ ਸੰਗਤ


Download Free Study Material From SIKHYA APP

ਇਕੱਠੀ ਹੁੰਦੀ ਅਤੇ ਗੁਰੂ ਸਾਹਿਬ ਦਾ ਕੀਰਤਨ ਸੁਣਦੀ ਸੀ।ਇਸ ਦੌਰਾਨ ਹੀ ਗੁਰੂ ਸਾਹਿਬ ਨੇ 976 ਸ਼ਬਦਾਂ ਅਤੇ ਕਈ ਬਾਣੀਆਂ ਦੀ ਰਚਨਾ ਕੀਤੀ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1) **ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਸੰਖੇਪ ਵਿੱਚ ਵਰਣਨ ਕਰੋ।**

ਉੱਤਰ:

I. **ਜਨਮ ਅਤੇ ਮਾਤਾ-ਪਿਤਾ:** ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ: ਨੂੰ ਰਾਇ ਭੋਏ ਕੀ ਤਲਵੰਡੀ ਵਿਖੇ ਹੋਇਆ। ਇਸ ਸਥਾਨ ਹੁਣ ਪਾਕਿਸਤਾਨ ਵਿੱਚ ਹੈ ਅਤੇ ਇਸਨੂੰ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਂ ਤ੍ਰਿਪਤਾ ਜੀ ਸੀ।ਗੁਰੂ ਸਾਹਿਬ ਦੀ ਇੱਕ ਭੈਣ ਸੀ ਜਿਸਦਾ ਨਾਂ ਬੀਬੀ ਨਾਨਕੀ ਸੀ।

II. **ਬਚਪਨ:** ਗੁਰੂ ਸਾਹਿਬ ਬਚਪਨ ਤੋਂ ਹੀ ਗੰਭੀਰ ਸੁਭਾਅ ਵਾਲੇ ਸਨ। ਉਹਨਾਂ ਦਾ ਧਿਆਨ ਖੇਡਾਂ ਵੱਲ ਘੱਟ ਅਤੇ ਪ੍ਰਮਾਤਮਾ ਦੀ ਭਗਤੀ ਵੱਲ ਜਿਆਦਾ ਰਹਿੰਦਾ ਸੀ।

III. **ਸਿੱਖਿਆ:** ਗੁਰੂ ਸਾਹਿਬ ਨੇ ਹਿੰਦੀ ਅਤੇ ਗਣਿਤ ਦੀ ਸਿੱਖਿਆ ਪੰਡਤ ਗੋਪਾਲ ਕੋਲੋਂ, ਸੰਸਕ੍ਰਿਤ ਦੀ ਸਿੱਖਿਆ ਪੰਡਤ ਬ੍ਰਿਜਨਾਥ ਕੋਲੋਂ ਅਤੇ ਫ਼ਾਰਸੀ ਤੇ ਅਰਬੀ ਦੀ ਸਿੱਖਿਆ ਮੌਲਵੀ ਰੁਕਨਦੀਨ ਕੋਲੋਂ ਹਾਸਲ ਕੀਤੀ। ਉਹਨਾਂ ਦੇ ਸਾਰੇ ਹੀ ਅਧਿਆਪਕ ਉਹਨਾਂ ਦੇ ਅਧਿਆਤਮਕ ਗਿਆਨ ਤੋਂ ਬਹੁਤ ਹੈਰਾਨ ਅਤੇ ਪ੍ਰਭਾਵਿਤ ਹੋਏ।

IV. **ਜਨੇਊ ਪਾਉਣ ਦੀ ਰਸਮ:** ਜਦੋਂ ਗੁਰੂ ਸਾਹਿਬ 9 ਸਾਲ ਦੇ ਹੋਏ ਤਾਂ ਉਹਨਾਂ ਨੂੰ ਜਨੇਊ ਪਹਿਣਾਉਣ ਲਈ ਪੁਰੋਹਿਤ ਹਰਦਿਆਲ ਨੂੰ ਬੁਲਾਇਆ ਗਿਆ। ਗੁਰੂ ਸਾਹਿਬ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਸਿਰਫ ਦਇਆ, ਸੰਤੋਖ, ਜਤ ਅਤੇ ਸਤ ਦਾ ਬਣਿਆ ਹੋਇਆ ਜਨੇਊ ਹੀ ਪਾਉਣਗੇ ਜਿਹੜਾ ਨਾ ਟੁੱਟੇ, ਨਾ ਸੜੇ ਅਤੇ ਨਾ ਹੀ ਮੈਲਾ ਹੋ ਸਕੇ।


Download Free Study Material From SIKHYA APP

V. **ਵੱਖ-ਵੱਖ ਕਿੱਤੇ**: ਗੁਰੂ ਸਾਹਿਬ ਦੇ ਅਧਿਆਤਮਕ ਸੁਭਾਅ ਕਾਰਨ ਉਹਨਾਂ ਦੇ ਪਿਤਾ ਮਹਿਤਾ ਕਾਲੂ ਜੀ ਬਹੁਤ ਚਿੰਤਤ ਰਹਿੰਦੇ ਸਨ। ਉਹਨਾਂ ਨੇ ਗੁਰੂ ਸਾਹਿਬ ਨੂੰ ਕਈ ਕਿੱਤਿਆਂ ਜਿਵੇਂ ਪਸ਼ੂ ਚਰਾਉਣਾ, ਖੇਤੀਬਾੜੀ, ਵਪਾਰ ਆਦਿ ਵਿੱਚ ਲਾਉਣ ਦਾ ਯਤਨ ਕੀਤਾ ਪਰ ਗੁਰੂ ਸਾਹਿਬ ਦਾ ਮਨ ਇਹਨਾਂ ਕਿੱਤਿਆਂ ਵੱਲ ਨਾ ਲੱਗਿਆ।

VI. **ਵਿਆਹ ਅਤੇ ਸੰਤਾਨ**: 14 ਸਾਲ ਦੀ ਉਮਰ ਵਿੱਚ ਗੁਰੂ ਸਾਹਿਬ ਦਾ ਵਿਆਹ ਬਟਾਲਾ ਦੇ ਭਾਈ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਉਹਨਾਂ ਦੇ ਘਰ ਦੋ ਪੁੱਤਰਾਂ ਸ੍ਰੀ ਚੰਦ ਅਤੇ ਲੱਖਮੀ ਦਾਸ ਨੇ ਜ਼ਨਮ ਲਿਆ।

VII. **ਮੋਦੀਖਾਨੇ ਵਿੱਚ ਨੌਕਰੀ**: 20 ਸਾਲ ਦੀ ਉਮਰ ਵਿੱਚ ਗੁਰੂ ਸਾਹਿਬ ਦੇ ਪਿਤਾ ਜੀ ਨੇ ਉਹਨਾਂ ਨੂੰ ਉਹਨਾਂ ਦੀ ਭੈਣ ਬੀਬੀ ਨਾਨਕੀ ਕੋਲ ਭੇਜ਼ ਦਿੱਤਾ। ਗੁਰੂ ਸਾਹਿਬ ਦੇ ਜੀਜਾ ਜੀ ਜੈ ਰਾਮ ਨੇ ਗੁਰੂ ਸਾਹਿਬ ਨੂੰ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿੱਚ ਨੌਕਰੀ ਲਗਵਾ ਦਿੱਤਾ। ਗੁਰੂ ਸਾਹਿਬ ਨੇ ਇੱਥੇ ਬਹੁਤ ਯੋਗਤਾ ਨਾਲ ਕੰਮ ਕੀਤਾ।ਜਿਹੜਾ ਕੁਝ ਉਹਨਾਂ ਨੂੰ ਨੌਕਰੀ ਕਰਕੇ ਪ੍ਰਾਪਤ ਹੁੰਦਾ ਸੀ, ਉਹ ਗਰੀਬਾਂ ਨੂੰ ਵੰਡ ਦਿੰਦੇ ਸਨ।

VIII. **ਗਿਆਨ ਦੀ ਪ੍ਰਾਪਤੀ**: 30 ਸਾਲ ਦੀ ਉਮਰ ਵਿੱਚ ਸੁਲਤਾਨਪੁਰ ਵਿਖੇ ਬੇਈਂ ਨਦੀ ਦੇ ਕੰਢੇ ਗੁਰੂ ਨਾਨਕ ਦੇਵ ਜੀ ਨੂੰ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਪ੍ਰਾਪਤੀ ਤੋਂ ਬਾਅਦ ਉਹਨਾਂ ਨੇ ਸ਼ਬਦ ਉਚਾਰਿਆ,"ਨਾ ਕੋ ਹਿੰਦੂ ਨਾ ਕੋ ਮੁਸਲਮਾਨ"।

IX. **ਉਦਾਸੀਆਂ**: ਗਿਆਨ ਪ੍ਰਾਪਤੀ ਤੋਂ ਬਾਅਦ 1499 ਈ: ਵਿੱਚ ਗੁਰੂ ਸਾਹਿਬ ਲੋਕਾਂ ਵਿਚਲੀ ਅਗਿਆਨਤਾ ਨੂੰ ਦੂਰ ਕਰਨ, ਉਹਨਾਂ ਨੂੰ ਅੰਧਵਿਸ਼ਵਾਸ਼ਾਂ ਤੋ ਬਾਹਰ ਕੱਢਣ, ਇੱਕ ਪ੍ਰਮਾਤਮਾ ਦੀ ਪੂਜਾ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਲਈ ਧਾਰਮਿਕ ਯਾਤਰਾਵਾਂ ਤੇ ਚਲੇ ਗਏ ਜਿਹਨਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ।

X. **ਕਰਤਾਰਪੁਰ ਸਾਹਿਬ ਦੀ ਸਥਾਪਨਾ**: ਉਦਾਸੀਆਂ ਤੋਂ ਵਾਪਸ ਆ ਕੇ 1521 ਈ: ਵਿੱਚ ਗੁਰੂ ਸਾਹਿਬ ਨੇ ਰਾਵੀ ਨਦੀ ਦੇ ਕੰਢੇ ਤੇ ਕਰਤਾਰਪੁਰ ਸਾਹਿਬ ਨਾਮਕ ਨਗਰ ਦੀ ਸਥਾਪਨਾ ਕੀਤੀ। ਇੱਥੇ ਗੁਰੂ ਸਾਹਿਬ ਨੇ ਆਪਣੇ ਪਰਿਵਾਰ


Download Free Study Material From SIKHYA APP

ਆਪਣੇ ਜੀਵਨ ਦੇ ਅੰਤਮ 18 ਵਰ੍ਹੇ ਬਿਤਾਏ। ਇਸ ਥਾਂ ਤੇ ਹੀ ਗੁਰੂ ਸਾਹਿਬ ਨੇ ਲੰਗਰ ਅਤੇ ਸੰਗਤ ਦੀ ਪ੍ਰਥਾ ਸ਼ੁਰੂ ਕੀਤੀ।ਇਸ ਸਥਾਨ ਤੇ ਹੀ ਗੁਰੂ ਸਾਹਿਬ ਨੇ ਬਹੁਤ ਸਾਰੀ ਗੁਰਬਾਣੀ ਦੀ ਰਚਨਾ ਕੀਤੀ।

XI. **ਜੋਤੀ ਜੋਤਿ ਸਮਾਉਣਾ:** 1539 ਈ: ਵਿੱਚ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਗੁਰਗੱਦੀ ਦੇ ਦਿੱਤੀ ਅਤੇ ਜੋਤੀ ਜੋਤਿ ਸਮਾ ਗਏ।

**2) ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ/ਵਿਚਾਰਾਂ ਦਾ ਵਰਣਨ ਕਰੋ।**

ਉੱਤਰ: ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ£ ਵਿਚਾਰਾਂ ਨੂੰ ਹੇਠ ਲਿਖੇ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

I. **ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸਬੰਧੀ ਵਿਚਾਰ:**

i. ਪ੍ਰਮਾਤਮਾ ਇੱਕ ਹੈ। ਉਹ ਨਿਰਾਕਾਰ ਅਤੇ ਸਰਵਵਿਆਪਕ ਹੈ।

ii. ਪ੍ਰਮਾਤਮਾ ਹੀ ਇਸ ਸੰਸਾਰ ਦਾ ਰਚਣਹਾਰ, ਪਾਲਣਹਾਰ ਅਤੇ ਨਾਸ਼ ਕਰਨ ਵਾਲਾ ਹੈ।

iii. ਪ੍ਰਮਾਤਮਾ ਸਰਬ ਸ਼ਕਤੀਮਾਨ ਹੈ। ਉਸਦੀ ਇੱਛਾ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ।

iv. ਪ੍ਰਮਾਤਮਾ ਦੇ ਦੋ ਰੂਪ ਹਨ। ਉਹ ਨਿਰਗੁਣ ਹੀ ਹੈ ਅਤੇ ਸਰਗੁਣ ਵੀ।

v. ਪ੍ਰਮਾਤਮਾ ਹੀ ਸਭ ਕੁਝ ਕਰਦਾ ਹੈ।

vi. ਪ੍ਰਮਾਤਮਾ ਨੂੰ ਕਿਸੇ ਦਾ ਡਰ ਨਹੀਂ ਹੈ। ਉਹ ਕਿਸੇ ਲਾਲ ਵੈਰ ਨਹੀਂ ਰੱਖਦਾ।

vii. ਪ੍ਰਮਾਤਮਾ ਆਵਾਗੌਣ ਦੇ ਚੱਕਰ ਤੋਂ ਮੁਕਤ ਹੈ। ਉਹ ਜੂਨਾਂ ਵਿੱਚ ਨਹੀਂ ਪੈਂਦਾ।

II. **ਮਨਮੁੱਖ ਵਿਅਕਤੀ ਦਾ ਸਰੂਪ:**

i. ਮਨਮੁੱਖ ਵਿਅਕਤੀ ਹਮੇਸ਼ਾ ਮਾਇਆ ਦੇ ਜਾਲ ਵਿੱਚ ਫਸਿਆ ਰਹਿੰਦਾ ਹੈ।ਹਰ ਉਹ ਚੀਜ ਜੋ ਮਨੁੱਖ ਦੀ ਈਸ਼ਵਰ ਨਾਲ ਮਿਲਾਪ ਤੋਂ ਰੋਕਦੀ ਹੈ, ਮਾਇਆ ਹੈ। ਮਨਮੁੱਖ ਵਿਅਕਤੀ ਮਾਇਆ ਨਾਲ ਪਿਆਰ ਕਰਦਾ ਹੈ ਪਰ ਮਰਨ ਸਮੇਂ ਮਾਇਆ ਉਸ ਨਾਲ ਨਹੀਂ ਜਾਂਦੀ।


Download Free Study Material From SIKHYA APP

ii. ਮਨਮੁੱਖ ਵਿਅਕਤੀ ਵਿੱਚ ਹਉਮੈ ਦੀ ਭਾਵਨਾ ਬਹੁਤ ਪ੍ਰਬਲ ਹੁੰਦੀ ਹੈ। ਹਉਮੈ ਕਾਰਨ ਉਹ ਪ੍ਰਮਾਤਮਾ ਦਾ ਹੁਕਮ ਨਹੀਂ ਮੰਨਦਾ ਅਤੇ ਮਨਮਰਜੀ ਕਰਦਾ ਹੈ।

iii. ਇੰਦਰੀਆਂ ਦਾ ਗੁਲਾਮ: ਮਨਮੁੱਖ ਵਿਅਕਤੀ ਇੰਦਰੀਆਂ ਦਾ ਗੁਲਾਮ ਹੁੰਦਾ ਹੈ। ਉਹ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਦੇ ਚੱਕਰ ਵਿੱਚ ਪਾਪ ਕਰਦਾ ਹੈ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

III. **ਕੁਰੀਤੀਆਂ ਜਿਹਨਾਂ ਦਾ ਗੁਰੂ ਨਾਨਕ ਦੇਵ ਜੀ ਨੇ ਖੰਡਨ ਕੀਤਾ:**

i. ਗੁਰੂ ਸਾਹਿਬ ਨੇ ਪਾਖੰਡਾਂ ਅਤੇ ਕਰਮਕਾਂਡਾਂ ਦਾ ਖੰਡਨ ਕੀਤਾ।

ii. ਉਹਨਾਂ ਨੇ ਵੇਦ, ਸ਼ਾਸਤਰ, ਮੂਰਤੀ ਪੂਜਾ, ਤੀਰਥ ਯਾਤਰਾ ਦਾ ਵਿਰੋਧ ਕੀਤਾ।

iii. ਉਹਨਾਂ ਨੇ ਜੋਗੀਆਂ ਵੱਲੋਂ ਚਲਾਈਆਂ ਜਾਂਦੀਆਂ ਪ੍ਰਣਾਲੀਆਂ ਨੂੰ ਪ੍ਰਵਾਨ ਨਾ ਕੀਤਾ।

iv. ਗੁਰੂ ਸਾਹਿਬ ਨੇ ਸੰਨਿਆਸ ਅਤੇ ਉਦਾਸੀ ਜੀਵਨ ਨੂੰ ਵੀ ਗਲਤ ਦੱਸਿਆ।

v. ਗੁਰੂ ਸਾਹਿਬ ਅਵਤਾਰਵਾਦ ਵਿੱਚ ਵੀ ਯਕੀਨ ਨਹੀਂ ਰੱਖਦੇ ਸਨ।

vi. ਗੁਰੂ ਸਾਹਿਬ ਨੇ ਜਾਤੀ ਪ੍ਰਥਾ ਅਤੇ ਇਸਤਰੀਆਂ ਨਾਲ ਮਾੜੇ ਸਲੂਕ ਦਾ ਖੰਡਨ ਕੀਤਾ।

IV. **ਮੁਕਤੀ ਪ੍ਰਾਪਤੀ ਦੇ ਸਾਧਨ:**

i. ਮੁਕਤੀ ਪ੍ਰਾਪਤੀ ਲਈ ਗੁਰੂ ਦਾ ਹੋਣਾ ਜਰੂਰੀ ਹੈ। ਗੁਰੂ ਪ੍ਰਮਾਤਮਾ ਤੱਕ ਪਹੁੰਚਣ ਵਾਲੀ ਪੌੜੀ ਹੈ। ਗੁਰੂ ਤੋਂ ਬਿਨਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਭਟਕਦਾ ਰਹਿੰਦਾ ਹੈ।

ii. ਪ੍ਰਮਾਤਮਾ ਤੱਕ ਪਹੁੰਚਣ ਲਈ ਨਾਮ-ਸਿਮਰਨ ਬਹੁਤ ਜਰੂਰੀ ਹੈ।ਨਾਮ ਸਿਮਰਨ ਵਾਲੇ ਵਿਅਕਤੀ ਨੂੰ ਵਾਰ-ਵਾਰ ਜਨਮ-ਮਰਨ ਦੇ ਚੱਕਰ ਵਿੱਚ ਨਹੀਂ ਆਉਣਾ ਪੈਂਦਾ।


Download Free Study Material From SIKHYA APP

iii. ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਹੁਕਮ ਜਾਂ ਭਾਣੇ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਪ੍ਰਮਾਤਮਾ ਦੇ ਹੁਕਮ ਨਾਲ ਹੀ ਮਨੁੱਖ ਇਸ ਧਰਤੀ ਤੇ ਆਉਂਦਾ ਹੈ ਅਤੇ ਉਸਦੇ ਹੁਕਮ ਅਨੁਸਾਰ ਹੀ ਦੁਨੀਆਂ ਛੱਡ ਕੇ ਚਲਾ ਜਾਂਦਾ ਹੈ।

iv. ਪ੍ਰਮਾਤਮਾ ਦੀ ਪ੍ਰਾਪਤੀ ਲਈ ਆਤਮ ਸਮਰਪਣ ਜਰੂਰੀ ਹੈ। ਕੋਈ ਵੀ ਵਿਅਕਤੀ ਉਨੀ ਦੇਰ ਤੱਕ ਮੁਕਤੀ ਨਹੀਂ ਪਾ ਸਕਦਾ ਜਿੰਨੀ ਦੇਰ ਤੱਕ ਉਹ ਆਪਣਾ ਆਪ ਪ੍ਰਮਾਤਮਾ ਨੂੰ ਸਮਰਪਿਤ ਨਹੀਂ ਕਰਦਾ।


Download Free Study Material From SIKHYA APP

# ਪਾਠ 5
# ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖ ਧਰਮ ਦਾ ਵਿਕਾਸ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1) ਸਿੱਖਾਂ ਦੇ ਦੂਜੇ ਗੁਰੂ ਕੌਣ ਸਨ ? — ਗੁਰੂ ਅੰਗਦ ਦੇਵ ਜੀ

2) ਗੁਰੂ ਅੰਗਦ ਦੇਵ ਜੀ ਦਾ ਜਨਮ ਕਿੱਥੇ ਹੋਇਆ ? — ਮੱਤੇ ਦੀ ਸਰਾਂ (ਸ੍ਰੀ ਮੁਕਤਸਰ ਸਾਹਿਬ)

3) ਗੁਰੂ ਅੰਗਦ ਦੇਵ ਜੀ ਦਾ ਜਨਮ ਕਦੋਂ ਹੋਇਆ ? — 1504 ਈ:

4) ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ ? — ਭਾਈ ਲਹਿਣਾ

5) ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ ? — ਸਭਰਾਈਂ ਦੇਵੀ

6) ਗੁਰੂ ਅੰਗਦ ਦੇਵ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? — ਫੇਰੂ ਮੱਲ ਜੀ

7) ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਕਦੋਂ ਮਿਲੀ ? — 1539 ਈ:

8) ਗੁਰੂ ਅੰਗਦ ਦੇਵ ਜੀ ਦਾ ਵਿਆਹ ਕਿਸ ਨਾਲ ਹੋਇਆ ? — ਬੀਬੀ ਖੀਵੀ ਜੀ ਨਾਲ

9) ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਦੇ ਨਾਂ ਦੱਸੋ। — ਦਾਤੂ ਅਤੇ ਦਾਸੂ

10) ਗੁਰੂ ਅੰਗਦ ਦੇਵ ਜੀ ਦੀਆਂ ਪੁੱਤਰੀਆਂ ਦੇ ਨਾਂ ਦੱਸੋ। — ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ

11) ਗੁਰੂ ਸਾਹਿਬ ਦੀਆਂ ਧਾਰਮਿਕ ਸਰਗਰਮੀਆਂ ਦਾ ਕੇਂਦਰ ਕਿਹੜਾ ਸੀ ? — ਖਡੂਰ ਸਾਹਿਬ

12) ਗੁਰੂ ਅੰਗਦ ਦੇਵ ਜੀ ਨੇ ਕਿਹੜੀ ਲਿਪੀ ਨੂੰ ਪ੍ਰਸਿੱਧ ਕੀਤਾ ? — ਗੁਰਮੁੱਖੀ ਲਿਪੀ ਨੂੰ

13) ਗੋਇੰਦਵਾਲ ਸਾਹਿਬ ਦੀ ਨੀਂਹ ਕਿਸਨੇ ਰੱਖੀ ? — ਗੁਰੂ ਅੰਗਦ ਦੇਵ ਜੀ ਨੇ

14) ਗੋਇੰਦਵਾਲ ਸਾਹਿਬ ਦੀ ਨੀਂਹ ਕਦੋਂ ਰੱਖੀ ਗਈ ? — 1546 ਈ:

15) ਗੋਇੰਦਵਾਲ ਸਾਹਿਬ ਕਿਹੜੀ ਨਦੀ ਦੇ ਕੰਢੇ ਸਥਿੱਤ ਹੈ ? — ਬਿਆਸ ਨਦੀ ਦੇ


Download Free Study Material From SIKHYA APP

| | |
|---|---|
| 16) ਉਦਾਸੀ ਮਤ ਦਾ ਸੰਸਥਾਪਕ ਕੌਣ ਸੀ ? | ਬਾਬਾ ਸ੍ਰੀ ਚੰਦ ਜੀ |
| 17) ਉਦਾਸੀ ਮਤ ਵਿੱਚ ਕਿਸਤੇ ਜੋਰ ਦਿੱਤਾ ਜਾਂਦਾ ਸੀ ? | ਸੰਨਿਆਸੀ ਜੀਵਨ ਤੇ |
| 18) ਕਿਹੜਾ ਮੁਗਲ ਬਾਦਸ਼ਾਹ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਆਇਆ ਸੀ ? | ਹੁਮਾਯੂੰ |
| 19) ਗੁਰੂ ਅੰਗਦ ਦੇਵ ਜੀ ਦੀ ਹੁੰਮਾਯੂੰ ਨਾਲ ਕਿੱਥੇ ਮੁਲਾਕਾਤ ਹੋਈ ? | ਖਡੂਰ ਸਾਹਿਬ |
| 20) ਸਿੱਖਾਂ ਦੇ ਤੀਜੇ ਗੁਰੂ ਕੌਣ ਸਨ ? | ਗੁਰੂ ਅਮਰਦਾਸ ਜੀ |
| 21) ਗੁਰੂ ਅਮਰਦਾਸ ਜੀ ਦਾ ਜਨਮ ਕਿੱਥੇ ਹੋਇਆ ? | ਬਾਸਰਕੇ ਵਿਖੇ |
| 22) ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਹੋਇਆ ? | 1479 ਈ: |
| 23) ਗੁਰੂ ਅਮਰਦਾਸ ਜੀ ਦੀ ਮਾਤਾ ਜੀ ਦਾ ਨਾਂ ਕੀ ਸੀ ? | ਸੁਲੱਖਣੀ ਜੀ |
| 24) ਗੁਰੂ ਅਮਰਦਾਸ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? | ਤੇਜਭਾਨ ਜੀ |
| 25) ਗੁਰੂ ਅਮਰਦਾਸ ਜੀ ਕਿਸ ਜਾਤੀ ਨਾਲ ਸਬੰਧਤ ਸਨ ? | ਭੱਲਾ |
| 26) ਗੁਰੂ ਅਮਰਦਾਸ ਜੀ ਦੀਆਂ ਸਪੁੱਤਰੀਆਂ ਦੇ ਨਾਂ ਦੱਸੋ। | ਬੀਬੀ ਦਾਨੀ ਅਤੇ ਬੀਬੀ ਭਾਨੀ |
| 27) ਗੁਰੂ ਅਮਰਦਾਸ ਜੀ ਦੇ ਪੁੱਤਰਾਂ ਦੇ ਨਾਂ ਦੱਸੋ। | ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ |
| 28) ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਅਮਰਦਾਸ ਜੀ ਦੀ ਉਮਰ ਕਿੰਨੀ ਸੀ ? | 73 ਸਾਲ |
| 29) ਗੁਰੂ ਅਮਰਦਾਸ ਜੀ ਗੁਰਗੱਦੀ ਤੇ ਕਦੋਂ ਬਿਰਾਜਮਾਨ ਹੋਏ ? | 1552 ਈ: |
| 30) ਗੁਰੂ ਅਮਰਦਾਸ ਜੀ ਦਾ ਗੁਰਗੱਦੀ ਕਾਲ ਕੀ ਸੀ ? | 1552 ਈ: ਤੋਂ 1574 ਈ: ਤੱਕ |
| 31) ਗੋਇੰਦਵਾਲ ਸਾਹਿਬ ਦੀ ਬਾਉਲੀ ਦੀਆਂ ਕਿੰਨੀਆਂ ਪੌੜੀਆਂ ਹਨ ? | 84 |
| 32) ਮੰਜੀ ਪ੍ਰਥਾ ਦੀ ਸਥਾਪਨਾ ਕਿਸਨੇ ਕੀਤੀ ? | ਗੁਰੂ ਅਮਰਦਾਸ ਜੀ ਨੇ |
| 33) ਗੁਰੂ ਅਮਰਦਾਸ ਜੀ ਨੇ ਕਿੰਨੀਆਂ ਮੰਜੀਆਂ ਦੀ ਸਥਾਪਨਾ ਕੀਤੀ ? | 22 |


Download Free Study Material From SIKHYA APP

| | |
|---|---|
| 34) ਮੰਜੀ ਪ੍ਰਥਾ ਦਾ ਉਦੇਸ਼ ਕੀ ਸੀ ? | ਸਿੱਖ ਮਤ ਦਾ ਪ੍ਰਚਾਰ ਕਰਨਾ |
| 35) ਮੰਜੀ ਦੇ ਮੁਖੀ ਨੂੰ ਕੀ ਕਹਿੰਦੇ ਸਨ ? | ਮੰਜੀਦਾਰ |
| 36) ਗੁਰੂ ਅਮਰਦਾਸ ਜੀ ਨੇ ਕਿੰਨੇ ਸ਼ਬਦਾਂ ਦੀ ਰਚਨਾ ਕੀਤੀ ? | 907 |
| 37) ਅਨੰਦੁ ਸਾਹਿਬ ਬਾਣੀ ਦੀ ਰਚਨਾ ਕਿਸਨੇ ਕੀਤੀ ? | ਗੁਰੂ ਅਮਰਦਾਸ ਜੀ ਨੇ |
| 38) ਗੁਰੂ ਅਮਰਦਾਸ ਜੀ ਨੂੰ ਮਿਲਣ ਕਿਹੜਾ ਮੁਗਲ ਬਾਦਸ਼ਾਹ ਆਇਆ ? | ਅਕਬਰ |
| 39) ਗੁਰੂ ਅਮਰਦਾਸ ਜੀ ਅਤੇ ਅਕਬਰ ਦੀ ਮੁਲਾਕਾਤ ਕਿੱਥੇ ਹੋਈ ? | ਗੋਇੰਦਵਾਲ ਸਾਹਿਬ ਵਿਖੇ |
| 40) ਅਕਬਰ ਗੋਇੰਦਵਾਲ ਸਾਹਿਬ ਕਦੋਂ ਆਇਆ ? | 1568 ਈ: |
| 41) ਗੁਰੂ ਅਮਰਦਾਸ ਜੀ ਨੇ ਆਪਣਾ ਉੱਤਰਅਧਿਕਾਰੀ ਕਿਸਨੂੰ ਨਿਯੁਕਤ ਕੀਤਾ ? | ਗੁਰੂ ਰਾਮਦਾਸ ਜੀ ਨੂੰ |
| 42) ਗੁਰੂ ਅਮਰਦਾਸ ਜੀ ਕਦੋਂ ਜੋਤੀ ਜੋਤਿ ਸਮਾਏ ? | 1574 ਈ: |
| 43) ਸਿੱਖਾਂ ਦੇ ਚੌਥੇ ਗੁਰੂ ਕੌਣ ਸੀ ? | ਗੁਰੂ ਰਾਮਦਾਸ ਜੀ |
| 44) ਗੁਰੂ ਰਾਮਦਾਸ ਜੀ ਦਾ ਗੁਰਗੱਦੀ ਕਾਲ ਕੀ ਸੀ ? | 1574 ਈ: ਤੋਂ 1581 ਈ: ਤੱਕ |
| 45) ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਂ ਕੀ ਸੀ ? | ਭਾਈ ਜੇਠਾ ਜੀ |
| 46) ਗੁਰੂ ਰਾਮਦਾਸ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? | ਦਇਆ ਕੌਰ |
| 47) ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ ? | ਹਰੀਦਾਸ ਜੀ |
| 48) ਸੋਢੀ ਸੁਲਤਾਨ ਕਿਸ ਗੁਰੂ ਸਾਹਿਬ ਨੂੰ ਕਿਹਾ ਜਾਂਦਾ ਹੈ ? | ਗੁਰੂ ਰਾਮਦਾਸ ਜੀ |
| 49) ਗੁਰੂ ਰਾਮਦਾਸ ਜੀ ਕਿਸ ਜਾਤੀ ਨਾਲ ਸਬੰਧ ਰੱਖਦੇ ਸਨ ? | ਸੋਢੀ |
| 50) ਗੁਰੂ ਰਾਮਦਾਸ ਜੀ ਦੀ ਪਤਨੀ ਦਾ ਕੀ ਨਾਂ ਸੀ ? | ਬੀਬੀ ਭਾਨੀ |


Download Free Study Material From SIKHYA APP

| | |
|---|---|
| 51) ਗੁਰੂ ਰਾਮਦਾਸ ਜੀ ਦੇ ਪੁੱਤਰਾਂ ਦੇ ਨਾਂ ਦੱਸੋ। | ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਜੀ |
| 52) ਗੁਰੂ ਰਾਮਦਾਸ ਜੀ ਗੱਦੀ ਤੇ ਕਦੋਂ ਬੈਠੇ ? | 1574 ਈ: |
| 53) ਗੁਰੂ ਰਾਮਦਾਸ ਜੀ ਨੇ ਕਿਹੜੇ ਨਗਰ ਦੀ ਸਥਾਪਨਾ ਕੀਤੀ ? | ਰਾਮਦਾਸਪੁਰਾ ਦੀ |
| 54) ਰਾਮਦਾਸਪੁਰਾ ਬਾਅਦ ਵਿੱਚ ਕਿਸ ਨਾਂ ਨਾਲ ਪ੍ਰਸਿੱਧ ਹੋਇਆ ? | ਸ੍ਰੀ ਅੰਮ੍ਰਿਤਸਰ ਸਾਹਿਬ |
| 55) ਸ੍ਰੀ ਅੰਮ੍ਰਿਤਸਰ ਸਾਹਿਬ ਦੀ ਨੀਂਹ ਕਦੋਂ ਰੱਖੀ ਗਈ ? | 1577 ਈ: ਵਿੱਚ |
| 56) ਗੁਰੂ ਰਾਮਦਾਸ ਜੀ ਅਤੇ ਅਕਬਰ ਦੀ ਮੁਲਾਕਾਤ ਕਿੱਥੇ ਹੋਈ ? | ਲਾਹੌਰ ਵਿਖੇ |
| 57) ਸਿੱਖਾਂ ਅਤੇ ਉਦਾਸੀਆਂ ਵਿਚਾਲੇ ਸਮਝੌਤਾ ਕਿਸ ਗੁਰੂ ਸਾਹਿਬ ਸਮੇਂ ਹੋਇਆ ? | ਗੁਰੂ ਰਾਮਦਾਸ ਜੀ |
| 58) ਮਸੰਦ ਪ੍ਰਥਾ ਕਿਸਨੇ ਸ਼ੁਰੂ ਕੀਤੀ ? | ਗੁਰੂ ਰਾਮਦਾਸ ਜੀ ਨੇ |
| 59) ਲਾਵਾਂ ਬਾਣੀ ਦੀ ਰਚਨਾ ਕਿਸਨੇ ਕੀਤੀ ? | ਗੁਰੂ ਰਾਮਦਾਸ ਜੀ ਨੇ |
| 60) ਚਾਰ ਲਾਵਾਂ ਦਾ ਪਾਠ ਕਿਸ ਮੌਕੇ ਤੇ ਕੀਤਾ ਜਾਂਦਾ ਹੈ ? | ਅਨੰਦ ਕਾਰਜ਼ ਸਮੇਂ |
| 61) ਗੁਰੂ ਰਾਮਦਾਸ ਜੀ ਨੇ ਕਿੰਨੇ ਸ਼ਬਦਾਂ ਦੀ ਰਚਨਾ ਕੀਤੀ ? | 679 |
| 62) ਗੁਰੂ ਰਾਮਦਾਸ ਜੀ ਕਦੋਂ ਜੋਤੀ ਜੋਤਿ ਸਮਾਏ ? | 1581 ਈ: |
| 63) ਗੁਰੂ ਰਾਮਦਾਸ ਜੀ ਨੇ ਗੁਰਗੱਦੀ ਕਿਸਨੂੰ ਦਿੱਤੀ ? | ਗੁਰੂ ਅਰਜਨ ਦੇਵ ਜੀ ਨੂੰ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ ?**

ਉੱਤਰ: ਗੁਰੂ ਅੰਗਦ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ:

I. ਗੁਰੂ ਸਾਹਿਬ ਨੇ ਗੁਰਮੁੱਖੀ ਲਿਪੀ ਨੂੰ ਹਰਮਨ ਪਿਆਰਾ ਬਣਾਇਆ।


Download Free Study Material From SIKHYA APP

II. ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕੀਤਾ।

III. ਗੁਰੂ ਸਾਹਿਬ ਨੇ ਲੰਗਰ ਪ੍ਰਥਾ ਦਾ ਵਿਸਥਾਰ ਕੀਤਾ।

IV. ਗੁਰੂ ਸਾਹਿਬ ਨੇ ਉਦਾਸੀ ਮੱਤ ਦਾ ਖੰਡਨ ਕੀਤਾ।

V. ਗੁਰੂ ਸਾਹਿਬ ਨੇ ਗੋਇੰਦਵਾਲ ਸਾਹਿਬ ਦੀ ਸਥਾਪਨਾ ਕੀਤੀ।

**2) ਗੁਰੂ ਅੰਗਦ ਦੇਵ ਜੀ ਨੇ ਗੁਰਮੁੱਖੀ ਨੂੰ ਹਰਮਨ ਪਿਆਰਾ ਕਿਵੇਂ ਬਣਾਇਆ ?**

ਉੱਤਰ:

I. ਗੁਰੂ ਸਾਹਿਬ ਨੇ ਗੁਰਮੁੱਖੀ ਲਿਪੀ ਦਾ ਮਿਆਰੀਕਰਨ ਕੀਤਾ।

II. ਇਸ ਨਾਲ ਲੋਕਾਂ ਲਈ ਗੁਰਮੁੱਖੀ ਨੂੰ ਸਮਝਣਾ ਸੌਖਾ ਹੋ ਗਿਆ।

III. ਸਿੱਖਾਂ ਵਿੱਚ ਤੇਜੀ ਨਾਲ ਵਿੱਦਿਆ ਦਾ ਪ੍ਰਸਾਰ ਹੋਇਆ।

IV. ਸਿੱਖਾਂ ਦੀ ਸੰਸਕ੍ਰਿਤ ਤੋਂ ਨਿਰਭਰਤਾ ਖਤਮ ਹੋ ਗਈ।

**3) ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਦੇ ਖੇਤਰ ਵਿੱਚ ਕੀ ਯੋਗਦਾਨ ਦਿੱਤਾ ?**

ਉੱਤਰ: ਗੁਰੂ ਨਾਨਕ ਦੇਵ ਜੀ ਦੀ ਬਾਣੀ ਇੱਕ ਥਾਂ ਤੇ ਨਾ ਹੋ ਕੇ ਵੱਖ-ਵੱਖ ਵਿਅਕਤੀਆਂ ਕੋਲ ਸੀ। ਗੁਰੂ ਅੰਗਦ ਦੇਵ ਜੀ ਨੇ ਇਸ ਬਾਣੀ ਨੂੰ ਇਕੱਠਾ ਕੀਤਾ। ਇਸ ਤਰ੍ਹਾਂ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਸਲ ਸਰੂਪ ਨੂੰ ਵਿਗੜਣ ਤੋਂ ਬਚਾ ਲਿਆ। ਉਹਨਾਂ ਨੇ ਭਾਈ ਬਾਲਾ ਜੀ ਨੂੰ ਬੁਲਾ ਕੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ। ਗੁਰੂ ਸਾਹਿਬ ਨੇ 62 ਸ਼ਬਦਾਂ ਦੀ ਰਚਨਾ ਕੀਤੀ।

**4) ਗੁਰੂ ਅੰਗਦ ਦੇਵ ਜੀ ਨੇ ਸਿੱਖ ਮਤ ਨੂੰ ਉਦਾਸੀ ਮਤ ਤੋਂ ਦੂਰ ਕਰਕੇ ਸਿੱਖ ਮਤ ਦੀ ਵੱਖਰੀ ਹੋਂਦ ਨੂੰ ਕਾਇਮ ਰੱਖਿਆ। ਕਿਵੇਂ ?**

ਉੱਤਰ: ਉਦਾਸੀ ਮਤ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁਤਰ ਬਾਬਾ ਸ਼੍ਰੀ ਚੰਦ ਜੀ ਨੇ ਕੀਤੀ ਸੀ। ਇਹ ਮਤ ਸੰਨਿਆਸ ਅਤੇ ਤਿਆਗ ਤੇ ਜਿਆਦਾ ਜ਼ੋਰ ਦਿੰਦਾ ਸੀ। ਬਹੁਤ ਸਾਰੇ ਸਿੱਖ ਉਦਾਸੀ ਮਤ ਦੇ ਪ੍ਰਭਾਵ ਵਿੱਚ ਆ ਰਹੇ ਸਨ।


Download Free Study Material From SIKHYA APP

ਗੁਰੂ ਸਾਹਿਬ ਨੇ ਉਦਾਸੀ ਮਤ ਦਾ ਖੰਡਨ ਕੀਤਾ। ਉਹਨਾਂ ਨੇ ਸਿੱਖਾਂ ਨੂੰ ਸਮਝਾਇਆ ਕਿ ਉਦਾਸੀ ਮਤ ਦੇ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਦੇ ਵਿਰੁੱਧ ਸਨ। ਇਸ ਪ੍ਰਕਾਰ ਗੁਰੂ ਸਾਹਿਬ ਨੇ ਸਿੱਖ ਮਤ ਨੂੰ ਉਦਾਸੀ ਮਤ ਤੋਂ ਦੂਰ ਕਰਕੇ ਸਿੱਖ ਮਤ ਦੀ ਵੱਖਰੀ ਹੋਂਦ ਨੂੰ ਕਾਇਮ ਰੱਖਿਆ।

**5) ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਦੇ ਸਰੀਰਕ ਵਿਕਾਸ ਲਈ ਕੀ ਕੀਤਾ ?**

ਉੱਤਰ: ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਦੇ ਸਰੀਰਕ ਵਿਕਾਸ ਲਈ ਖਡੂਰ ਸਾਹਿਬ ਵਿਖੇ ਇੱਕ ਅਖਾੜੇ ਦਾ ਨਿਰਮਾਣ ਕਰਵਾਇਆ। ਇਸ ਥਾਂ ਤੇ ਸਿੱਖ ਰੋਜਾਨਾ ਕੁਸ਼ਤੀਆਂ ਅਤੇ ਸਰੀਰਕ ਕਸਰਤ ਕਰਦੇ ਸਨ। ਸਿੱਖਾਂ ਦੀ ਕਸਰਤ ਅਤੇ ਕੁਸ਼ਤੀਆਂ ਵਿੱਚ ਰੁਚੀ ਬਾਅਦ ਵਿੱਚ ਸੈਨਿਕ ਸ਼ਕਤੀ ਦੇ ਨਿਰਮਾਣ ਵਿੱਚ ਸਹਾਇਕ ਸਿੱਧ ਹੋਈ।

**6) ਗੁਰੂ ਅੰਗਦ ਦੇਵ ਜੀ ਦੀ ਹੁਮਾਯੂੰ ਨਾਲ ਮੁਲਾਕਾਤ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।**

ਉੱਤਰ: 1540 ਈ: ਵਿੱਚ ਸ਼ੇਰ ਸ਼ਾਹ ਕੋਲੋਂ ਹਾਰ ਖਾ ਕੇ ਹੁਮਾਯੂੰ ਗੁਰੂ ਸਾਹਿਬ ਕੋਲ ਆਇਆ। ਗੁਰੂ ਸਾਹਿਬ ਸਮਾਧੀ ਵਿੱਚ ਇੰਨੇ ਲੀਨ ਸਨ ਕਿ ਉਹਨਾਂ ਨੇ ਹੁਮਾਯੂੰ ਵੱਲ ਅੱਖਾਂ ਖੋਲ੍ਹ ਕੇ ਨਾ ਵੇਖਿਆ। ਹੁਮਾਯੂੰ ਨੇ ਇਸਨੂੰ ਆਪਣੀ ਬੇਇੱਜਤੀ ਸਮਝਿਆ ਅਤੇ ਗੁੱਸੇ ਨਾਲ ਤਲਵਾਰ ਕੱਢ ਲਈ। ਉਸ ਸਮੇਂ ਗੁਰੂ ਸਾਹਿਬ ਨੇ ਅੱਖਾਂ ਖੋਲ੍ਹੀਆਂ ਅਤੇ ਹੁਮਾਯੂੰ ਨੂੰ ਕਿਹਾ ਕਿ ਇਹ ਤਲਵਾਰ ਜਿਹੜੀ ਤੂੰ ਮੇਰੇ ਤੇ ਵਰਤਣ ਲੱਗਿਆ ਹੈ ਇਹ ਸ਼ੇਰ ਸ਼ਾਹ ਸੂਰੀ ਵਿਰੁੱਧ ਲੜਦੇ ਸਮੇਂ ਕਿੱਥੇ ਸੀ। ਹੁਮਾਯੂੰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਸਨੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗੀ ਅਤੇ ਜਿੱਤ ਦਾ ਆਸ਼ੀਰਵਾਦ ਲਿਆ।

**7) ਗੁਰਗੱਦੀ ਸੰਭਾਲਦੇ ਸਮੇਂ ਮੁੱਢਲੇ ਸਾਲਾਂ ਵਿੱਚ ਗੁਰੂ ਅਮਰਦਾਸ ਜੀ ਨੂੰ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ?**

ਉੱਤਰ: ਗੁਰੂ ਅਮਰਦਾਸ ਜੀ ਦੀਆਂ ਔਕੜਾਂ:


Download Free Study Material From SIKHYA APP

I. ਗੁਰੂ ਅੰਗਦ ਦੇਵ ਜੀ ਦੇ ਬੇਟਿਆਂ ਦਾਸੂ ਅਤੇ ਦਾਤੂ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ।

II. ਬਾਬਾ ਸ੍ਰੀ ਚੰਦ ਜੀ ਨੇ ਗੁਰੂ ਅਮਰਦਾਸ ਜੀ ਦਾ ਵਿਰੋਧ ਕੀਤਾ।

III. ਗੋਇੰਦਵਾਲ ਸਾਹਿਬ ਦੇ ਕੁਝ ਮੁਸਲਮਾਨ ਸਿੱਖਾਂ ਨੂੰ ਬਹੁਤ ਤੰਗ ਕਰਦੇ ਸਨ।

IV. ਗੋਇੰਦਵਾਲ ਸਾਹਿਬ ਦੇ ਕੁਝ ਹਿੰਦੂ ਗੁਰੂ ਅਮਰਦਾਸ ਜੀ ਦੇ ਖਿਲਾਫ਼ ਸਨ।

**8) ਦਾਸੂ ਅਤੇ ਦਾਤੂ ਕੌਣ ਸਨ ? ਉਹਨਾਂ ਨੇ ਗੁਰੂ ਅਮਰਦਾਸ ਜੀ ਦਾ ਵਿਰੋਧ ਕਿਉਂ ਕੀਤਾ ?**

ਉੱਤਰ: ਦਾਸੂ ਅਤੇ ਦਾਤੂ ਗੁਰੂ ਅੰਗਦ ਦੇਵ ਜੀ ਦੇ ਬੇਟੇ ਸਨ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਅਸਲ ਵਾਰਸ ਮੰਨਦੇ ਸਨ। ਇਸ ਲਈ ਉਹਨਾਂ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਕੁਝ ਸਮੇਂ ਬਾਅਦ ਦਾਸੂ ਨੇ ਆਪਣੀ ਮਾਤਾ ਬੀਬੀ ਖੀਵੀ ਦੇ ਕਹਿਣ ਤੇ ਗੁਰੂ ਅਮਰਦਾਸ ਜੀ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ ਪਰ ਦਾਤੂ ਨੇ ਵਿਰੋਧ ਕਰਨਾ ਜਾਰੀ ਰੱਖਿਆ।

**9) ਗੋਇੰਦਵਾਲ ਸਾਹਿਬ ਦੇ ਮੁਸਲਮਾਨ ਸਿੱਖਾਂ ਨੂੰ ਤੰਗ ਕਿਉਂ ਕਰਦੇ ਸਨ ?**

ਉੱਤਰ:ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦੀ ਪ੍ਰਸਿੱਧੀ ਵਧਦੀ ਜਾ ਰਹੀ ਸੀ। ਇਸ ਲਈ ਉੱਥੋਂ ਦੇ ਕੁਝ ਮੁਸਲਮਾਨ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗ ਪਏ। ਇਸ ਲਈ ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹ ਸਿੱਖਾਂ ਦਾ ਸਮਾਨ ਚੋਰੀ ਕਰ ਲੈਂਦੇ ਸਨ ਅਤੇ ਹੋਰ ਨੁਕਸਾਨ ਵੀ ਕਰਦੇ ਸਨ। ਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਸ਼ਿਕਾਇਤਾਂ ਕੀਤੀਆਂ ਪਰ ਗੁਰੂ ਸਾਹਿਬ ਨੇ ਉਹਨਾਂ ਨੂੰ ਸ਼ਾਂਤ ਰਹਿਣ ਲਈ ਕਿਹਾ। ਇੱਕ ਵਾਰ ਪਿੰਡ ਵਿੱਚ ਕੁਝ ਹਥਿਆਰਬੰਦ ਵਿਅਕਤੀ ਆਏ। ਉਹਨਾਂਦਾ ਉਪਰੋਕਤ ਮੁਸਲਮਾਨਾਂ ਨਾਲ ਝਗੜਾ ਹੋ ਗਿਆ। ਇਸ ਝਗੜੇ ਵਿੱਚ ਬਹੁਤ ਸਾਰੇ ਮੁਸਲਮਾਨ ਮਾਰੇ ਗਏ।


Download Free Study Material From SIKHYA APP

**10) ਗੋਇੰਦਵਾਲ ਸਾਹਿਬ ਦੇ ਉੱਚ ਜਾਤੀ ਹਿੰਦੂਆਂ ਨੇ ਗੁਰੂ ਅਮਰਦਾਸ ਜੀ ਦਾ ਵਿਰੋਧ ਕਿਉਂ ਕੀਤਾ ?**

ਉੱਤਰ: ਗੁਰੂ ਸਾਹਿਬ ਦੇ ਸਮਾਜ ਸੁਧਾਰਾਂ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਲੋਕ ਸਿੱਖ ਮਤ ਵਿੱਚ ਸ਼ਾਮਲ ਹੁੰਦੇ ਜਾ ਰਹੇ ਸਨ। ਗੁਰੂ ਸਾਹਿਬ ਜਾਤੀ ਪ੍ਰਥਾ, ਉਚ-ਨੀਚ ਆਦਿ ਦਾ ਵਿਰੋਧ ਕਰਦੇ ਸਨ। ਬਾਉਲੀ ਸਾਹਿਬ ਦਾ ਨਿਰਮਾਣ ਹੋਣ ਕਾਰਨ ਸਿੱਖਾਂ ਨੂੰ ਇੱਕ ਵੱਖਰਾ ਤੀਰਥ ਸਥਾਨ ਮਿਲ ਗਿਆ ਸੀ। ਇਸ ਨਾਲ ਸਿੱਖਾਂ ਵਿੱਚੋਂ ਬ੍ਰਾਹਮਣਾਂ ਦਾ ਪ੍ਰਭਾਵ ਘਟਦਾ ਜਾ ਰਿਹਾ ਸੀ। ਇਹੋ ਕਾਰਨ ਸੀ ਕਿ ਉੱਚ ਜਾਤੀ ਹਿੰਦੂਆਂ ਨੇ ਗੁਰੂ ਅਮਰਦਾਸ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

11) **ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਿਉਂ ਕਰਵਾਇਆ ?**

ਉੱਤਰ: ਬਾਉਲੀ ਦੇ ਨਿਰਮਾਣ ਦੇ ਕਾਰਨ:

I. ਗੁਰੂ ਸਾਹਿਬ ਸਿੱਖਾਂ ਨੂੰ ਇੱਕ ਵੱਖਰਾ ਤੀਰਥ ਸਥਾਨ ਦੇਣਾ ਚਾਹੁੰਦੇ ਸਨ।

II. ਉਹ ਸਿੱਖ ਮਤ ਨੂੰ ਹਿੰਦੂ ਮਤ ਤੋਂ ਵੱਖਰਾ ਕਰਨਾ ਚਾਹੁੰਦੇ ਸਨ।

III. ਉਹ ਲੋਕਾਂ ਦੀ ਪਾਣੀ ਦੀ ਕਮੀ ਸਬੰਧੀ ਸਮੱਸਿਆ ਨੂੰ ਦੂਰ ਕਰਨਾ ਚਾਹੁੰਦੇ ਸਨ।

**12) ਗੁਰੂ ਅਮਰਦਾਸ ਦੀ ਦੁਆਰਾ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੇ ਨਿਰਮਾਣ ਦਾ ਸਿੱਖ ਮਤ ਨੂੰ ਕੀ ਲਾਭ ਹੋਇਆ ?**

ਉੱਤਰ: ਬਾਉਲੀ ਦੇ ਨਿਰਮਾਣ ਦਾ ਸਿੱਖ ਮਤ ਨੂੰ ਲਾਭ:

I. ਸਿੱਖਾਂ ਨੂੰ ਆਪਣਾ ਤੀਰਥ ਸਥਾਨ ਮਿਲ ਗਿਆ।

II. ਬਹੁਤ ਸਾਰੇ ਲੋਕ ਸਿੱਖ ਮਤ ਵਿੱਚ ਸ਼ਾਮਿਲ ਹੋਣ ਲੱਗੇ।

III. ਸਿੱਖ ਮਤ ਦੇ ਪ੍ਰਸਾਰ ਵਿੱਚ ਤੇਜੀ ਆਈ।

**13) ਮੰਜੀ ਪ੍ਰਥਾ ਤੇ ਇੱਕ ਨੋਟ ਲਿਖੋ।**

ਉੱਤਰ: ਗੁਰਗੱਦੀ ਤੇ ਬੈਠਦੇ ਸਮੇਂ ਗੁਰੂ ਅਮਰਦਾਸ ਜੀ ਦੀ ਉਮਰ 73 ਸਾਲ ਸੀ। ਵਡੇਰੀ ਉਮਰ ਦੇ ਹੋਣ ਕਾਰਨ ਗੁਰੂ ਅਮਰਦਾਸ ਜੀ ਲਈ ਵੱਖ-ਵੱਖ ਥਾਵਾਂ ਤੇ ਜਾ ਕੇ ਪ੍ਰਚਾਰ ਕਰਨਾ ਔਖਾ ਸੀ। ਇਸ ਲਈ ਗੁਰੂ ਸਾਹਿਬ ਨੇ 22 ਮੰਜੀਆਂ ਦੀ


Download Free Study Material From SIKHYA APP

ਸਥਾਪਨਾ ਕੀਤੀ। ਹਰੇਕ ਮੰਜੀ ਦੇ ਮੁੱਖੀ ਨੂੰ ਮੰਜੀਦਾਰ ਕਿਹਾ ਜਾਂਦਾ ਸੀ। ਮੰਜੀਦਾਰ ਦਾ ਅਹੁਦਾ ਕੇਵਲ ਉੱਚੇ-ਸੁੱਚੇ ਕਿਰਦਾਰ ਅਤੇ ਡੂੰਘੀ ਅਧਿਆਤਮਕ ਸਮਝ ਵਾਲੇ ਸਿੱਖਾਂ ਨੂੰ ਹੀ ਦਿੱਤਾ ਜਾਂਦਾ ਸੀ। ਮੰਜੀਦਾਰ ਆਪਣੀ ਮਰਜੀ ਨਾਲ ਪ੍ਰਚਾਰ ਕਰਨ ਲਈ ਕਿਤੇ ਵੀਜਾ ਸਕਦੇ ਸਨ। ਇਸ ਪ੍ਰਥਾ ਕਾਰਨ ਸਿੱਖ ਧਰਮ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

**14) ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਦਾ ਵਿਸਥਾਰ ਕਿਵੇਂ ਕੀਤਾ? ਇਹ ਪ੍ਰਥਾ ਸਿੱਖ ਮਤ ਦੇ ਵਿਕਾਸ ਲਈ ਕਿਵੇਂ ਸਹਾਇਕ ਬਣੀ?**

ਉੱਤਰ: ਗੁਰੂ ਅਮਰਦਾਸ ਜੀ ਨੇ ਐਲਾਨ ਕੀਤਾ ਕਿ ਕੋਈ ਵੀ ਯਾਤਰੀ ਲੰਗਰ ਛਕੇ ਬਿਨਾਂ ਉਹਨਾਂ ਨੂੰ ਨਹੀਂ ਮਿਲੇਗਾ। ਉਹਨਾਂ ਨੇ ਪਹਿਲਾਂ ਪੰਗਤ ਫਿਰ ਸੰਗਤ ਦਾ ਨਾਅਰਾ ਦਿੱਤਾ। ਅਕਬਰ ਨੂੰ ਵੀ ਗੁਰੂ ਸਾਹਿਬ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਲੰਗਰ ਛਕਣਾ ਪਿਆ।

ਲੰਗਰ ਪ੍ਰਥਾ ਨੇ ਜਾਤ-ਪਾਤ ਅਤੇ ਛੂਆ-ਛਾਤ ਨੂੰ ਭਾਰੀ ਸੱਟ ਮਾਰੀ। ਇਸ ਨਾਲ ਲੋਕਾਂ ਵਿੱਚ ਬਰਾਬਰੀ ਅਤੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੋਇਆ। ਲੰਗਰ ਪ੍ਰਥਾ ਕਾਰਨ ਸਿੱਖ ਧਰਮ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰੂ ਅੰਗਦ ਦੇਵ ਜੀ ਦੇ ਜੀਵਨ ਸੰਬੰਧੀ ਸੰਖੇਪ ਜਾਣਕਾਰੀ ਦਿਓ।**

ਉੱਤਰ: ਗੁਰੂ ਅੰਗਦ ਦੇਵ ਜੀ ਦਾ ਜੀਵਨ:

I. **ਜਨਮ ਅਤੇ ਮਾਤਾ ਪਿਤਾ:** ਗੁਰੂ ਅੰਗਦ ਦੇਵ ਜੀ ਦਾ ਜਨਮ 1504 ਈ: ਵਿੱਚ ਮੱਤੇ ਦੀ ਸਰਾਏ, ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਫੇਰੂਮੱਲ ਅਤੇ ਮਾਤਾ ਜੀ ਦਾ ਨਾਂ ਸਭਰਾਈਂ ਦੇਵੀ ਸੀ।


Download Free Study Material From SIKHYA APP

II. **ਬਚਪਨ ਅਤੇ ਵਿਆਹ**: ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਉਹਨਾਂ ਦਾ ਬਚਪਨ ਹਰੀਕੇ ਅਤੇ ਖਡੂਰ ਸਾਹਿਬ ਵਿਖੇ ਬਤੀਤ ਹੋਇਆ। ਉਹ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਉਹ ਦੁਰਗਾ ਮਾਤਾ ਦੀ ਭਗਤੀ ਕਰਦੇ ਸਨ। 15 ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਬੀਬੀ ਖੀਵੀ ਜੀ ਨਾਲ ਹੋਇਆ। ਉਹਨਾਂ ਦੇ ਘਰ ਦੋ ਪੁੱਤਰ ਦਾਤੂ ਅਤੇ ਦਾਸੂ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਨੇ ਜਨਮ ਲਿਆ।

III. **ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ**: ਇੱਕ ਦਿਨ ਭਾਈ ਲਹਿਣਾ ਜੀ ਨੇ ਭਾਈ ਜੋਧਾ ਜੀ ਦੇ ਮੂੰਹੋ ਆਸਾ ਦੀ ਵਾਰ ਦਾ ਪਾਠ ਸੁਣਿਆ। ਇਸ ਪਾਠ ਤੋਂ ਭਾਈ ਲਹਿਣਾ ਜੀ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦਾ ਫੈਸਲਾ ਕੀਤਾ। ਉਹ ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨੂੰ ਮਿਲੇ। ਉਹ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਗੁਰੂ ਸਾਹਿਬ ਦੇ ਪੈਰੋਕਾਰ ਬਣ ਗਏ ਅਤੇ ਉਹਨਾਂ ਕੋਲ ਹੀ ਰਹਿ ਗਏ।

IV. **ਗੁਰਗੱਦੀ ਦੀ ਪ੍ਰਾਪਤੀ**: ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਪੂਰੇ ਤਨੋਂ ਮਨੋਂ ਸੇਵਾ ਕੀਤੀ। ਗੁਰੂ ਜੀ ਉਹਨਾਂ ਦੀ ਸੇਵਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਭਾਈ ਲਹਿਣਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦਾ ਨਾਂ ਦਿੱਤਾ ਅਤੇ ਗੁਰਗੱਦੀ ਸੌਂਪ ਦਿੱਤੀ।

**2) ਸਿੱਖ ਧਰਮ ਦੇ ਵਿਕਾਸ ਵਿੱਚ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।**

ਉੱਤਰ: ਗੁਰੂ ਅੰਗਦ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ:

I. **ਗੁਰਮੁੱਖੀ ਨੂੰ ਹਰਮਨ ਪਿਆਰਾ ਬਣਾਉਣਾ**: ਗੁਰੂ ਸਾਹਿਬ ਨੇ ਗੁਰਮੁੱਖੀ ਲਿਪੀ ਨੂੰ ਨਵਾਂ ਨਿਖਾਰ ਪ੍ਰਦਾਨ ਕੀਤਾ। ਇਸ ਨਾਲ ਲੋਕਾਂ ਲਈ ਇਸ ਲਿਪੀ ਨੂੰ ਸਮਝਣਾ ਸੌਖਾ ਹੋ ਗਿਆ।


Download Free Study Material From SIKHYA APP

II. **ਬਾਣੀ ਦਾ ਸੰਗ੍ਰਹਿ:** ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵੱਖ-ਵੱਖ ਵਿਅਕਤੀਆਂ ਕੋਲ ਪਈ ਹੋਈ ਬਾਣੀ ਨੂੰ ਇਕੱਠਾ ਕੀਤਾ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਬਾਲਾ ਜੀ ਕੋਲੋਂ ਗੁਰੂ ਨਾਨਕ ਦੇਵ ਦੀ ਜਨਮ ਸਾਖੀ ਵੀ ਲਿਖਵਾਈ।

III. **ਲੰਗਰ ਪ੍ਰਥਾ ਦਾ ਵਿਸਥਾਰ:** ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਲੰਗਰ ਪ੍ਰਥਾ ਦਾ ਵਿਸਥਾਰ ਕੀਤਾ। ਲੰਗਰ ਦਾ ਸਾਰਾ ਪ੍ਰਬੰਧ ਗੁਰੂ ਅੰਗਦ ਦੇਵ ਜੀ ਦੀ ਪਤਨੀ ਬੀਬੀ ਖੀਵੀ ਦੀ ਦੇਖ-ਰੇਖ ਵਿੱਚ ਹੁੰਦਾ ਸੀ।

IV. **ਸੰਗਤ ਦਾ ਸੰਗਠਨ:** ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਸੰਗਤ ਦੀ ਸੰਸਥਾ ਦਾ ਵੀ ਸੰਗਠਨ ਕੀਤਾ। ਇਹ ਸੰਗਤ ਸਵੇਰੇ ਸ਼ਾਮ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸੁਣਨ ਲਈ ਇਕੱਠੀ ਹੁੰਦੀ ਸੀ। ਇਸ ਵਿੱਚ ਹਰ ਉਮਰ, ਲਿੰਗ ਅਤੇ ਜਾਤੀ ਦੇ ਲੋਕ ਸ਼ਾਮਿਲ ਹੁੰਦੇ ਸਨ।

V. **ਉਦਾਸੀ ਮੱਤ ਦਾ ਖੰਡਨ:** ਗੁਰੂ ਸਾਹਿਬ ਨੇ ਉਦਾਸੀ ਮੱਤ ਦਾ ਖੰਡਨ ਕੀਤਾ। ਉਹਨਾਂ ਨੇ ਸਪਸ਼ਟ ਕੀਤਾ ਕਿ ਉਦਾਸੀ ਮੱਤ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਵਿਰੁੱਧ ਸੀ। ਇਸ ਮੱਤ ਵਿੱਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਸੱਚਾ ਸਿੱਖ ਨਹੀਂ ਹੋ ਸਕਦਾ।

VI. **ਸਰੀਰਕ ਸਿੱਖਿਆ:** ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਜਿਸ ਪ੍ਰਕਾਰ ਆਤਮਿਕ ਵਿਕਾਸ ਲਈ ਨਾਮ ਜਾਪ ਜਰੂਰੀ ਹੈ ਉਸੇ ਪ੍ਰਕਾਰ ਸਰੀਰਕ ਤੰਦਰੁਸਤੀ ਲਈ ਕਸਰਤ ਜਰੂਰੀ ਹੈ। ਇਸ ਲਈ ਗੁਰੂ ਸਾਹਿਬ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ ਜਿਸ ਵਿੱਚ ਸਿੱਖ ਕੁਸ਼ਤੀਆਂ ਅਤੇ ਕਸਰਤ ਕਰਦੇ ਸਨ।

VII. **ਗੋਇੰਦਵਾਲ ਸਾਹਿਬ ਦੀ ਸਥਾਪਨਾ:** ਗੁਰੂ ਸਾਹਿਬ ਨੇ ਖਡੂਰ ਸਾਹਿਬ ਦੇ ਨੇੜੇ ਗੋਇੰਦਵਾਲ ਸਾਹਿਬ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਹ ਨਗਰ ਛੇਤੀ ਹੀ ਸਿੱਖਾਂ ਦਾ ਇੱਕ ਪ੍ਰਸਿੱਧ ਤੀਰਥ ਸਥਾਨ ਬਣ ਗਿਆ।


Download Free Study Material From SIKHYA APP

VIII. **ਹੁਮਾਯੂੰ ਨਾਲ ਮੁਲਾਕਾਤ:** 1540 ਈ: ਵਿੱਚ ਸ਼ੇਰ ਸ਼ਾਹ ਸੂਰੀ ਕੋਲੋਂ ਹਾਰਨ ਤੋਂ ਬਾਅਦ ਮੁਗਲ ਬਾਦਸ਼ਾਹ ਹੁਮਾਯੂੰ ਗੁਰੂ ਸਾਹਿਬ ਕੋਲ ਆਇਆ ਅਤੇ ਗੁਰੂ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ।ਇਸ ਮੁਲਾਕਾਤ ਕਾਰਨ ਸਿੱਖਾਂ ਅਤੇ ਮੁਗਲਾਂ ਵਿਚਕਾਰ ਚੰਗੇ ਸਬੰਧ ਸਥਾਪਿਤ ਹੋਏ।

IX. **ਉੱਤਰਾਧਿਕਾਰੀ ਦੀ ਨਿਯੁਕਤੀ:** ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਅਮਰਦਾਸ ਜੀ ਨੂੰ ਗੁਰਗੱਦੀ ਲਈ ਉੱਤਰਾਧਿਕਾਰੀ ਨਿਯੁਕਤ ਕੀਤਾ। ਅਜਿਹਾ ਕਰਕੇ ਉਹਨਾਂ ਨੇ ਨਾ ਸਿਰਫ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਗੱਦੀ ਦੀ ਪ੍ਰਥਾ ਨੂੰ ਕਾਇਮ ਰੱਖਿਆ ਸਗੋਂ ਸਿੱਖ ਪੰਥ ਦੇ ਵਿਕਾਸ ਦਾ ਮਾਰਗ ਵੀ ਖੁੱਲ੍ਹਾ ਰੱਖਿਆ।

**3) ਗੁਰਗੱਦੀ ਸੰਭਾਲਦੇ ਸਮੇਂ ਮੁੱਢਲੇ ਸਾਲਾਂ ਵਿੱਚ ਗੁਰੂ ਅਮਰਦਾਸ ਜੀ ਨੂੰ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ?**

ਉੱਤਰ: ਗੁਰੂ ਅਮਰਦਾਸ ਜੀ ਦੀਆਂ ਔਕੜਾਂ:

I. **ਦਾਸੂ ਤੇ ਦਾਤੂ ਦਾ ਵਿਰੋਧ:** ਦਾਸੂ ਤੇ ਦਾਤੂ ਗੁਰੂ ਅੰਗਦ ਦੇਵ ਜੀ ਦੇ ਬੇਟੇ ਸਨ। ਉਹਨਾਂ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਆਪ ਨੂੰ ਗੁਰੂ ਅੰਗਦ ਦੇਵ ਜੀ ਦਾ ਉੱਤਰਾਧਿਕਾਰੀ ਐਲਾਨਿਆ।ਸੰਗਤਾਂ ਨੇ ਦਾਸੂ ਅਤੇ ਦਾਤੂ ਨੂੰ ਗੁਰੂ ਨਾ ਮੰਨਿਆ ਅਤੇ ਗੁਰੂ ਅਮਰਦਾਸ ਜੀ ਦਾ ਸਾਥ ਦਿੱਤਾ।

II. **ਬਾਬਾ ਸ੍ਰੀ ਚੰਦ ਜੀ ਦਾ ਵਿਰੋਧ:** ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਬੇਟੇ ਸਨ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਅਸਲ ਵਾਰਸ ਮੰਨਦੇ ਸਨ।ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਸਮਝਾਇਆ ਕਿ ਬਾਬਾ ਸ੍ਰੀ ਚੰਦ ਜੀ ਦੇ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਉਲਟ ਹਨ।

III. **ਗੋਇੰਦਵਾਲ ਦੇ ਮੁਸਲਮਾਨਾਂ ਦਾ ਵਿਰੋਧ:** ਗੋਇੰਦਵਾਲ ਦੇ ਕੁਝ ਮੁਸਲਮਾਨ ਗੁਰੂ ਅਮਰਦਾਸ ਜੀ ਦੀ ਵਧਦੀ ਹੋਈ ਪ੍ਰਸਿੱਧੀ ਸਹਿਣ ਨਾ ਕਰ ਸਕੇ। ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਅਤੇ ਸੰਗਤਾਂ ਦਾ ਸਮਾਨ ਚੋਰੀ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਨੇ ਸੰਗਤਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ। ਇੱਕ ਦਿਨ ਪਿੰਡ ਵਿੱਚ ਕੁਝ


Download Free Study Material From SIKHYA APP

ਹਥਿਆਰਬੰਦ ਵਿਅਕਤੀ ਆ ਗਏ। ਉਹਨਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਯਮਲੋਕ ਪਹੁੰਚਾ ਦਿੱਤਾ। ਮੁਸਲਮਾਨਾਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ ਅਤੇ ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਛੱਡ ਦਿੱਤਾ।

IV. **ਹਿੰਦੂਆਂ ਦਾ ਵਿਰੋਧ:** ਗੁਰੂ ਸਾਹਿਬ ਨੇ ਮੂਰਤੀ ਪੂਜਾ ਅਤੇ ਜਾਤੀ ਪ੍ਰਥਾ ਵਰਗੀਆਂ ਕੁਰੀਤੀਆਂ ਦਾ ਵਿਰੋਧ ਕੀਤਾ। ਬਾਉਲੀ ਸਾਹਿਬ ਦੀ ਸਥਾਪਨਾ ਕਰਕੇ ਉਹਨਾਂ ਨੇ ਸਿੱਖਾਂ ਨੂੰ ਇੱਕ ਵੱਖਰਾ ਤੀਰਥ ਸਥਾਨ ਵੀ ਦੇ ਦਿੱਤਾ। ਇਹਨਾਂ ਗੱਲਾਂ ਕਰਕੇ ਕੁਝ ਕੱਟੜ ਹਿੰਦੂ ਗੁਰੂ ਸਾਹਿਬ ਦੇ ਦੁਸ਼ਮਣ ਬਣ ਗਏ। ਉਹਨਾਂ ਨੇ ਬਾਦਸ਼ਾਹ ਅਕਬਰ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਹਿੰਦੂ ਧਰਮ ਦੇ ਵਿਰੁੱਧ ਪ੍ਰਚਾਰ ਕਰ ਰਹੇ ਹਨ।ਅਕਬਰ ਨੇ ਗੁਰੂ ਸਾਹਿਬ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ। ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਭਾਈ ਜੇਠਾ ਨੂੰ ਅਕਬਰ ਦੇ ਦਰਬਾਰ ਵਿੱਚ ਭੇਜਿਆ। ਭਾਈ ਜੇਠਾ ਨੂੰ ਮਿਲਣ ਤੋਂ ਬਾਅਦ ਅਕਬਰ ਨੇ ਗੁਰੂ ਸਾਹਿਬ ਨੂੰ ਨਿਰਦੋਸ਼ ਕਰਾਰ ਦਿੱਤਾ ਅਤੇ ਗੁਰੂ ਸਾਹਿਬ ਦੀ ਪ੍ਰਸਿੱਧੀ ਹੋਰ ਵੀ ਵਧ ਗਈ।

**4) ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ ?**

ਉੱਤਰ: ਗੁਰੂ ਅਮਰਦਾਸ ਜੀ ਦਾ ਯੋਗਦਾਨ:

I. **ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ:** ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ। ਇਸ ਬਾਉਲੀ ਤੱਕ ਪਹੁੰਚਣ ਲਈ 84 ਪਉੜੀਆਂ ਸਨ। ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਜੋ ਵੀ ਵਿਅਕਤੀ ਹਰ ਪੌੜੀ ਤੇ ਸ਼ਰਧਾ ਨਾਲ ਜਪੁਜੀ ਸਾਹਿਬ ਦਾ ਪਾਠ ਕਰੇਗਾ ਅਤੇ ਪਾਠ ਦੇ ਬਾਅਦ ਬਾਉਲੀ ਵਿੱਚ ਇਸ਼ਨਾਨ ਕਰੇਗਾ, ਉਹ 84 ਲੱਖ ਜੂਨਾਂ ਤੋਂ ਮੁਕਤ ਹੋ ਜਾਵੇਗਾ।ਛੇਤੀ ਹੀ ਇਹ ਬਾਉਲੀ ਸਿੱਖਾਂ ਦਾ ਇੱਕ ਪ੍ਰਸਿੱਧ ਤੀਰਥ ਸਥਾਨ ਬਣ ਗਈ।

II. **ਲੰਗਰ ਸੰਸਥਾ ਦਾ ਵਿਸਥਾਰ:** ਗੁਰੂ ਅਮਰਦਾਸ ਜੀ ਨੇ ਲੰਗਰ ਸੰਸਥਾ ਦਾ ਵਿਸਥਾਰ ਕੀਤਾ। ਉਹਨਾਂ ਨੇ ਐਲਾਨ ਕੀਤਾ ਕਿ ਕੋਈ ਵੀ ਯਾਤਰੀ ਲੰਗਰ ਛਕੇ ਬਿਨਾਂ ਉਹਨਾਂ ਦੇ ਦਰਸ਼ਨ ਨਹੀਂ ਕਰ ਸਕਦਾ।ਲੰਗਰ ਵਿੱਚ ਹਰੇਕ ਜਾਤ,


Download Free Study Material From SIKHYA APP

ਧਰਮ ਅਤੇ ਤਬਕੇ ਦੇ ਲੋਕ ਮਿਲਕੇ ਖਾਣਾ ਖਾਂਦੇ ਸਨ। ਇਸ ਨਾਲ ਸਿੱਖ ਧਰਮ ਦਾ ਬਹੁਤ ਪ੍ਰਚਾਰ ਹੋਇਆ ਅਤੇ ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ ਵਧੀ।

III. **ਮੰਜੀ ਪ੍ਰਥਾ:** ਵਡੇਰੀ ਉਮਰ ਦੇ ਹੋਣ ਕਾਰਨ ਗੁਰੂ ਅਮਰਦਾਸ ਜੀ ਲਈ ਵੱਖ-ਵੱਖ ਥਾਵਾਂ ਤੇ ਜਾ ਕੇ ਪ੍ਰਚਾਰ ਕਰਨਾ ਔਖਾ ਸੀ। ਇਸ ਲਈ ਗੁਰੂ ਸਾਹਿਬ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਹਰੇਕ ਮੰਜੀ ਦੇ ਮੁੱਖੀ ਨੂੰ ਮੰਜੀਦਾਰ ਕਿਹਾ ਜਾਂਦਾ ਸੀ। ਇਸ ਪ੍ਰਥਾ ਕਾਰਨ ਸਿੱਖ ਧਰਮ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

IV. **ਉਦਾਸੀ ਮੱਤ ਦਾ ਖੰਡਨ:** ਬਾਬਾ ਸ੍ਰੀ ਚੰਦ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਿੱਖ ਉਦਾਸੀ ਮੱਤ ਵਿੱਚ ਸ਼ਾਮਿਲ ਹੋਣ ਲੱਗ ਪਏ ਸਨ। ਗੁਰੂ ਸਾਹਿਬ ਨੇ ਉਦਾਸੀ ਮੱਤ ਦਾ ਖੰਡਨ ਕੀਤਾ ਅਤੇ ਸੰਗਤਾਂ ਨੂੰ ਦੱਸਿਆ ਕਿ ਉਦਾਸੀ ਮੱਤ ਦੇ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਉਲਟ ਹਨ।

V. **ਸਮਾਜਿਕ ਸੁਧਾਰ:** ਗੁਰੂ ਸਾਹਿਬ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ। ਉਹਨਾਂ ਨੇ ਸਤੀ ਪ੍ਰਥਾ, ਬਾਲ ਵਿਆਹ ਅਤੇ ਪਰਦਾ ਪ੍ਰਥਾ ਦਾ ਵੀ ਜੋਰਦਾਰ ਵਿਰੋਧ ਕੀਤਾ।ਉਹਨਾਂ ਨੇ ਵਿਧਵਾ ਵਿਆਹ ਅਤੇ ਅੰਤਰਜਾਤੀ ਵਿਆਹ ਦਾ ਸਮਥਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਨ ਤੋਂ ਰੋਕਿਆ।

**5) ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ ?**

ਉੱਤਰ: ਗੁਰੂ ਰਾਮਦਾਸ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ:

I. **ਰਾਮਦਾਸਪੁਰਾ ਦੀ ਸਥਾਪਨਾ:** ਗੁਰੂ ਰਾਮਦਾਸ ਜੀ ਨੇ 1577 ਈ: ਵਿੱਚ ਰਾਮਦਾਸਪੁਰਾ ਨਾਮਕ ਨਗਰ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ ਇੱਥੇ 52 ਵੱਖ ਵੱਖ ਕਿੱਤਿਆਂ ਨਾਲ ਸਬੰਧਤ ਵਪਾਰੀਆਂ ਨੂੰ ਵਸਾਇਆ। ਇਹਨਾਂ ਵਪਾਰੀਆਂ ਦੁਆਰਾ ਬਣਿਆ ਬਜਾਰ ਗੁਰੂ ਕਾ ਬਜਾਰ ਨਾਂ ਨਾਲ ਪ੍ਰਸਿੱਧ ਹੋਇਆ। ਰਾਮਦਾਸਪੁਰਾ ਵਿਖੇ ਦੋ ਸਰੋਵਰਾਂ ਅੰਮ੍ਰਿਤਸਰ ਅਤੇ ਸੰਤੋਖਸਰ ਦਾ ਨਿਰਮਾਣ ਕਰਵਾਇਆ ਗਿਆ। ਬਾਅਦ ਵਿੱਚ ਇਹ ਨਗਰ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਸਿੱਖਾਂ ਦਾ ਪ੍ਰਸਿੱਧ ਤੀਰਥ ਸਥਾਨ ਬਣ ਗਿਆ।


Download Free Study Material From SIKHYA APP

II. **ਮਸੰਦ ਪ੍ਰਥਾ ਦੀ ਸਥਾਪਨਾ**: ਰਾਮਦਾਸਪੁਰਾ ਵਿਖੇ ਸਰੋਵਰ ਅਤੇ ਹੋਰ ਧਾਰਮਿਕ ਕੰਮਾਂ ਲਈ ਮਾਇਆ ਦੀ ਲੋੜ ਪਈ। ਇਸ ਲਈ ਗੁਰੂ ਸਾਹਿਬ ਦੁਆਰਾ ਮਸੰਦ ਪ੍ਰਥਾ ਦਾ ਨਿਰਮਾਣ ਕੀਤਾ ਗਿਆ। ਮਸੰਦ ਪ੍ਰਥਾ ਕਾਰਨ ਨਾ ਸਿਰਫ ਮਾਇਆ ਦੀ ਸਮੱਸਿਆ ਦੂਰ ਹੋਈ ਸਗੋਂ ਸਿੱਖ ਧਰਮ ਦੀ ਪ੍ਰਸਿੱਧੀ ਵੀ ਦੂਰ-ਦੂਰ ਤੱਕ ਫੈਲ ਗਈ।

III. **ਉਦਾਸੀਆਂ ਨਾਲ ਵਿਰੋਧ ਦੀ ਸਮਾਪਤੀ**: ਇੱਕ ਵਾਰ ਉਦਾਸੀ ਮਤ ਦੇ ਮੋਢੀ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਸ਼੍ਰੀ ਅੰਮ੍ਰਿਤਸਰ ਸਾਹਿਬ ਆਏ। ਉਹ ਗੁਰੂ ਸਾਹਿਬ ਦੀ ਨਿਮਰਤਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਸਿੱਖ ਧਰਮ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ।ਇਹ ਘਟਨਾ ਸਿੱਖ ਧਰਮ ਦੇ ਵਿਕਾਸ ਵਿੱਚ ਲਾਹੇਵੰਦ ਸਿੱਧ ਹੋਈ।

IV. **ਕੁਰੀਤੀਆਂ ਦਾ ਵਿਰੋਧ**: ਗੁਰੂ ਰਾਮਦਾਸ ਜੀ ਨੇ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ ਜਿਵੇਂ ਜਾਤੀ ਪ੍ਰਥਾ ਬਾਲ ਵਿਆਹ ਆਦਿ ਦੀ ਨਿਖੇਧੀ ਕੀਤੀ।ਉਹਨਾਂ ਨੇ ਵਿਧਵਾ ਵਿਆਹ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ।

V. **ਨਵੀਆਂ ਪ੍ਰੰਪਰਾਵਾਂ ਦਾ ਆਰੰਭ**: ਗੁਰੂ ਸਾਹਿਬ ਨੇ ਸੰਗਤ, ਪੰਗਤ ਅਤੇ ਮੰਜੀ ਦੀ ਪ੍ਰਥਾ ਨੂੰ ਜਾਰੀ ਰੱਖਿਆ। ਇਸ ਤੋਂ ਇਲਾਵਾ ਉਹਨਾਂ ਨੇ ਸਿੱਖਾਂ ਵਿੱਚ ਲਾਵਾਂ ਰਾਹੀਂ ਵਿਆਹ ਕਰਨ ਦੀ ਪ੍ਰੰਪਰਾ ਆਰੰਭ ਕੀਤੀ।

VI. **ਗੁਰਬਾਣੀ ਦੀ ਰਚਨਾ**: **ਗੁ**ਰੂ ਸਾਹਿਬ ਨੇ 679 ਸ਼ਬਦਾਂ ਦੀ ਰਚਨਾ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਚਾਰ ਲਾਵਾਂ ਦਾ ਉੱਚਾਰਣ ਵੀ ਕੀਤਾ।

VII. **ਅਕਬਰ ਨਾਲ ਮਿੱਤਰਤਾ ਪੂਰਨ ਸਬੰਧ**: ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖਾਂ ਅਤੇ ਮੁਗਲਾਂ ਵਿਚਕਾਰ ਸਬੰਧ ਮਿੱਤਰਤਾਪੂਰਨ ਸਨ। ਗੁਰੂ ਸਾਹਿਬ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਲਗਾਨ ਮਾਫ਼ ਕਰ ਦਿੱਤਾ


Download Free Study Material From SIKHYA APP

# ਪਾਠ 6

## ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦੀ ਸ਼ਹੀਦੀ

| | |
|---|---|
| 1) ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ? | 15 ਅਪ੍ਰੈਲ 1563 ਈ: |
| 2) ਗੁਰੂ ਅਰਜਨ ਦੇਵ ਜੀ ਦਾ ਜਨਮ ਕਿੱਥੇ ਹੋਇਆ ? | ਗੋਇੰਦਵਾਲ ਸਾਹਿਬ ਵਿਖੇ |
| 3) ਗੁਰੂ ਅਰਜਨ ਦੇਵ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? | ਗੁਰੂ ਰਾਮਦਾਸ ਜੀ |
| 4) ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ ? | ਬੀਬੀ ਭਾਨੀ ਜੀ |
| 5) ਗੁਰੂ ਅਮਰਦਾਸ ਜੀ , ਗੁਰੂ ਅਰਜਨ ਦੇਵ ਜੀ ਦੇ ਕੀ ਲੱਗਦੇ ਸਨ ? | ਨਾਨਾ ਜੀ |
| 6) ਗੁਰੂ ਅਰਜਨ ਦੇਵ ਜੀ ਜਨਮ ਸਮੇਂ ਗੁਰੂ ਅਮਰਦਾਸ ਜੀ ਨੇ ਕੀ ਭਵਿੱਖਵਾਣੀ ਕੀਤੀ ? | ਮੇਰਾ ਇਹ ਦੋਹਤਾ ਬਾਣੀ ਕਾ ਬੋਹਿਥਾ ਹੋਵੇਗਾ |
| 7) ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਦਾ ਕੀ ਨਾਂ ਸੀ ? | ਗੰਗਾ ਦੇਵੀ ਜੀ |
| 8) ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਦਾ ਕੀ ਨਾਂ ਸੀ ? | ਹਰਗੋਬਿੰਦ ਜੀ |
| 9) ਹਰਗੋਬਿੰਦ ਜੀ ਦਾ ਜਨਮ ਕਦੋਂ ਹੋਇਆ ? | 1595 ਈ: |
| 10) ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਕਦੋਂ ਮਿਲੀ ? | 1581 ਈ: |
| 11) ਗੁਰੂ ਅਰਜਨ ਦੇਵ ਜੀ ਦੇ ਕਿੰਨੇ ਭਰਾ ਸਨ ? | ਦੋ, ਪ੍ਰਿਥੀ ਚੰਦ ਅਤੇ ਮਹਾਂਦੇਵ |
| 12) ਪ੍ਰਿਥੀ ਚੰਦ ਕੌਣ ਸੀ ? | ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ |
| 13) ਪ੍ਰਿਥੀ ਚੰਦ ਨੇ ਕਿਹੜਾ ਸੰਪਰਦਾਇ ਚਲਾਇਆ ? | ਮੀਣਾ |
| 14) ਨਕਸ਼ਬੰਦੀ ਲਹਿਰ ਦੀ ਸਥਾਪਨਾ ਕਿੱਥੇ ਕੀਤੀ ਗਈ ? | ਸਰਹਿੰਦ ਵਿਖੇ |
| 15) ਨਕਸ਼ਬੰਦੀ ਲਹਿਰ ਦਾ ਨੇਤਾ ਕੌਣ ਸੀ ? | ਸ਼ੇਖ ਅਹਿਮਦ ਸਰਹਿੰਦੀ |



Download Free Study Material From SIKHYA APP

| | |
|---|---|
| 16) ਚੰਦੂ ਸ਼ਾਹ ਕੌਣ ਸੀ ? | ਲਾਹੌਰ ਦਾ ਦੀਵਾਨ |
| 17) ਹਰਿਮੰਦਰ ਤੋਂ ਕੀ ਭਾਵ ਹੈ ? | ਈਸ਼ਵਰ ਦਾ ਮੰਦਰ |
| 18) ਹਰਿਮੰਦਰ ਸਾਹਿਬ ਦੀ ਸਥਾਪਨਾ ਕਿੱਥੇ ਕੀਤੀ ਗਈ ? | ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ |
| 19) ਹਰਿਮੰਦਰ ਸਾਹਿਬ ਦੀ ਸਥਾਪਨਾ ਕਿਹੜੇ ਸਰੋਵਰ ਦੇ ਵਿਚਕਾਰ ਕੀਤੀ ਗਈ ? | ਅੰਮ੍ਰਿਤ ਸਰੋਵਰ ਦੇ ਵਿਚਕਾਰ |
| 20) ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਰੱਖੀ ਗਈ ? | 13 ਜਨਵਰੀ 1588 ਈ: |
| 21) ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਕਿਸਤੋਂ ਰੱਖਵਾਈ ? | ਸਾਈਂ ਮੀਆਂ ਮੀਰ ਜੀ ਤੋਂ |
| 22) ਹਰਿਮੰਦਰ ਸਾਹਿਬ ਦੇ ਕਿੰਨੇ ਦਰਵਾਜੇ ਰਖਵਾਏ ਗਏ ? | ਚਾਰ |
| 23) ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ ਕਦੋਂ ਪੂਰਾ ਹੋਇਆ ? | 1601 ਈ: |
| 24) ਤਰਨਤਾਰਨ ਸਾਹਿਬ ਦੀ ਸਥਾਪਨਾ ਕਿਸਨੇ ਕੀਤੀ ? | ਗੁਰੂ ਅਰਜਨ ਦੇਵ ਜੀ ਨੇ |
| 25) ਤਰਨਤਾਰਨ ਸਾਹਿਬ ਦੀ ਸਥਾਪਨਾ ਕਦੋਂ ਕੀਤੀ ਗਈ ? | 1590 ਈ: |
| 26) ਗੁਰੂ ਅਰਜਨ ਦੇਵ ਜੀ ਦੁਆਰ ਸਥਾਪਿਤ ਕੀਤੇ ਕਿਸੇ ਦੋ ਸ਼ਹਿਰਾਂ ਦੇ ਨਾਂ ਲਿਖੋ। | ਕਰਤਾਰਪੁਰ ਅਤੇ ਹਰਗੋਬਿੰਦਪੁਰ |
| 27) ਕਰਤਾਰਪੁਰ ਸਾਹਿਬ ਕਿਹੜੇ ਜਿਲ੍ਹੇ ਵਿੱਚ ਸਥਿਤ ਹੈ ? | ਜਲੰਧਰ ਵਿੱਚ |
| 28) ਕਰਤਾਰਪੁਰ ਦਾ ਕੀ ਅਰਥ ਹੈ ? | ਈਸ਼ਵਰ ਦਾ ਨਗਰ |
| 29) ਕਰਤਾਰਪੁਰ ਸਾਹਿਬ ਵਿਖੇ ਕਿਹੜਾ ਸਰੋਵਰ ਬਣਵਾਇਆ ਗਿਆ ? | ਗੰਗਸਬ |
| 30) ਗੁਰੂ ਅਰਜਨ ਦੇਵ ਜੀ ਨੇ ਹਰਗੋਬਿੰਦਪੁਰ ਦੀ ਸਥਾਪਨਾ ਕਿਉਂ ਕੀਤੀ ? | ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ |
| 31) ਹਰਗੋਬਿੰਦਪੁਰ ਸਾਹਿਬ ਦੀ ਸਥਾਪਨਾ ਕਦੋਂ ਕੀਤੀ ਗਈ, | 1595 ਈ: |


Download Free Study Material From SIKHYA APP

| | |
|---|---|
| 32) ਗੁਰੂ ਅਰਜਨ ਦੇਵ ਜੀ ਨੇ ਬਾਉਲੀ ਦਾ ਨਿਰਮਾਣ ਕਿੱਥੇ ਕਰਵਾਇਆ ? | ਡੱਬੀ ਬਜਾਰ, ਲਾਹੌਰ ਵਿਖੇ |
| 33) ਮਸੰਦ ਪ੍ਰਥਾ ਦੀ ਸਥਾਪਨਾ ਕਿਸਨੇ ਕੀਤੀ ਸੀ ? | ਗੁਰੂ ਰਾਮਦਾਸ ਜੀ ਨੇ |
| 34) ਮਸੰਦ ਪ੍ਰਥਾ ਦਾ ਅਸਲ ਵਿਕਾਸ ਕਿਸਦੇ ਸਮੇਂ ਹੋਇਆ ? | ਗੁਰੂ ਅਰਜਨ ਦੇਵ ਜੀ ਦੇ ਸਮੇਂ |
| 35) ਮਸੰਦ ਕਿਹੜੀ ਭਾਸ਼ਾ ਦਾ ਸ਼ਬਦ ਹੈ ? | ਫਾਰਸੀ |
| 36) ਮਸੰਦ ਸ਼ਬਦ ਕਿਹੜੇ ਫਾਰਸੀ ਸ਼ਬਦ ਤੋਂ ਬਣਿਆ ਹੈ ? | ਮਸਨਦ |
| 37) ਮਸੰਦ (ਮਸਨਦ) ਸ਼ਬਦ ਤੋਂ ਕੀ ਭਾਵ ਹੁੰਦਾ ਹੈ ? | ਉੱਚਾ ਸਥਾਨ |
| 38) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਸਨੇ ਕੀਤਾ ? | ਗੁਰੂ ਅਰਜਨ ਦੇਵ ਜੀ ਨੇ |
| 39) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿੱਥੇ ਕੀਤਾ ਗਿਆ ? | ਅੰਮ੍ਰਿਤਸਰ ਸਾਹਿਬ ਵਿਖੇ |
| 40) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਰੋਵਰ ਦੇ ਕੰਢੇ ਕੀਤਾ ਗਿਆ ? | ਰਾਮਸਰ ਸਰੋਵਰ ਦੇ ਕੰਢੇ |
| 41) ਆਦਿ ਗ੍ਰੰਥ ਸਾਹਿਬ ਵਿੱਚ ਬਾਣੀ ਨੂੰ ਲਿਖਣ ਦਾ ਕਾਰਜ ਕਿਸਨੇ ਕੀਤਾ ? | ਭਾਈ ਗੁਰਦਾਸ ਜੀ ਨੇ |
| 42) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਾਲ ਆਰੰਭ ਹੋਇਆ ? | 1601 ਈ: |
| 43) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਾਲ ਸੰਪੂਰਨ ਹੋਇਆ ? | 1604 ਈ: |
| 44) ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕਦੋਂ ਕੀਤਾ ਗਿਆ ? | 16 ਅਗਸਤ 1604 ਈ: |
| 45) ਆਦਿ ਗ੍ਰੰਥ ਸਾਹਿਬ ਦੇ ਕਿੰਨੇ ਅੰਗ ਹਨ ? | 1430 |
| 46) ਆਦਿ ਗ੍ਰੰਥ ਸਾਹਿਬ ਵਿੱਚ ਬਾਣੀ ਨੂੰ ਕਿੰਨੇ ਰਾਗਾਂ ਵਿੱਚ ਦਰਜ ਕੀਤਾ ਗਿਆ ? | 31 |
| 47) ਆਦਿ ਗ੍ਰੰਥ ਸਾਹਿਬ ਕਿਹੜੀ ਲਿਪੀ ਵਿੱਚ ਲਿਖਿਆ ਗਿਆ ਹੈ ? | ਗੁਰਮੁੱਖੀ ਲਿਪੀ ਵਿੱਚ |
| 48) ਆਰੰਭ ਵਿੱਚ ਆਦਿ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਸੀ ? | ਪਹਿਲੇ ਪੰਜ ਗੁਰੂ ਸਾਹਿਬਾਨ ਦੀ |


Download Free Study Material From SIKHYA APP

| | |
|---|---|
| 49) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਦਿ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂ ਸਾਹਿਬ ਦੀ ਬਾਣੀ ਸ਼ਾਮਿਲ ਕੀਤੀ ਗਈ ? | ਗੁਰੂ ਤੇਗ ਬਹਾਦਰ ਜੀ ਦੀ |
| 50) ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਕਿਹੜਾ ਦਰਜਾ ਦਿੱਤਾ ? | ਗੁਰੂ ਗ੍ਰੰਥ ਸਾਹਿਬ ਜੀ ਦਾ |
| 51) ਆਦਿ ਗ੍ਰੰਥ ਸਾਹਿਬ ਵਿੱਚ ਸਭ ਤੋਂ ਵਧ ਸ਼ਬਦ ਕਿਹੜੇ ਗੁਰੂ ਸਾਹਿਬ ਦੇ ਹਨ ? | ਗੁਰੂ ਅਰਜਨ ਦੇਵ ਜੀ ਦੇ |
| 52) ਗੁਰੂ ਅਰਜਨ ਦੇਵ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ ? | 30 ਮਈ 1606 ਈ: |
| 53) ਗੁਰੂ ਅਰਜਨ ਦੇਵ ਜੀ ਨੂੰ ਕਿਹੜੇ ਮੁਗਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ ? | ਜਹਾਂਗੀਰ ਨੇ |
| 54) ਜਹਾਂਗੀਰ ਕਦੋਂ ਗੱਦੀ ਤੇ ਬੈਠਾ ? | 1605 ਈ: |
| 55) ਜਹਾਂਗੀਰ ਦੀ ਆਤਮਕਥਾ ਦਾ ਕੀ ਨਾਂ ਹੈ ? | ਤੁਜ਼ਕੇ ਜਹਾਂਗੀਰੀ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕਰਦਾ ਸੀ ?**

ਉੱਤਰ: ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਉਹ ਬਹੁਤ ਸਵਾਰਥੀ ਸੀ। ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨਦੇਵ ਜੀ ਨੂੰ ਗੁਰਗੱਦੀ ਦੇ ਦਿੱਤੀ ਤਾਂ ਉਹ ਗੁਰੂ ਅਰਜਨ ਦੇਵ ਜੀ ਦਾ ਦੁਸ਼ਮਣ ਬਣ ਗਿਆ ਅਤੇ ਉਹਨਾਂ ਦਾ ਵਿਰੋਧ ਕਰਨ ਲੱਗਿਆ।

**2) ਨਕਸ਼ਬੰਦੀ ਕੌਣ ਸਨ ? ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕੀਤਾ ?**

ਉੱਤਰ: ਨਕਸ਼ਬੰਦੀ ਕੱਟੜਪੰਥੀ ਮੁਸਲਮਾਨਾਂ ਦੀ ਇੱਕ ਲਹਿਰ ਸੀ। ਇਸਦਾ ਮੁੱਖ ਕੇਂਦਰ ਸਰਹਿੰਦ ਵਿਖੇ ਸੀ। ਇਸ ਲਹਿਰ ਦਾ ਮੁੱਖ ਨੇਤਾ ਸ਼ੇਖ ਅਹਿਮਦ ਸਰਹਿੰਦੀ ਸੀ। ਇਹ ਲਹਿਰ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮਦੀ ਤਰੱਕੀ ਸਹਿਣਨਹੀਂ ਕਰਸਕਦੀ ਸੀ। ਜਦੋਂ ਇਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਨੂੰ ਵਧਦੇ ਵੇਖਿਆ ਤਾਂ ਇਹ ਬਰਦਾਸ਼ਤ ਨਾ ਕਰ ਸਕੇ। ਇਸ ਲਈ ਇਹਨਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।


Download Free Study Material From SIKHYA APP

**3) ਪੰਜਾਬ ਦੇ ਬ੍ਰਾਹਮਣਾਂ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕੀਤਾ ?**

ਉੱਤਰ: ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਅਤੇ ਪ੍ਰਚਾਰ ਕਾਰਨ ਸਿੱਖਾਂ ਦਾ ਪ੍ਰਭਾਵ ਵਧ ਰਿਹਾ ਸੀ। ਨਤੀਜੇ ਵਜੋਂ ਸਮਾਜ ਵਿੱਚ ਬ੍ਰਾਹਮਣਾਂ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ। ਲੋਕਾਂ ਨੇ ਬ੍ਰਾਹਮਣਾਂ ਨੂੰ ਬੁਲਾਏ ਬਗੈਰ ਆਪਣੀਆਂ ਰਸਮਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਲਈ ਬ੍ਰਾਹਮਣਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਦੁਆਰਾ ਜਾਤ-ਪਾਤ ਦੇ ਖਿਲਾਫ਼ ਪ੍ਰਚਾਰ ਕਰਨਾ ਵੀ ਬ੍ਰਾਹਮਣਾਂ ਨੂੰ ਪਸੰਦ ਨਹੀਂ ਸੀ।

**4) ਚੰਦੂ ਸ਼ਾਹ ਕੌਣ ਸੀ ? ਉਹ ਗੁਰੂ ਅਰਜਨ ਦੇਵ ਜੀ ਦਾ ਦੁਸ਼ਮਣ ਕਿਉਂ ਬਣ ਗਿਆ ?**

ਉੱਤਰ: ਚੰਦੂ ਸ਼ਾਹ ਲਾਹੌਰ ਦਾ ਦੀਵਾਨ ਸੀ। ਉਹ ਆਪਣੀ ਬੇਟੀ ਲਈ ਯੋਗ ਵਰ ਤਲਾਸ਼ ਕਰ ਰਿਹਾ ਸੀ। ਕੁਝ ਲੋਕਾਂ ਨੇ ਉਸਨੂੰ ਆਪਣੀ ਬੇਟੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਹਰਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ। ਉਸਨੂੰ ਇਹ ਗੱਲ ਪਸੰਦ ਨਾ ਆਈ। ਉਸਨੇ ਗੁਰੂ ਸਾਹਿਬ ਖਿਲਾਫ਼ ਕੁਝ ਅਪਮਾਨਜਨਕ ਸ਼ਬਦ ਬੋਲੇ। ਬਾਅਦ ਵਿੱਚ ਆਪਣੀ ਪਤਨੀ ਦੇ ਕਹਿਣ ਤੇ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ। ਉਸਨੇ ਆਪਣੇ ਦੂਤਾਂ ਨੂੰ ਗੁਰੂ ਸਾਹਿਬ ਦੇ ਘਰ ਰਿਸ਼ਤਾ ਕਰਨ ਲਈ ਭੇਜਿਆ। ਇਸ ਸਮੇਂ ਤੱਕ ਸੰਗਤਾਂ ਨੂੰ ਗੁਰੂ ਸਾਹਿਬ ਖਿਲਾਫ਼ ਬੋਲੇ ਗਏ ਸ਼ਬਦਾਂ ਦੀ ਜਾਣਕਾਰੀ ਮਿਲ ਚੁੱਕੀ ਸੀ। ਉਹਨਾਂ ਨੇ ਗੁਰੂ ਸਾਹਿਬ ਨੂੰ ਰਿਸ਼ਤਾ ਨਾ ਕਰਨ ਲਈ ਕਿਹਾ। ਗੁਰੂ ਸਾਹਿਬ ਨੇ ਰਿਸ਼ਤਾ ਕਰਨ ਤੋਂ ਇਨਕਾਰ ਕਰ ਦਿੱਤਾ। ਚੰਦੂ ਸ਼ਾਹ ਨੂੰ ਇਸ ਵਿੱਚ ਬਹੁਤ ਬੇਇੱਜਤੀ ਮਹਿਸੂਸ ਹੋਈ। ਉਸਨੇ ਗੁਰੂ ਸਾਹਿਬ ਨੂੰ ਦਾਜ਼ ਦਾ ਲਾਲਚ ਵੀ ਦਿੱਤਾ ਪਰ ਗੁਰੂ ਜੀ ਟਸ ਤੋਂ ਮਸ ਨਾ ਹੋਏ। ਇਸ ਲਈ ਉਹ ਗੁਰੂ ਸਾਹਿਬ ਦਾ ਜਾਨੀ ਦੁਸ਼ਮਣ ਬਣ ਗਿਆ।

**5) ਹਰਿਮੰਦਰ ਸਾਹਿਬ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਹਰਿਮੰਦਰਸਾਹਿਬਦਾਨਿਰਮਾਣ ਗੁਰੂ ਅਰਜਨਦੇਵ ਜੀ ਨੇ ਕਰਵਾਇਆ ਸੀ। ਹਰਿਮੰਦਰਸਾਹਿਬਦੀਨੀਂਹ 13 ਜਨਵਰੀ 1588 ਈ: ਨੂੰ ਸਾਈਂ ਮੀਆਂ ਮੀਰਕੋਲੋਂ ਰਖਵਾਈ ਗਈ। ਹਰਿਮੰਦਰਸਾਹਿਬਦਾਨਿਰਮਾਣਕਾਰਜ 1601 ਈ: ਵਿੱਚ ਪੂਰਾ ਹੋਇਆ। ਗੁਰੂ ਸਾਹਿਬ ਨੇ ਹਰਿਮੰਦਰਸਾਹਿਬਦੀਸਥਾਪਨਾਅਮ੍ਰਿਤਸਰਸਰੋਵਰ ਦੇ ਵਿਚਕਾਰਕਰਵਾਈ ਸੀ। ਹਰਿਮੰਦਰਸ਼ਬਦ ਦੋ


Download Free Study Material From SIKHYA APP

ਸ਼ਬਦਾਂ ਹਰਿਅਤੇ ਮੰਦਰ ਨੂੰ ਜੋੜ ਕੇ ਬਣਿਆ ਹੈ ਜਿਸਦਾਅਰਥ ਹੁੰਦਾ ਹੈ ਈਸ਼ਵਰਦਾਮੰਦਰ। ਗੁਰੂ ਸਾਹਿਬ ਨੇ ਹਰਿਮੰਦਰਸਾਹਿਬਦੀਆਂ ਚਾਰੇ ਦਿਸ਼ਾਵਾਂ ਵਿੱਚ ਇੱਕ-ਇੱਕ ਦਰਵਾਜਾਰਖਵਾਇਆ।ਇਸਦਾਭਾਵ ਇਹ ਸੀ ਕਿ ਚਾਰੇ ਦਿਸ਼ਾਵਾਂ ਤੋਂ ਲੋਕ ਕਿਸੇ ਭੇਦਭਾਵ ਦੇ ਬਿਨਾਂ ਹਰਿਮੰਦਰਸਾਹਿਬ ਵਿੱਚ ਆ ਸਕਦੇ ਸਨ। ਗੁਰੂ ਸਾਹਿਬ ਨੇ ਐਲਾਨਕੀਤਾ ਕਿ ਹਰਿਮੰਦਰਸਾਹਿਬਦੀਯਾਤਰਾਕਰਨਵਾਲੇ ਨੂੰ ਹਿੰਦੂਆਂ ਦੇ 68 ਤੀਰਥਸਥਾਨਾਂ ਦੀਯਾਤਰਾਦਾਫਲਮਿਲੇਗਾ। ਛੇਤੀ ਹੀ ਹਰਿਮੰਦਰਸਾਹਿਬ ਸਿੱਖਾਂ ਦਾ ਪ੍ਰਸਿੱਧ ਤੀਰਥਸਥਾਨਬਣ ਗਿਆ।

**6) ਤਰਨ ਤਾਰਨ ਸਾਹਿਬ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਤਰਨਤਾਰਨ ਸਾਹਿਬ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਸੀ। ਤਰਨਤਾਰਨ ਸਾਹਿਬ ਦੀ ਸਥਾਪਨਾ ਦਾ ਮੁੱਖ ਮਕਸਦ ਮਾਝੇ ਦੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਤਰਨਤਾਰਨ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ 24 ਕਿੱਲੋਮੀਟਰ ਦੱਖਣ ਵੱਲ ਸਥਿਤ ਹੈ। ਇਸਦੀ ਸਥਾਪਨਾ 1590 ਈ: ਵਿੱਚ ਕਰਵਾਈ ਗਈ। ਇੱਥੇ ਤਰਨਤਾਰਨ ਨਾਂ ਦੇ ਇੱਕ ਸਰੋਵਰ ਦੀ ਉਸਾਰੀ ਵੀ ਕਰਵਾਈ ਗਈ। ਗੁਰੂ ਅਰਜਨ ਦੇਵ ਜੀ ਨੇ ਐਲਾਨ ਕੀਤਾ ਕਿ ਜਿਹੜਾ ਵੀ ਮਨੁੱਖ ਇਸ ਸਰੋਵਰ ਵਿੱਚ ਇਸ਼ਨਾਨ ਕਰੇਗਾ, ਉਹ ਇਸ ਭਵ-ਸਾਗਰ ਤੋਂ ਤਰ ਜਾਵੇਗਾ। ਤਰਨਤਾਰਨ ਸਾਹਿਬ ਸਿੱਖਾਂ ਦਾ ਇੱਕ ਪ੍ਰਸਿੱਧ ਪ੍ਰਚਾਰ ਕੇਂਦਰ ਬਣ ਗਿਆ ਅਤੇ ਮਾਝੇ ਦੇ ਬਹੁਤ ਸਾਰੇ ਜੱਟ ਸਿੱਖ ਧਰਮ ਵਿੱਚ ਸ਼ਾਮਿਲ ਹੋ ਗਏ।

**7) ਕਰਤਾਰਪੁਰ ਅਤੇ ਹਰਗੋਬਿੰਦਪੁਰ ਦੀ ਸਥਾਪਨਾ ਤੇ ਇੱਕ ਨੋਟ ਲਿਖੋ।**

ਉੱਤਰ: ਗੁਰੂ ਅਰਜਨ ਦੇਵ ਜੀ ਨੇ 1593 ਈ: ਵਿੱਚ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ। ਕਰਤਾਰਪੁਰ ਦਾ ਅਰਥ ਹੈ ਈਸ਼ਵਰ ਦਾ ਨਗਰ। ਇਹ ਨਗਰ ਜਲੰਧਰ ਦੇ ਨੇੜੇ ਸਥਿਤ ਹੈ। ਕਰਤਾਰਪੁਰ ਵਿਖੇ ਗੁਰੂ ਸਾਹਿਬ ਨੇ ਗੰਗਸਰ ਨਾਂ ਦਾ ਇੱਕ ਸਰੋਵਰ ਵੀ ਬਣਵਾਇਆ। ਇਸਦੇ ਮੁਕੰਮਲ ਹੋਣ ਤੇ ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਇਸ ਸਰੋਵਰ ਦਾ ਜਲ ਵੀ ਗੰਗਾ


Download Free Study Material From SIKHYA APP

ਨਦੀ ਵਾਂਗ ਪਵਿੱਤਰ ਹੈ। ਗੁਰੂ ਸਾਹਿਬ ਨੇ ਆਪਣੇ ਪੁੱਤਰ ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕੰਢੇ 1595 ਈ: ਵਿੱਚ ਹਰਗੋਬਿੰਦਪੁਰ ਨਗਰ ਦੀ ਸਥਾਪਨਾ ਕੀਤੀ।

**8) ਮਸੰਦ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਸੰਦ ਪ੍ਰਥਾ ਦੀ ਸਥਾਪਨਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਮਸੰਦ ਸ਼ਬਦ ਫਾਰਸੀ ਭਾਸ਼ਾ ਦੇ ਸ਼ਬਦ ਮਸਨਦ ਤੋਂ ਬਣਿਆ ਹੈ ਜਿਸਦਾ ਅਰਥ ਹੁੰਦਾ ਹੈ ਉੱਚਾ ਸਥਾਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਵਿਕਾਸ ਵਿੱਚ ਬਹੁਤ ਤੇਜ਼ੀ ਆਈ। ਲੰਗਰ ਅਤੇ ਵਿਕਾਸ ਕਾਰਜਾਂ ਲਈ ਮਾਇਆ ਦੀ ਲੋੜ ਵਧ ਗਈ। ਇਸ ਸਮੇਂ ਗੁਰੂ ਸਾਹਿਬ ਨੇ ਦਸਵੰਧ ਦੀ ਪ੍ਰੰਪਰਾ ਸ਼ੁਰੂ ਕੀਤੀ। ਮਸੰਦ ਆਪਣੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸਿੱਖਾਂ ਕੋਲੋਂ ਦਸਵੰਧ ਇਕੱਠਾ ਕਰਦੇ ਸਨ। ਮਸੰਦ ਦੇ ਅਹੁਦੇ ਤੇ ਸਾਦਾ ਅਤੇ ਪਵਿੱਤਰ ਜੀਵਨ ਜੀਣ ਵਾਲੇ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ। ਉਹ ਆਪਣੇ ਗੁਜ਼ਾਰੇ ਲਈ ਕਿਰਤ ਕਮਾਈ ਕਰਦੇ ਸਨਅਤੇ ਗੁਰੂ ਘਰ ਲਈ ਇਕੱਠੀ ਕੀਤੀ ਮਾਇਆ ਵਿੱਚੋਂ ਇੱਕ ਪੈਸਾ ਲੈਣਾ ਵੀ ਪਾਪ ਸਮਝਦੇ ਸਨ। ਇਕੱਠੀ ਕੀਤੀ ਮਾਇਆ ਨੂੰ ਵਿਸਾਖੀ ਅਤੇ ਦੀਵਾਲੀ ਸਮੇਂ ਗੁਰੂ ਸਾਹਿਬ ਨੂੰ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭੇਟ ਕੀਤਾ ਜਾਂਦਾ ਸੀ। ਮਸੰਦ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਬਹੁਤ ਲਾਭਦਾਇਕ ਸਿੱਧ ਹੋਈ। ਬਾਅਦ ਵਿੱਚ ਮਸੰਦ ਬਹੁਤ ਸ਼ਕਤੀਸ਼ਾਲੀ ਅਤੇ ਭ੍ਰਿਸ਼ਟਾਚਾਰੀ ਹੋ ਗਏ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਨੂੰ ਖਤਮ ਕਰ ਦਿੱਤਾ।

**9) ਮਸੰਦ ਪ੍ਰਥਾ ਤੋਂ ਸਿੱਖ ਧਰਮ ਨੂੰ ਕੀ  ਲਾਭ ਹੋਇਆ ?**

ਉੱਤਰ:

1. ਮਸੰਦ ਪ੍ਰਥਾ ਕਾਰਨ ਬਹੁਤ ਸਾਰੇ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋਏ।
2. ਗੁਰੂ ਘਰ ਦੀ ਆਮਦਨ ਨਿਸਚਿਤ ਹੋ ਗਈ। ਇਸ ਆਮਦਨ ਨੂੰ ਸਿੱਖ ਧਰਮ ਦੇ ਵਿਕਾਸ ਤੇ ਖਰਚ ਕੀਤਾ ਗਿਆ।
3. ਸਿੱਖ ਧਰਮ ਦੀ ਪ੍ਰਸਿੱਧੀ ਵਿੱਚ ਵਾਧਾ ਹੋਇਆ।


Download Free Study Material From SIKHYA APP

4. ਗੁਰੂ ਸਾਹਿਬਾਨ ਦੇ ਉਪਦੇਸ਼ ਦੂਰ-ਦੁਰਾਡੇ ਦੀਆਂ ਸੰਗਤਾਂ ਤੱਕ ਪਹੁੰਚੇ।

**10) ਆਦਿ ਗ੍ਰੰਥ ਸਾਹਿਬ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਆਦਿ ਗ੍ਰੰਥ ਸਾਹਿਬ ਸਿੱਖਾਂ ਦੀ ਕੇਂਦਰੀ ਧਾਰਮਿਕ ਪੁਸਤਕ ਹੈ। ਇਸਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਕੀਤਾ। ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸਦਾ ਸੰਕਲਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਸਰੋਵਰ ਦੇ ਕੰਢੇ ਤੇ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਬਾਣੀ ਲਿਖਾਉਂਦੇ ਗਏ ਅਤੇ ਭਾਈ ਗੁਰਦਾਸ ਜੀ ਲਿਖਦੇ ਗਏ। ਆਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਲੱਗਭਗ 3 ਸਾਲ ਦਾ ਸਮਾਂ ਲੱਗਿਆ। 16 ਅਗਸਤ 1604 ਈ: ਨੂੰ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।

ਇਸ ਵਿੱਚ ਛੇ ਗੁਰੂ ਸਾਹਿਬਾਨ, 15 ਹਿੰਦੂ ਭਗਤਾਂ ਅਤੇ ਸੂਫ਼ੀ ਸੰਤਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਵਿੱਚ 11 ਭੱਟਾਂ ਦੇ ਸਵੈਯੇ ਵੀ ਅੰਕਿਤ ਕੀਤੇ ਗਏ ਹਨ। ਆਦਿ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ। ਹਰ ਸਿੱਖ ਇਸਤੋਂ ਸੇਧ ਲੈ ਕੇ ਆਪਣਾ ਜੀਵਨ ਜਿਉਂਦਾ ਹੈ। ਇਸਤੋਂ ਸਾਨੂੰ 15ਵੀਂ ਤੋਂ 17ਵੀਂ ਸਦੀ ਦੇ ਪੰਜਾਬ ਦੀ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਹਾਲਤ ਬਾਰੇ ਬਹੁਮੁੱਲੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੱਤਾ।

**11) ਘੋੜਿਆਂ ਦਾ ਵਪਾਰ ਕਰਨ ਨਾਲ ਸਿੱਖਾਂ ਨੂੰ ਕੀ ਫਾਇਦਾ ਹੋਇਆ ?**

ਉੱਤਰ: ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਉਤਸਾਹਿਤ ਕੀਤਾ।ਘੋੜਿਆਂ ਦਾ ਵਪਾਰ ਕਰਨ ਨਾਲ:

1. ਸਿੱਖ ਚੰਗੇ ਵਪਾਰੀ ਬਣੇ। ਉਹਨਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਆਇਆ।
2. ਉਹ ਚੰਗੇ ਘੋੜਸਵਾਰ ਬਣ ਗਏ।


Download Free Study Material From SIKHYA APP

3. ਘੋੜਿਆਂ ਦੇ ਵਪਾਰ ਨੇ ਹਿੰਦੂਆਂ ਦੇ ਇਸ ਵਹਿਮ ਨੂੰ ਸੱਟ ਮਾਰੀ ਕਿ ਸਮੰਦਰ ਪਾਰ ਕਰਨ ਨਾਲ ਕਿਸੇ ਵਿਅਕਤੀ ਦਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ।

**12) ਗੁਰੂ ਅਰਜਨ ਦੇਵ ਜੀ ਦੇ ਮੁਗਲਾਂ ਨਾਲ ਕਿਹੋ ਜਿਹੇ ਸਬੰਧ ਸਨ ?**

ਉੱਤਰ: ਗੁਰੂ ਅਰਜਨ ਦੇਵ ਜੀ ਦੇ ਅਕਬਰ ਨਾਲ ਸੰਬੰਧ ਮਿੱਤਰਤਾ ਪੂਰਨ ਸਨ। ਅਕਬਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਵਿੱਚ ਕਿਸੇ ਪ੍ਰਕਾਰ ਦੀ ਦਖਲ ਅੰਦਾਜ਼ੀ ਨਹੀਂ ਕੀਤੀ। ਗੁਰੂ ਸਾਹਿਬ ਦੇ ਵਿਰੋਧੀਆਂ ਪ੍ਰਿਥੀ ਚੰਦ, ਚੰਦੂ ਸ਼ਾਹ, ਨਕਸ਼ਬੰਦੀਆਂ ਅਤੇ ਕੱਟੜ ਬ੍ਰਾਹਮਣਾਂ ਨੇ ਗੁਰੂ ਸਾਹਿਬ ਦੇ ਖਿਲਾਫ਼ ਅਕਬਰ ਦੇ ਕੰਨ ਭਰਨ ਦੀ ਕੋਸ਼ਿਸ਼ ਕੀਤੀ ਪਰ ਅਕਬਰ ਨੇ ਉਹਨਾਂ ਦੀਆਂ ਗੱਲਾਂ ਵੱਲ ਧਿਆਨ ਨਾ ਦਿੱਤਾ। ਗੁਰੂ ਸਾਹਿਬ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦੇ ਲਗਾਨ ਵਿੱਚ 10 ਫੀਸਦੀ ਕਮੀ ਕਰ ਦਿੱਤੀ। ਅਕਬਰ ਤੋਂ ਬਾਅਦ ਜਹਾਂਗੀਰ ਗੱਦੀ ਤੇ ਬੈਠਾ। ਉਹ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਗੁਰੂ ਸਾਹਿਬ ਦੇ ਵਿਰੋਧੀਆਂ ਦੀਆਂ ਗੱਲਾਂ ਵਿੱਚ ਆ ਗਿਆ ਅਤੇ ਉਸਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ।

**13) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ ?**

ਉੱਤਰ: ਸ਼ਹਿਜਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਦੇ ਖਿਲਾਫ ਵਿਦਰੋਹ ਕਰ ਦਿੱਤਾ। ਅਸਫ਼ਲ ਹੋਣ ਤੇ ਉਹ ਭੱਜ ਕੇ ਪੰਜਾਬ ਆ ਗਿਆ। ਪੰਜਾਬ ਪਹੁੰਚ ਕੇ ਉਹ ਗੁਰੂ ਅਰਜਨ ਸਾਹਿਬ ਕੋਲ ਤਰਨਤਾਰਨ ਸਾਹਿਬ ਵਿਖੇ ਗਿਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਖੁਸਰੋ ਨੂੰ ਆਸ਼ੀਰਵਾਦ ਦਿੱਤਾ ਅਤੇ ਕਾਬਲ ਜਾਣ ਲਈ ਕੁਝ ਆਰਥਿਕ ਸਹਾਇਤਾ ਵੀ ਦਿੱਤੀ। ਜਦੋਂ ਜਹਾਂਗੀਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੂੰ ਬਹੁਤ ਗੁੱਸਾ ਆਇਆ। ਉਸਨੇ ਲਾਹੌਰ ਦੇ ਗਵਰਨਰ ਮੁਰਤੱਜਾ ਖਾਂ ਨੂੰ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਬਾਅਦ ਵਿੱਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।


Download Free Study Material From SIKHYA APP

**14) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੁੱਖ ਕਾਰਨ ਕੀ ਸਨ ?**

ਉੱਤਰ: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨ:

1. ਜਹਾਂਗੀਰ ਦੀ ਧਾਰਮਿਕ ਕੱਟੜਤਾ ਗੁਰੂ ਸਾਹਿਬ ਦੀ ਸ਼ਹੀਦੀ ਦਾ ਵੱਡਾ ਕਾਰਨ ਸੀ।
2. ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਦੇ ਵਿਕਾਸ ਵਿੱਚ ਤੇਜ਼ੀ ਆ ਗਈ। ਇਹ ਗੱਲ ਮੁਗ਼ਲਾਂ ਨੂੰ ਪਸੰਦ ਨਹੀਂ ਸੀ।
3. ਗੁਰਗੱਦੀ ਨਾ ਮਿਲਣ ਕਾਰਨ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਦੁਸ਼ਮਣ ਬਣ ਗਿਆ। ਉਸਨੇ ਗੁਰੂ ਸਾਹਿਬ ਖਿਲਾਫ਼ ਸਾਜਿਸ਼ਾਂ ਕੀਤੀਆਂ।
4. ਲਾਹੌਰ ਦਾ ਦੀਵਾਨ ਚੰਦੂ ਸ਼ਾਹ ਗੁਰੂ ਸਾਹਿਬ ਦਾ ਜਾਨੀ ਦੁਸ਼ਮਣ ਸੀ।
5. ਆਪਣੇ ਪਿਤਾ ਜਹਾਂਗੀਰ ਦੇ ਖਿਲਾਫ਼ ਵਿਦਰੋਹ ਕਰਨ ਤੋਂ ਬਾਅਦ ਸ਼ਹਿਜਾਦਾ ਖੁਸਰੋ ਗੁਰੂ ਅਰਜਨ ਦੇਵ ਜੀ ਕੋਲ ਸਹਾਇਤਾ ਲਈ ਆਇਆ। ਇਹ ਗੱਲ ਗੁਰੂ ਸਾਹਿਬ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਬਣੀ।

**15) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮਹੱਤਵ ਲਿਖੋ।**

ਉੱਤਰ: ਗੁਰੂ ਅਰਜਨਦੇਵ ਜੀ ਦੀ ਸ਼ਹੀਦੀ ਦਾ ਮਹੱਤਵ:

1. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਗੁਰੂ ਹਰਗੋਬਿੰਦ ਜੀ ਦੇ ਮਨ ਤੇ ਬਹੁਤ ਅਸਰ ਪਿਆ। ਉਹਨਾਂ ਨੇ ਮੀਰੀ ਤੇ ਪੀਰੀ ਦੀ ਨੀਤੀ ਸ਼ੁਰੂ ਕੀਤੀ।
2. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੇ ਇਹ ਮਹਿਸੂਸ ਕੀਤਾ ਕਿ ਮੁਗਲਾਂ ਦੇ ਅੱਤਿਆਚਾਰਾਂ ਦਾ ਸਾਹਮਣਾ ਕਰਨ ਲਈ ਸਿੱਖਾਂ ਵਿੱਚ ਏਕਤਾ ਹੋਣਾ ਜਰੂਰੀ ਹੈ। ਇਸ ਲਈ ਉਹ ਤੇਜ਼ੀ ਨਾਲ ਇਕੱਠੇ ਹੋਣ ਲੱਗੇ।
3. ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਅਤੇ ਮੁਗਲਾਂ ਵਿਚਕਾਰ ਸਬੰਧ ਵਿਗੜ ਗਏ ਅਤੇ ਦੋਵੇਂ ਇੱਕ ਦੂਜੇ ਦੇ ਦੁਸ਼ਮਣ ਬਣ ਗਏ।


Download Free Study Material From SIKHYA APP

4. ਗੁਰੂ ਸਾਹਿਬ ਦੀ ਸ਼ਹੀਦੀ ਕਾਰਨ ਸਿੱਖ ਧਰਮ ਦੀ ਪ੍ਰਸਿੱਧੀ ਵਿੱਚ ਬਹੁਤ ਵਾਧਾ ਹੋਇਆ।

**16) ਜਹਾਂਗੀਰ ਦੀ ਗੁਰੂ ਅਰਜਨ ਦੇਵ ਜੀ ਪ੍ਰਤੀ ਵੈਰ ਭਾਵਨਾ ਦਾ ਕਾਰਨ ਕੀ ਸੀ ?**

**ਉੱਤਰ:**

1. ਜਹਾਂਗੀਰ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦਾ ਵਿਕਾਸ ਬਰਦਾਸ਼ਤ ਨਹੀਂ ਕਰ ਸਕਦਾ ਸੀ।
2. ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਕੁਝ ਮੁਸਲਮਾਨਾਂ ਨੇ ਵੀ ਸਿੱਖ ਧਰਮ ਅਪਣਾ ਲਿਆ ਸੀ।
3. ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੀ ਸਹਾਇਤਾ ਕੀਤੀ ਸੀ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਅਰਜਨ ਦੇਵ ਜੀ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ?**

ਉੱਤਰ: ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਅਰਜਨ ਦੇਵ ਜੀ ਦੀਆਂ ਸਮੱਸਿਆਵਾਂ:

I. **ਪ੍ਰਿਥੀ ਚੰਦ ਦਾ ਵਿਰੋਧ:** ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਉਹ ਬਹੁਤ ਸਵਾਰਥੀ ਸੀ। ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਦਿੱਤੀ ਤਾਂ ਉਹ ਗੁਰੂ ਅਰਜਨ ਦੇਵ ਜੀ ਦਾ ਦੁਸ਼ਮਣ ਬਣ ਗਿਆ ਅਤੇ ਉਹਨਾਂ ਦਾ ਵਿਰੋਧ ਕਰਨ ਲੱਗਿਆ।

II. **ਨਕਸ਼ਬੰਦੀਆਂ ਦਾ ਵਿਰੋਧ:** ਨਕਸ਼ਬੰਦੀ ਕੱਟੜਪੰਥੀ ਮੁਸਲਮਾਨਾਂ ਦੀ ਇੱਕ ਲਹਿਰ ਸੀ। ਇਸਦਾ ਮੁੱਖ ਕੇਂਦਰ ਸਰਹਿੰਦ ਵਿਖੇ ਸੀ। ਇਸ ਲਹਿਰ ਦਾ ਮੁੱਖ ਨੇਤਾ ਸ਼ੇਖ ਅਹਿਮਦ ਸਰਹਿੰਦੀ ਸੀ। ਇਹ ਲਹਿਰ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਤਰੱਕੀ ਸਹਿਣ ਨਹੀਂ ਕਰ ਸਕਦੀ ਸੀ। ਜਦੋਂ ਇਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਨੂੰ ਵਧਦੇ ਵੇਖਿਆ ਤਾਂ ਇਹ ਬਰਦਾਸ਼ਤ ਨਾ ਕਰ ਸਕੇ। ਇਸ ਲਈ ਇਹਨਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।


Download Free Study Material From SIKHYA APP

III. **ਬ੍ਰਾਹਮਣਾਂ ਦਾ ਵਿਰੋਧ:** ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਅਤੇ ਪ੍ਰਚਾਰ ਕਾਰਨ ਸਿੱਖਾਂ ਦਾ ਪ੍ਰਭਾਵ ਵਧ ਰਿਹਾ ਸੀ। ਨਤੀਜੇ ਵਜੋਂ ਸਮਾਜ ਵਿੱਚ ਬ੍ਰਾਹਮਣਾਂ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ।ਗੁਰੂ ਸਾਹਿਬ ਦੁਆਰਾ ਜਾਤ-ਪਾਤ ਦੇ ਖਿਲਾਫ਼ ਪ੍ਰਚਾਰ ਕਰਨਾ ਵੀ ਬ੍ਰਾਹਮਣਾਂ ਨੂੰ ਪਸੰਦ ਨਹੀਂ ਸੀ। ਇਸ ਲਈ ਬ੍ਰਾਹਮਣਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

IV. **ਚੰਦੂ ਸ਼ਾਹ ਦਾ ਵਿਰੋਧ:** ਚੰਦੂ ਸ਼ਾਹ ਲਾਹੌਰ ਦਾ ਦੀਵਾਨ ਸੀ। ਉਹ ਆਪਣੀ ਬੇਟੀ ਲਈ ਯੋਗ ਵਰ ਤਲਾਸ਼ ਕਰ ਰਿਹਾ ਸੀ। ਕੁਝ ਲੋਕਾਂ ਨੇ ਉਸਨੂੰ ਆਪਣੀ ਬੇਟੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਹਰਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ। ਉਸਨੂੰ ਇਹ ਗੱਲ ਪਸੰਦ ਨਾ ਆਈ। ਉਸਨੇ ਗੁਰੂ ਸਾਹਿਬ ਖਿਲਾਫ਼ ਕੁਝ ਅਪਮਾਨਜਨਕ ਸ਼ਬਦ ਬੋਲੇ। ਬਾਅਦ ਵਿੱਚ ਆਪਣੀ ਪਤਨੀ ਦੇ ਕਹਿਣ ਤੇ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ। ਉਸਨੇ ਆਪਣੇ ਦੂਤਾਂ ਨੂੰ ਗੁਰੂ ਸਾਹਿਬ ਦੇ ਘਰ ਰਿਸ਼ਤਾ ਕਰਨ ਲਈ ਭੇਜਿਆ। ਇਸ ਸਮੇਂ ਤੱਕ ਸੰਗਤਾਂ ਨੂੰ ਗੁਰੂ ਸਾਹਿਬ ਖਿਲਾਫ਼ ਬੋਲੇ ਗਏ ਸ਼ਬਦਾਂ ਦੀ ਜਾਣਕਾਰੀ ਮਿਲ ਚੁੱਕੀ ਸੀ। ਉਹਨਾਂ ਨੇ ਗੁਰੂ ਸਾਹਿਬ ਨੂੰ ਰਿਸ਼ਤਾ ਨਾ ਕਰਨ ਲਈ ਕਿਹਾ। ਗੁਰੂ ਸਾਹਿਬ ਨੇ ਰਿਸ਼ਤਾ ਕਰਨ ਤੋਂ ਇਨਕਾਰ ਕਰ ਦਿੱਤਾ। ਚੰਦੂ ਸ਼ਾਹ ਨੂੰ ਇਸ ਵਿੱਚ ਬਹੁਤ ਬੇਇੱਜਤੀ ਮਹਿਸੂਸ ਹੋਈ। ਉਸਨੇ ਗੁਰੂ ਸਾਹਿਬ ਨੂੰ ਦਾਜ਼ ਦਾ ਲਾਲਚ ਵੀ ਦਿੱਤਾ ਪਰ ਗੁਰੂ ਜੀ ਟਸ ਤੋਂ ਮਸ ਨਾ ਹੋਏ। ਇਸ ਲਈ ਉਹ ਗੁਰੂ ਸਾਹਿਬ ਦਾ ਜਾਨੀ ਦੁਸ਼ਮਣ ਬਣ ਗਿਆ।

**2) ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ ?**

ਉੱਤਰ: ਸਿੱਖ ਧਰਮ ਦੇ ਵਿਕਾਸ ਵਿੱਚ ਸ਼੍ਰੀ ਗੁਰੂ ਅਰਜਨਦੇਵ ਜੀ ਦਾ ਯੋਗਦਾਨ:

I. **ਹਰਿਮੰਦਰ ਸਾਹਿਬ ਦਾ ਨਿਰਮਾਣ:** ਹਰਿਮੰਦਰ ਸਾਹਿਬ ਦਾ ਨਿਰਮਾਣ ਗੁਰੂ ਅਰਜਨ ਦੇਵ ਜੀ ਨੇ ਕਰਵਾਇਆ ਸੀ। ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ 1601 ਈ: ਵਿੱਚ ਪੂਰਾ ਹੋਇਆ। ਗੁਰੂ ਸਾਹਿਬ ਨੇ ਐਲਾਨ ਕੀਤਾ ਕਿ


Download Free Study Material From SIKHYA APP

ਹਰਿਮੰਦਰ ਸਾਹਿਬ ਦੀ ਯਾਤਰਾ ਕਰਨ ਵਾਲੇ ਨੂੰ ਹਿੰਦੂਆਂ ਦੇ 68 ਤੀਰਥ ਸਥਾਨਾਂ ਦੀ ਯਾਤਰਾ ਦਾ ਫਲ ਮਿਲੇਗਾ। ਛੇਤੀ ਹੀ ਹਰਿਮੰਦਰ ਸਾਹਿਬ ਸਿੱਖਾਂ ਦਾ ਪ੍ਰਸਿੱਧ ਤੀਰਥ ਸਥਾਨ ਬਣ ਗਿਆ।

II. **ਤਰਨਤਾਰਨ ਦੀ ਸਥਾਪਨਾ**: ਤਰਨਤਾਰਨ ਸਾਹਿਬ ਦੀ ਸਥਾਪਨਾ 1590 ਈ: ਵਿੱਚ ਕਰਵਾਈ ਗਈ। ਇੱਥੇ ਤਰਨਤਾਰਨ ਨਾਂ ਦੇ ਇੱਕ ਸਰੋਵਰ ਦੀ ਉਸਾਰੀ ਵੀ ਕਰਵਾਈ ਗਈ। ਗੁਰੂ ਅਰਜਨ ਦੇਵ ਜੀ ਨੇ ਐਲਾਨ ਕੀਤਾ ਕਿ ਜਿਹੜਾ ਵੀ ਮਨੁੱਖ ਇਸ ਸਰੋਵਰ ਵਿੱਚ ਇਸ਼ਨਾਨ ਕਰੇਗਾ, ਉਹ ਇਸ ਭਵਸਾਗਰ ਤੋਂ ਤਰ ਜਾਵੇਗਾ। ਤਰਨਤਾਰਨ ਸਾਹਿਬ ਸਿੱਖਾਂ ਦਾ ਇੱਕ ਪ੍ਰਸਿੱਧ ਪ੍ਰਚਾਰ ਕੇਂਦਰ ਬਣ ਗਿਆ ਅਤੇ ਮਾਝੇ ਦੇ ਬਹੁਤ ਸਾਰੇ ਜੱਟ ਸਿੱਖ ਧਰਮ ਵਿੱਚ ਸ਼ਾਮਿਲ ਹੋ ਗਏ।

III. **ਕਰਤਾਰਪੁਰ ਅਤੇ ਹਰਗੋਬਿੰਦਪੁਰ ਦੀ ਸਥਾਪਨਾ**: ਗੁਰੂ ਅਰਜਨ ਦੇਵ ਜੀ ਨੇ 1593 ਈ: ਵਿੱਚ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ। ਕਰਤਾਰਪੁਰ ਵਿਖੇ ਗੁਰੂ ਸਾਹਿਬ ਨੇ ਗੰਗਸਰ ਨਾਂ ਦਾ ਇੱਕ ਸਰੋਵਰ ਵੀ ਬਣਵਾਇਆ। ਇਸਦੇ ਮੁਕੰਮਲ ਹੋਣ ਤੇ ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਇਸ ਸਰੋਵਰ ਦਾ ਜਲ ਵੀ ਗੰਗਾ ਨਦੀ ਵਾਂਗ ਪਵਿੱਤਰ ਹੈ। ਗੁਰੂ ਸਾਹਿਬ ਨੇ ਆਪਣੇ ਪੁੱਤਰ ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕੰਢੇ 1595 ਈ: ਵਿੱਚ ਹਰਗੋਬਿੰਦਪੁਰ ਨਗਰ ਦੀ ਸਥਾਪਨਾ ਕੀਤੀ।

IV. **ਮਸੰਦ ਪ੍ਰਥਾ ਦਾ ਵਿਕਾਸ**: ਮਸੰਦ ਪ੍ਰਥਾ ਦੀ ਸਥਾਪਨਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ ਪਰ ਇਸਦਾ ਵਿਕਾਸ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਇਆ। ਗੁਰੂ ਅਰਜਨ ਦੇਵ ਜੀ ਨੇ ਦਸਵੰਧ ਦੀ ਪ੍ਰੰਪਰਾ ਸ਼ੁਰੂ ਕੀਤੀ। ਮਸੰਦ ਆਪਣੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸਿੱਖਾਂ ਕੋਲੋਂ ਦਸਵੰਧ ਇਕੱਠਾ ਕਰਦੇ ਸਨ। ਮਸੰਦ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਬਹੁਤ ਲਾਭਦਾਇਕ ਸਿੱਧ ਹੋਈ। ਮਸੰਦ ਪ੍ਰਥਾ ਕਾਰਨ ਬਹੁਤ ਸਾਰੇ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋਏ। ਇਸ ਨਾਲ ਗੁਰੂ ਸਾਹਿਬਾਨ ਦੇ ਉਪਦੇਸ਼ ਦੂਰ-ਦੁਰਾਡੇ ਦੀਆਂ ਸੰਗਤਾਂ ਤੱਕ ਪਹੁੰਚੇ।


Download Free Study Material From SIKHYA APP

V. **ਆਦਿ ਗ੍ਰੰਥ ਸਾਹਿਬ ਦਾ ਸੰਕਲਨ:** ਆਦਿ ਗ੍ਰੰਥ ਸਾਹਿਬ ਸਿੱਖਾਂ ਦੀ ਕੇਂਦਰੀ ਧਾਰਮਿਕ ਪੁਸਤਕ ਹੈ। ਇਸਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਕੀਤਾ। ਆਦਿ ਗ੍ਰੰਥ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸਦਾ ਸੰਕਲਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਸਰੋਵਰ ਦੇ ਕੰਢੇ ਤੇ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਬਾਣੀ ਲਿਖਾਉਂਦੇ ਗਏ ਅਤੇ ਭਾਈ ਗੁਰਦਾਸ ਜੀ ਲਿਖਦੇ ਗਏ। ਆਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਲੱਗਭਗ 3 ਸਾਲ ਦਾ ਸਮਾਂ ਲੱਗਿਆ। 16 ਅਗਸਤ 1604 ਈ: ਨੂੰ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਵਿੱਚ ਛੇ ਗੁਰੂ ਸਾਹਿਬਾਨ, 15 ਹਿੰਦੂ ਭਗਤਾਂ ਅਤੇ ਸੂਫ਼ੀ ਸੰਤਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਵਿੱਚ 11 ਭੱਟਾਂ ਦੇ ਸਵੈਯੇ ਵੀ ਅੰਕਿਤ ਕੀਤੇ ਗਏ ਹਨ। ਆਦਿ ਗ੍ਰੰਥ ਸਾਹਿਬ ਦੇ ਸੰਕਲਨ ਨਾਲ ਸਿੱਖਾਂ ਨੂੰ ਆਪਣਾ ਧਾਰਮਿਕ ਗ੍ਰੰਥ ਪ੍ਰਾਪਤ ਹੋਇਆ ਅਤੇ ਉਹਨਾਂ ਦੀ ਦੂਜੇ ਧਰਮਾਂ ਤੋਂ ਨਿਰਭਰਤਾ ਖਤਮ ਹੋ ਗਈ।

VI. **ਘੋੜਿਆਂ ਦਾ ਵਪਾਰ ਸ਼ੁਰੂ ਕਰਵਾਉਣਾ:** ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਉਤਸਾਹਿਤ ਕੀਤਾ। ਇਸ ਨਾਲ ਸਿੱਖਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਆਇਆ। ਉਹ ਚੰਗੇ ਘੋੜਸਵਾਰ ਬਣ ਗਏ। ਘੋੜਿਆਂ ਦੇ ਵਪਾਰ ਨੇ ਹਿੰਦੂਆਂ ਦੇ ਇਸ ਵਹਿਮ ਨੂੰ ਸੱਟ ਮਾਰੀ ਕਿ ਸਮੰਦਰ ਪਾਰ ਕਰਨ ਨਾਲ ਹੀ ਕਿਸੇ ਵਿਅਕਤੀ ਦਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ।

VII. **ਗੁਰੂ ਅਰਜਨ ਦੇਵ ਜੀ ਦੇ ਅਕਬਰ ਨਾਲ ਸਬੰਧ:** ਗੁਰੂ ਅਰਜਨ ਦੇਵ ਜੀ ਦੇ ਅਕਬਰ ਨਾਲ ਸਬੰਧ ਮਿੱਤਰਤਾਪੂਰਨ ਸਨ। ਅਕਬਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਵਿੱਚ ਕਿਸੇ ਪ੍ਰਕਾਰ ਦੀ ਦਖਲ ਅੰਦਾਜ਼ੀ ਨਹੀਂ ਕੀਤੀ। ਗੁਰੂ ਸਾਹਿਬ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦੇ ਲਗਾਨ ਵਿੱਚ 10 ਫੀਸਦੀ ਕਮੀ ਕਰ ਦਿੱਤੀ।

**3) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ ?**

**ਉੱਤਰ:** ਗੁਰੂ ਅਰਜਨਦੇਵ ਜੀ ਦੀਸ਼ਹੀਦੀ ਦੇ ਕਾਰਨ:


Download Free Study Material From SIKHYA APP

I. **ਜਹਾਂਗੀਰ ਦੀ ਧਾਰਮਿਕ ਕੱਟੜਤਾ**: ਜਹਾਂਗੀਰ ਕੱਟੜ ਸੁੰਨੀ ਮੁਸਲਮਾਨ ਸੀ। ਉਹ ਇਸਲਾਮ ਤੋਂ ਇਲਾਵਾ ਹੋਰ ਕਿਸੇ ਧਰਮ ਦੀ ਪ੍ਰਸਿੱਧੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਆਪਣੀ ਆਤਮਕਥਾ ਤੁਜ਼ਕੇ ਜਹਾਂਗੀਰੀ ਵਿੱਚ ਜਹਾਂਗੀਰ ਨੇ ਸਪਸ਼ਟ ਲਿਖਿਆ ਹੈ ਕਿ ਉਹ ਗੁਰੂ ਸਾਹਿਬ ਦਾ ਪ੍ਰਚਾਰ ਬੰਦ ਕਰਵਾ ਕੇ ਉਹਨਾਂ ਨੂੰ ਇਸਲਾਮ ਵਿੱਚ ਸ਼ਾਮਿਲ ਕਰਨਾ ਚਾਹੁੰਦਾ ਸੀ।

II. **ਪ੍ਰਿਥੀ ਚੰਦ ਦਾ ਵਿਰੋਧ**: ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਉਹ ਬਹੁਤ ਸਵਾਰਥੀ ਸੀ। ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇ ਦਿੱਤੀ ਤਾਂ ਉਹ ਗੁਰੂ ਅਰਜਨ ਦੇਵ ਜੀ ਦਾ ਦੁਸ਼ਮਣ ਬਣ ਗਿਆ ਅਤੇ ਉਹਨਾਂ ਖਿਲਾਫ਼ ਸਾਜਿਸ਼ਾਂ ਕਰਨ ਲੱਗਿਆ।

III. **ਨਕਸ਼ਬੰਦੀਆਂ ਦਾ ਵਿਰੋਧ**: ਨਕਸ਼ਬੰਦੀ ਕੱਟੜਪੰਥੀ ਮੁਸਲਮਾਨਾਂ ਦੀ ਇੱਕ ਲਹਿਰ ਸੀ। ਇਸਦਾ ਮੁੱਖ ਕੇਂਦਰ ਸਰਹਿੰਦ ਵਿਖੇ ਸੀ। ਇਸ ਲਹਿਰ ਦਾ ਮੁੱਖ ਨੇਤਾ ਸ਼ੇਖ ਅਹਿਮਦ ਸਰਹਿੰਦੀ ਸੀ। ਇਹ ਲਹਿਰ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਤਰੱਕੀ ਸਹਿਣ ਨਹੀਂ ਕਰ ਸਕਦੀ ਸੀ। ਜਦੋਂ ਇਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਨੂੰ ਵਧਦੇ ਵੇਖਿਆ ਤਾਂ ਇਹ ਬਰਦਾਸ਼ਤ ਨਾ ਕਰ ਸਕੇ। ਇਸ ਲਈ ਇਹਨਾਂ ਨੇ ਜਹਾਂਗੀਰ ਨੂੰ ਗੁਰੂ ਸਾਹਿਬ ਖਿਲਾਫ਼ ਭੜਕਾਉਣਾ ਸ਼ੁਰੂ ਕਰ ਦਿੱਤਾ।

IV. **ਬ੍ਰਾਹਮਣਾਂ ਦਾ ਵਿਰੋਧ**: ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਅਤੇ ਪ੍ਰਚਾਰ ਕਾਰਨ ਸਿੱਖਾਂ ਦਾ ਪ੍ਰਭਾਵ ਵਧ ਰਿਹਾ ਸੀ। ਨਤੀਜੇ ਵਜੋਂ ਸਮਾਜ ਵਿੱਚ ਬ੍ਰਾਹਮਣਾਂ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ। ਲੋਕਾਂ ਨੇ ਬ੍ਰਾਹਮਣਾਂ ਨੂੰ ਬੁਲਾਏ ਬਗੈਰ ਆਪਣੀਆਂ ਰਸਮਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਲਈ ਬ੍ਰਾਹਮਣਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।


Download Free Study Material From SIKHYA APP

V. **ਚੰਦੂ ਸ਼ਾਹ ਦਾ ਵਿਰੋਧ:** ਚੰਦੂ ਸ਼ਾਹ ਲਾਹੌਰ ਦਾ ਦੀਵਾਨ ਸੀ। ਉਹ ਆਪਣੀ ਬੇਟੀ ਦਾ ਰਿਸ਼ਤਾ ਗੁਰੂ ਅਰਜਨੇ ਦੇਵ ਜੀ ਦੇ ਸਪੁੱਤਰ ਹਰਗੋਬਿੰਦ ਜੀ ਨਾਲ ਕਰਨਾ ਚਾਹੁੰਦਾ ਸੀ। ਗੁਰੂ ਜੀ ਨੇ ਰਿਸ਼ਤਾ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਗੁਰੂ ਸਾਹਿਬ ਦਾ ਦੁਸ਼ਮਣ ਬਣ ਗਿਆ ਅਤੇ ਜਹਾਂਗੀਰ ਨੂੰ ਗੁਰੂ ਸਾਹਿਬ ਦੇ ਖਿਲਾਫ਼ ਭੜਕਾਉਣ ਲੱਗਿਆ।

VI. **ਆਦਿ ਗ੍ਰੰਥ ਸਾਹਿਬ ਦਾ ਸੰਕਲਨ:** ਗੁਰੂ ਸਾਹਿਬ ਦੇ ਵਿਰੋਧੀਆਂ ਨੇ ਜਹਾਂਗੀਰ ਨੂੰ ਇਹ ਕਹਿ ਕੇ ਭੜਕਾਇਆ ਕਿ ਗੁਰੂ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੋਧੀ ਗੱਲਾਂ ਲਿਖੀਆਂ ਹਨ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਗੁਰੂ ਸਾਹਿਬ ਆਦਿ ਗ੍ਰੰਥ ਸਾਹਿਬ ਵਿੱਚੋਂ ਇਹਨਾਂ ਗੱਲਾਂ ਨੂੰ ਕੱਢ ਦੇਣ। ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ। ਇਸ ਲਈ ਜਹਾਂਗੀਰ ਦਾ ਗੁਰੂ ਸਾਹਿਬ ਵਿਰੁੱਧ ਗੁੱਸਾ ਬਹੁਤ ਵਧ ਗਿਆ।

VII. **ਸਿੱਖ ਧਰਮ ਦਾ ਵਿਕਾਸ:** ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਨਵੇਂ ਸ਼ਹਿਰਾਂ, ਸਰੋਵਰਾਂ ਅਤੇ ਧਾਰਮਿਕ ਸਥਾਨਾਂ ਦਾ ਨਿਰਮਾਣ ਹੋਇਆ। ਉਹਨਾਂ ਨੂੰ ਆਪਣਾ ਧਾਰਮਿਕ ਗ੍ਰੰਥ ਅਤੇ ਤੀਰਥ ਸਥਾਨ ਮਿਲੇ। ਉਹਨਾਂ ਦੀ ਦੂਜੇ ਧਰਮਾਂ ਤੋਂ ਨਿਰਭਰਤਾ ਖਤਮ ਹੋ ਗਈ ਅਤੇ ਸਿੱਖ ਧਰਮ ਇੱਕ ਸੁਤੰਤਰ ਧਰਮ ਦੇ ਤੌਰ ਤੇ ਉਭਰਨ ਲੱਗਿਆ। ਇਹ ਗੱਲ ਮੁਗ਼ਲਾਂ ਨੂੰ ਬਰਦਾਸ਼ਤ ਨਹੀਂ ਹੋਈ।

VIII. **ਤਤਕਾਲੀ ਕਾਰਨ:** ਸ਼ਹਿਜਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਦੇ ਖਿਲਾਫ ਵਿਦਰੋਹ ਕਰ ਦਿੱਤਾ। ਅਸਫ਼ਲ ਹੋਣ ਤੇ ਉਹ ਭੱਜ ਕੇ ਪੰਜਾਬ ਆ ਗਿਆ। ਪੰਜਾਬ ਪਹੁੰਚ ਕੇ ਉਹ ਗੁਰੂ ਅਰਜਨ ਸਾਹਿਬ ਕੋਲ ਤਰਨਤਾਰਨ ਸਾਹਿਬ ਵਿਖੇ ਗਿਆ। ਜਦੋਂ ਜਹਾਂਗੀਰ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੂੰ ਬਹੁਤ ਗੁੱਸਾ ਆਇਆ। ਉਸਨੇ ਲਾਹੌਰ ਦੇ ਗਵਰਨਰ ਮੁਰਤੱਜਾ ਖਾਂ ਨੂੰ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਬਾਅਦ ਵਿੱਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

**4) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮਹੱਤਵ ਦਾ ਵਰਣਨ ਕਰੋ।**

ਉੱਤਰ: ਗੁਰੂ ਅਰਜਨਦੇਵ ਜੀ ਦੀ ਸ਼ਹੀਦੀ ਦਾ ਮਹੱਤਵ:


Download Free Study Material From SIKHYA APP

I. **ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ**: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਗੁਰੂ ਹਰਗੋਬਿੰਦ ਜੀ ਦੇ ਮਨ ਤੇ ਬਹੁਤ ਅਸਰ ਪਿਆ ਉਹਨਾਂ ਨੇ ਗੁਰਗੱਦੀ ਤੇ ਬੈਠਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਮੀਰੀ ਤੇ ਪੀਰੀ ਦੀ ਨੀਤੀ ਸ਼ੁਰੂ ਕੀਤੀ।

II. **ਸਿੱਖਾਂ ਵਿੱਚ ਏਕਤਾ**: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੇ ਇਹ ਮਹਿਸੂਸ ਕੀਤਾ ਕਿ ਵੱਖ-ਵੱਖ ਰਹਿ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣਾ ਸੰਭਵ ਨਹੀਂ ਹੈ। ਇਸ ਲਈ ਸਿੱਖਾਂ ਵਿੱਚ ਏਕਤਾ ਹੋਣਾ ਜਰੂਰੀ ਹੈ। ਉਹ ਤੇਜ਼ੀ ਨਾਲ ਸੰਗਠਤ ਹੋਣ ਲੱਗੇ।

III. **ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਸੰਬੰਧਾਂ ਵਿੱਚ ਪਰਿਵਰਤਨ**: ਹੁਮਾਯੂੰ ਅਤੇ ਅਕਬਰ ਦੇ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਸਬੰਧ ਸੁਖਾਵੇਂ ਸਨ। ਗੁਰੂ ਸਾਹਿਬ ਦੀ ਸ਼ਹੀਦੀ ਦਾ ਇਹਨਾਂ ਸੰਬੰਧਾਂ ਤੇ ਬਹੁਤ ਮਾੜਾ ਅਸਰ ਪਿਆ। ਸਿੱਖ ਅਤੇ ਮੁਗ਼ਲ ਇੱਕ ਦੂਜੇ ਦੇ ਕੱਟੜ ਦੁਸ਼ਮਣ ਬਣ ਗਏ।

IV. **ਸਿੱਖਾਂ ਤੇ ਅੱਤਿਆਚਾਰਾਂ ਵਿੱਚ ਵਾਧਾ**: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮੁਗ਼ਲਾਂ ਦੁਆਰਾ ਸਿੱਖਾਂ ਤੇ ਭਾਰੀ ਜੁਲਮ ਕੀਤੇ ਗਏ ਜਿਹਨਾਂ ਵਿੱਚ ਬਹੁਤ ਸਾਰੇ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

V. **ਸਿੱਖ ਧਰਮ ਦਾ ਹਰਮਨ ਪਿਆਰਾ ਹੋਣਾ**: ਗੁਰੂ ਸਾਹਿਬ ਦੀ ਸ਼ਹੀਦੀ ਅਤੇ ਮੁਗ਼ਲਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਕਾਰਨ ਲੋਕਾਂ ਵਿੱਚ ਸਿੱਖ ਧਰਮ ਪ੍ਰਤੀ ਹਮਰਦਰਦੀ ਦੀ ਲਹਿਰ ਪੈਦਾ ਹੋਈ। ਲੋਕ ਸਿੱਖਾਂ ਦੇ ਜ਼ਜ਼ਬੇ ਅਤੇ ਗੁਰੂ ਸਾਹਿਬਾਨ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਨਾਲ ਸਿੱਖ ਧਰਮ ਬਹੁਤ ਹਰਮਨ ਪਿਆਰਾ ਹੋਇਆ।


Download Free Study Material From SIKHYA APP

# ਪਾਠ 7

# ਗੁਰੂ ਹਰਗੋਬਿੰਦ ਜੀ ਅਤੇ ਸਿੱਖ ਪੰਥ ਦਾ ਰੂਪਾਂਤਰਣ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1) ਗੁਰੂ ਹਰਗੋਬਿੰਦ ਜੀ ਦਾ ਜਨਮ ਕਦੋਂ ਹੋਇਆ ? — 1595 ਈ:

2) ਗੁਰੂ ਹਰਗੋਬਿੰਦ ਜੀ ਦਾ ਜਨਮ ਕਿੱਥੇ ਹੋਇਆ ? — ਪਿੰਡ ਵਡਾਲੀ (ਸ੍ਰੀ ਅੰਮ੍ਰਿਤਸਰ ਸਾਹਿਬ)

3) ਗੁਰੂ ਹਰਗੋਬਿੰਦ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ ? — ਗੁਰੂ ਅਰਜਨ ਦੇਵ ਜੀ

4) ਗੁਰੂ ਹਰਗੋਬਿੰਦ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? — ਮਾਤਾ ਗੰਗਾ ਦੇਵੀ ਜੀ

5) ਗੁਰੂ ਹਰਗੋਬਿੰਦ ਜੀ ਦੀ ਸਿੱਖਿਆ ਕਿਸਦੀ ਨਿਗਰਾਨੀ ਹੇਠ ਹੋਈ ? — ਬਾਬਾ ਬੁੱਢਾ ਜੀ

6) ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਹਰਗੋਬਿੰਦ ਜੀ ਦੀ ਉਮਰ ਕਿੰਨੀ ਸੀ ? — 11 ਸਾਲ

7) ਗੁਰੂ ਹਰਗੋਬਿੰਦ ਜੀ ਦਾ ਗੁਰਗੱਦੀ ਕਾਲ ਦੱਸੋ। — 1606 ਈ: ਤੋਂ 1645 ਈ: ਤੱਕ

8) ਗੁਰੂ ਹਰਗੋਬਿੰਦ ਜੀ ਦੇਬੱਚਿਆਂ ਦੇ ਨਾਂ ਲਿਖੋ। — ਬਾਬਾ ਗੁਰਦਿੱਤਾ ਜੀ, ਬਾਬਾ ਅਨੀ ਰਾਏ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਟਲਰਾਏ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਬੀਬੀ ਵੀਰੋ ਜੀ

9) ਗੁਰੂ ਹਰਗੋਬਿੰਦ ਜੀ ਨੇ ਕਿਹੜੀ ਨੀਤੀ ਚਲਾਈ ? — ਮੀਰੀ ਤੇ ਪੀਰੀ ਦੀ

10) ਗੁਰੂ ਹਰਗੋਬਿੰਦ ਜੀ ਨੇ ਕਿਹੜੀਆਂ ਦੋ ਤਲਵਾਰਾਂ ਧਾਰਨ ਕੀਤੀਆਂ ? — ਮੀਰੀ ਤੇ ਪੀਰੀ ਦੀ ਤਲਵਾਰ

11) ਮੀਰੀ ਦੀ ਤਲਵਾਰ ਕਿਸਦਾ ਪ੍ਰਤੀਕ ਸੀ ? — ਦੁਨਿਆਵੀ ਸੱਤਾ ਦੀ



Download Free Study Material From SIKHYA APP

| | |
|---|---|
| 12) ਪੀਰੀ ਦੀ ਤਲਵਾਰ ਕਿਸਦੀ ਪ੍ਰਤੀਕ ਸੀ ? | ਧਾਰਮਿਕ ਅਗਵਾਈ ਦੀ |
| 13) ਸ਼ੁਰੂ ਵਿੱਚ ਕਿੰਨੇ ਸੈਨਿਕ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਵਿੱਚ ਭਰਤੀ ਹੋਏ ? | 500 |
| 14) ਗੁਰੂ ਹਰਗੋਬਿੰਦ ਜੀ ਨੇ ਕਿੰਨੇ ਅੰਗਰੱਖਿਅਕ ਭਰਤੀ ਕੀਤੇ ? | 52 |
| 15) ਗੁਰੂ ਸਾਹਿਬ ਦੀ ਫੌਜ ਵਿੱਚ ਪਠਾਣ ਰੈਜੀਮੈਂਟ ਦਾ ਸੈਨਾਨਾਇਕ ਕੌਣ ਸੀ ? | ਪੈਂਦਾ ਖਾਂ |
| 16) ਅਕਾਲ ਤਖ਼ਤ ਤੋਂ ਕੀ ਭਾਵ ਹੈ ? | ਪ੍ਰਮਾਤਮਾ ਦੀ ਗੱਦੀ |
| 17) ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਿਸਨੇ ਕਰਵਾਈ ? | ਗੁਰੂ ਹਰਗੋਬਿੰਦ ਜੀ ਨੇ |
| 18) ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਿੱਥੇ ਕਰਵਾਈ ਗਈ ? | ਹਰਿਮੰਦਰ ਸਾਹਿਬ ਦੇ ਸਾਹਮਣੇ |
| 19) ਅਕਾਲ ਤਖ਼ਤ ਸਾਹਿਬ ਵਿੱਚ ਕਿੰਨੇ ਉੱਚੇ ਥੜ੍ਹੇ ਦਾ ਨਿਰਮਾਣ ਕੀਤਾ ਗਿਆ ? | 12 ਫੁੱਟ |
| 20) ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਦੋਂ ਆਰੰਭ ਹੋਈ ? | 1606 ਈ: |
| 21) ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਦੋਂ ਸੰਪੂਰਨ ਹੋਈ ? | 1609 ਈ: |
| 22) ਗੁਰੂ ਹਰਗੋਬਿੰਦ ਜੀ ਨੂੰ ਸੰਗਤ ਨੇ ਕਿਹੜੀ ਉਪਾਧੀ ਦਿੱਤੀ ? | ਸੱਚਾ ਪਾਤਸ਼ਾਹ |
| 23) ਗੁਰੂ ਹਰਗੋਬਿੰਦ ਜੀ ਨੇ ਅੰਮ੍ਰਿਤਸਰ ਸਾਹਿਬ ਵਿਖੇ ਕਿਹੜੇ ਕਿਲ੍ਹੇ ਦੀ ਉਸਾਰੀ ਕਰਵਾਈ ? | ਲੋਹਗੜ੍ਹ |
| 24) ਗੁਰੂ ਹਰਗੋਬਿੰਦ ਜੀ ਦੇ ਦਰਬਾਰ ਵਿੱਚ ਵੀਰ ਰਸੀ ਵਾਰਾਂ ਕੌਣ ਗਾਉਂਦੇ ਸਨ ? | ਅਬਦੁੱਲਾ ਅਤੇ ਨੱਥਾ ਮੱਲ |
| 25) ਗੁਰੂ ਹਰਗੋਬਿੰਦ ਜੀ ਨੂੰ ਕਿਸਨੇ ਕੈਦ ਕਰਵਾਇਆ ? | ਜਹਾਂਗੀਰ ਨੇ |
| 26) ਗੁਰੂ ਹਰਗੋਬਿੰਦ ਜੀ ਨੂੰ ਕਿਹੜੇ ਕਿਲ੍ਹੇ ਵਿੱਚ ਕੈਦ ਕਰਵਾਇਆ ਗਿਆ ? | ਗਵਾਲੀਅਰ ਦੇ ਕਿਲ੍ਹੇ ਵਿੱਚ |
| 27) ਗੁਰੂ ਹਰਗੋਬਿੰਦ ਜੀ ਕਿੰਨਾ ਸਮਾਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਰਹੇ ? | ਲੱਗਭਗ ਸਵਾ ਦੋ ਸਾਲ |
| 28) ਗੁਰੂ ਹਰਗੋਬਿੰਦ ਜੀ ਦਾ ਗਵਾਲੀਅਰ ਵਿੱਚ ਕੈਦ ਰਹਿਣ ਦਾ ਸਮਾਂ ਕੀ ਸੀ ? | 1606 ਈ: ਤੋਂ 1608 ਈ: |


Download Free Study Material From SIKHYA APP

| | |
|---|---|
| 29) ਗੁਰੂ ਹਰਗੋਬਿੰਦ ਜੀ ਨੇ ਆਪਣੇ ਨਾਲ ਕਿੰਨੇ ਹੋਰ ਰਾਜਿਆਂ ਨੂੰ ਗਵਾਲੀਅਰ ਦੇਕਿਲ੍ਹੇ ਵਿੱਚੋਂ ਰਿਹਾਅ ਕਰਵਾਇਆ ? | 52 |
| 30) ਗੁਰੂ ਹਰਗੋਬਿੰਦ ਜੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਬੰਦੀ ਛੋੜ ਬਾਬਾ |
| 31) ਕੌਲਾਂ ਕੌਣ ਸੀ ? | ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਧੀ |
| 32) ਗੁਰੂ ਹਰਗੋਬਿੰਦ ਜੀ ਸਮੇਂ ਸਿੱਖਾਂ ਅਤੇ ਮੁਗਲਾਂ ਵਿਚਕਾਰ ਕਿੰਨੀਆਂ ਲੜਾਈਆਂ ਹੋਈਆਂ ? | 4 |
| 33) ਗੁਰੂ ਹਰਗੋਬਿੰਦ ਜੀ ਅਤੇ ਮੁਗ਼ਲਾਂ ਵਿਚਕਾਰ ਪਹਿਲੀ ਲੜਾਈ ਕਦੋਂ ਹੋਈ ? | 1634 ਈ: |
| 34) ਗੁਰੂ ਹਰਗੋਬਿੰਦ ਜੀ ਅਤੇ ਮੁਗ਼ਲਾਂ ਵਿਚਕਾਰ ਪਹਿਲੀ ਲੜਾਈ ਕਿੱਥੇ ਹੋਈ ? | ਅੰਮ੍ਰਿਤਸਰ ਵਿਖੇ |
| 35) ਗੁਰੂ ਹਰਗੋਬਿੰਦ ਜੀ ਅਤੇ ਮੁਗ਼ਲਾਂ ਵਿਚਕਾਰ ਪਹਿਲੀ ਲੜਾਈ ਦਾ ਕੀ ਕਾਰਨ ਸੀ ? | ਸ਼ਾਹੀ ਬਾਜ |
| 36) ਗੁਰੂ ਹਰਗੋਬਿੰਦ ਸਾਹਿਬ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਦੂਜੀ ਲੜਾਈ ਕਦੋਂ ਹੋਈ ? | 1634 ਈ: |
| 37) ਗੁਰੂ ਹਰਗੋਬਿੰਦ ਸਾਹਿਬ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਦੂਜੀ ਲੜਾਈ ਕਿੱਥੇ ਹੋਈ ? | ਲਹਿਰਾ (ਬਠਿੰਡਾ ਦੇ ਨੇੜੇ) |
| 38) ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਦੂਜੀ ਲੜਾਈ ਦਾ ਕੀ ਕਾਰਨ ਸੀ ? | ਦੋ ਘੋੜੇ, ਦਿਲਬਾਗ ਅਤੇ ਗੁਲਬਾਗ |
| 39) ਦਿਲਬਾਗ ਅਤੇ ਗੁਲਬਾਗ ਨੂੰ ਮੁਗਲਾਂ ਕੋਲੋਂ ਕਿਸਨੇ ਛੁਡਵਾਇਆ ਸੀ ? | ਭਾਈ ਬਿਧੀ ਚੰਦ ਨੇ |


Download Free Study Material From SIKHYA APP

| | |
|---|---|
| 40) ਕਰਤਾਰਪੁਰ ਦੀ ਲੜਾਈ ਕਦੋਂ ਹੋਈ ? | 1635 ਈ: ਵਿੱਚ |
| 41) ਫਗਵਾੜਾ ਦੀ ਲੜਾਈ ਕਦੋਂ ਹੋਈ ? | 1635 ਈ: ਵਿੱਚ |
| 42) ਗੁਰੂ ਹਰਗੋਬਿੰਦ ਜੀ ਨੇ ਕਿਹੜਾ ਨਗਰ ਵਸਾਇਆ ? | ਕੀਰਤਪੁਰ ਸਾਹਿਬ |
| 43) ਕੀਰਤਪੁਰ ਦਾ ਕੀ ਅਰਥ ਹੈ ? | ਉਹ ਸਥਾਨ ਜਿੱਥੇ ਈਸ਼ਵਰ ਦੀ ਉਸਤਤ ਹੋਵੇ |
| 44) ਗੁਰੂ ਹਰਗੋਬਿੰਦ ਜੀ ਨੇ ਆਪਣਾ ਉੱਤਰਅਧਿਕਾਰੀ ਕਿਸਨੂੰ ਨਿਯੁਕਤ ਕੀਤਾ ? | ਹਰ ਰਾਇ ਜੀ ਨੂੰ |
| 45) ਗੁਰੂ ਹਰਗੋਬਿੰਦ ਜੀ ਕਦੋਂ ਜੋਤੀ ਜੋਤਿ ਸਮਾਏ ? | 1645 ਈ: |
| 46) ਗੁਰੂ ਹਰਗੋਬਿੰਦ ਜੀ ਕਿੱਥੇ ਜੋਤੀ ਜੋਤਿ ਸਮਾਏ ? | ਕੀਰਤਪੁਰ ਸਾਹਿਬ ਵਿਖੇ |
| 47) ਗੁਰੂ ਹਰਿ ਰਾਏ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ? | ਸੱਤਵੇਂ |
| 48) ਗੁਰੂ ਹਰਿ ਰਾਏ ਜੀ ਦਾ ਜਨਮ ਕਦੋਂ ਹੋਇਆ ? | 1630 ਈ: |
| 49) ਗੁਰੂ ਹਰਿ ਰਾਏ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ ? | ਬਾਬਾ ਗੁਰਦਿੱਤਾ ਜੀ |
| 50) ਗੁਰੂ ਹਰਿ ਰਾਏ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? | ਬੀਬੀ ਨਿਹਾਲ ਜੀ |
| 51) ਗੁਰੂ ਹਰਿ ਰਾਏ ਜੀ ਦੇ ਦਾਦਾ ਜੀ ਦਾ ਕੀ ਨਾਂ ਸੀ ? | ਗੁਰੂ ਹਰਗੋਬਿੰਦ ਸਾਹਿਬ ਜੀ |
| 52) ਗੁਰੂ ਹਰਿ ਰਾਏ ਜੀ ਦਾ ਜਨਮ ਕਿੱਥੇ ਹੋਇਆ ? | ਕੀਰਤਪੁਰ ਸਾਹਿਬ |
| 53) ਗੁਰੂ ਹਰਿ ਰਾਏ ਜੀ ਦਾ ਸੁਭਾਅ ਕਿਹੋ ਜਿਹਾ ਸੀ ? | ਬਹੁਤ ਕੋਮਲ |
| 54) ਗੁਰੂ ਹਰਿ ਰਾਏ ਜੀ ਦੀ ਸੁਪਤਨੀ ਦਾ ਕੀ ਨਾਂ ਸੀ ? | ਸੁਲੱਖਣੀ ਜੀ |
| 55) ਗੁਰੂ ਹਰਿ ਰਾਏ ਜੀ ਦੇ ਪੁੱਤਰਾਂ ਦੇ ਨਾਂ ਲਿਖੋ। | ਰਾਮ ਰਾਏ ਜੀ, ਹਰਿ ਕ੍ਰਿਸ਼ਨ ਜੀ |
| 56) ਗੁਰੂ ਹਰਿ ਰਾਏ ਜੀ ਨੂੰ ਗੁਰਗੱਦੀ ਕਦੋਂ ਮਿਲੀ ? | 1645 ਈ: |


Download Free Study Material From SIKHYA APP

| | |
|---|---|
| 57) ਬਖਸ਼ੀਸ਼ਾਂ ਕਿਸਨੇ ਸਥਾਪਿਤ ਕੀਤੀਆਂ ? | ਗੁਰੂ ਹਰਿ ਰਾਏ ਜੀ ਨੇ |
| 58) ਬਖਸ਼ੀਸ਼ ਕੀ ਸੀ ? | ਸਿੱਖ ਧਰਮ ਦਾ ਪ੍ਰਚਾਰ ਕੇਂਦਰ |
| 59) ਗੁਰੂ ਹਰਿ ਰਾਏ ਜੀ ਨੇ ਕਿੰਨੀਆਂ ਬਖਸ਼ੀਸ਼ਾਂ ਸਥਾਪਿਤ ਕੀਤੀਆਂ ? | 3 |
| 60) ਦਾਰਾ ਸ਼ਿਕੋਹ ਕੌਣ ਸੀ ? | ਸ਼ਾਹਜਹਾਂ ਦਾ ਪੁੱਤਰ,ਔਰੰਗਜੇਬ ਦਾ ਵੱਡਾ ਭਰਾ |
| 61) ਦਾਰਾ ਸ਼ਿਕੋਹ ਗੁਰੂ ਹਰਿ ਰਾਏ ਜੀ ਕੋਲ ਕਿਉਂ ਆਇਆ ਸੀ ? | ਇਲਾਜ ਕਰਵਾਉਣ ਅਤੇ ਸਹਾਇਤਾ ਲਈ |
| 62) ਗੁਰੂ ਹਰਿ ਰਾਏ ਜੀ ਨੇ ਕਿਹੜੇ ਪੁੱਤਰ ਨੂੰ ਗੁਰਗੱਦੀ ਤੋਂ ਬੇਦਖਲ ਕੀਤਾ ? | ਰਾਮ ਰਾਇ ਨੂੰ |
| 63) ਰਾਮ ਰਾਇ ਨੂੰ ਗੁਰਗੱਦੀ ਤੋਂ ਬੇਦਖਲ ਕਿਉਂ ਕੀਤਾ ਗਿਆ ? | ਉਸਨੇ ਗੁਰਬਾਣੀ ਦੀ ਗਲਤ ਵਿਆਖਿਆ ਕੀਤੀ ਸੀ |
| 64) ਗੁਰੂ ਹਰਿ ਰਾਏ ਜੀ ਨੇ ਗੁਰਗੱਦੀ ਕਿਸਨੂੰ ਸੌਂਪੀ ? | ਹਰਕ੍ਰਿਸ਼ਨ ਜੀ ਨੂੰ |
| 65) ਗੁਰੂ ਹਰਿ ਰਾਏ ਜੀ ਕਦੋਂ ਜੋਤੀ ਜੋਤਿ ਸਮਾਏ ? | 1661 ਈ: |
| 66) ਗੁਰੂ ਹਰਿ ਰਾਏ ਜੀ ਕਿੱਥੇ ਜੋਤੀ ਜੋਤਿ ਸਮਾਏ ? | ਕੀਰਤਪੁਰ ਸਾਹਿਬ ਵਿਖੇ |
| 67) ਗੁਰੂ ਹਰਿ ਕ੍ਰਿਸ਼ਨ ਜੀ ਸਿੱਖਾਂ ਦੇ ਕਿੰਨਵੇ ਗੁਰੂ ਸਨ ? | ਅੱਠਵੇਂ |
| 68) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਬਾਲ ਗੁਰੂ , ਬਾਲਾ ਪ੍ਰੀਤਮ |
| 69) ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਕਦੋਂ ਹੋਇਆ ? | 1656 ਈ: |
| 70) ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਕਿੱਥੇ ਹੋਇਆ ? | ਕੀਰਤਪੁਰ ਸਾਹਿਬ ਵਿਖੇ |
| 71) ਗੁਰੂ ਹਰਿ ਕ੍ਰਿਸ਼ਨ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ ? | ਗੁਰੂ ਹਰਿ ਰਾਏ ਜੀ |


Download Free Study Material From SIKHYA APP

72) ਗੁਰੂ ਹਰਿ ਕ੍ਰਿਸ਼ਨ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? ਸੁਲੱਖਣੀ ਜੀ

73) ਗੁਰੂ ਹਰਿ ਕ੍ਰਿਸ਼ਨ ਜੀ ਦੇ ਵੱਡੇ ਭਰਾ ਦਾ ਕੀ ਨਾਂ ਸੀ ? ਰਾਮ ਰਾਏ ਜੀ

74) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਕਦੋਂ ਮਿਲੀ ? 1661 ਈ:

75) ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਹਰਿ ਕ੍ਰਿਸ਼ਨ ਜੀ ਕਿੰਨੇ ਵਰ੍ਹਿਆਂ ਦੇ ਸਨ ? 5

76) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਕਿਸਨੇ ਬੁਲਾਇਆ ? ਔਰੰਗਜੇਬ ਨੇ

77) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਲਿਆਉਣ ਦਾ ਕੰਮ ਕਿਸਨੂੰ ਸੌਂਪਿਆ ਗਿਆ ? ਰਾਜਾ ਜੈ ਸਿੰਘ ਨੂੰ

78) ਗੁਰੂ ਹਰਿ ਕ੍ਰਿਸ਼ਨ ਜੀ ਦੇ ਦਿੱਲੀ ਪਹੁੰਚਣ ਤੇ ਦਿੱਲੀ ਵਿੱਚ ਕਿਹੜੀ ਬਿਮਾਰੀ ਫੈਲੀ ਹੋਈ ਸੀ ? ਹੈਜਾ ਅਤੇ ਚੇਚਕ

79) ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਕ੍ਰਿਸ਼ਨ ਜੀ ਨੇ ਕਿਹੜੇ ਸ਼ਬਦ ਬੋਲੇ ? ਬਾਬਾ ਬਕਾਲੇ

80) ਗੁਰੂ ਹਰਿ ਕ੍ਰਿਸ਼ਨ ਜੀ ਕਿੱਥੇ ਜੋਤੀ ਜੋਤਿ ਸਮਾਏ ? ਦਿੱਲੀ ਵਿਖੇ

81) ਗੁਰੂ ਹਰਿ ਕ੍ਰਿਸ਼ਨ ਜੀ ਕਦੋਂ ਜੋਤੀ ਜੋਤਿ ਸਮਾਏ ? 1664 ਈ:

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਮੀਰੀ ਤੇ ਪੀਰੀ ਤੋਂ ਕੀ ਭਾਵ ਹੈ ?**

ਉੱਤਰ: ਮੀਰੀ ਅਤੇ ਪੀਰੀ ਦੋ ਤਲਵਾਰਾਂ ਦੇ ਨਾਂ ਸਨ। ਇਹ ਤਲਵਾਰਾਂ ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਤੇ ਬੈਠਦੇ ਸਮੇਂ ਧਾਰਨ ਕੀਤੀਆਂ ਸਨ। ਮੀਰੀ ਦੀ ਤਲਵਾਰ ਸੰਸਾਰਕ ਸੱਤਾ ਦੀ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਧਾਰਮਿਕ ਅਗਵਾਈ ਦੀ ਪ੍ਰਤੀਕ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਰੱਬ ਦਾ ਨਾਂ ਜਪਣ ਦੇ ਨਾਲ-ਨਾਲ ਆਤਮ-ਰੱਖਿਆ ਲਈ ਹਥਿਆਰਬੰਦ ਹੋਣ ਦਾ ਸੰਦੇਸ਼ ਵੀ ਦਿੱਤਾ।


Download Free Study Material From SIKHYA APP

**2) ਗੁਰੂ ਹਰਗੋਬਿੰਦ ਸਾਹਿਬ ਨੇ ਸੈਨਾ ਦਾ ਸੰਗਠਨ ਕਿਵੇਂ ਕੀਤਾ ?**

ਉੱਤਰ: ਉਹਨਾਂ ਨੇ ਆਪਣੇ ਹੁਕਮਨਾਮਿਆਂ ਰਾਹੀਂ ਸਿੱਖਾਂ ਨੂੰ ਸੈਨਾ ਵਿੱਚ ਭਰਤੀ ਹੋਣ ਲਈ ਕਿਹਾ। ਸ਼ੁਰੂ ਵਿੱਚ 500 ਸੈਨਿਕ ਆਪ ਦੀ ਫੌਜ ਵਿੱਚ ਭਰਤੀ ਹੋਏ। ਸੈਨਾ ਨੂੰ ਜੰਗੀ ਸਿਖਲਾਈ ਦਿੱਤੀ ਗਈ। ਉਹਨਾਂ ਲਈ ਘੋੜਿਆਂ ਅਤੇ ਸ਼ਸਤਰਾਂ ਦਾ ਪ੍ਰਬੰਧ ਕੀਤਾ ਗਿਆ। ਸਾਰੇ ਸੈਨਿਕਾਂ ਨੂੰ 100-100 ਸੈਨਿਕਾਂ ਦੇ 5 ਜੱਥਿਆਂ ਵਿੱਚ ਵੰਡਿਆ ਗਿਆ। ਹਰੇਕ ਜੱਥਾ ਇੱਕ ਜੱਥੇਦਾਰ ਦੇ ਅਧੀਨ ਸੀ। ਹੌਲੀ-ਹੌਲੀ ਸੈਨਾ ਦੀ ਗਿਣਤੀ ਵਧਦੀ ਗਈ ਅਤੇ ਇਹ 2500 ਤੱਕ ਪਹੁੰਚ ਗਈ।

**3) ਗੁਰੂ ਹਰਗੋਬਿੰਦ ਸਾਹਿਬ ਨੇ ਸੈਨਾ ਲਈ ਸ਼ਸਤਰਾਂ ਅਤੇ ਘੋੜਿਆਂ ਦਾ ਪ੍ਰਬੰਧ ਕਿਵੇਂ ਕੀਤਾ ?**

ਉੱਤਰ: ਗੁਰੂ ਸਾਹਿਬ ਨੇ ਮਸੰਦਾਂ ਨੂੰ ਹੁਕਮਨਾਮਾ ਜਾਰੀ ਕੀਤਾ ਕਿ ਉਹ ਸਿੱਖਾਂ ਤੋਂ ਮਾਇਆ ਦੀ ਬਜਾਏ ਸ਼ਸਤਰ ਅਤੇ ਘੋੜੇ ਇਕੱਠੇ ਕਰਨ। ਉਹਨਾਂ ਨੇ ਸਿੱਖਾਂ ਨੂੰ ਵੀ ਕਿਹਾ ਕਿ ਉਹ ਗੁਰੂ ਘਰ ਨੂੰ ਮਾਇਆ ਅਤੇ ਰਸਦ ਭੇਟ ਕਰਨ ਦੀ ਥਾਂ ਘੋੜੇ ਅਤੇ ਸ਼ਸਤਰ ਭੇਟ ਕਰਨ। ਛੇਤੀ ਹੀ ਗੁਰੂ ਸਾਹਿਬ ਕੋਲ ਬਹੁਤ ਸਾਰੇ ਘੋੜੇ ਅਤੇ ਸ਼ਸਤਰ ਇਕੱਠੇ ਹੋ ਗਏ ਜਿਹਨਾਂ ਦੀ ਵਰਤੋਂ ਸੈਨਾ ਨੂੰ ਤਾਕਤਵਰ ਬਣਾਉਣ ਲਈ ਕੀਤੀ ਗਈ।

**4) ਅਕਾਲ ਤਖ਼ਤ ਸਾਹਿਬ ਤੇ ਇੱਕ ਨੋਟ ਲਿਖੋ।**

ਉੱਤਰ: ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਗੁਰੂ ਹਰਗੋਬਿੰਦ ਜੀ ਨੇ ਕਰਵਾਇਆ ਸੀ। ਅਕਾਲ ਤਖ਼ਤ ਦਾ ਅਰਥ ਹੁੰਦਾ ਹੈ ਈਸ਼ਵਰ ਦੀ ਗੱਦੀ। ਅਕਾਲ ਤਖ਼ਤ ਸਾਹਿਬ ਦੀ ਉਸਾਰੀ 1606 ਈ: ਵਿੱਚ ਸ਼ੁਰੂ ਹੋਈ ਅਤੇ ਇਸਦਾ ਨਿਰਮਾਣ 1609 ਈ: ਵਿੱਚ ਸੰਪੂਰਨ ਹੋਇਆ। ਅਕਾਲ ਤਖ਼ਤ ਸਾਹਿਬ ਦਾ ਨਿਰਮਾਣ, ਸ਼੍ਰੀ ਹਰਿਮੰਦਰ ਸਾਹਿਬ ਦੇ ਬਿਲਕੁੱਲ ਸਾਹਮਣੇ ਕੀਤਾ ਗਿਆ। ਇਸਦੇ ਅੰਦਰ ਇੱਕ 12 ਫੁੱਟ ਉੱਚੇ ਥੜ੍ਹੇ ਦਾ ਨਿਰਮਾਣ ਕਰਵਾਇਆ ਗਿਆ। ਇਸ ਥੜ੍ਹੇ ਤੇ ਬੈਠ ਕੇ ਗੁਰੂ ਹਰਗੋਬਿੰਦ ਜੀ ਸਿੱਖਾਂ ਨੂੰ ਸੈਨਿਕ ਸਿੱਖਿਆ ਦਿੰਦੇ ਸਨ। ਉਹਨਾਂ ਦੀਆਂ ਕੁਸ਼ਤੀਆਂ ਅਤੇ ਸੈਨਿਕ ਕਰਤਬ ਵੇਖਦੇ ਸਨ। ਇਸੇ ਥੜ੍ਹੇ ਤੇ ਬੈਠ ਕੇ ਗੁਰੂ ਸਾਹਿਬ ਮਸੰਦਾਂ ਤੋਂ ਘੋੜੇ ਅਤੇ ਸ਼ਸਤਰ ਪ੍ਰਵਾਨ ਕਰਦੇ ਸਨ। ਸਿੱਖਾਂ ਵਿੱਚ ਜੋਸ਼ ਪੈਦਾ ਕਰਨ ਲਈ ਇਸ


Download Free Study Material From SIKHYA APP

ਥਾਂ ਤੇ ਵੀਰ ਰਸੀ ਵਾਰਾਂ ਸੁਣਾਈਆਂ ਜਾਂਦੀਆਂ ਸਨ। ਇੱਥੇ ਬੈਠ ਕੇ ਹੀ ਗੁਰੂ ਸਾਹਿਬ ਸਿੱਖਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਦੇ ਸਨ।

**5) ਗੁਰੂ ਹਰਗੋਬਿੰਦ ਜੀ ਨੇ ਕਿਹੜੇ ਰਾਜਸੀ ਚਿੰਨ੍ਹਾਂ ਨੂੰ ਅਪਣਾਇਆ ?**

ਉੱਤਰ: ਗੁਰੂ ਹਰਗੋਬਿੰਦ ਸਾਹਿਬ ਨੇ ਸੇਲੀ ਦੀ ਥਾਂ ਕਮਰ ਵਿੱਚ ਦੋ ਤਲਵਾਰਾਂ ਲਟਕਾ ਲਈਆਂ। ਉਹਨਾਂ ਨੇ ਰਾਜਿਆਂ ਵਾਂਗ ਇੱਕ ਸ਼ਾਨਦਾਰ ਦਰਬਾਰ ਦੀ ਸਥਾਪਨਾ ਕੀਤੀ। ਉਹਨਾਂ ਨੇ ਪੱਗ ਤੇ ਕਲਗੀ ਸਜ਼ਾਉਣੀ ਸ਼ੁਰੂ ਕਰ ਦਿੱਤੀ। ਉਹ ਰਾਜਿਆਂ ਵਰਗੇ ਵਸਤਰ ਪਹਿਣਦੇ ਸਨ ਅਤੇ ਆਪਣੇ ਨਾਲ ਅੰਗਰੱਖਿਅਕ ਰੱਖਦੇ ਸਨ। ਉਹਨਾਂ ਉੱਪਰ ਰਾਜਸੀ ਛੱਤਰ ਝੁਲਾਇਆ ਜਾਣ ਲੱਗਿਆ।

**6) ਗੁਰੂ ਹਰਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਦੀ ਕਿਲ੍ਹੇਬੰਦੀ ਕਿਉਂ ਅਤੇ ਕਿਵੇਂ ਕੀਤੀ ?**

ਉੱਤਰ: ਅੰਮ੍ਰਿਤਸਰ ਨਾ ਸਿਰਫ ਸਿੱਖਾਂ ਦਾ ਸਭ ਤੋਂ ਪ੍ਰਸਿੱਧ ਧਾਰਮਿਕ ਸਥਾਨ ਸੀ ਸਗੋਂ ਇਹ ਸਿੱਖ ਸੈਨਾ ਦੀ ਸਿਖਲਾਈ ਦਾ ਕੇਂਦਰ ਵੀ ਸੀ। ਇਸਦੀ ਸੁਰੱਖਿਆ ਲਈ ਗੁਰੂ ਸਾਹਿਬ ਨੇ ਸ਼ਹਿਰ ਦੇ ਦੁਆਲੇ ਇੱਕ ਦੀਵਾਰ ਕਰਵਾ ਦਿੱਤੀ। 1609 ਈ: ਵਿੱਚ ਇੱਥੇ ਲੋਹਗੜ੍ਹ ਨਾਂ ਦੇ ਇੱਕ ਕਿਲ੍ਹੇ ਦੀ ਉਸਾਰੀ ਕਰਵਾਈ ਗਈ। ਇਸ ਕਿਲ੍ਹੇ ਦੇ ਨਿਰਮਾਣ ਨਾਲ ਸਿੱਖਾਂ ਦੇ ਹੌਸਲੇ ਬੁਲੰਦ ਹੋ ਗਏ।

**7) ਨਵੀਂ ਨੀਤੀ ਅਪਣਾਉਣ ਤੇ ਗੁਰੂ ਹਰਗੋਬਿੰਦ ਜੀ ਦੇ ਰੋਜਾਨਾ ਜੀਵਨ ਵਿੱਚ ਕੀ ਤਬਦੀਲੀ ਆਈ ?**

ਉੱਤਰ: ਨਵੀਂ ਨੀਤੀ ਅਪਣਾਉਣ ਤੇ ਗੁਰੂ ਸਾਹਿਬ ਦੇ ਰੋਜਾਨਾ ਜੀਵਨ ਵਿੱਚ ਕਈ ਤਬਦੀਲੀਆਂ ਆਈਆਂ। ਉਹਨਾਂ ਨੇ ਧਾਰਮਿਕ ਉਪਦੇਸ਼ ਦੇਣ ਦੇ ਨਾਲ-ਨਾਲ ਸਿੱਖਾਂ ਨੂੰ ਸੈਨਿਕ ਅਗਵਾਈ ਵੀ ਦੇਣੀ ਸ਼ੁਰੂ ਕੀਤੀ। ਉਹ ਰਾਜਿਆਂ ਵਾਂਗ ਦਰਬਾਰ ਲਗਾਉਣ ਅਤੇ ਸਿੱਖਾਂ ਦੇ ਝਗੜਿਆਂ ਦੇ ਫੈਸਲੇ ਕਰਨ ਲੱਗ ਪਏ। ਉਹਨਾਂ ਨੇ ਆਪਣੇ ਦਰਬਾਰ ਵਿੱਚ ਅਬਦੁੱਲਾ ਅਤੇ ਨੱਥਾ ਮੱਲ ਨੂੰ ਵੀਰ ਰਸੀ ਵਾਰਾਂ ਗਾਉਣ ਲਈ ਭਰਤੀ ਕੀਤਾ। ਉਹਨਾਂ ਨੇ ਇੱਕ ਸੰਗੀਤ ਮੰਡਲੀ ਵੀ ਬਣਾਈ ਜਿਹੜੀ


Download Free Study Material From SIKHYA APP

ਰਾਤ ਸਮੇਂ ਢੋਲਕ ਦੀ ਧੁਨ ਅਤੇ ਮਸ਼ਾਲਾਂ ਦੀ ਰੌਸ਼ਨੀ ਵਿੱਚ ਉੱਚੀ ਅਵਾਜ਼ ਵਿੱਚ ਜੋਸ਼ੀਲੇ ਗੀਤ ਗਾਉਂਦੀ ਹੋਈ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਦੀ ਸੀ।

**8) ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀ ਨੀਤੀ ਨੂੰ ਕਿਉਂ ਧਾਰਨ ਕੀਤਾ ?**

ਉੱਤਰ: ਗੁਰੂ ਸਾਹਿਬ ਦੇ ਮੀਤੀ ਅਤੇ ਪੀਰੀ ਦੀ ਨੀਤੀ ਨੂੰ ਧਾਰਨ ਕਰਨ ਦੇ ਕਾਰਨ:

1. ਜਹਾਂਗੀਰ ਦੇ ਰਾਜਗੱਦੀ ਤੇ ਬੈਠਣ ਤੋਂ ਬਾਅਦ ਸਿੱਖਾਂ ਅਤੇ ਮੁਗ਼ਲਾਂ ਦੇ ਸਬੰਧ ਬਹੁਤ ਵਿਗੜ ਗਏ ਸਨ।
2. ਗੁਰੂ ਅਰਜ਼ਨ ਦੇਵ ਜੀ ਦੀ ਸ਼ਹੀਦੀ ਕਾਰਨ ਗੁਰੂ ਸਾਹਿਬ ਨੂੰ ਮਹਿਸੂਸ ਹੋਇਆ ਕਿ ਸ਼ਸਤਰ ਧਾਰਨ ਕੀਤੇ ਬਗੈਰ ਮੁਗ਼ਲਾਂ ਦਾ ਸਾਹਮਣਾ ਕਰਨਾ ਸੰਭਵ ਨਹੀਂ ਹੈ।
3. ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਗੁਰੂ ਹਰਗੋਬਿੰਦ ਜੀ ਨੂੰ ਸੁਨੇਹਾ ਭੇਜਿਆ ਸੀ ਕਿ ਉਹ ਪੂਰੀ ਤਰ੍ਹਾਂ ਹਥਿਆਰ ਧਾਰਨ ਕਰਨ ਤੋਂ ਬਾਅਦ ਹੀ ਗੱਦੀ ਤੇ ਬੈਠਣ।

**9) ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਕੈਦ ਕਿਉਂ ਕੀਤਾ ? ਜਾਂ**

**ਗੁਰੂ ਹਰਗੋਬਿੰਦ ਸਾਹਿਬ ਨੂੰ ਬੰਦੀ ਛੋੜ ਬਾਬਾ ਕਿਉਂ ਕਿਹਾ ਜਾਂਦਾ ਹੈ ?**

ਉੱਤਰ: ਗੁਰਗੱਦੀ ਤੇ ਬੈਠਣ ਤੋਂ ਕੁਝ ਸਮਾਂ ਬਾਅਦ ਹੀ ਜਹਾਂਗੀਰ ਨੇ ਗੁਰੂ ਹਰਗੋਬਿੰਦ ਜੀ ਨੂੰ ਦਿੱਲੀ ਬੁਲਾਇਆ ਅਤੇ ਕੈਦ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਗੁਰੂ ਸਾਹਿਬ ਨੂੰ ਕੈਦ ਕਰਨ ਦੇ ਕਾਰਨਾਂ ਸਬੰਧੀ ਇਤਿਹਾਸਕਾਰਾਂ ਵਿੱਚ ਮਤਭੇਦ ਪਾਏ ਜਾਂਦੇ ਹਨ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਚੰਦੂ ਸ਼ਾਹ ਨੇ ਜਹਾਂਗੀਰ ਨੂੰ ਗੁਰੂ ਹਰਗੋਬਿੰਦ ਜੀ ਖਿਲਾਫ਼ ਭੜਕਾਇਆ ਸੀ। ਕੁਝ ਇਤਿਹਾਸਕਾਰਾਂ ਕਹਿੰਦੇ ਹਨ ਕਿ ਗੁਰੂ ਸਾਹਿਬ ਦੀ ਨਵੀਂ ਨੀਤੀ ਤੋਂ ਗੁੱਸੇ ਵਿੱਚ ਆ ਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਕੈਦ ਕਰਵਾਇਆ। ਗੁਰੂ ਸਾਹਿਬ ਨੂੰ ਕੈਦ ਵਿੱਚ ਭੇਜਣ ਤੋਂ ਬਾਅਦ ਜਹਾਂਗੀਰ ਬਿਮਾਰ ਹੋ ਗਿਆ। ਉਸਨੂੰ ਡਰਾਵਣੇ ਸੁਫ਼ਨੇ ਆਉਣ ਲੱਗੇ। ਜਹਾਂਗੀਰ ਦੀ ਪਤਨੀ ਸਾਈਂ ਮੀਆਂ ਮੀਰ ਜੀ ਦੀ ਪੈਰੋਕਾਰ ਸੀ। ਉਹ ਆਪਣੇ ਪਤੀ ਦੀ ਬਿਮਾਰੀ ਤੋਂ ਦੁਖ਼ੀ ਹੋ ਕੇ ਸਾਈਂ ਮੀਆਂ ਮੀਰ ਜੀ ਕੋਲ ਗਈ। ਸਾਈਂ ਮੀਆਂ ਮੀਰ ਜੀ ਨੇ ਕਿਹਾ ਕਿ


Download Free Study Material From SIKHYA APP

ਜਹਾਂਗੀਰ ਦੀ ਬਿਮਾਰੀ ਉਸ ਦੁਆਰਾ ਗੁਰੂ ਸਾਹਿਬ ਵਰਗੇ ਮਹਾਂਪੁਰਸ਼ ਨੂੰ ਕੈਦ ਕਰਨ ਦਾ ਨਤੀਜਾ ਹੈ। ਜਦੋਂ ਇਹ ਗੱਲ ਜਹਾਂਗੀਰ ਨੂੰ ਪਤਾ ਲੱਗੀ ਤਾਂ ਉਸਨੇ ਗੁਰੂ ਸਾਹਿਬ ਦੀ ਰਿਹਾਈ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਉਹ ਉਦੋਂ ਤੱਕ ਰਿਹਾ ਨਹੀਂ ਹੋਣਗੇ ਜਦੋਂ ਤੱਕ ਕਿਲ੍ਹੇ ਵਿੱਚ ਕੈਦ 52 ਹੋਰ ਰਾਜਿਆਂ ਨੂੰ ਰਿਹਾ ਨਹੀਂ ਕੀਤਾ ਜਾਂਦਾ। ਸਿੱਟੇ ਵਜੋਂ ਜਹਾਂਗੀਰ ਨੂੰ ਬਾਕੀ 52 ਰਾਜਿਆਂ ਨੂੰ ਵੀ ਰਿਹਾ ਕਰਨਾ ਪਿਆ। ਇਸ ਘਟਨਾ ਕਾਰਨ ਗੁਰੂ ਹਰਗੋਬਿੰਦ ਜੀ ਨੂੰ ਬੰਦੀ ਛੋੜ ਬਾਬਾ ਵੀ ਕਿਹਾ ਜਾਂਦਾ ਹੈ।

**10) ਗੁਰੂ ਸਾਹਿਬ ਕਿੱਥੇ ਅਤੇ ਕਿੰਨਾ ਸਮਾਂ ਕੈਦ ਰਹੇ ?**

ਉੱਤਰ: ਗੁਰੂ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਰਹੇ। ਜਹਾਂਗੀਰ ਨੇ ਉਹਨਾਂ ਨੂੰ 12 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਸੀ ਪਰ ਉਹ ਕਿੰਨਾ ਸਮਾਂ ਕੈਦ ਵਿੱਚ ਰਹੇ ਇਸ ਸਬੰਧੀ ਕੋਈ ਸਪਸ਼ਟ ਜਾਣਕਾਰੀ ਨਹੀਂ ਮਿਲਦੀ। ਬਹੁਤ ਸਾਰੇ ਵਿਦਵਾਨਾਂ ਅਨੁਸਾਰ ਗੁਰੂ ਸਾਹਿਬ ਸਵਾ ਦੋ ਸਾਲ ਦੇ ਕਰੀਬ ਸਮਾਂ ਕੈਦ ਵਿੱਚ ਰਹੇ।

**11) ਗੁਰੂ ਹਰਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚਕਾਰ ਕਿਹੋ ਜਿਹੇ ਸਬੰਧ ਸਨ ?**

ਉੱਤਰ: ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧ ਚੰਗੇ ਨਹੀਂ ਸਨ। ਜਹਾਂਗੀਰ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ਸੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਕੈਦ ਕਰਵਾਇਆ ਸੀ। ਬਾਅਦ ਵਿੱਚ ਸਾਈਂ ਮੀਆਂ ਮੀਰ ਦੇ ਕਹਿਣ ਤੇ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸਨੇ ਗੁਰੂ ਹਰਗੋਬਿੰਦ ਜੀ ਨੂੰ ਰਿਹਾ ਕਰ ਦਿੱਤਾ। ਗੁਰੂ ਸਾਹਿਬ ਦੀ ਰਿਹਾਈ ਤੋਂ ਜਹਾਂਗੀਰ ਦੀ ਮੌਤ ਤੱਕ ਤੱਕ ਗੁਰੂ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧ ਮਿੱਤਰਤਾਪੂਰਨ ਰਹੇ।

**12) ਗੁਰੂ ਹਰਗੋਬਿੰਦ ਸਾਹਿਬ ਅਤੇ ਸ਼ਾਹਜਹਾਂ ਵਿਚਕਾਰ ਕਿਹੋ ਜਿਹੇ ਸਬੰਧ ਸਨ ? ਜਾਂ**

**ਗੁਰੂ ਹਰਗੋਬਿੰਦ ਸਾਹਿਬ ਅਤੇ ਮੁਗਲਾਂ ਵਿਚਕਾਰ ਲੜਾਈਆਂ ਦੇ ਕੀ ਕਾਰਨ ਸਨ ?**



Download Free Study Material From SIKHYA APP

ਉੱਤਰ: ਨਕਸ਼ਬੰਦੀਆਂ ਨੇ ਸ਼ਾਹਜਹਾਂ ਨੂੰ ਗੁਰੂ ਹਰਗੋਬਿੰਦ ਜੀ ਖਿਲਾਫ਼ ਭੜਕਾਇਆ। ਸ਼ਾਹਜਹਾਂ ਇੱਕ ਕੱਟੜ ਬਾਦਸ਼ਾਹ ਸੀ। ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸੈਨਾ ਦਾ ਸੰਗਠਨ ਕਰਨਾ ਅਤੇ ਰਾਜਸੀ ਚਿੰਨ੍ਹ ਅਪਣਾਉਣਾ ਉਸਨੂੰ ਬਿਲਕੁਲ ਪਸੰਦ ਨਹੀਂ ਸੀ। ਲਾਹੌਰ ਦੇ ਕਾਜੀ ਰੁਸਤਮ ਖਾਂ ਦੀ ਧੀ ਕੌਲਾਂ ਗੁਰੂ ਸਾਹਿਬ ਦੀ ਚੇਲੀ ਬਣ ਗਈ। ਰੁਸਤਮ ਖਾਂ ਨੇ ਸ਼ਾਹਜਹਾਂ ਨੂੰ ਸਿੱਖਾਂ ਖਿਲਾਫ਼ ਕਦਮ ਚੁੱਕਣ ਲਈ ਭੜਕਾਇਆ। ਇਸ ਲਈ ਸਿੱਖਾਂ ਅਤੇ ਮੁਗਲਾਂ ਵਿਚਕਾਰ ਅਮ੍ਰਿਤਸਰ, ਲਹਿਰਾ, ਕਰਤਾਰਪੁਰ ਅਤੇ ਫਗਵਾੜਾ ਵਿਖੇ ਚਾਰ ਲੜਾਈਆਂ ਲੜੀਆਂ ਗਈਆਂ।

**13) ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਲੜਾਈ ਦਾ ਵਰਣਨ ਕਰੋ।**

ਉੱਤਰ: ਇਹ ਲੜਾਈ 1634 ਈ: ਵਿੱਚ ਅੰਮ੍ਰਿਤਸਰ ਵਿਖੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਹੋਈ। ਉਸ ਸਮੇਂ ਸ਼ਾਹਜਹਾਂ ਆਪਣੇ ਸੈਨਿਕਾਂ ਨਾਲ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡ ਰਿਹਾ ਸੀ। ਦੂਜੇ ਪਾਸੇ ਗੁਰੂ ਹਰਗੋਬਿੰਦ ਜੀ ਵੀ ਸਿੱਖਾਂ ਨਾਲ ਸ਼ਿਕਾਰ ਖੇਡਣ ਆਏ ਸਨ। ਮੁਗਲਾਂ ਦਾ ਇੱਕ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਮੁਗਲਾਂ ਨੇ ਸਿੱਖਾਂ ਕੋਲੋਂ ਇਹ ਬਾਜ਼ ਵਾਪਸ ਮੰਗਿਆ। ਸਿੱਖਾਂ ਦੇ ਨਾਂਹ ਕਰਨ ਤੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਇੱਕ ਝੜਪ ਹੋਈ। ਮੁਗਲਾਂ ਨੂੰ ਜਾਨ ਬਚਾ ਕੇ ਦੌੜਣਾ ਪਿਆ। ਜਦੋਂ ਇਸ ਗੱਲ ਦਾ ਪਤਾ ਸ਼ਾਹਜਹਾਂ ਨੂੰ ਪਤਾ ਲੱਗਿਆ ਤਾਂ ਉਸਨੇ ਮੁਖਲਿਸ ਖਾਂ ਦੀ ਅਗਵਾਈ ਹੇਠ 7000 ਸੈਨਿਕ ਸਿੱਖਾਂ ਖਿਲਾਫ਼ ਲੜਾਈ ਲਈ ਭੇਜੇ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਮੁਗਲ ਸੈਨਾ ਵਿੱਚ ਭਗਦੜ ਮਚ ਗਈ ਅਤੇ ਮੁਖਲਿਸ ਖਾਂ ਮਾਰਿਆ ਗਿਆ।

**14) ਲਹਿਰਾ ਦੀ ਲੜਾਈ ਦਾ ਵਰਣਨ ਕਰੋ।**

ਉੱਤਰ: ਇਹ ਲੜਾਈ 1634 ਈ: ਵਿੱਚ ਬਠਿੰਡਾ ਦੇ ਨੇੜੇ ਲਹਿਰਾ ਦੇ ਸਥਾਨ ਤੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਹੋਈ। ਇਸ ਲੜਾਈ ਦਾ ਕਾਰਨ ਦੋ ਘੋੜੇ ਦਿਲਬਾਗ ਅਤੇ ਗੁਲਬਾਗ ਸਨ। ਗੁਰੂ ਸਾਹਿਬ ਦੇ ਦੋ ਮਸੰਦ ਗੁਰੂ ਸਾਹਿਬ ਨੂੰ ਭੇਂਟ ਕਰਨ ਲਈ ਘੋੜੇ ਲੈ ਕੇ ਆ ਰਹੇ ਸਨ। ਰਸਤੇ ਵਿੱਚ ਮੁਗਲ ਸੈਨਿਕਾਂ ਨੇ ਇਹ ਘੋੜੇ ਉਹਨਾਂ ਤੋਂ ਖੋਹ ਲਏ। ਜਦੋਂ ਗੁਰੂ ਸਾਹਿਬ ਨੂੰ ਇਹ ਗੱਲ ਪਤਾ ਲੱਗੀ ਤਾਂ ਉਹਨਾਂ ਨੇ ਭਾਈ ਬਿਧੀ ਚੰਦ ਨੂੰ ਇਹ ਘੋੜੇ ਵਾਪਸ ਲਿਆਉਣ ਦਾ ਹੁਕਮ ਦਿੱਤਾ। ਭਾਈ ਬਿਧੀ


Download Free Study Material From SIKHYA APP

ਚੰਦ ਭੇਸ ਬਦਲ ਕੇ ਮੁਗਲਾਂ ਕੋਲੋਂ ਇਹ ਘੋੜੇ ਵਾਪਸ ਲੈ ਆਇਆ। ਜਦੋਂ ਸ਼ਾਹਜਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਸਨੇ ਲੱਲਾ ਬੇਗ ਅਤੇ ਕਮਰ ਬੇਗ ਦੀ ਅਗਵਾਈ ਹੇਠ ਸਿੱਖਾਂ ਖਿਲਾਫ਼ ਇੱਕ ਵੱਡੀ ਫੌਜ ਭੇਜੀ। ਇਸ ਲੜਾਈ ਵਿੱਚ ਭਾਈ ਜੇਠਾ ਜੀ ਸ਼ਹੀਦ ਹੋਏ। ਮੁਗਲਾਂ ਦਾ ਵੀ ਭਾਰੀ ਨੁਕਸਾਨ ਹੋਇਆ। ਲੱਗਾ ਬੇਗ ਅਤੇ ਕਮਰ ਬੇਗ ਇਸ ਲੜਾਈ ਵਿੱਚ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

**15) ਸ਼੍ਰੀ ਕਰਤਾਰਪੁਰ ਸਾਹਿਬ ਦੀ ਲੜਾਈ ਦਾ ਵਰਣਨ ਕਰੋ।**

ਉੱਤਰ: ਇਹ ਲੜਾਈ 1635 ਈ: ਵਿੱਚ ਪੈਂਦਾ ਖਾਂ ਕਾਰਨ ਹੋਈ। ਪੈਂਦਾ ਖਾਂ ਪਹਿਲਾਂ ਗੁਰੂ ਸਾਹਿਬ ਕੋਲ ਨੌਕਰੀ ਕਰਦਾ ਸੀ। ਉਸਨੇ ਗੁਰੂ ਸਾਹਿਬ ਦਾ ਇੱਕ ਬਾਜ਼ ਚੁਰਾ ਕੇ ਆਪਣੇ ਜਵਾਈ ਨੂੰ ਦੇ ਦਿੱਤਾ ਸੀ। ਗੁਰੂ ਸਾਹਿਬ ਦੇ ਪੁੱਛਣ ਤੇ ਉਹ ਮੁੱਕਰ ਗਿਆ। ਗੁਰੂ ਸਾਹਿਬ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਪੈਂਦਾ ਖਾਂ ਸ਼ਾਹਜਹਾਂ ਕੋਲ ਗਿਆ ਅਤੇ ਉਸਨੂੰ ਗੁਰੂ ਸਾਹਿਬ ਖਿਲਾਫ਼ ਕਾਰਵਾਈ ਕਰਨ ਲਈ ਉਕਸਾਇਆ। ਸ਼ਾਹਜਹਾਂ ਨੇ ਪੈਂਦਾ ਖਾਂ ਅਤੇ ਕਾਲੇ ਖਾਂ ਨੂੰ ਬਹੁਤ ਸਾਰੀ ਫੌਜ ਦੇ ਕੇ ਸਿੱਖਾਂ ਖਿਲਾਫ਼ ਹਮਲਾ ਕਰਨ ਲਈ ਭੇਜਿਆ। ਇਸ ਲੜਾਈ ਵਿੱਚ ਗੁਰੂ ਸਾਹਿਬ ਦੇ ਦੋ ਸਪੁੱਤਰਾਂ ਬਾਬਾ ਗੁਰਦਿੱਤਾ ਜੀ ਅਤੇ ਤੇਗ਼ ਬਹਾਦਰ ਜੀ ਨੇ ਬਹਾਦਰੀ ਦੇ ਜੌਹਰ ਵਿਖਾਏ। ਇਸ ਲੜਾਈ ਵਿੱਚ ਕਾਲੇ ਖਾਂ, ਪੈਂਦਾ ਖਾਂ ਅਤੇ ਸੈਂਕੜੇ ਹੋਰ ਮੁਗਲ ਸੈਨਿਕ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

**16) ਫਗਵਾੜਾ ਦੀ ਲੜਾਈ ਦਾ ਵਰਣਨ ਕਰੋ।**

ਉੱਤਰ: ਇਹ ਲੜਾਈ 1635 ਈ: ਵਿੱਚ ਸਿੱਖਾਂ ਅਤੇ ਮੁਗਲ ਸੂਬੇਦਾਰ ਅਹਿਮਦ ਖਾਂ ਵਿਚਕਾਰ ਹੋਈ। ਕਰਤਾਰਪੁਰ ਸਾਹਿਬ ਦੀ ਲੜਾਈ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਕੁਝ ਸਮੇਂ ਲਈ ਫਗਵਾੜਾ ਵਿਖੇ ਰੁਕੇ। ਇੱਥੇ ਅਹਿਮਦ ਖਾਂ ਦੀ ਅਗਵਾਈ ਹੇਠ ਕੁਝ ਮੁਗਲ ਸੈਨਿਕਾਂ ਨੇ ਗੁਰੂ ਸਾਹਿਬ ਤੇ ਅਚਾਨਕ ਹਮਲਾ ਕਰ ਦਿੱਤਾ। ਫਗਵਾੜਾ ਵਿਖੇ ਇੱਕ ਛੋਟੀ ਜਿਹੀ ਝੜਪ ਹੋਈ। ਇਸ ਲੜਾਈ ਨੂੰ ਜਿਆਦਾ ਮਹੱਤਵਪੂਰਨ ਨਹੀਂ ਸਮਝਿਆ ਜਾਂਦਾ। ਇਹ ਸਿੱਖਾਂ ਅਤੇ ਮੁਗਲਾਂ ਵਿਚਕਾਰ ਲੜੀ ਗਈ ਆਖਰੀ ਲੜਾਈ ਸੀ।


Download Free Study Material From SIKHYA APP

**17) ਗੁਰੂ ਹਰ ਰਾਏ ਜੀ ਦੇ ਜੀਵਨ ਅਤੇ ਕਾਰਜਾਂ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਗੁਰੂ ਹਰ ਰਾਏ ਜੀ ਦਾ ਸਮਾਂ ਸਿੱਖ ਪੰਥ ਲਈ ਸ਼ਾਂਤੀ ਦਾ ਸਮਾਂ ਸੀ। ਗੁਰੂ ਹਰ ਰਾਏ ਜੀ 1645 ਈ: ਤੋਂ 1661 ਈ: ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ। ਉਹਨਾਂ ਦੇ ਮਹੱਤਵਪੂਰਨ ਕਾਰਜ ਹੇਠ ਲਿਖੇ ਹਨ:

1. ਉਹਨਾਂ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਕੇਂਦਰ ਸਥਾਪਿਤ ਕੀਤੇ ਜਿਹਨਾਂ ਨੂੰ ਬਖਸ਼ਿਸ਼ਾਂ ਕਿਹਾ ਜਾਂਦਾ ਹੈ।
2. ਗੁਰੂ ਸਾਹਿਬ ਨੇ ਭਾਈ ਗੋਂਦਾ ਜੀ ਨੂੰ ਕਾਬਲ, ਭਾਈ ਨੱਥਾ ਜੀ ਨੂੰ ਢਾਕਾ ਅਤੇ ਭਾਈ ਜੋਧਾ ਜੀ ਨੂੰ ਮੁਲਤਾਨ ਪ੍ਰਚਾਰ ਲਈ ਭੇਜਿਆ।
3. ਉਹਨਾਂ ਨੇ ਗੁਰਬਾਣੀ ਦਾ ਗਲਤ ਅਰਥ ਦੱਸਣ ਕਾਰਨ ਆਪਣੇ ਪੁੱਤਰ ਰਾਮਰਾਇ ਨੂੰ ਗੁਰਗੱਦੀ ਤੋਂ ਬੇਦਖਲ ਕਰ ਦਿੱਤਾ।
4. ਮੁਗਲ ਬਾਦਸ਼ਾਹ ਸ਼ਾਹਜਹਾਂ ਦਾ ਪੁੱਤਰ ਦਾਰਾ ਸ਼ਿਕੋਹ ਗੁਰੂ ਸਾਹਿਬ ਕੋਲ ਸਹਾਇਤਾ ਲਈ ਆਇਆ। ਗੁਰੂ ਸਾਹਿਬ ਨੇ ਅਣਮੋਲ ਜੜ੍ਹੀ ਬੂਟੀਆਂ ਦੇ ਕੇ ਦਾਰਾ ਸ਼ਿਕੋਹ ਦਾ ਇਲਾਜ਼ ਕੀਤਾ ਅਤੇ ਹੋਰ ਸਹਾਇਤਾ ਕੀਤੀ।

**18) ਗੁਰੂ ਹਰ ਰਾਇ ਜੀ ਨੂੰ ਔਰੰਗਜੇਬ ਨੇ ਦਿੱਲੀ ਕਿਉਂ ਬੁਲਾਇਆ? ਜਾਂ**

**ਗੁਰੂ ਹਰ ਰਾਇ ਜੀ ਨੇ ਰਾਮ ਰਾਇ ਨੂੰ ਗੁਰਗੱਦੀ ਤੋਂ ਬੇਦਖਲ ਕਿਉਂ ਕੀਤਾ?**

ਉੱਤਰ: ਔਰੰਗਜੇਬ ਦੇ ਕੁਝ ਦਰਬਾਰੀਆਂ ਨੇ ਉਸਨੂੰ ਭੜਕਾਇਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਸ਼ਬਦ ਇਸਲਾਮ ਦੇ ਖਿਲਾਫ਼ ਹਨ। ਇਸ ਲਈ ਉਸਨੇ ਗੁਰੂ ਹਰ ਰਾਏ ਜੀ ਨੂੰ ਆਪਣੇ ਦਰਬਾਰ ਵਿੱਚ ਪੇਸ਼ ਹੋਣ ਲਈ ਕਿਹਾ। ਗੁਰੂ ਜੀ ਨੇ ਆਪਣੇ ਪੁੱਤਰ ਰਾਮ ਰਾਇ ਨੂੰ ਔਰੰਗਜੇਬ ਕੋਲ ਭੇਜਿਆ। ਔਰੰਗਜੇਬ ਦੇ ਗੁੱਸੇ ਤੋਂ ਬਚਣ ਲਈ ਰਾਮਰਾਇ ਨੇ ਗੁਰਬਾਣੀ ਦੀ ਇੱਕ ਪੰਕਤੀ ਦੇ ਗਲਤ ਅਰਥ ਦੱਸ ਦਿੱਤੇ। ਜਦੋਂ ਇਸ ਗੱਲ ਦਾ ਪਤਾ ਗੁਰੂ ਹਰ ਰਾਇ ਜੀ ਨੂੰ ਲੱਗਿਆ ਤਾਂ ਉਹਨਾਂ ਨੇ ਰਾਮ ਰਾਇ ਨੂੰ ਗੁਰਗੱਦੀ ਤੋਂ ਬੇਦਖਲ ਕਰ ਦਿੱਤਾ।


Download Free Study Material From SIKHYA APP

**19) ਧੀਰ ਮੱਲ ਕੌਣ ਸੀ ? ਉਹ ਗੁਰੂ ਤੇਗ਼ ਬਹਾਦਰ ਜੀ ਦੇ ਖਿਲਾਫ਼ ਕਿਉਂ ਸੀ ?**

ਉੱਤਰ: ਧੀਰ ਮੱਲ ਗੁਰੂ ਹਰ ਰਾਇ ਜੀ ਦਾ ਵੱਡਾ ਭਰਾ ਸੀ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਮੰਨਦਾ ਸੀ। ਜਦੋਂ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ ਤਾਂ ਉਸਨੂੰ ਲੱਗਿਆ ਕਿ ਹੁਣ ਗੁਰਗੱਦੀ ਉਸਨੂੰ ਮਿਲ ਜਾਵੇਗੀ। ਜਦੋਂ ਉਸਨੂੰ ਪਤਾ ਲੱਗਿਆ ਕਿ ਸੰਗਤਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂ ਮੰਨ ਲਿਆ ਹੈ ਤਾਂ ਉਹ ਗੁੱਸੇ ਨਾਲ ਭਰ ਗਿਆ। ਉਸਨੇ ਗੁਰੂ ਸਾਹਿਬ ਖਿਲਾਫ਼ ਸਾਜਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

**20) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਾਲ ਗੁਰੂ ਕਿਉਂ ਕਿਹਾ ਜਾਂਦਾ ਸੀ ?**

ਉੱਤਰ: ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਹਰਿ ਕ੍ਰਿਸ਼ਨ ਜੀ ਦੀ ਉਮਰ ਸਿਰਫ਼ ਪੰਜ ਸਾਲ ਸੀ। ਇਸ ਲਈ ਗੁਰੂ ਹਰਕ੍ਰਿਸ਼ਨ ਜੀ ਨੂੰ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**21) ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਪ੍ਰਾਪਤੀ ਸਮੇਂ ਕਿਸਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ?**

ਉੱਤਰ: ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਪ੍ਰਾਪਤੀ ਸਮੇਂ ਰਾਮ ਰਾਏ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਰਾਮ ਰਾਏ ਗੁਰੂ ਹਰ ਰਾਏ ਜੀ ਦਾ ਵੱਡਾ ਪੁੱਤਰ ਸੀ ਅਤੇ ਆਪਣੇ ਆਪ ਨੂੰ ਗੁਰਗੱਦੀ ਦਾ ਅਸਲ ਵਾਰਸ ਸਮਝਦਾ ਸੀ।

**22) ਗੁਰੂ ਹਰ ਕ੍ਰਿਸ਼ਨ ਜੀ ਕਿਵੇਂ ਜੋਤੀ ਜੋਤਿ ਸਮਾਏ ?**

ਉੱਤਰ: ਜਦੋਂ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਗਏ ਤਾਂ ਉੱਥੇ ਚੇਚਕ ਅਤੇ ਹੈਜਾ ਫੈਲਿਆ ਹੋਇਆ ਸੀ। ਗੁਰੂ ਜੀ ਨੇ ਅਨੇਕਾਂ ਬਿਮਾਰਾਂ, ਅਨਾਥਾਂ, ਗਰੀਬਾਂ ਦੀ ਸਹਾਇਤਾ ਕੀਤੀ। ਅਨੇਕਾਂ ਮਰੀਜ ਠੀਕ ਹੋ ਗਏ ਪਰ ਗੁਰੂ ਜੀ ਆਪ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ। ਇਸੇ ਬਿਮਾਰੀ ਕਾਰਨ 30 ਮਾਰਚ 1664 ਈ: ਨੂੰ ਗੁਰੂ ਸਾਹਿਬ ਜੋਤੀ ਜੋਤਿ ਸਮਾ ਗਏ।

**23) ਗੁਰੂ ਹਰਿ ਕ੍ਰਿਸ਼ਨ ਜੀ ਨੇ ਆਪਣਾ ਉੱਤਰਅਧਿਕਾਰੀ ਕਿਸਨੂੰ ਬਣਾਇਆ ?**

ਉੱਤਰ: ਗੁਰੂ ਸਾਹਿਬ ਨੇ ਸਪਸ਼ਟ ਰੂਪ ਵਿੱਚ ਆਪਣਾ ਉੱਤਰਅਧਿਕਾਰੀ ਕਿਸੇ ਨੂੰ ਨਾ ਐਲਾਨਿਆ। ਉਹਨਾਂ ਨੇ ਨਾਰੀਅਲ ਅਤੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ ਅਤੇ ਉਚਾਰਿਆ 'ਬਾਬਾ ਬਕਾਲੇ'। ਇਸ ਤੋਂ ਸਪਸ਼ਟ ਹੋਇਆ ਕਿ ਉਹਨਾਂ ਦਾ


Download Free Study Material From SIKHYA APP

ਉੱਤਰਅਧਿਕਾਰੀ ਬਕਾਲਾ ਵਿਖੇ ਹੈ। ਬਾਅਦ ਵਿੱਚ ਇੱਕ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਪਹਿਚਾਣਿਆ ਕਿ ਗੁਰੂ ਤੇਗ ਬਹਾਦਰ ਜੀ ਹੀ ਅਸਲੀ ਗੁਰੂ ਹਨ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰੂ ਹਰਗੋਬਿੰਦ ਜੀ ਨੇ ਨਵੀਂ ਨੀਤੀ ਕਿਉਂ ਅਪਣਾਈ ?**

ਉੱਤਰ: ਗੁਰੂ ਹਰਗੋਬਿੰਦ ਜੀ ਦੁਆਰਾ ਨਵੀਂ ਨੀਤੀ ਅਪਣਾਉਣ ਦੇ ਕਾਰਨ:

I. **ਮੁਗ਼ਲ-ਸਿੱਖ ਸੰਬੰਧਾਂ ਵਿੱਚ ਤਬਦੀਲੀ**: ਹੁਮਾਯੂੰ ਅਤੇ ਅਕਬਰ ਦੇ ਸਮੇਂ ਸਿੱਖਾਂ ਅਤੇ ਮੁਗ਼ਲਾਂ ਵਿੱਚਕਾਰ ਸੰਬੰਧ ਸੁਖਾਵੇਂ ਸਨ। ਅਕਬਰ ਨੇ ਕਦੇ ਵੀ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ ਅੰਦਾਜੀ ਨਹੀਂ ਕੀਤੀ ਸਗੋਂ ਸਿੱਖ ਧਰਮ ਨੂੰ ਸਹਿਯੋਗ ਦਿੱਤਾ। ਜਹਾਂਗੀਰ ਕੱਟੜ ਸੁੰਨੀ ਮੁਸਲਮਾਨ ਸੀ। ਉਹ ਸਿੱਖ ਧਰਮ ਦਾ ਵਿਕਾਸ ਬਰਦਾਸ਼ਤ ਨਹੀਂ ਕਰ ਸਕਿਆ।

II. **ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ**: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮਹਿਸੂਸ ਹੋਇਆ ਕਿ ਜੇਕਰ ਸਿੱਖ ਜੀਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਮੁਗ਼ਲਾਂ ਦੇ ਅੱਤਿਆਚਾਰਾਂ ਦਾ ਮੁਕਾਬਲਾ ਕਰਨਾ ਪਵੇਗਾ। ਸਿਰਫ ਸੰਤ ਬਣੇ ਰਹਿ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ। ਇਸ ਲਈ ਸਿੱਖਾਂ ਦਾ ਹਥਿਆਰਬੰਦ ਹੋਣਾ ਜਰੂਰੀ ਸੀ।

III. **ਗੁਰੂ ਅਰਜਨ ਦੇਵ ਜੀ ਦਾ ਅੰਤਮ ਸੁਨੇਹਾ**: ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੁਨੇਹਾ ਭੇਜਿਆ ਸੀ ਕਿ ਉਹਨਾਂ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸੁਸ਼ੋਭਿਤ ਹੋ ਕੇ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਅਨੁਸਾਰ ਸੈਨਾ ਰੱਖਣੀ ਚਾਹੀਦੀ ਹੈ।


Download Free Study Material From SIKHYA APP

**2) ਗੁਰੂ ਹਰਗੋਬਿੰਦ ਸਾਹਿਬ ਦੁਆਰਾ ਅਪਣਾਈ ਗਈ ਨਵੀਂ ਨੀਤੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**

ਉੱਤਰ: ਜਹਾਂਗੀਰ ਦੇ ਰਾਜਗੱਦੀ ਤੇ ਬੈਠਣ ਤੋਂ ਬਾਅਦ ਸਿੱਖਾਂ ਅਤੇ ਮੁਗ਼ਲਾਂ ਦੇ ਸਬੰਧ ਬਹੁਤ ਵਿਗੜ ਗਏ ਸਨ। ਗੁਰੂ ਅਰਜ਼ਨ ਦੇਵ ਜੀ ਦੀ ਸ਼ਹੀਦੀ ਕਾਰਨ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮਹਿਸੂਸ ਹੋਇਆ ਕਿ ਸ਼ਸਤਰ ਧਾਰਨ ਕੀਤੇ ਬਗੈਰ ਮੁਗ਼ਲਾਂ ਦਾ ਸਾਹਮਣਾ ਕਰਨਾ ਸੰਭਵ ਨਹੀਂ ਹੈ। ਇਸ ਲਈ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਨਵੀਂ ਨੀਤੀ ਅਪਣਾਈ। ਇਸ ਨੀਤੀ ਨੂੰ ਮੀਰੀ ਅਤੇ ਪੀਰੀ ਦੀ ਨੀਤੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਨਵੀਂ ਨੀਤੀ ਦੀਆਂ ਵਿਸ਼ੇਸਤਾਵਾਂ:**

I. **ਮੀਰੀ ਅਤੇ ਪੀਰੀ:** ਮੀਰੀ ਅਤੇ ਪੀਰੀ ਦੋ ਤਲਵਾਰਾਂ ਦੇ ਨਾਂ ਸਨ। ਇਹ ਤਲਵਾਰਾਂ ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਤੇ ਬੈਠਦੇ ਸਮੇਂ ਧਾਰਨ ਕੀਤੀਆਂ ਸਨ। ਮੀਰੀ ਦੀ ਤਲਵਾਰ ਸੰਸਾਰਕ ਸੱਤਾ ਦੀ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਧਾਰਮਿਕ ਅਗਵਾਈ ਦੀ ਪ੍ਰਤੀਕ ਸੀ।

II. **ਸੈਨਾ ਦਾ ਸੰਗਠਨ:** ਉਹਨਾਂ ਨੇ ਆਪਣੇ ਹੁਕਮਨਾਮਿਆਂ ਰਾਹੀਂ ਸਿੱਖਾਂ ਨੂੰ ਸੈਨਾ ਵਿੱਚ ਭਰਤੀ ਹੋਣ ਲਈ ਕਿਹਾ। ਸ਼ੁਰੂ ਵਿੱਚ 500 ਸੈਨਿਕ ਆਪ ਦੀ ਫੌਜ ਵਿੱਚ ਭਰਤੀ ਹੋਏ। ਸੈਨਾ ਨੂੰ ਜੰਗੀ ਸਿਖਲਾਈ ਦਿੱਤੀ ਗਈ। ਸਾਰੇ ਸੈਨਿਕਾਂ ਨੂੰ 100-100 ਸੈਨਿਕਾਂ ਦੇ 5 ਜੱਥਿਆਂ ਵਿੱਚ ਵੰਡਿਆ ਗਿਆ। ਹਰੇਕ ਜੱਥਾ ਇੱਕ ਜੱਥੇਦਾਰ ਦੇ ਅਧੀਨ ਸੀ। ਹੌਲੀ-ਹੌਲੀ ਸੈਨਾ ਦੀ ਗਿਣਤੀ ਵਧਦੀ ਗਈ ਅਤੇ ਇਹ 2500 ਤੱਕ ਪਹੁੰਚ ਗਈ।

III. **ਸ਼ਸਤਰਾਂ ਅਤੇ ਘੋੜਿਆਂ ਦਾ ਪ੍ਰਬੰਧ:** ਗੁਰੂ ਸਾਹਿਬ ਨੇ ਮਸੰਦਾਂ ਨੂੰ ਹੁਕਮਨਾਮਾ ਜਾਰੀ ਕੀਤਾ ਕਿ ਉਹ ਸਿੱਖਾਂ ਤੋਂ ਮਾਇਆ ਦੀ ਬਜਾਏ ਸ਼ਸਤਰ ਅਤੇ ਘੋੜੇ ਇਕੱਠੇ ਕਰਨ। ਛੇਤੀ ਹੀ ਗੁਰੂ ਸਾਹਿਬ ਕੋਲ ਬਹੁਤ ਸਾਰੇ ਘੋੜੇ ਅਤੇ ਸ਼ਸਤਰ ਇਕੱਠੇ ਹੋ ਗਏ ਜਿਹਨਾਂ ਦੀ ਵਰਤੋਂ ਸੈਨਾ ਨੂੰ ਤਾਕਤਵਰ ਬਣਾਉਣ ਲਈ ਕੀਤੀ ਗਈ।

IV. **ਅਕਾਲ ਤਖ਼ਤ ਸਾਹਿਬ ਦਾ ਨਿਰਮਾਣ:** ਅਕਾਲ ਤਖ਼ਤ ਸਾਹਿਬ ਦਾ ਨਿਰਮਾਣ, ਸ਼੍ਰੀ ਹਰਿਮੰਦਰ ਸਾਹਿਬ ਦੇ ਬਿਲਕੁੱਲ ਸਾਹਮਣੇ ਕੀਤਾ ਗਿਆ। ਇੱਥੇ ਬੈਠ ਕੇ ਗੁਰੂ ਹਰਗੋਬਿੰਦ ਜੀ ਸਿੱਖਾਂ ਨੂੰ ਸੈਨਿਕ ਸਿੱਖਿਆ ਦਿੰਦੇ ਸਨ। ਉਹਨਾਂ


Download Free Study Material From SIKHYA APP

ਦੀਆਂ ਕੁਸ਼ਤੀਆਂ ਅਤੇ ਸੈਨਿਕ ਕਰਤਬ ਵੇਖਦੇ ਸਨ। ਇੱਥੇ ਬੈਠ ਕੇ ਹੀ ਗੁਰੂ ਸਾਹਿਬ ਮਸੰਦਾਂ ਤੋਂ ਘੋੜੇ ਅਤੇ ਸ਼ਸਤਰ ਪ੍ਰਵਾਨ ਕਰਦੇ ਸਨ ਅਤੇ ਸਿੱਖਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਦੇ ਸਨ।

V. **ਰਾਜਸੀ ਚਿੰਨ੍ਹਾਂ ਨੂੰ ਅਪਣਾਉਣਾ**: ਗੁਰੂ ਹਰਗੋਬਿੰਦ ਸਾਹਿਬ ਨੇ ਰਾਜਿਆਂ ਵਾਂਗ ਇੱਕ ਸ਼ਾਨਦਾਰ ਦਰਬਾਰ ਦੀ ਸਥਾਪਨਾ ਕੀਤੀ। ਉਹਨਾਂ ਨੇ ਪੱਗ ਤੇ ਕਲਗੀ ਸਜ਼ਾਉਣੀ ਸ਼ੁਰੂ ਕਰ ਦਿੱਤੀ। ਉਹ ਰਾਜਿਆਂ ਵਰਗੇ ਵਸਤਰ ਪਹਿਣਦੇ ਸਨ ਅਤੇ ਆਪਣੇ ਨਾਲ ਅੰਗਰੱਖਿਅਕ ਰੱਖਦੇ ਸਨ। ਉਹਨਾਂ ਉੱਪਰ ਰਾਜਸੀ ਛੱਤਰ ਝੁਲਾਇਆ ਜਾਣ ਲੱਗਿਆ।

VI. **ਅੰਮ੍ਰਿਤਸਰ ਦੀ ਕਿਲ੍ਹੇਬੰਦੀ** : ਅੰਮ੍ਰਿਤਸਰ ਨਾ ਸਿਰਫ ਸਿੱਖਾਂ ਦਾ ਸਭ ਤੋਂ ਪ੍ਰਸਿੱਧ ਧਾਰਮਿਕ ਸਥਾਨ ਸੀ ਸਗੋਂ ਇਹ ਸਿੱਖ ਸੈਨਾ ਦੀ ਸਿਖਲਾਈ ਦਾ ਕੇਂਦਰ ਵੀ ਸੀ। ਇਸਦੀ ਸੁਰੱਖਿਆ ਲਈ ਗੁਰੂ ਸਾਹਿਬ ਨੇ ਸ਼ਹਿਰ ਦੇ ਦੁਆਲੇ ਇੱਕ ਦੀਵਾਰ ਕਰਵਾ ਦਿੱਤੀ। 1609 ਈ: ਵਿੱਚ ਇੱਥੇ ਲੋਹਗੜ੍ਹ ਨਾਂ ਦੇ ਇੱਕ ਕਿਲ੍ਹੇ ਦੀ ਉਸਾਰੀ ਕਰਵਾਈ ਗਈ।

VII. **ਗੁਰੂ ਹਰਗੋਬਿੰਦ ਜੀ ਦੇ ਰੋਜਾਨਾ ਜੀਵਨ ਵਿੱਚ ਤਬਦੀਲੀ**: ਨਵੀਂ ਨੀਤੀ ਅਪਣਾ ਕੇ ਗੁਰੂ ਸਾਹਿਬ ਨੇ ਧਾਰਮਿਕ ਉਪਦੇਸ਼ ਦੇਣ ਦੇ ਨਾਲ-ਨਾਲ ਸਿੱਖਾਂ ਨੂੰ ਸੈਨਿਕ ਅਗਵਾਈ ਵੀ ਦੇਣੀ ਸ਼ੁਰੂ ਕੀਤੀ। ਉਹ ਰਾਜਿਆਂ ਵਾਂਗ ਦਰਬਾਰ ਲਗਾਉਣ ਅਤੇ ਸਿੱਖਾਂ ਦੇ ਝਗੜਿਆਂ ਦੇ ਫੈਸਲੇ ਕਰਨ ਲੱਗ ਪਏ। ਉਹਨਾਂ ਨੇ ਆਪਣੇ ਦਰਬਾਰ ਵਿੱਚ ਅਬਦੁੱਲਾ ਅਤੇ ਨੱਥਾ ਮੱਲ ਨੂੰ ਵੀਰ ਰਸੀ ਵਾਰਾਂ ਗਾਉਣ ਲਈ ਭਰਤੀ ਕੀਤਾ। ਉਹਨਾਂ ਨੇ ਇੱਕ ਸੰਗੀਤ ਮੰਡਲੀ ਵੀ ਬਣਾਈ ਜਿਹੜੀ ਰਾਤ ਸਮੇਂ ਢੋਲਕ ਦੀ ਧੁਨ ਅਤੇ ਮਸ਼ਾਲਾਂ ਦੀ ਰੌਸ਼ਨੀ ਵਿੱਚ ਉੱਚੀ ਅਵਾਜ਼ ਵਿੱਚ ਜੋਸ਼ੀਲੇ ਗੀਤ ਗਾਉਂਦੀ ਸੀ।


Download Free Study Material From SIKHYA APP

**3) ਗੁਰੂ ਹਰਗੋਬਿੰਦ ਸਾਹਿਬ ਅਤੇ ਮੁਗ਼ਲਾਂ ਵਿਚਕਾਰ ਕਿਹੋ ਜਿਹੇ ਸੰਬੰਧ ਸਨ ?**

ਉੱਤਰ:

I. **ਗੁਰੂ ਹਰਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚਕਾਰ ਸੰਬੰਧ:** ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧ ਚੰਗੇ ਨਹੀਂ ਸਨ। ਜਹਾਂਗੀਰ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ਸੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਕੈਦ ਕਰਵਾਇਆ ਸੀ। ਬਾਅਦ ਵਿੱਚ ਸਾਈਂ ਮੀਆਂ ਮੀਰ ਦੇ ਕਹਿਣ ਤੇ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸਨੇ ਗੁਰੂ ਹਰਗੋਬਿੰਦ ਜੀ ਨੂੰ ਰਿਹਾ ਕਰ ਦਿੱਤਾ। ਗੁਰੂ ਸਾਹਿਬ ਦੀ ਰਿਹਾਈ ਤੋਂ ਜਹਾਂਗੀਰ ਦੀ ਮੌਤ ਤੱਕ ਤੱਕ ਗੁਰੂ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧ ਮਿੱਤਰਤਾਪੂਰਨ ਰਹੇ।

II. **ਗੁਰੂ ਹਰਗੋਬਿੰਦ ਸਾਹਿਬ ਅਤੇ ਸ਼ਾਹਜਹਾਂ ਵਿਚਕਾਰ ਸਬੰਧ:** ਨਕਸ਼ਬੰਦੀਆਂ ਨੇ ਸ਼ਾਹਜਹਾਂ ਨੂੰ ਗੁਰੂ ਹਰਗੋਬਿੰਦ ਜੀ ਖਿਲਾਫ਼ ਭੜਕਾਇਆ। ਸ਼ਾਹਜਹਾਂ ਇੱਕ ਕੱਟੜ ਬਾਦਸ਼ਾਹ ਸੀ। ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸੈਨਾ ਦਾ ਸੰਗਠਨ ਕਰਨਾ ਅਤੇ ਰਾਜਸੀ ਚਿੰਨ੍ਹ ਅਪਣਾਉਣਾ ਉਸਨੂੰ ਬਿਲਕੁਲ ਪਸੰਦ ਨਹੀਂ ਸੀ। ਲਾਹੌਰ ਦੇ ਕਾਜੀ ਰੁਸਤਮ ਖਾਂ ਦੀ ਧੀ ਕੌਲਾਂ ਗੁਰੂ ਸਾਹਿਬ ਦੀ ਚੇਲੀ ਬਣ ਗਈ। ਰੁਸਤਮ ਖਾਂ ਨੇ ਸ਼ਾਹਜਹਾਂ ਨੂੰ ਸਿੱਖਾਂ ਖਿਲਾਫ਼ ਕਦਮ ਚੁੱਕਣ ਲਈ ਭੜਕਾਇਆ। ਇਸ ਲਈ ਸਿੱਖਾਂ ਅਤੇ ਮੁਗਲਾਂ ਵਿਚਕਾਰ ਅਮ੍ਰਿਤਸਰ, ਲਹਿਰਾ, ਕਰਤਾਰਪੁਰ ਅਤੇ ਫਗਵਾੜਾ ਵਿਖੇ ਚਾਰ ਲੜਾਈਆਂ ਲੜੀਆਂ ਗਈਆਂ।

**4) ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਲੜਾਈਆਂ ਦਾ ਵਰਣਨ ਕਰੋ।**

I. **ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਲੜਾਈ:** ਇਹ ਲੜਾਈ 1634 ਈ: ਵਿੱਚ ਅੰਮ੍ਰਿਤਸਰ ਵਿਖੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਹੋਈ। ਮੁਗਲਾਂ ਦਾ ਇੱਕ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਮੁਗਲਾਂ ਨੇ ਸਿੱਖਾਂ ਕੋਲੋਂ ਇਹ ਬਾਜ਼ ਵਾਪਸ ਮੰਗਿਆ। ਸਿੱਖਾਂ ਦੇ ਨਾਂਹ ਕਰਨ ਤੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਇੱਕ ਝੜਪ ਹੋਈ। ਮੁਗਲਾਂ ਨੂੰ ਜਾਨ ਬਚਾ ਕੇ ਦੌੜਣਾ ਪਿਆ। ਜਦੋਂ ਇਸ ਗੱਲ ਦਾ ਪਤਾ ਸ਼ਾਹਜਹਾਂ ਨੂੰ ਪਤਾ ਲੱਗਿਆ ਤਾਂ ਉਸਨੇ ਮੁਖਲਿਸ ਖਾਂ ਦੀ


Download Free Study Material From SIKHYA APP

ਅਗਵਾਈ ਹੇਠ 7000 ਸੈਨਿਕ ਸਿੱਖਾਂ ਖਿਲਾਫ਼ ਲੜਾਈ ਲਈ ਭੇਜੇ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਮੁਗਲ ਸੈਨਾ ਵਿੱਚ ਭਗਦੜ ਮਚ ਗਈ ਅਤੇ ਮੁਖਲਿਸ ਖਾਂ ਮਾਰਿਆ ਗਿਆ।

II. **ਲਹਿਰਾ ਦੀ ਲੜਾਈ**:ਇਹ ਲੜਾਈ 1634 ਈ: ਵਿੱਚ ਬਠਿੰਡਾ ਦੇ ਨੇੜੇ ਲਹਿਰਾ ਦੇ ਸਥਾਨ ਤੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਹੋਈ। ਇਸ ਲੜਾਈ ਦਾ ਕਾਰਨ ਦੋ ਘੋੜੇ ਦਿਲਬਾਗ ਅਤੇ ਗੁਲਬਾਗ ਸਨ। ਗੁਰੂ ਸਾਹਿਬ ਦੇ ਦੋ ਮਸੰਦ ਗੁਰੂ ਸਾਹਿਬ ਨੂੰ ਭੇਂਟ ਕਰਨ ਲਈ ਘੋੜੇ ਲੈ ਕੇ ਆ ਰਹੇ ਸਨ। ਰਸਤੇ ਵਿੱਚ ਮੁਗਲ ਸੈਨਿਕਾਂ ਨੇ ਇਹ ਘੋੜੇ ਉਹਨਾਂ ਤੋਂ ਖੋਹ ਲਏ। ਜਦੋਂ ਗੁਰੂ ਸਾਹਿਬ ਨੂੰ ਇਹ ਗੱਲ ਪਤਾ ਲੱਗੀ ਤਾਂ ਉਹਨਾਂ ਨੇ ਭਾਈ ਬਿਧੀ ਚੰਦ ਨੂੰ ਇਹ ਘੋੜੇ ਵਾਪਸ ਲਿਆਉਣ ਦਾ ਹੁਕਮ ਦਿੱਤਾ। ਭਾਈ ਬਿਧੀ ਚੰਦ ਭੇਸ ਬਦਲ ਕੇ ਮੁਗਲਾਂ ਕੋਲੋਂ ਇਹ ਘੋੜੇ ਵਾਪਸ ਲੈ ਆਇਆ। ਜਦੋਂ ਸ਼ਾਹਜਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਸਨੇ ਲੱਲਾ ਬੇਗ ਅਤੇ ਕਮਰ ਬੇਗ ਦੀ ਅਗਵਾਈ ਹੇਠ ਸਿੱਖਾਂ ਖਿਲਾਫ਼ ਇੱਕ ਵੱਡੀ ਫੌਜ ਭੇਜੀ। ਇਸ ਲੜਾਈ ਵਿੱਚ ਭਾਈ ਜੇਠਾ ਜੀ ਸ਼ਹੀਦ ਹੋਏ। ਮੁਗਲਾਂ ਦਾ ਵੀ ਭਾਰੀ ਨੁਕਸਾਨ ਹੋਇਆ। ਲੱਗਾ ਬੇਗ ਅਤੇ ਕਮਰ ਬੇਗ ਇਸ ਲੜਾਈ ਵਿੱਚ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

III. **ਸ਼੍ਰੀ ਕਰਤਾਰਪੁਰ ਸਾਹਿਬ ਦੀ ਲੜਾਈ**: ਇਹ ਲੜਾਈ 1635 ਈ: ਵਿੱਚ ਪੈਂਦਾ ਖਾਂ ਕਾਰਨ ਹੋਈ। ਪੈਂਦਾ ਖਾਂ ਪਹਿਲਾਂ ਗੁਰੂ ਸਾਹਿਬ ਕੋਲ ਨੌਕਰੀ ਕਰਦਾ ਸੀ। ਗੁਰੂ ਸਾਹਿਬ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਪੈਂਦਾ ਖਾਂ ਸ਼ਾਹਜਹਾਂ ਕੋਲ ਗਿਆ ਅਤੇ ਉਸਨੂੰ ਗੁਰੂ ਸਾਹਿਬ ਖਿਲਾਫ਼ ਕਾਰਵਾਈ ਕਰਨ ਲਈ ਉਕਸਾਇਆ। ਸ਼ਾਹਜਹਾਂ ਨੇ ਪੈਂਦਾ ਖਾਂ ਅਤੇ ਕਾਲੇ ਖਾਂ ਨੂੰ ਬਹੁਤ ਸਾਰੀ ਫੌਜ ਦੇ ਕੇ ਸਿੱਖਾਂ ਖਿਲਾਫ਼ ਹਮਲਾ ਕਰਨ ਲਈ ਭੇਜਿਆ। ਇਸ ਲੜਾਈ ਵਿੱਚ ਗੁਰੂ ਸਾਹਿਬ ਦੇ ਦੋ ਸਪੁੱਤਰਾਂ ਬਾਬਾ ਗੁਰਦਿੱਤਾ ਜੀ ਅਤੇ ਤੇਗ਼ ਬਹਾਦਰ ਜੀ ਨੇ ਬਹਾਦਰੀ ਦੇ ਜੌਹਰ ਵਿਖਾਏ। ਇਸ ਲੜਾਈ ਵਿੱਚ ਕਾਲੇ ਖਾਂ, ਪੈਂਦਾ ਖਾਂ ਅਤੇ ਸੈਂਕੜੇ ਹੋਰ ਮੁਗਲ ਸੈਨਿਕ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

IV. **ਫਗਵਾੜਾ ਦੀ ਲੜਾਈ**: ਇਹ ਲੜਾਈ 1635 ਈ: ਵਿੱਚ ਸਿੱਖਾਂ ਅਤੇ ਮੁਗਲ ਸੂਬੇਦਾਰ ਅਹਿਮਦ ਖਾਂ ਵਿਚਕਾਰ ਹੋਈ। ਕਰਤਾਰਪੁਰ ਸਾਹਿਬ ਦੀ ਲੜਾਈ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਕੁਝ ਸਮੇਂ ਲਈ ਫਗਵਾੜਾ ਵਿਖੇ ਰੁਕੇ।


Download Free Study Material From SIKHYA APP

ਇੱਥੇ ਅਹਿਮਦ ਖਾਂ ਦੀ ਅਗਵਾਈ ਹੇਠ ਕੁਝ ਮੁਗਲ ਸੈਨਿਕਾਂ ਨੇ ਗੁਰੂ ਸਾਹਿਬ ਤੇ ਅਚਾਨਕ ਹਮਲਾ ਕਰ ਦਿੱਤਾ। ਫਗਵਾੜਾ ਵਿਖੇ ਇੱਕ ਛੋਟੀ ਜਿਹੀ ਝੜਪ ਹੋਈ। ਇਸ ਲੜਾਈ ਨੂੰ ਜਿਆਦਾ ਮਹੱਤਵਪੂਰਨ ਨਹੀਂ ਸਮਝਿਆ ਜਾਂਦਾ।


Download Free Study Material From SIKHYA APP

# ਪਾਠ 8

# ਗੁਰੂ ਤੇਗ਼ ਬਹਾਦਰ ਜੀ ਅਤੇ ਉਹਨਾਂ ਦੀ ਸ਼ਹੀਦੀ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ? | ਨੌਂਵੇਂ |
| 2) ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਕਦੋਂ ਹੋਇਆ ? | 1621 ਈ: |
| 3) ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਕਿੱਥੇ ਹੋਇਆ ? | ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ |
| 4) ਗੁਰੂ ਤੇਗ਼ ਬਹਾਦਰ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ ? | ਗੁਰੂ ਹਰਗੋਬਿੰਦ ਜੀ |
| 5) ਗੁਰੂ ਤੇਗ਼ ਬਹਾਦਰ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? | ਮਾਤਾ ਨਾਨਕੀ ਜੀ |
| 6) ਗੁਰੂ ਤੇਗ਼ ਬਹਾਦਰ ਜੀ ਦਾ ਬਚਪਨ ਦਾ ਕੀ ਨਾਂ ਸੀ ? | ਤਿਆਗ ਮੱਲ |
| 7) ਗੁਰੂ ਤੇਗ਼ ਬਹਾਦਰ ਜੀ ਨੇ ਕਿਸਤੋਂ ਸਿੱਖਿਆ ਪ੍ਰਾਪਤ ਕੀਤੀ ? | ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ |
| 8) ਕਿਹੜੀ ਲੜਾਈ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਹਾਦਰੀ ਵੇਖ ਕੇ ਗੁਰੂ ਹਰਗੋਬਿੰਦ ਜੀ ਨੇ ਉਹਨਾਂ ਦਾ ਨਾਂ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਕਰ ਦਿੱਤਾ ? | ਕਰਤਾਰਪੁਰ ਦੀ ਲੜਾਈ |
| 9) ਗੁਰੂ ਤੇਗ਼ ਬਹਾਦਰ ਜੀ ਦੀ ਸੁਪਤਨੀ ਦਾ ਨਾਂ ਕੀ ਸੀ ? | ਮਾਤਾ ਗੁਜਰੀ ਜੀ |
| 10) ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਦਾ ਨਾਂ ਕੀ ਸੀ ? | ਗੋਬਿੰਦ ਰਾਏ ਜਾਂ ਗੋਬਿੰਦ ਦਾਸ (ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ) |
| 11) ਗੁਰੂ ਤੇਗ਼ ਬਹਾਦਰ ਜੀ ਕਿੰਨੇ ਵਰ੍ਹੇ ਬਕਾਲਾ ਵਿਖੇ ਰਹੇ ? | 20 ਵਰ੍ਹੇ |
| 12) ਬਕਾਲਾ ਵਿਖੇ ਗੁਰੂ ਤੇਗ਼ ਬਹਾਦਰ ਜੀ ਦੀ ਪਛਾਣ ਕਿਸਨੇ ਕੀਤੀ ? | ਮੱਖਣ ਸ਼ਾਹ ਲੁਬਾਣਾ |
| 13) ਗੁਰੂ ਸਾਹਿਬ ਨੂੰ ਪਛਾਣ ਕੇ ਮੱਖਣ ਸ਼ਾਹ ਲੁਬਾਣਾ ਨੇ ਕੀ ਰੌਲਾ ਪਾਇਆ ? | ਗੁਰੂ ਲਾਧੋ ਰੇ |


Download Free Study Material From SIKHYA APP

| | |
|---|---|
| 14) ਧੀਰ ਮੱਲ ਕੌਣ ਸੀ ? | ਗੁਰੂ ਹਰਿ ਰਾਇ ਜੀ ਦਾ ਵੱਡਾ ਭਰਾ |
| 15) ਧੀਰ ਮੱਲ ਨੇ ਕਿਹੜੇ ਮਸੰਦ ਨਾਲ ਰਲ ਕੇ ਗੁਰੂ ਤੇਗ਼ ਬਹਾਦਰ ਜੀ ਤੇ ਹਮਲਾ ਕੀਤਾ ? | ਸ਼ੀਹ |
| 16) ਜਦੋਂ ਗੁਰੂ ਤੇਗ਼ ਬਹਾਦਰ ਜੀ ਹਰਿਮੰਦਰ ਸਾਹਿਬ ਪਹੁੰਚੇ ਤਾਂ ਹਰਿਮੰਦਰ ਸਾਹਿਬ ਪਹੁੰਚੇ ਤਾਂ ਹਰਿਮੰਦਰ ਸਾਹਿਬ ਤੇ ਕਿਸਦਾ ਕਬਜਾ ਸੀ ? | ਹਰਜੀ ਮੀਣਾ |
| 17) ਗੁਰੂ ਸਾਹਿਬ ਨੇ ਕਿਹੜੇ ਪਿੰਡ ਵਿਖੇ ਇਸਤਰੀਆਂ ਨੂੰ "ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ" ਦਾ ਆਸ਼ੀਰਵਾਦ ਦਿੱਤਾ ? | ਪਿੰਡ ਵੱਲਾ |
| 18) ਗੁਰੂ ਸਾਹਿਬ ਨੇ ਮਾਖੋਵਾਲ ਦੀ ਜਮੀਨ ਕਿੰਨੇ ਰੁਪਏ ਦੇ ਕੇ ਖਰੀਦੀ ? | 500 |
| 19) ਮਾਖੋਵਾਲ ਦੀ ਜਮੀਨ ਕਿਸਤੋਂ ਖਰੀਦੀ ਗਈ ? | ਬਿਲਾਸਪੁਰ ਦੀ ਰਾਣੀ ਤੋਂ |
| 20) ਮਾਖੋਵਾਲ ਦੀ ਥਾਂ ਤੇ ਕਿਹੜਾ ਨਗਰ ਵਸਾਇਆ ਗਿਆ ? | ਚੱਕ ਨਾਨਕੀ |
| 21) ਚੱਕ ਨਾਨਕੀ ਨਗਰ ਬਾਅਦ ਵਿੱਚ ਕਿਸ ਨਾਂ ਨਾਲ ਪ੍ਰਸਿੱਧ ਹੋਇਆ ? | ਸ਼੍ਰੀ ਆਨੰਦਪੁਰ ਸਾਹਿਬ |
| 22) ਗੁਰਦੁਆਰ ਪੱਕਾ ਸੰਗਤ ਕਿੱਥੇ ਬਣਿਆ ਹੋਇਆ ਹੈ ? | ਪ੍ਰਯਾਗ ਵਿਖੇ |
| 23) ਔਰੰਗਜੇਬ ਨੂੰ ਰਾਜਗੱਦੀ ਕਦੋਂ ਪ੍ਰਾਪਤ ਹੋਈ ? | 1658 ਈ: |
| 24) ਔਰੰਗਜੇਬ ਮੁਸਲਮਾਨਾਂ ਦੇ ਕਿਹੜੇ ਸੰਪਰਦਾਇ ਨਾਲ ਸਬੰਧ ਰੱਖਦਾ ਸੀ ? | ਸੁੰਨੀ |
| 25) ਕਸ਼ਮੀਰ ਦਾ ਕਿਹੜਾ ਗਵਰਨਰ ਉੱਥੋਂ ਦੇ ਬ੍ਰਾਹਮਣਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਿਹਾ ਸੀ ? | ਸ਼ੇਰ ਅਫ਼ਗਾਨ |
| 26) ਕਸ਼ਮੀਰੀ ਪੰਡਤ ਕਿਸਦੀ ਅਗਵਾਈ ਹੇਠ ਗੁਰੂ ਤੇਗ਼ ਬਹਾਦਰ ਜੀ ਨੂੰ ਮਿਲਣ ਆਏ ? | ਪੰਡਤ ਕਿਰਪਾ ਰਾਮ |


Download Free Study Material From SIKHYA APP

27) ਕਸ਼ਮੀਰੀ ਪੰਡਤਾਂ ਦੇ ਦਲ ਵਿੱਚ ਕਿੰਨੇ ਪੰਡਤ ਸਨ ? — 16

28) ਕਸ਼ਮੀਰੀ ਪੰਡਤ ਕਿਸ ਸਥਾਨ ਤੇ ਗੁਰੂ ਤੇਗ਼ ਬਹਾਦਰ ਜੀ ਨੂੰ ਮਿਲੇ ? — ਸ੍ਰੀ ਆਨੰਦਪੁਰ ਸਾਹਿਬ

29) ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਨੂੰ ਕਦੋਂ ਮਿਲੇ ? — 25 ਮਈ 1675 ਈ:

30) ਗੁਰੂ ਤੇਗ਼ ਬਹਾਦਰ ਜੀ ਕਿਹੜੇ ਤਿੰਨ ਸਿੱਖਾਂ ਨਾਲ ਦਿੱਲੀ ਲਈ ਰਵਾਨਾ ਹੋਏ ? — ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ

31) ਗੁਰੂ ਤੇਗ਼ ਬਹਾਦਰ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ ? — ਚਾਂਦਨੀ ਚੌਕ, ਦਿੱਲੀ

32) ਗੁਰੂ ਤੇਗ਼ ਬਹਾਦਰ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ ? — 6 ਨਵੰਬਰ 1675 ਈ:

33) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਾਲੇ ਸਥਾਨ ਤੇ ਕਿਹੜਾ ਗੁਰਦੁਆਰਾ ਸਥਿੱਤ ਹੈ ? — ਗੁਰਦੁਆਰਾ ਸੀਸ ਗੰਜ਼ ਸਾਹਿਬ

34) ਗੁਰੂ ਤੇਗ਼ ਬਹਾਦਰ ਜੀ ਦੇ ਸਰੀਰ ਦਾ ਸਸਕਾਰ ਕਿਸਨੇ ਕੀਤਾ ? — ਭਾਈ ਲੱਖੀ ਸ਼ਾਹ ਨੇ

35) ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਸ਼੍ਰੀ ਆਨੰਦਪੁਰ ਸਾਹਿਬ ਕੌਣ ਲੈ ਕੇ ਗਿਆ ? — ਭਾਈ ਜੈਤਾ

36) ਭਾਈ ਜੈਤਾ ਕਿਹੜੀ ਜਾਤੀ ਨਾਲ ਸਬੰਧਤ ਸੀ ? — ਰੰਗਰੇਟਾ

37) ਭਾਈ ਜੈਤਾ ਦੀ ਬਹਾਦਰੀ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ ਸ਼ਬਦ ਉਚਾਰੇ ? — ਰੰਗਰੇਟੇ ਗੁਰੂ ਕੇ ਬੇਟੇ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1 ) ਗੁਰੂ ਤੇਗ਼ ਬਹਾਦਰ ਜੀ ਦੀ ਭਾਲ ਕਿਸਨੇ ਕੀਤੀ ਅਤੇ ਕਿਵੇਂ ?**

ਉੱਤਰ: ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਕ੍ਰਿਸ਼ਨ ਜੀ ਨੇ ਸੰਗਤਾਂ ਨੂੰ ਇਸ਼ਾਰਾ ਦਿੱਤਾ ਸੀ ਕਿ ਉਹਨਾਂ ਦਾ ਅਗਲਾ ਗੁਰੂ ਬਕਾਲਾ ਵਿਖੇ ਹੈ। ਜਦੋਂ ਇਹ ਖਬਰ ਬਕਾਲੇ ਪਹੁੰਚੀ ਤਾਂ 22 ਸੋਢੀਆਂ ਨੇ ਉੱਥੇ ਆਪਣੀਆਂਮੰਜੀਆਂ


Download Free Study Material From SIKHYA APP

ਸਥਾਪਿਤ ਕਰ ਲਈਆਂ ਅਤੇ ਗੁਰੂ ਬਣ ਕੇ ਬੈਠ ਗਏ। ਉਹਨਾਂ ਦਿਨਾਂ ਵਿੱਚ ਹੀ ਇੱਕ ਵਪਾਰੀ ਮੱਖਣ ਸ਼ਾਹ ਲੁਬਾਣਾ ਆਪਣਾ ਮਾਲ ਲੈ ਕੇ ਸਮੁੰਦਰੀ ਰਸਤੇ ਭਾਰਤ ਆ ਰਿਹਾ ਸੀ।ਉਸ ਦਾ ਜਹਾਜ ਸਮੁੰਦਰੀ ਤੂਫ਼ਾਨ ਵਿੱਚ ਘਿਰ ਗਿਆ। ਉਸਨੇ ਅਰਦਾਸ ਕੀਤੀ ਕਿ ਜੇਕਰ ਇਸ ਨਗਰ ਵਿੱਚ ਕੋਈ ਸੱਚਾ ਗੁਰੂ ਹੈ ਤਾਂ ਉਸਦੇ ਜਹਾਜ਼ ਨੂੰ ਕਿਨਾਰੇ ਲਗਾ ਦੇਵੇ। ਜੇਕਰ ਉਸਦਾ ਜਹਾਜ਼ ਸੁੱਖ–ਸਾਂਦੀ ਕਿਨਾਰੇ ਲੱਗਜਾਵੇ ਤਾਂ ਉਹ ਉਸ ਗੁਰੂ ਦੇ ਚਰਨਾਂ ਵਿੱਚ 500 ਮੋਹਰਾਂ ਭੇਟ ਕਰੇਗਾ। ਜਹਾਜ ਸਹੀ–ਸਲਾਮਤ ਕਿਨਾਰੇ ਲੱਗ ਗਿਆ। ਜਦੋਂਮੱਖਣ ਸ਼ਾਹ 500 ਮੋਹਰਾਂ ਲੈ ਕੇ ਸੱਚੇ ਗੁਰੂ ਨੂੰ ਮੱਥਾ ਟੇਕਣ ਪਹੁੰਚਿਆ ਤਾਂ ਉਸਨੇ ਵੇਖਿਆ ਕਿ 22 ਵਿਅਕਤੀ ਗੁਰੂ ਬਣੇ ਬੈਠੇ ਹਨ।ਉਹ ਹਰੇਕ ਗੁਰੂ ਕੋਲ ਗਿਆ ਅਤੇ 2–2 ਮੋਹਰਾਂ ਲੈ ਕੇ ਮੱਥਾ ਟੇਕਣ ਲੱਗਿਆ। ਨਕਲੀ ਗੁਰੂ 2–2 ਮੋਹਰਾਂ ਲੈ ਕੇ ਹੀ ਖੁਸ਼ ਹੋ ਗਏ। ਜਦੋਂ ਉਸਨੇ ਗੁਰੂ ਤੇਗ਼ ਬਹਾਦਰ ਜੀ ਨੂੰ 2 ਮੋਹਰਾਂ ਭੇਂਟ ਕੀਤੀਆਂ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜਹਾਜ਼ ਡੁੱਬਣ ਵੇਲੇ ਤਾਂ ਤੂੰ 500 ਮੋਹਰਾਂ ਦਾ ਵਾਅਦਾ ਕੀਤਾ ਸੀ। ਹੁਣ ਤੂੰ ਸਿਰਫ 2 ਮੋਹਰਾਂ ਭੇਂਟ ਕਰ ਰਿਹਾ ਹੈਂ। ਇਹ ਗੱਲ ਸੁਣ ਕੇ ਮੱਖਣ ਸ਼ਾਹ ਲੁਬਾਣਾ ਬਹੁਤ ਖੁਸ਼ ਹੋ ਗਿਆ। ਉਸਨੇ ਛੱਤ ਤੇ ਚੜ੍ਹ ਕੇ ਗੁਰੂ ਲਾਧੋ ਰੇ–ਗੁਰੂ ਲਾਧੋ ਰੇ ਦਾ ਰੌਲਾ ਪਾ ਦਿੱਤਾ। ਗੁਰੂ ਲਾਧੋ ਰੇ ਦਾ ਭਾਵ ਹੁੰਦਾ ਹੈ ਗੁਰੂ ਲੱਭ ਗਿਆ ਹੈ।

2) **ਧੀਰ ਮੱਲ ਕੌਣ ਸੀ ? ਜਦੋਂ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਗੱਦੀ ਮਿਲੀ ਤਾਂ ਧੀਰ ਮੱਲ ਨੇ ਕੀ ਕੀਤਾ ?**

ਉੱਤਰ: ਧੀਰਮੱਲ ਗੁਰੂ ਹਰਰਾਇ ਜੀ ਦਾ ਵੱਡਾ ਭਰਾ ਸੀ। ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ ਅਤੇ ਲੰਮੇ ਸਮੇਂ ਤੋਂ ਗੁਰਗੱਦੀ ਪ੍ਰਾਪਤ ਕਰਨ ਦੇ ਯਤਨ ਕਰ ਰਿਹਾ ਸੀ। ਬਾਬਾ ਬਕਾਲਾ ਵਿਖੇ ਸਥਾਪਿਤ ਹੋਈਆਂ 22 ਮੰਜੀਆਂ ਵਿੱਚੋ ਇੱਕ ਮੰਜੀ ਧੀਰ ਮੱਲ ਦੀ ਵੀ ਸੀ। ਜਦੋ ਉਸਨੂੰ ਪਤਾ ਲੱਗਿਆ ਕਿ ਸੰਗਤਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂ ਮੰਨ ਲਿਆ ਹੈ ਤਾਂ ਉਸਨੂੰ ਬਹੁਤ ਗੁੱਸਾ ਆਇਆ। ਉਸਨੇ ਸ਼ੀਂਹ ਨਾਮਕ ਮਸੰਦ ਨਾਲ ਮਿਲ ਕੇ ਗੁਰੂ ਸਾਹਿਬ ਤੇ ਹਮਲਾ ਕੀਤਾ। ਗੁਰੂ ਸਾਹਿਬ ਦੇ ਮੋਢੇ ਤੇ ਇੱਕ ਗੋਲੀ ਲੱਗੀ ਅਤੇ ਗੁਰੂ ਘਰ ਦਾ ਬਹੁਤ ਸਾਰਾ ਸਮਾਨ ਵੀ ਲੁੱਟ ਲਿਆ ਗਿਆ।

3) **ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਕੀ ਉਦੇਸ਼ ਸਨ ?**

ਉੱਤਰ: ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਉਦੇਸ਼:



Download Free Study Material From SIKHYA APP

1) ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ।

2) ਉਹ ਲੋਕਾਂ ਨੂੰ ਸੱਚ ਅਤੇ ਭਾਈਚਾਰੇ ਦਾ ਸੰਦੇਸ਼ ਦੇਣਾ ਚਾਹੁੰਦੇ ਸਨ।

3) ਉਹ ਪਹਿਲੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਪ੍ਰਚਾਰ ਕੇਂਦਰਾਂ ਦਾ ਨਿਰੀਖਣ ਕਰਨਾ ਚਾਹੁੰਦੇ ਸਨ।

**4) ਗੁਰੂ ਤੇਗ਼ ਬਹਾਦਰ ਜੀ ਦੀ ਅੰਮ੍ਰਿਤਸਰ ਸਾਹਿਬ ਯਾਤਰਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਗੁਰੂ ਤੇਗ਼ ਬਹਾਦਰ ਜੀ ਨੇ ਆਪਣੀਆਂ ਯਾਤਰਾਵਾਂ ਦਾ ਆਰੰਭ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਤੋਂ ਕੀਤਾ। ਜਦੋਂ ਗੁਰੂ ਸਾਹਿਬ ਸ਼੍ਰੀ ਹਰਿਮੰਦਰ ਸਾਹਿਬ ਪਹੁੰਚੇ ਤਾਂ ਸ਼੍ਰੀ ਹਰਿਮੰਦਰ ਸਾਹਿਬ ਤੇ ਪ੍ਰਿਥੀ ਚੰਦ ਦੇ ਪੋਤਰੇ ਹਰਜੀ ਮੀਣਾ ਦਾ ਕਬਜ਼ਾ ਸੀ। ਉਸਨੇ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜਿਆਂ ਨੂੰ ਬੰਦ ਕਰਵਾ ਦਿੱਤਾ ਤਾ ਕਿ ਗੁਰੂ ਸਾਹਿਬ ਅੰਦਰ ਦਾਖਲ ਨਾ ਹੋ ਸਕਣ। ਗੁਰੂ ਸਾਹਿਬ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਇੱਕ ਰੁੱਖ ਹੇਠਾਂ ਬੈਠ ਗਏ। ਇਸ ਥਾਂ ਤੇ ਅੱਜਕੱਲ੍ਹ ਇੱਕ ਗੁਰਦੁਆਰਾ ਬਣਿਆ ਹੋਇਆ ਹੈ ਜਿਸਨੂੰ ਥੰਮ੍ਹ ਸਾਹਿਬ ਜਾਂ ਥੜ੍ਹਾ ਸਾਹਿਬ ਕਹਿੰਦੇ ਹਨ।

**5) ਸ਼੍ਰੀ ਆਨੰਦਪੁਰ ਸਾਹਿਬ ਦੀ ਸਥਾਪਨਾ ਕਿਵੇਂ ਹੋਈ ?**

ਉੱਤਰ: ਬਿਲਾਸਪੁਰ ਦੀ ਰਾਣੀ ਚੰਪਾ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਬਿਲਾਸਪੁਰ ਆਉਣ ਦਾ ਸੱਦਾ ਦਿੱਤਾ। ਗੁਰੂ ਸਾਹਿਬ ਬਿਲਾਸਪੁਰ ਪਹੁੰਚੇ ਅਤੇ ਤਿੰਨ ਦਿਨ ਉੱਥੇ ਰਹੇ। ਗੁਰੂ ਸਾਹਿਬ ਨੇ ਰਾਣੀ ਨੂੰ 500 ਰੁਪਏ ਦੇ ਕੇ ਮਾਖੋਵਾਲ ਵਿਖੇ ਕੁਝ ਜਮੀਨ ਖਰੀਦੀ। ਇੱਥੇ ਗੁਰੂ ਸਾਹਿਬ ਨੇ 1665 ਈ: ਵਿੱਚ ਇੱਕ ਨਗਰ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ ਇਸ ਨਗਰ ਦਾ ਨਾਂ ਆਪਣੀ ਮਾਤਾ ਨਾਨਕੀ ਜੀ ਦੇ ਨਾਂ ਤੇ ਚੱਕ ਨਾਨਕੀ ਰੱਖਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹ ਨਗਰ ਸ਼੍ਰੀ ਆਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।

**6) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ ?**

ਉੱਤਰ: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ:

1) ਔਰੰਗਜੇਬ ਦੇ ਸਮੇਂ ਤੱਕ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਸੰਬੰਧ ਬਹੁਤ ਵਿਗੜ ਚੁੱਕੇ ਸਨ।


Download Free Study Material From SIKHYA APP

2) ਔਰੰਗਜੇਬ ਹਰ ਪਾਸੇ ਇਸਲਾਮ ਦਾ ਬੋਲਬਾਲਾ ਵੇਖਣਾ ਚਾਹੁੰਦਾ ਸੀ।

3) ਨਕਸ਼ਬੰਦੀ ਸਿੱਖੀ ਦੇ ਵਧਦੇ ਪ੍ਰਸਾਰ ਤੋਂ ਔਖੇ ਸਨ।

4) ਗੁਰੂ ਸਾਹਿਬ ਦੇ ਪ੍ਰਭਾਵ ਕਾਰਨ ਬਹੁਤ ਸਾਰੇ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋ ਚੁੱਕੇ ਸਨ।

5) ਕਸ਼ਮੀਰ ਦੇ ਬ੍ਰਾਹਮਣਾਂ ਨੇ ਗੁਰੂ ਸਾਹਿਬ ਤੋਂ ਸਹਾਇਤਾ ਮੰਗੀ।

**7) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਿੱਚ ਨਕਸ਼ਬੰਦੀਆਂ ਦੀ ਕੀ ਭੂਮਿਕਾ ਸੀ ?**

ਉੱਤਰ: ਨਕਸ਼ਬੰਦੀ ਕੱਟੜ ਮੁਸਲਮਾਨਾਂ ਦੀ ਇੱਕ ਲਹਿਰ ਸੀ। ਇਸਦਾ ਨੇਤਾ ਸ਼ੇਖ ਮਾਸੂਮ ਸੀ। ਇਹ ਲਹਿਰ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਤਰੱਕੀ ਸਹਿਣ ਨਹੀਂ ਕਰ ਸਕਦੀ ਸੀ। ਜਦੋਂ ਇਹਨਾਂ ਨੇ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਭਾਵ ਨੂੰ ਵਧਦੇ ਵੇਖਿਆ ਤਾਂ ਇਹ ਬਰਦਾਸ਼ਤ ਨਾ ਕਰ ਸਕੇ। ਇਹਨਾਂ ਨੇ ਔਰੰਗਜੇਬ ਨੂੰ ਗੁਰੂ ਸਾਹਿਬ ਖਿਲਾਫ਼ ਭੜਕਾਇਆ। ਔਰੰਗਜੇਬ ਨੇ ਗੁਰੂ ਸਾਹਿਬ ਖਿਲਾਫ਼ ਕਾਰਵਾਈ ਕਰਨ ਦਾ ਫੈਸਲਾਕੀਤਾ।

**8) ਸਿੱਖ ਧਰਮ ਦਾ ਵਧਦਾ ਪ੍ਰਭਾਵ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਵੱਡਾ ਕਾਰਨ ਸੀ। ਸਪਸ਼ਟ ਕਰੋ।**

ਉੱਤਰ: ਗੁਰੂ ਤੇਗ਼ ਬਹਾਦਰ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਪੰਜਾਬ, ਉੱਤਰ ਪ੍ਰਦੇਸ਼, ਬੰਗਾਲ, ਬਿਹਾਰ, ਅਸਾਮ ਅਤੇ ਅਨੇਕਾਂ ਹੋਰ ਪ੍ਰਦੇਸਾਂ ਦੀਆਂ ਯਾਤਰਾਵਾਂ ਕੀਤੀਆਂ। ਗੁਰੂ ਸਾਹਿਬ ਦੇ ਪ੍ਰਭਾਵ ਹੇਠ ਆ ਕੇ ਹਜ਼ਾਰਾਂ ਲੋਕ ਸਿੱਖ ਮਤ ਵਿੱਚ ਸ਼ਾਮਿਲ ਹੋ ਗਏ। ਸਿੱਖੀ ਦਾ ਵਧਦਾ ਪ੍ਰਭਾਵ ਨਕਸ਼ਬੰਦੀਆਂ ਲਈ ਚੁਣੌਤੀ ਬਣਗਿਆ। ਉਹ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਤਰੱਕੀ ਬਰਦਾਸ਼ਤ ਨਹੀਂ ਕਰ ਸਕਦੇ ਸਨ। ਉਹਨਾਂ ਨੇ ਔਰੰਗਜੇਬ ਨੂੰ ਗੁਰੂ ਸਾਹਿਬ ਖਿਲਾਫ਼ ਭੜਕਾਇਆ। ਔਰੰਗਜੇਬ ਹਰ ਗੈਰ-ਮੁਸਲਮਾਨ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਉਸਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਵਾ ਦਿੱਤਾ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ ਦਾ ਵਧਦਾ ਪ੍ਰਭਾਵ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਵੱਡਾ ਕਾਰਨ ਬਣਿਆ।


Download Free Study Material From SIKHYA APP

**9) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ ?**

ਉੱਤਰ: ਕਸ਼ਮੀਰ ਦੇ ਮੁਗ਼ਲ ਗਵਰਨਰ ਸ਼ੇਰ ਅਫ਼ਗਾਨ ਨੇ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਲਈ ਬਹੁਤ ਜ਼ੁਲਮਕੀਤੇ। ਉਸਦੇ ਜੁਲਮਾਂ ਤੋਂ ਬਚਣ ਲਈ ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਕੋਲ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇ। ਜਦੋਂ ਗੁਰੂ ਸਾਹਿਬ ਨੇ ਪੰਡਤਾਂ ਦੀ ਗੱਲ ਸੁਣੀ ਤਾਂ ਉਹ ਗੰਭੀਰਤਾ ਨਾਲ ਸੋਚਣ ਲੱਗੇ। ਗੁਰੂ ਸਾਹਿਬ ਦੇ ਚਿਹਰੇ ਤੇ ਗੰਭੀਰਤਾ ਵੇਖ ਕੇ ਬਾਲ ਗੋਬਿੰਦ ਰਾਏ ਨੇ ਇਸਦਾ ਕਾਰਨ ਪੁੱਛਿਆ। ਗੁਰੂ ਸਾਹਿਬ ਨੇ ਕਿਹਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਕਿਸੇ ਮਹਾਂਪੁਰਖ ਦੀ ਲੋੜ ਹੈ। ਬਾਲ ਗੋਬਿੰਦ ਰਾਏ ਨੇ ਝੱਟ ਉੱਤਰ ਦਿੱਤਾ, ਪਿਤਾ ਜੀ, ਤੁਹਾਡੇ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ ? ਬਾਲ ਗੋਬਿੰਦ ਰਾਏ ਦੇ ਮੂੰਹੋਂ ਇਹ ਗੱਲ ਸੁਣ ਕੇ ਗੁਰੂ ਸਾਹਿਬ ਬਹੁਤ ਖ਼ੁਸ਼ ਹੋਏ ਅਤੇ ਉਹਨਾਂ ਨੇ ਆਪਣੀ ਸ਼ਹਾਦਤ ਦੇਣ ਦਾ ਫੈਸਲਾ ਕਰ ਲਿਆ।

**10) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਕੀ ਸਿੱਟੇ ਨਿਕਲੇ ?**

ਉੱਤਰ: ਗੁਰੂ ਸਾਹਿਬ ਦੀ ਸ਼ਹੀਦੀ ਦੇ ਸਿੱਟੇ:

1) ਇਹ ਕੁਰਬਾਨੀ ਇਤਿਹਾਸ ਦੀ ਅਦੁੱਤੀ ਘਟਨਾ ਬਣ ਗਈ।

2) ਇਸ ਸ਼ਹੀਦੀ ਕਾਰਨ ਸਿੱਖਾਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ।

3) ਗੁਰੂ ਸਾਹਿਬ ਦੀ ਸ਼ਹੀਦੀ ਨੇ ਹਿੰਦੂ ਧਰਮ ਨੂੰ ਅਲੋਪ ਹੋਣ ਤੋਂ ਬਚਾ ਲਿਆ।

4) ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ।

5) ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਦੁਸ਼ਮਣੀ ਵੱਧ ਗਈ।

**11) ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਉੱਪਰ ਸੰਖੇਪ ਨੋਟ ਲਿਖੋ।**

ਉੱਤਰ: ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੋਵੇਂ ਭਰਾ ਸਨ। ਭਾਈ ਮਤੀ ਦਾਸ, ਗੁਰੂ ਤੇਗ਼ ਬਹਾਦਰ ਜੀ ਦੇ ਦੀਵਾਨ ਸਨ ਜਦੋਂ ਕਿ ਭਾਈ ਸਤੀ ਦਾਸ ਫ਼ਾਰਸੀ ਭਾਸ਼ਾ ਦੇ ਲੇਖਕ ਸਨ। ਜਦੋਂ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ


Download Free Study Material From SIKHYA APP

ਪੁਕਾਰ ਸੁਣਕੇ ਕੁਰਬਾਨੀ ਦੇਣ ਦਾ ਫੈਸਲਾ ਕੀਤਾ ਤਾਂ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਵੀ ਉਹਨਾਂ ਦੇ ਨਾਲ ਗਏ। ਉਹਨਾਂ ਨੂੰ ਵੀ ਗੁਰੂ ਸਾਹਿਬ ਦੇ ਨਾਲ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸਲਾਮ ਕਬੂਲ ਕਰਨ ਲਈ ਅਨੇਕਾਂ ਲਾਲਚ ਦਿੱਤੇ ਗਏ। ਉਹਨਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਅੰਤ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੁਫ਼ਾੜ ਕਰ ਦਿੱਤਾ ਗਿਆ ਜਦੋਂ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ।

**12) ਭਾਈ ਜੈਤਾ ਜੀ ਕੌਣ ਸਨ ?**

ਉੱਤਰ: ਭਾਈਜੈਤਾ ਜੀ ਰੰਗਰੇਟਾ ਨਾਂ ਦੀ ਜਾਤੀ ਨਾਲ ਸੰਬੰਧ ਰੱਖਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਉਹ ਗੁਰੂ ਸਾਹਿਬ ਦੇ ਸੀਸ ਨੂੰ ਦਿੱਲੀ ਤੋਂ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੀ ਬਹਾਦਰੀ ਅਤੇ ਨਿਡਰਤਾ ਕਾਰਨ ਉਹਨਾਂ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਆਪਣੇ ਗਲੇ ਲਗਾ ਲਿਆ। ਅੰਮ੍ਰਿਤ ਛਕਣ ਤੋਂ ਬਾਅਦ ਭਾਈ ਜੈਤਾ ਜੀ ਦਾ ਨਾਂ ਭਾਈ ਜੀਵਨ ਸਿੰਘ ਰੱਖਿਆ ਗਿਆ। ਉਹ ਚੰਗੇ ਕੀਰਤਨੀਏ, ਘੋੜਸਵਾਰ ਅਤੇ ਤੀਰ ਅੰਦਾਜ਼ ਵੀ ਸਨ। 1704 ਈ: ਵਿੱਚ ਉਹ ਸਰਸਾ ਦੀ ਲੜਾਈ ਵਿੱਚ ਸ਼ਹੀਦ ਹੋ ਗਏ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰੂ ਤੇਗ ਬਹਾਦਰ ਜੀ ਦੇ ਆਰੰਭਕ ਜੀਵਨ ਦੀ ਜਾਣਕਾਰੀ ਦਿਓ।**

ਉੱਤਰ:

I. **ਜਨਮ ਅਤੇ ਮਾਤਾ ਪਿਤਾ:** ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1621 ਈ: ਨੂੰ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਨਾਂ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਦਾ ਨਾਂ ਨਾਨਕੀ ਜੀ ਸੀ। ਆਪ ਦੇ ਚਾਰ ਭਰਾ ਅਤੇ ਇੱਕ ਭੈਣ ਸੀ। ਆਪ ਦਾ ਬਚਪਨ ਦਾ ਨਾਂ ਤਿਆਗ਼ ਮੱਲ ਸੀ।


Download Free Study Material From SIKHYA APP

II. **ਬਚਪਨ ਅਤੇ ਸਿੱਖਿਆ**: ਗੁਰੂ ਤੇਗ਼ ਬਹਾਦਰ ਜੀ ਨੂੰ ਸਿੱਖਿਆ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੁਆਰਾ ਦਿੱਤੀ ਗਈ। ਆਪ ਨੇ ਪੰਜਾਬੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਇਤਿਹਾਸ, ਦਰਸ਼ਨ ਸ਼ਾਸਤਰ, ਗਣਿਤ ਅਤੇ ਸੰਗੀਤ ਆਦਿ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੇ ਹਥਿਆਰ ਚਲਾਉਣੇ ਅਤੇ ਘੋੜਸਵਾਰੀ ਵੀ ਸਿੱਖੀ।ਆਪ ਬਚਪਨ ਤੋਂ ਹੀ ਬਹੁਤ ਧਾਰਮਿਕ ਰੁਚੀਆਂ ਵਾਲੇ ਸਨ।

III. **ਤਿਆਗ਼ ਮੱਲ ਤੋਂ ਤੇਗ਼ ਬਹਾਦਰ**:ਕਰਤਾਰਪੁਰ ਸਾਹਿਬ ਦੀ ਲੜਾਈ ਵਿੱਚ ਆਪ ਨੇ ਬਹੁਤ ਬਹਾਦਰੀ ਵਿਖਾਈ। ਇਸ ਲਈ ਆਪ ਦੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਦਾ ਨਾਂ ਤਿਆਗ਼ ਮੱਲ ਤੋਂ ਬਦਲ ਕੇ ਤੇਗ਼ ਬਹਾਦਰ ਰੱਖ ਦਿੱਤਾ।

IV. ਵਿਆਹ: ਆਪ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਦੀ ਜੀ ਪੁੱਤਰੀ ਗੁਜ਼ਰੀ ਜੀ ਨਾਲ ਹੋਇਆ। 1666 ਈ: ਵਿੱਚ ਆਪ ਦੇ ਘਰ ਇੱਕ ਬਾਲਕ ਨੇ ਜਨਮ ਲਿਆ ਜਿਸਦਾ ਨਾਂ ਗੋਬਿੰਦ ਰਾਏ ਰੱਖਿਆ ਗਿਆ।

V. **ਬਕਾਲਾ ਵਿਖੇ ਨਿਵਾਸ**: 1645 ਈ: ਵਿੱਚ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਗੁਰਗੱਦੀ ਦਿੱਤੀ ਅਤੇ ਤੇਗ਼ ਬਹਾਦਰ ਜੀ ਨੂੰ ਆਪਣੇ ਪਰਿਵਾਰ ਸਮੇਤ ਬਕਾਲਾ ਵਿਖੇ ਰਹਿਣ ਦਾ ਆਦੇਸ਼ ਦਿੱਤਾ। ਆਪ ਆਪਣੀ ਪਤਨੀ ਗੁਜ਼ਰੀ ਜੀ ਅਤੇ ਮਾਤਾ ਨਾਨਕੀ ਜੀ ਨੂੰ ਨਾਲ ਲੈ ਕੇ ਬਕਾਲਾ ਵਿਖੇ ਆ ਗਏ।

VI. **ਗੁਰਗੱਦੀ ਦੀ ਪ੍ਰਾਪਤੀ**: 1664 ਈ: ਵਿੱਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਕ੍ਰਿਸ਼ਨ ਜੀ ਨੇ ਸੰਗਤਾਂ ਨੂੰ ਇਸ਼ਾਰਾ ਦਿੱਤਾ ਕਿ ਉਹਨਾਂ ਦਾ ਅਗਲਾ ਗੁਰੂ ਬਾਬਾ ਬਕਾਲਾ ਵਿਖੇ ਹੈ ਪਰ ਕਿਸੇ ਪ੍ਰਕਾਰ ਦਾ ਸਪਸ਼ਟ ਨਾਂ ਨਾ ਦੱਸਿਆ। ਬਕਾਲਾ ਵਿਖੇ ਸੋਢੀ ਪਰਿਵਾਰ ਨਾਲ ਸਬੰਧਤ 22 ਵਿਅਕਤੀਆਂ ਨੇ ਮੰਜੀਆਂ ਸਥਾਪਿਤ ਕਰ ਲਈਆਂ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗੇ। ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਪਛਾਣ ਲਿਆ ਅਤੇ ਛੱਤ ਤੇ ਚੜ੍ਹ ਕੇ ਰੌਲਾ ਪਾ ਦਿੱਤਾ ਕਿ ਗੁਰੂ ਲੱਭ ਲਿਆ ਹੈ। ਸੰਗਤਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂ ਮੰਨ ਲਿਆ।


Download Free Study Material From SIKHYA APP

**2) ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਯਾਤਰਾਵਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ:ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਯਾਤਰਾਵਾਂ:

I. **ਯਾਤਰਾਵਾਂ ਦੇ ਉਦੇਸ਼:**

ੳ) ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ।

ਅ) ਉਹ ਲੋਕਾਂ ਨੂੰ ਸੱਚ ਅਤੇ ਭਾਈਚਾਰੇ ਦਾ ਸੰਦੇਸ਼ ਦੇਣਾ ਚਾਹੁੰਦੇ ਸਨ।

ੲ) ਉਹ ਪਹਿਲੇ ਗੁਰੂ ਸਾਹਿਬਾਨਾਂ ਦੁਆਰਾ ਸਥਾਪਿਤ ਕੀਤੇ ਪ੍ਰਚਾਰ ਕੇਂਦਰਾਂ ਦੇ ਕੰਮ ਦਾ ਨਿਰੀਖਣ ਕਰਨਾ ਚਾਹੁੰਦੇ ਸਨ।

II. **ਯਾਤਰਾਵਾਂ ਦਾ ਆਰੰਭ:** ਗੁਰੂ ਤੇਗ਼ ਬਹਾਦਰ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਲੋਕਾਂ ਨੂੰ ਪਿਆਰ ਦਾ ਸੰਦੇਸ਼ ਦੇਣ ਲਈ ਲੰਮੀਆਂ ਯਾਤਰਾਵਾਂ ਕੀਤੀਆਂ। ਇਹਨਾਂ ਯਾਤਰਾਵਾਂ ਦਾ ਆਰੰਭ ਗੁਰੂ ਸਾਹਿਬ ਨੇ 1664 ਈ: ਵਿੱਚ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਕੀਤਾ। ਉਸ ਸਮੇਂ ਸ਼੍ਰੀ ਹਰਿਮੰਦਰ ਸਾਹਿਬ ਤੇ ਹਰਜ਼ੀ ਮੀਣਾ ਦਾ ਕਬਜ਼ਾ ਸੀ। ਉਸਨੇ ਸ਼੍ਰੀ ਹਰਿਮੰਦਰ ਸਾਹਿਬ ਦੇ ਦਰਵਾਜੇ ਬੰਦ ਕਰਵਾ ਦਿੱਤੇ। ਗੁਰੂ ਸਾਹਿਬ ਨੇ ਬਾਹਰ ਹੀ ਇੱਕ ਰੁੱਖ ਹੇਠ ਡੇਰਾ ਲਗਾ ਲਿਆ। ਇਸਤੋਂ ਬਾਅਦ ਗੁਰੂ ਸਾਹਿਬ ਵੱਲਾ, ਘੁਕੇਵਾਲੀ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਰਨ ਤਾਰਨ, ਖੇਮਕਰਨ ਆਦਿ ਗਏ।

III. **ਹਿਮਾਚਲ ਤੋਂ ਸੱਦਾ ਅਤੇ ਸ਼੍ਰੀ ਆਨੰਦਪੁਰ ਸਾਹਿਬ ਦੀ ਸਥਾਪਨਾ:** ਬਿਲਾਸਪੁਰ ਦੀ ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਬਿਲਾਸਪੁਰ ਵਿੱਖੇ ਆਉਣ ਦਾ ਸੱਦਾ ਦਿੱਤਾ। ਗੁਰੂ ਸਾਹਿਬ ਨੇ ਰਾਣੀ ਨੂੰ 500 ਰੁਪਏ ਦੇ ਕੇ ਮਾਖੋਵਾਲ ਨਾਂ ਦੇ ਪਿੰਡ ਵਿੱਚ ਜਮੀਨ ਖਰੀਦੀ। ਇਸ ਥਾਂ ਤੇ ਗੁਰੂ ਸਾਹਿਬ ਨੇ ਆਪਣੀ ਮਾਤਾ ਨਾਨਕੀ ਦੇ ਨਾਂ ਤੇ ਚੱਕ ਨਾਨਕੀ ਨਾਮਕ ਨਗਰ ਵਸਾਇਆ ਜਿਹੜਾ ਬਾਅਦ ਵਿੱਚ ਆਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ।


Download Free Study Material From SIKHYA APP

IV. **ਪੂਰਬੀ ਭਾਰਤ ਦੀਆਂ ਯਾਤਰਾਵਾਂ**: ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਸੈਫ਼ਾਬਾਦ ਅਤੇ ਧਮਧਾਨ ਪਹੁੰਚੇ ਜਿੱਥੇ ਗੁਰੂ ਸਾਹਿਬ ਨੂੰ ਔਰੰਗਜੇਬ ਨੇ ਗ੍ਰਿਫਤਾਰ ਕਰਵਾ ਲਿਆ। ਬਾਅਦ ਵਿੱਚ ਅੰਬਰ ਦੇ ਰਾਜਾ ਰਾਮ ਸਿੰਘ ਦੇ ਕਹਿਣ ਤੇ ਗੁਰੂ ਸਾਹਿਬ ਨੂੰ ਰਿਹਾਅ ਕਰ ਦਿੱਤਾ ਗਿਆ। ਇਸਤੋਂ ਬਾਅਦ ਗੁਰੂ ਸਾਹਿਬ ਮਥੁਰਾ, ਬ੍ਰਿੰਦਾਬਨ, ਆਗਰਾ, ਕਾਨਪੁਰ, ਪ੍ਰਯਾਗ ਅਤੇ ਬਨਾਰਸ ਵਿਖੇ ਗਏ ਅਤੇ ਸੰਨਿਆਸੀਆਂ, ਜੋਗੀਆਂ ਤੇ ਸਾਧੂਆਂ ਨਾਲ ਵਿਚਾਰ ਵਟਾਂਦਰੇ ਕੀਤੇ। ਫਿਰ ਗੁਰੂ ਸਾਹਿਬ ਸਾਸਾਰਾਮ, ਗਯਾ, ਪਟਨਾ, ਮੁੰਘੇਰ, ਢਾਕਾ ਅਤੇ ਅਸਾਮ ਵਿਖੇ ਗਏ ਅਤੇ ਧਰਮ ਪ੍ਰਚਾਰ ਕੀਤਾ।

V. **ਮਾਲਵਾ ਅਤੇ ਬਾਂਗਰ ਪ੍ਰਦੇਸ਼ਾਂ ਦੀ ਯਾਤਰਾ**: ਆਪਣੀ ਇਸ ਯਾਤਰਾ ਦੌਰਾਨ ਗੁਰੂ ਸਾਹਿਬ ਸੈਫ਼ਾਬਾਦ, ਮਲੋਵਾਲ, ਸੇਖਾਂ, ਢਿਲਵਾਂ, ਜੋਗਾ, ਭੁਪਾਲੀ, ਭੀਖੀ, ਖੀਵਾ, ਮੌੜ, ਤਲਵੰਡੀ, ਬਠਿੰਡਾ ਆਦਿ ਵਿਖੇ ਗਏ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਨੇ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਿਆ।ਆਪ ਨੇ ਥਾਂ-ਥਾਂ ਧਰਮ ਪ੍ਰਚਾਰ ਕੇਂਦਰ ਖੋਲ੍ਹੇ ਅਤੇ ਸਿੱਖ ਧਰਮ ਦੇ ਉਪਦੇਸ਼ਾਂ ਨੂੰ ਘਰ-ਘਰ ਪਹੁੰਚਾ ਦਿੱਤਾ। ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋਏ।

**3) ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ ?**

ਉੱਤਰ: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਵਿਸ਼ਵ ਇਤਿਹਾਸ ਦੀ ਇੱਕ ਅਦਭੁੱਤ ਘਟਨਾ ਮੰਨੀ ਜਾਂਦੀ ਹੈ।ਸੰਸਾਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਜਦੋਂ ਕਿਸੇ ਮਹਾਂਪੁਰਸ਼ ਨੇ ਕਿਸੇ ਹੋਰ ਧਰਮ ਦੀ ਰੱਖਿਆ ਖਾਤਰ ਸ਼ਹੀਦੀ ਦਿੱਤੀ ਹੋਵੇ। ਗੁਰੂ ਸਾਹਿਬ ਦੀ ਸ਼ਹੀਦੀ ਦੇ ਮੁੱਖ ਕਾਰਨ ਹੇਠ ਲਿਖੇ ਸਨ:

I. **ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਤਨਾਅ**:ਜਹਾਂਗੀਰ ਦੇ ਸਮੇਂ ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਸੰਬੰਧ ਵਿਗੜ ਵਿਗੜ ਗਏ ਸਨ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ਸੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ


Download Free Study Material From SIKHYA APP

ਕੈਦ ਕਰਵਾਇਆ ਸੀ। ਸ਼ਾਹਜਹਾਂ ਦੇ ਸਮੇਂ ਵਿੱਚ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਚਾਰ ਲੜਾਈਆਂ ਹੋਈਆਂ ਸਨ। ਔਰੰਗਜੇਬ ਦੇ ਸਮੇਂ ਤੱਕ ਸਿੱਖਾਂ ਅਤੇ ਮੁਗ਼ਲਾਂ ਦੇ ਸੰਬੰਧ ਬਹੁਤ ਤਨਾਅਪੂਰਨ ਹੋ ਚੁੱਕੇ ਸਨ।

II. **ਔਰੰਗਜੇਬ ਦਾ ਕੱਟੜ ਸੁਭਾਅ:** ਔਰੰਗਜੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਇਸਲਾਮ ਤੋਂ ਇਲਾਵਾ ਹੋਰ ਕਿਸੇ ਧਰਮ ਦਾ ਪ੍ਰਸਾਰ ਨਹੀਂ ਵੇਖ ਸਕਦਾ ਸੀ। ਇਸ ਲਈ ਉਹ ਗੈਰ-ਮੁਸਲਮਾਨਾਂ ਤੇ ਜੁਲਮ ਕਰਕੇ ਉਹਨਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ।

III. **ਨਕਸ਼ਬੰਦੀਆਂ ਦਾ ਵਿਰੋਧ:** ਨਕਸ਼ਬੰਦੀ ਕੱਟੜ ਮੁਸਲਮਾਨਾਂ ਦੀ ਇੱਕ ਸੰਪਰਦਾ ਸੀ। ਇਹ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਦੀ ਤਰੱਕੀ ਬਰਦਾਸ਼ਤ ਨਹੀਂ ਕਰ ਸਕਦੇ ਸਨ। ਇਹਨਾਂ ਨੇ ਹੀ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਜਹਾਂਗੀਰ ਦੇ ਕੰਨ ਭਰੇ ਸਨ। ਜਦੋਂ ਇਹਨਾਂ ਨੇ ਗੁਰੂ ਤੇਗ਼ ਬਹਾਦਰ ਜੀ ਅਤੇ ਸਿੱਖ ਧਰਮ ਦੀ ਪ੍ਰਸਿੱਧੀ ਵਧਦੀ ਵੇਖ ਤਾਂ ਇਹਨਾਂ ਨੇ ਗੁਰੂ ਸਾਹਿਬ ਖਿਲਾਫ਼ ਔਰੰਗਜੇਬ ਨੂੰ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

IV. **ਸਿੱਖ ਧਰਮ ਦਾ ਪ੍ਰਸਾਰ:** ਗੁਰੂ ਤੇਗ਼ ਬਹਾਦਰ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਕੰਮ ਕੀਤਾ। ਉਹਨਾਂ ਨੇ ਦੇਸ਼ ਦੇ ਅਨੇਕਾਂ ਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ। ਅਨੇਕਾਂ ਧਰਮ ਪ੍ਰਚਾਰ ਕੇਂਦਰ ਖੋਲ੍ਹੇ। ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਭਾਰੀ ਗਿਣਤੀ ਵਿੱਚ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋ ਗਏ। ਇਹ ਗੱਲ ਔਰੰਗਜੇਬ ਅਤੇ ਕੱਟੜ ਮੁਸਲਮਾਨਾਂ ਨੂੰ ਮੰਜੂਰ ਨਹੀਂ ਸੀ।

V. **ਰਾਮ ਰਾਇ ਦੀ ਦੁਸ਼ਮਣੀ:** ਰਾਮ ਰਾਇ ਗੁਰੂ ਹਰ ਰਾਇ ਜੀ ਦਾ ਵੱਡਾ ਪੁੱਤਰ ਸੀ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਅਸਲ ਵਾਰਸ ਸਮਝਦਾ ਸੀ। ਉਸਨੇ ਗੁਰੂ ਸਾਹਿਬ ਦੇ ਖਿਲਾਫ਼ ਔਰੰਗਜੇਬ ਦੇ ਕੰਨ ਭਰੇ ਤਾਂ ਕਿ ਗੁਰੂ ਸਾਹਿਬ ਨੂੰ ਰਸਤੇ ਤੋਂ ਹਟਾ ਕੇ ਆਪ ਗੁਰਗੱਦੀ ਤੇ ਕਾਬਜ਼ ਹੋ ਸਕੇ।

VI. **ਤਤਕਾਲੀ ਕਾਰਨ:** ਔਰੰਗਜੇਬ ਨੇ ਸੋਚਿਆ ਕਿ ਜੇਕਰ ਉਹ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਇਸਲਾਮ ਕਬੂਲ ਕਰਵਾ ਲਵੇ ਤਾਂ ਬਾਕੀ ਹਿੰਦੂ ਬੜੀ ਅਸਾਨੀ ਨਾਲ ਆਪਣਾ ਧਰਮ ਛੱਡ ਦੇਣਗੇ। ਇਸ ਲਈ ਉਸਨੇ ਆਪਣੇ ਗਵਰਨਰ


Download Free Study Material From SIKHYA APP

ਸ਼ੇਰ ਅਫ਼ਗਾਨ ਨੂੰ ਸਾਰੇ ਕਸ਼ਮੀਰੀ ਬ੍ਰਾਹਮਣਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਲਈ ਕਿਹਾ। ਸ਼ੇਰ ਅਫ਼ਗਾਨ ਨੇ ਬ੍ਰਾਹਮਣਾਂ ਤੇ ਭਾਰੀ ਜ਼ੁਲਮ ਕੀਤੇ ਅਤੇ ਉਹਨਾਂ ਦਾ ਜੀਣਾ ਦੂਭਰ ਕਰ ਦਿੱਤਾ। ਆਪਣੇ ਆਪ ਨੂੰ ਬਚਾਉਣ ਲਈ ਉਹ ਗੁਰੂ ਤੇਗ਼ ਬਹਾਦਰ ਜੀ ਕੋਲ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਹਾਇਤਾ ਲਈ ਆਏ। ਗੁਰੂ ਸਾਹਿਬ ਅਤੇ ਕਸ਼ਮੀਰੀ ਪੰਡਤ ਇਸ ਸਬੰਧੀ ਵਿਚਾਰ ਕਰ ਹੀ ਰਹੇ ਸਨ ਕਿ ਬਾਲ ਗੋਬਿੰਦ ਰਾਏ ਉੱਥੇ ਆ ਗਏ ਅਤੇ ਗੁਰੂ ਸਾਹਿਬ ਨੂੰ ਇਸ ਗੰਭੀਰਤਾ ਦਾ ਕਾਰਨ ਪੁੱਛਿਆ। ਗੁਰੂ ਸਾਹਿਬ ਨੇ ਕਿਹਾ ਕਿ ਹਿੰਦੂ ਧਰਮ ਨੂੰ ਬਚਾਉਣ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ। ਇਸ ਤੇ ਬਾਲ ਗੋਬਿੰਦ ਰਾਏ ਨੇ ਕਿਹਾ, "ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ।" ਬਾਲਕ ਦੇ ਮੂੰਹੋਂ ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਸ਼ਹੀਦੀ ਦੇਣ ਦਾ ਫੈਸਲਾ ਕਰ ਲਿਆ।

**4) ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਦੇ ਕੀ ਨਤੀਜੇ ਨਿਕਲੇ ? ਜਾਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਕੀ ਮਹੱਤਵ ਹੈ ?**

ਉੱਤਰ: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ਦੀ ਅਦੁੱਤੀ ਘਟਨਾ ਬਣ ਗਈ। ਇਸ ਘਟਨਾ ਨੇ ਇਤਿਹਾਸ ਵਿੱਚ ਅਜਿਹੀ ਮਿਸਾਲ ਪੇਸ਼ ਕੀਤੀ ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਇਸ ਸ਼ਹੀਦੀ ਦੇ ਹੇਠ ਲਿਖੇ ਸਿੱਟੇ ਨਿਕਲੇ:

I. **ਇਤਿਹਾਸ ਦੀ ਮਹਾਨ ਘਟਨਾ:** ਸੰਸਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਸੀ ਜਦੋਂ ਕਿਸੇ ਮਹਾਂਪੁਰਸ਼ ਨੇ ਕਿਸੇ ਹੋਰ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਹੋਵੇ। ਇਸ ਕੁਰਬਾਨੀ ਕਾਰਨ ਗੁਰੂ ਤੇਗ਼ ਬਹਾਦਰ ਜੀ 'ਹਿੰਦ ਦੀ ਚਾਦਰ' ਦੇ ਨਾਂ ਨਾਲ ਪ੍ਰਸਿੱਧ ਹੋਏ।

II. **ਸਿੱਖਾਂ ਵਿੱਚ ਗੁੱਸੇ ਦੀ ਲਹਿਰ:** ਗੁਰੂ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਨੂੰ ਗੁੱਸੇ ਨਾਲ ਭਰ ਦਿੱਤਾ। ਉਹਨਾਂ ਦੇ ਮਨ ਵਿੱਚ ਮੁਗ਼ਲ ਸਾਮਰਾਜ ਪ੍ਰਤੀ ਨਫ਼ਰਤ ਭਰ ਗਈ। ਉਹ ਗੁਰੂ ਸਾਹਿਬ ਦੀ ਸ਼ਹੀਦੀ ਕਾਰਨ ਸਿੱਖਾਂ ਨੇ ਮਹਿਸੂਸ ਕਰ ਲਿਆ


Download Free Study Material From SIKHYA APP

ਕਿ ਜੇਕਰ ਮੁਗ਼ਲ ਸਾਮਰਾਜ ਦੇ ਅੱਤਿਆਚਾਰਾਂ ਨੂੰ ਰੋਕਿਆ ਨਾ ਗਿਆ ਤਾਂ ਮੁਗ਼ਲ ਗੈਰ-ਮੁਸਲਮਾਨਾਂ ਦਾ ਜੀਣਾ ਦੂਭਰ ਕਰ ਦੇਣਗੇ।

III. **ਹਿੰਦੂ ਧਰਮ ਦੀ ਰੱਖਿਆ**: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਹਿੰਦੂ ਧਰਮ ਨੂੰ ਅਲੋਪ ਹੋਣ ਤੋਂ ਬਚਾ ਲਿਆ। ਮੁਗ਼ਲਾਂ ਨੂੰ ਪਤਾ ਲੱਗ ਗਿਆ ਕਿ ਪੂਰੀ ਹਿੰਦੂ ਕੌਮ ਨੂੰ ਮੁਸਲਮਾਨ ਬਣਾਉਣਾ ਅਸੰਭਵ ਹੈ। ਇਸ ਸ਼ਹੀਦੀ ਨੇ ਹਿੰਦੂਆਂ ਵਿੱਚ ਹੌਸਲਾ ਭਰ ਦਿੱਤਾ ਅਤੇ ਉਹ ਮੁਗ਼ਲ ਸਾਮਰਾਜ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਏ।

IV. **ਖ਼ਾਲਸਾ ਪੰਥ ਦੀ ਸਥਾਪਨਾ**: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਖਾਲਸਾ ਪੰਥ ਦੀ ਸਥਾਪਨਾ ਦਾ ਕਾਰਨ ਬਣੀ। ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸਪਸ਼ਟ ਹੋ ਗਿਆ ਕਿ ਮੁਗ਼ਲਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਦਾ ਹਥਿਆਰਬੰਦ ਅਤੇ ਜੰਗੀ ਕਲਾਵਾਂ ਦਾ ਮਾਹਿਰ ਹੋਣਾ ਜਰੂਰੀ ਹੈ। ਇਸ ਮਕਸਦ ਨੂੰ ਧਿਆਨ ਵਿੱਚ ਰੱਖਕੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ।

V. **ਸ਼ਹੀਦੀ ਪ੍ਰੰਪਰਾ ਦਾ ਆਰੰਭ ਹੋਣਾ**: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਵਿੱਚ ਸ਼ਹੀਦੀਆਂ ਦੇਣ ਦੀ ਪ੍ਰੰਪਰਾ ਸ਼ੁਰੂ ਕੀਤੀ। ਇਸ ਪ੍ਰੰਪਰਾ ਨੂੰ ਗੁਰੂ ਗੋਬਿੰਦ ਸਿੰਘ ਜੀ , ਚਾਰ ਸਾਹਿਬਜ਼ਾਦਿਆਂ, ਮਾਤਾ ਗੁਜ਼ਰ ਕੌਰ ਜੀ, 40 ਮੁਕਤਿਆਂ, ਬੰਦਾ ਸਿੰਘ ਬਹਾਦਰ ਅਤੇ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਕਾਇਮ ਰੱਖਿਆ।

VI. **ਸਿੱਖ ਸਾਮਰਾਜ ਦੀ ਸਥਾਪਨਾ**: ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖ ਸਾਮਰਾਜ ਦੀ ਸਥਾਪਨਾ ਦਾ ਅਧਾਰ ਤਿਆਰ ਕੀਤਾ। ਸਿੱਖਾਂ ਨੇ ਗੁਲਾਮੀ ਵਾਲੇ ਜੀਵਨ ਤੋਂ ਬਾਹਰ ਆਉਣ ਦਾ ਨਿਸਚਾ ਕੀਤਾ। ਉਹਨਾਂ ਨੇ ਪਹਿਲਾਂ ਮੁਗ਼ਲਾਂ ਖਿਲਾਫ਼, ਫਿਰ ਅਫ਼ਗਾਨਾਂ ਖਿਲਾਫ਼ ਸੰਘਰਸ਼ ਕੀਤਾ। ਅੰਤ ਬੰਦਾ ਸਿੰਘ ਬਹਾਦਰ ਨੇ ਪਹਿਲੇ ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ।


Download Free Study Material From SIKHYA APP

# ਪਾਠ 9

# ਗੁਰੂ ਗੋਬਿੰਦ ਸਿੰਘ ਜੀ: ਖਾਲਸਾ ਪੰਥ ਦੀ ਸਿਰਜਣਾ, ਉਹਨਾਂ ਦੀਆਂ ਲੜਾਈਆਂ ਅਤੇ ਸ਼ਖਸੀਅਤ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1) ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ? — ਦੱਸਵੇਂ

2) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਹੋਇਆ ? — ਪਟਨਾ ਸਾਹਿਬ ਵਿਖੇ

3) ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ ? — 1666 ਈ:

4) ਗੁਰੂ ਗੋਬਿੰਦ ਸਿੰਘ ਦੀ ਦੇ ਪਿਤਾ ਜੀ ਦਾ ਕੀ ਨਾਂ ਸੀ ? — ਗੁਰੂ ਤੇਗ਼ ਬਹਾਦਰ ਜੀ

5) ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਦਾ ਕੀ ਨਾਂ ਸੀ ? — ਮਾਤਾ ਗੁਜ਼ਰੀ ਜੀ

6) ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਕਿਹੜੇ ਫਕੀਰ ਨੇ ਇਹ ਭਵਿੱਖਵਾਣੀ ਕੀਤੀ ਕਿ "ਇਹ ਬਾਲਕ ਵੱਡਾ ਹੋ ਕੇ ਮਹਾਂਪੁਰਸ਼ ਬਣੇਗਾ ਅਤੇ ਲੋਕਾਂ ਦੀ ਅਗਵਾਈ ਕਰੇਗਾ" ? — ਭੀਖਣ ਸ਼ਾਹ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਪਹਿਲੇ ਛੇ ਵਰ੍ਹੇ ਕਿੱਥੇ ਗੁਜਾਰੇ ? — ਪਟਨਾ ਸਾਹਿਬ ਵਿਖੇ

ਗੁਰੂ ਗੋਬਿੰਦ ਸਿੰਘ ਜੀ ਦੇ ਨਾਬਾਲਗ ਕਾਲ ਵਿੱਚ ਉਹਨਾਂ ਦੀ ਸਰਪ੍ਰਸਤੀ ਕਿਸਨੇ ਕੀਤੀ ? — ਉਹਨਾਂ ਦੇ ਮਾਮਾ ਕ੍ਰਿਪਾਲ ਚੰਦ ਨੇ

7) ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਿਆ ਕਿੱਥੇ ਪ੍ਰਾਪਤ ਕੀਤੀ ? — ਚੱਕ ਨਾਨਕੀ (ਸ਼੍ਰੀ ਆਨੰਦਪੁਰ ਸਾਹਿਬ)

8) ਗੁਰੂ ਗੋਬਿੰਦ ਸਿੰਘ ਜੀ ਦੇ ਗੁਰਮੁੱਖੀ ਕਿਸਤੋਂ ਸਿੱਖੀ ? — ਭਾਈ ਸਾਹਿਬ ਚੰਦ ਤੋਂ

9) ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਕਿਸਤੋਂ ਸਿੱਖੀ ? — ਪੰਡਤ ਹਰਜਸ ਤੋਂ


Download Free Study Material From SIKHYA APP

| | |
|---|---|
| 10) ਗੁਰੂ ਗੋਬਿੰਦ ਸਿੰਘ ਜੀ ਨੇ ਫ਼ਾਰਸੀ ਅਤੇ ਅਰਬੀ ਕਿਸਤੋਂ ਸਿੱਖੀ ? | ਕਾਜ਼ੀ ਪੀਰ ਮੁਹੰਮਦ ਤੋਂ |
| 11) ਗੁਰੂ ਗੋਬਿੰਦ ਸਿੰਘ ਜੀ ਨੇ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਕਿਸਤੋਂ ਸਿੱਖੀ ? | ਬਜ਼ਰ ਸਿੰਘ ਰਾਜਪੂਤ ਤੋਂ |
| 12) ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਤੇ ਕਦੋਂ ਬੈਠੇ ? | 1675 ਈ: |
| 13) ਗੁਰਗੱਦੀ ਪ੍ਰਾਪਤੀ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕਿੰਨੀ ਸੀ ? | 9 ਸਾਲ |
| 14) ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜਾ ਵਿਸ਼ੇਸ਼ ਨਗਾਰਾ ਬਣਵਾਇਆ ? | ਰਣਜੀਤ ਨਗਾਰਾ |
| 15) ਰਣਜੀਤ ਨਗਾਰਾ ਕਦੋਂ ਵਜਾਇਆ ਜਾਂਦਾ ਸੀ ? | ਸ਼ਿਕਾਰ, ਲੰਗਰ ਅਤੇ ਯੁੱਧ ਸਮੇਂ |
| 16) ਗੁਰੂ ਗੋਬਿੰਦ ਸਿੰਘ ਜੀ ਨੂੰ ਨਾਹਨ ਆਉਣ ਦਾ ਸੱਦਾ ਕਿਸਨੇ ਦਿੱਤਾ ? | ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ |
| 17) ਨਾਹਨ ਵਿਖੇ ਗੁਰੂ ਸਾਹਿਬ ਨੇ ਕਿਹੜੇ ਕਿਲ੍ਹੇ ਦੀ ਉਸਾਰੀ ਕਰਵਾਈ ? | ਪਾਉਂਟਾ ਸਾਹਿਬ |
| 18) ਪਾਉਂਟਾ ਦਾ ਕੀ ਅਰਥ ਹੁੰਦਾ ਹੈ ? | ਪੈਰ ਰੱਖਣ ਦੀ ਥਾਂ |
| 19) ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿੱਚ ਕਿੰਨੇ ਕਵੀਆਂ ਨੂੰ ਸਰਪ੍ਰਸਤੀ ਦਿੱਤੀ ? | 52 |
| 20) ਭੰਗਾਣੀ ਦੀ ਲੜਾਈ ਕਦੋਂ ਹੋਈ ? | 1688 ਈ: |
| 21) ਭੰਗਾਣੀ ਦੀ ਲੜਾਈ ਕਿਹੜੀਆਂ ਧਿਰਾਂ ਵਿਚਕਾਰ ਹੋਈ ? | ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜੇ |
| 22) ਭੰਗਾਣੀ ਦੀ ਲੜਾਈ ਵਿੱਚ ਕਿਹੜੇ ਮੁਸਲਮਾਨ ਪੀਰ ਨੇ ਗੁਰੂ ਸਾਹਿਬ ਦਾ ਸਾਥ ਦਿੱਤਾ ? | ਪੀਰ ਬੁੱਧੂ ਸ਼ਾਹ ਨੇ |


Download Free Study Material From SIKHYA APP

| | |
|---|---|
| 23) ਨਾਦੌਣ ਦੀ ਲੜਾਈ ਕਦੋਂ ਹੋਈ ? | 1690 ਈ: |
| 24) ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਕਿਹੜੇ ਚਾਰ ਬਣਵਾਏ ? | ਆਨੰਦਗੜ੍ਹ, ਲੋਹਗੜ੍ਹ, ਕਿਲ੍ਹੇ ਫ਼ਤਿਹਗੜ੍ਹ, ਕੇਸਗੜ੍ਹ |
| 25) ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਦੋਂ ਕੀਤੀ ? | 1699 ਈ: ਵਿਸਾਖੀ ਵਾਲੇ ਦਿਨ |
| 26) 1752 ਈ: ਤੋਂ ਪਹਿਲਾਂ ਵਿਸਾਖੀ ਕਿਹੜੇ ਮਿਤੀ ਨੂੰ ਮਨਾਈ ਜਾਂਦੀ ਸੀ ? | 30 ਮਾਰਚ ਨੂੰ |
| 27) ਭਾਰਤ ਵਿੱਚ ਗ੍ਰੈਗੋਰੀਅਨ ਕੈਲੰਡਰ ਕਦੋਂ ਪ੍ਰਚਲਿਤ ਕੀਤਾ ਗਿਆ ? | 1752 ਈ: |
| 28) ਗ੍ਰੈਗੋਰੀਅਨ ਕੈਲੰਡਰ ਨੂੰ ਲਾਗੂ ਕਰਨ ਤੋਂ ਪਹਿਲਾਂ ਭਾਰਤ ਵਿੱਚ ਕਿਹੜਾ ਕੈਲੰਡਰ ਪ੍ਰਚਲਿਤ ਸੀ ? | ਵਿਕਰਮੀ ਕੈਲੰਡਰ |
| 29) ਗ੍ਰੈਗੋਰੀਅਨ ਕੈਲੰਡਰ ਲਾਗੂ ਕਰਦੇ ਸਮੇਂ ਵਿਕਰਮੀ ਕੈਲੰਡਰ ਵਿੱਚ ਕਿੰਨੇ ਦਿਨ ਦਾ ਵਾਧਾ ਕੀਤਾ ਗਿਆ ? | 12 ਦਿਨ |
| ਖਾਲਸਾ ਪੰਥ ਦੀ ਸਥਾਪਨਾ ਕਾਰਨ ਸਿੱਖਾਂ ਦੀ ਕਿਹੜੀ ਪ੍ਰਥਾ ਦਾ ਅੰਤ ਹੋਇਆ ? | ਮਸੰਦ ਪ੍ਰਥਾ |
| 30) ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕਥਾ ਦਾ ਕੀ ਨਾਂ ਹੈ ? | ਬਚਿੱਤਰ ਨਾਟਕ |
| 31) ਖਾਲਸਾ ਪੰਥ ਦੀ ਸਥਾਪਨਾ ਕਿੱਥੇ ਕੀਤੀ ਗਈ ? | ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ) |
| 32) ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀ ਪੁਸਤਕ ਵਿੱਚ ਲਿਖਿਆ ਹੈ ਕਿ ਸੰਸਾਰ ਵਿੱਚ ਧਰਮ ਦਾ ਪ੍ਰਚਾਰ ਅਤੇ ਜਾਲਮਾਂ ਦਾ ਨਾਸ਼ ਕਰਨਾ ਉਹਨਾਂ ਦੇ ਜੀਵਨ ਦਾ ਉਦੇਸ਼ ਹੈ ? | ਬਚਿੱਤਰ ਨਾਟਕ |


Download Free Study Material From SIKHYA APP

| | |
|---|---|
| 33) ਜਦੋਂ ਖਾਲਸਾ ਦੀ ਸਥਾਪਨਾ ਕਰਦੇ ਸਮੇਂ ਗੁਰੂ ਸਾਹਿਬ ਨੇ ਕਿਸੇ ਸਿੱਖ ਦੇ ਸੀਸ ਦੀ ਮੰਗ ਕੀਤੀ ਤਾਂ ਸਭ ਤੋਂ ਪਹਿਲਾਂ ਕੌਣ ਸੀਸ ਦੇਣ ਲਈ ਅੱਗੇ ਆਇਆ ? | ਭਾਈ ਦਇਆ ਰਾਮ ਜੀ |
| 34) ਸ਼੍ਰੀ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਕਦੋਂ ਹੋਈ ? | 1701 ਈ: |
| 35) ਪਹਿਲੇ ਪੰਜ ਪਿਆਰਿਆਂ ਦੇ ਨਾਂ ਦੱਸੋ। | ਭਾਈ ਦਇਆ ਰਾਮ,<br>ਭਾਈ ਧਰਮ ਦਾਸ,<br>ਭਾਈ ਮੋਹਕਮ ਚੰਦ,<br>ਭਾਈ ਸਾਹਿਬ ਚੰਦ,<br>ਭਾਈ ਹਿੰਮਤ ਰਾਏ |
| 36) ਸ਼੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਕਦੋਂ ਹੋਈ ? | 1704 ਈ: |
| 37) ਨਿਰਮੋਹ ਅਤੇ ਬਸੌਲੀ ਦੀਆਂ ਲੜਾਈਆਂ ਕਿਹੜੇ ਸਾਲ ਹੋਈਆਂ ? | 1702 ਈ: |
| 38) ਕਿਹੜੀ ਲੜਾਈ ਵਿੱਚ 40 ਸਿੱਖ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਚਲੇ ਗਏ ? | ਸ੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ |
| 39) ਕਿਹੜੀ ਲੜਾਈ ਸਮੇਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜਾਦੇ ਗੁਰੂ ਗੋਬਿੰਦ ਸਿੰਘ ਜੀ ਤੋਂ ਵਿੱਛੜ ਗਏ ? | ਸਰਸਾ ਦੀ ਲੜਾਈ |
| 40) ਸਰਸਾ ਦੀ ਲੜਾਈ ਕਦੋਂ ਹੋਈ ? | 1704 ਈ: |
| 41) ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਕਿਸਨੇ ਵਜ਼ੀਰ ਖਾਂ ਦੇ ਹਵਾਲੇ ਕੀਤਾ ? | ਗੰਗੂ ਨੇ |
| 42) ਵਜੀਰ ਖਾਂ ਕਿੱਥੇ ਦਾ ਫੌਜਦਾਰ ਸੀ ? | ਸਰਹਿੰਦ ਦਾ |


Download Free Study Material From SIKHYA APP

| | |
|---|---|
| 43) ਮਾਤਾ ਗੁਜਰੀ ਜੀ ਅਤੇ ਸਾਹਿਬਜਾਦਿਆਂ ਨੂੰ ਕਿੱਥੇ ਕੈਦ ਕੀਤਾ ਗਿਆ ? | ਠੰਢੇ ਬੁਰਜ ਵਿੱਚ |
| 44) ਛੋਟੇ ਸਾਹਿਬਜਾਦਿਆਂ ਦਾ ਕੀ ਨਾਂ ਸੀ ? | ਸਾਹਿਬਜਾਦਾ ਜੋਰਾਵਰ ਸਿੰਘ, ਸਾਹਿਬਜਾਦਾ ਫ਼ਤਿਹ ਸਿੰਘ |
| 45) ਛੋਟੇ ਸਾਹਿਬਜਾਦਿਆਂ ਨੂੰ ਕਿਸਨੇ ਸ਼ਹੀਦ ਕਰਵਾਇਆ ? | ਵਜ਼ੀਰ ਖਾਂ ਨੇ |
| 46) ਛੋਟੇ ਸਾਹਿਬਜਾਦਿਆਂ ਨੂੰ ਕਿਵੇਂ ਸ਼ਹੀਦ ਕਰਵਾਇਆ ਗਿਆ ? | ਨੀਹਾਂ ਵਿੱਚ ਚਿਣਵਾ ਕੇ |
| 47) ਛੋਟੇ ਸਾਹਿਬਜਾਦਿਆਂ ਨੂੰ ਕਦੋਂ ਸ਼ਹੀਦ ਕਰਵਾਇਆ ਗਿਆ ? | 27 ਦਸੰਬਰ 1704 ਈ: ਨੂੰ |
| 48) ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦਾਂ ਦਾ ਕੀ ਨਾਂ ਸੀ ? | ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ |
| 49) ਛੋਟੇ ਸਾਹਿਬਜਾਦਿਆਂ ਦਾ ਅੰਤਮ ਸਸਕਾਰ ਕਰਨ ਲਈ ਜਮੀਨ ਕਿਸਨੇ ਖਰੀਦੀ ? | ਟੋਡਰ ਮੱਲ ਨੇ |
| 50) ਵੱਡੇ ਸਾਹਿਬਜਾਦਿਆਂ ਦਾ ਨਾਂ ਕੀ ਸੀ ? | ਸਾਹਿਬਜਾਦਾ ਅਜੀਤ ਸਿੰਘ, ਸਾਹਿਬਜਾਦਾ ਜੁਝਾਰ ਸਿੰਘ |
| 51) ਵੱਡੇ ਸਾਹਿਬਜਾਦਿਆਂ ਨੇ ਕਿਹੜੀ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕੀਤੀ ? | ਚਮਕੌਰ ਸਾਹਿਬ ਦੀ ਲੜਾਈ ਵਿੱਚ |
| 52) ਚਮਕੌਰ ਸਾਹਿਬ ਦੀ ਲੜਾਈ ਕਦੋਂ ਹੋਈ ? | 1704 ਈ: |
| 53) ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਸ਼ਹੀਦ ਹੋਣ ਵਾਲੇ ਅੰਤਮ ਦੋ ਸਿੱਖ ਕੌਣ ਸਨ ? | ਸੰਗਤ ਸਿੰਘ ਅਤੇ ਸੰਤ ਸਿੰਘ |
| 54) ਕਿਹੜੇ ਦੋ ਮੁਸਲਮਾਨ ਭਰਾਵਾਂ ਨੇ ਮਾਛੀਵਾੜਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ 'ਉੱਚ ਦਾ ਪੀਰ' ਦਾ ਨਾਂ ਦਿੱਤਾ ? | ਨਬੀ ਖਾਂ ਅਤੇ ਗਨੀ ਖਾਂ |
| 55) ਜਫ਼ਰਨਾਮਾ ਕੀ ਹੈ ? | ਇੱਕ ਚਿੱਠੀ |


Download Free Study Material From SIKHYA APP

| | |
|---|---|
| 56) ਜ਼ਫ਼ਰਨਾਮਾ ਕਿਸਨੇ ਕਿਸਨੂੰ ਲਿਖਿਆ ? | ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ |
| 57) ਜ਼ਫ਼ਰਨਾਮਾ ਕਿਹੜੀ ਭਾਸ਼ਾ ਵਿੱਚ ਲਿਖਿਆ ਗਿਆ ? | ਫ਼ਾਰਸੀ ਭਾਸ਼ਾ ਵਿੱਚ |
| 58) ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਹੜੇ ਸਥਾਨ ਤੇ ਬੈਠ ਕੇ ਲਿਖਿਆ ? | ਦੀਨਾ ਕਾਂਗੜ |
| 59) ਜ਼ਫ਼ਰਨਾਮਾ ਕਿਹੜਾ ਸਿੱਖ ਔਰੰਗਜੇਬ ਕੋਲ ਲੈ ਕੇ ਗਿਆ ? | ਭਾਈ ਦਯਾ ਸਿੰਘ |
| 60) ਖਿਦਰਾਣਾ ਦੀ ਲੜਾਈ ਕਦੋਂ ਹੋਈ ? | 1705 ਈ: |
| 61) ਖਿਦਰਾਣਾ ਨੂੰ ਅੱਜਕੱਲ੍ਹ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਸ਼੍ਰੀ ਮੁਕਤਸਰ ਸਾਹਿਬ |
| 62) ਗੁਰੂ ਸਾਹਿਬ ਨੂੰ ਬੇਦਾਵਾ ਪਾੜਣ ਦੀ ਬੇਨਤੀ ਕਿਸਨੇ ਕੀਤੀ ? | ਭਾਈ ਮਹਾਂ ਸਿੰਘ ਨੇ |
| 63) ਖਿਦਰਾਣਾ ਨੂੰ ਸ਼੍ਰੀ ਮੁਕਤਸਰ ਸਾਹਿਬ ਦਾ ਨਾਂ ਕਿਉਂ ਦਿੱਤਾ ਗਿਆ ? | ਗੁਰੂ ਸਾਹਿਬ ਨੇ ਬੇਦਾਵਾ ਦੇ ਕੇ ਆਉਣ ਵਾਲੇ 40 ਸਿੱਖਾਂ ਨੂੰ ਇਸ ਥਾਂ ਤੇ ਮੁਕਤ ਕੀਤਾ ਸੀ |
| 64) ਜਿਹੜੇ 40 ਸਿੱਖ ਗੁਰੂ ਸਾਹਿਬ ਨੂੰ ਆਨੰਦਪੁਰ ਸਾਹਿਬ ਵਿਖੇ ਬੇਦਾਵਾ ਦੇ ਕੇ ਆਏ ਸਨ, ਸ਼ਹੀਦੀ ਪ੍ਰਾਪਤੀ ਤੋਂ ਬਾਅਦ ਕਿਸ ਨਾਂ ਨਾਲ ਪ੍ਰਸਿੱਧ ਹੋਏ ? | 40 ਮੁਕਤੇ |
| 65) ਖਿਦਰਾਣਾ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਕਿੱਥੇ ਨਿਵਾਸ ਕੀਤਾ ? | ਤਲਵੰਡੀ ਸਾਬੋ ਵਿਖੇ |
| 66) ਤਲਵੰਡੀ ਸਾਬੋ ਨੂੰ ਅੱਜਕੱਲ੍ਹ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਦਮਦਮਾ ਸਾਹਿਬ ਅਤੇ ਗੁਰੂ ਕੀ ਕਾਸ਼ੀ |
| 67) ਗੁਰੂ ਸਾਹਿਬ ਨੇ ਦਮਦਮਾ ਸਾਹਿਬ ਵਿਖੇ ਕਿੰਨਾ ਸਮਾਂ ਅਰਾਮ ਕੀਤਾ ? | ਲੱਗਭਗ 9 ਮਹੀਨੇ |


Download Free Study Material From SIKHYA APP

| | |
|---|---|
| 68) ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਕਿਉਂ ਕਿਹਾ ਜਾਂਦਾ ਹੈ ? | ਗੁਰੂ ਸਾਹਿਬ ਦੀਆਂ ਧਾਰਮਿਕ ਅਤੇ ਸਾਹਿਤਕ ਗਤੀਵਿਧੀਆਂ ਕਾਰਨ |
| 69) ਗੁਰੂ ਗੋਬਿੰਦ ਸਿੰਘ ਜੀ ਦੀ ਬੰਦਾ ਬਹਾਦਰ ਨਾਲ ਮੁਲਾਕਾਤ ਕਿੱਥੇ ਹੋਈ ? | ਨੰਦੇੜ ਵਿਖੇ |
| 70) ਗੁਰੂ ਗੋਬਿੰਦ ਸਿੰਘ ਨੂੰ ਕਤਲ ਕਰਨ ਲਈ ਪਠਾਣਾਂ ਨੂੰ ਕਿਸਨੇ ਨੰਦੇੜ ਭੇਜਿਆ ? | ਵਜ਼ੀਰ ਖਾਂ |
| 71) ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ ਜੋਤਿ ਸਮਾਏ ? | 1708 ਈ: |
| 72) ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕਿਸਨੂੰ ਗੁਰੂ ਮੰਨਣ ਦਾ ਹੁਕਮ ਦਿੱਤਾ ? | ਸ੍ਰੀ ਗੁਰੂ ਗ੍ਰੰਥ ਸਾਹਿਬ ਨੇ |
| 73) ਗੁਰੂ ਸਾਹਿਬ ਦੀਆਂ ਸ਼੍ਰੋਮਣੀ ਰਚਨਾਵਾਂ ਦੇ ਨਾਂ ਲਿਖੋ। | ਜਾਪੁ ਸਾਹਿਬ, ਬਚਿੱਤਰ ਨਾਟਕ, ਜ਼ਫਰਨਾਮਾ,ਚੰਡੀ ਦੀ ਵਾਰ, ਅਕਾਲ ਉਸਤਤਿ ਆਦਿ। |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਗੁਰਗੱਦੀ ਤੇ ਬੈਠਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ?**

ਉੱਤਰ:

1. ਗੁਰਗੱਦੀ ਤੇ ਬੈਠਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਬਹੁਤ ਛੋਟੀ ਸੀ।
2. ਮੁਗ਼ਲ ਬਾਦਸ਼ਾਹ ਔਰੰਗਜੇਬ ਗੈਰ-ਮੁਸਲਮਾਨਾਂ ਤੇ ਭਾਰੀ ਜੁਲਮ ਕਰ ਰਿਹਾ ਸੀ।
3. ਪਹਾੜੀ ਰਾਜੇ ਗੁਰੂ ਸਾਹਿਬ ਦੇ ਵਿਰੁੱਧ ਸਨ।
4. ਧੀਰ ਮੱਲੀਏ, ਰਾਮਰਾਈਏ ਅਤੇ ਮੀਣੇ ਗੁਰੂ ਘਰ ਵਿਰੁੱਧ ਸਾਜ਼ਿਸ਼ਾਂ ਕਰ ਰਹੇ ਸਨ।


Download Free Study Material From SIKHYA APP

5. ਮਸੰਦ ਭ੍ਰਿਸ਼ਟ ਹੋ ਕੇ ਗੁਰੂ-ਘਰ ਲਈ ਸਮੱਸਿਆਵਾਂ ਪੈਦਾ ਕਰ ਰਹੇ ਸਨ।

**2) ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜਿਆਂ ਵਿਚਕਾਰ ਭੰਗਾਣੀ ਦੀ ਲੜਾਈ ਕਿਉਂ ਹੋਈ ?**

ਉੱਤਰ:

1. ਗੁਰੂ ਗੋਬਿੰਦ ਸਿੰਘ ਦੀਆਂ ਫੌਜੀ ਤਿਆਰੀਆਂ ਕਾਰਨ ਪਹਾੜੀ ਰਾਜਿਆਂ ਨੂੰ ਖਤਰਾ ਮਹਿਸੂਸ ਹੋਇਆ।
2. ਪਹਾੜੀ ਰਾਜੇ ਸਿੱਖਾਂ ਨੂੰ ਬਹੁਤ ਤੰਗ ਕਰਦੇ ਸਨ।
3. ਮੁਗ਼ਲ ਸਰਕਾਰ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਵਿਰੁੱਧ ਭੜਕਾ ਰਹੀ ਸੀ।

**3) ਭੰਗਾਣੀ ਦੀ ਲੜਾਈ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਇਹ ਲੜਾਈ 1688 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀਰਾਜਿਆਂ ਵਿਚਕਾਰ ਲੜੀ ਗਈ। ਇਸ ਲੜਾਈ ਵਿੱਚ ਸਢੌਰਾ ਦੇ ਪੀਰ ਬੁੱਧੂ ਸ਼ਾਹ ਨੇ ਆਪਣੇ ਰਿਸ਼ਤੇਦਾਰਾਂ ਅਤੇ ਸੈਨਿਕਾਂ ਸਮੇਤ ਗੁਰੂ ਸਾਹਿਬ ਦਾ ਸਾਥ ਦਿੱਤਾ। ਪਹਾੜੀ ਰਾਜਿਆਂ ਦੀ ਭਾਰੀ ਹਾਰ ਹੋਈ।

**4) ਨਾਦੌਨ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਇਹ ਲੜਾਈ 1690 ਈ: ਵਿੱਚ ਹੋਈ। ਭੰਗਾਣੀ ਦੀ ਲੜਾਈ ਤੋਂ ਬਾਅਦ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਮਿੱਤਰਤਾ ਕਰ ਲਈ ਸੀ ਅਤੇ ਮੁਗ਼ਲਾਂ ਨੂੰ ਸਲਾਨਾ ਖਰਾਜ਼ ਦੇਣਾ ਬੰਦ ਕਰ ਦਿੱਤਾ ਸੀ। ਇਸ ਲਈ ਮੁਗ਼ਲ ਬਾਦਸ਼ਾਹ ਨੇ ਆਲਿਫ਼ ਖਾਂ ਅਧੀਨ ਇੱਕ ਫੌਜ ਪਹਾੜੀ ਰਾਜਿਆਂ ਵਿਰੁੱਧ ਭੇਜੀ। ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਤੋਂ ਸਹਾਇਤਾ ਮੰਗੀ। ਗੁਰੂ ਸਾਹਿਬ ਨੇ ਪਹਾੜੀ ਰਾਜੇ ਭੀਮ ਚੰਦ ਦਾ ਸਾਥ ਦਿੱਤਾ। ਗੁਰੂ ਸਾਹਿਬ ਅਤੇ ਭੀਮ ਚੰਦ ਦੀ ਸਾਂਝੀ ਫੌਜ਼ ਨੇ ਮੁਗਲਾਂ ਨੂੰ ਹਰਾ ਦਿੱਤਾ।

**5) ਸ੍ਰੀ ਆਨੰਪੁਰ ਸਾਹਿਬ ਦੀਆਂ ਲੜਾਈਆਂ ਕਿਉਂ ਹੋਈਆਂ ? ਇਹਨਾਂ ਦਾ ਕੀ ਨਤੀਜਾ ਨਿਕਲਿਆ ?**
**ਉੱਤਰ:**

I. **ਸ਼੍ਰੀ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ:** ਇਹ ਲੜਾਈ 1701 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਵਿਚਕਾਰ ਹੋਈ। ਗੁਰੂ ਸਾਹਿਬ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਕਰਨ ਤੋਂ


Download Free Study Material From SIKHYA APP

ਬਾਅਦ ਭਾਰੀ ਗਿਣਤੀ ਵਿੱਚ ਲੋਕ ਖਾਲਸਾ ਪੰਥ ਵਿੱਚ ਸ਼ਾਮਿਲ ਹੋਣ ਲੱਗੇ। ਗੁਰੂ ਜੀ ਦੀ ਵਧਦੀ ਸ਼ਕਤੀ ਤੋਂ ਪਹਾੜੀ ਰਾਜੇ ਘਬਰਾ ਗਏ। ਪਹਾੜੀ ਰਾਜੇ ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਲਈ ਕਿਹਾ। ਗੁਰ ਸਾਹਿਬ ਦੇ ਇਨਕਾਰ ਕਰਨ ਤੇ ਪਹਾੜੀ ਰਾਜਿਆਂ ਨੇ ਕਿਲ੍ਹੇ ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਨੂੰ ਸਫ਼ਲਤਾ ਨਾ ਮਿਲੀ। ਇਸ ਲਈ ਉਹਨਾਂ ਨੇ ਗੁਰੂ ਸਾਹਿਬ ਨਾਲ ਸੰਧੀ ਕਰ ਲਈ।

II. **ਸ੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ**: ਇਹ ਲੜਾਈ ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜਿਆਂ ਵਿਚਕਾਰ ਹੋਈ। ਪਹਾੜੀ ਰਾਜਿਆਂ ਨੇ 1704 ਈ: ਵਿੱਚ ਦੁਬਾਰਾ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲ੍ਹੇ ਅੰਦਰੋਂ ਬਹਾਦਰੀ ਨਾਲ ਮੁਕਾਬਲਾ ਕੀਤਾ। ਸਫ਼ਲਤਾ ਨਾ ਮਿਲਦੀ ਵੇਖ ਕੇ ਪਹਾੜੀ ਰਾਜਿਆਂ ਨੇ ਇੱਕ ਚਾਲ ਚੱਲੀ। ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਜੇਕਰ ਉਹ ਕਿਲ੍ਹਾ ਛੱਡ ਦੇਣ ਤਾਂ ਉਹਨਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਮਾਤਾ ਗੁਜ਼ਰੀ ਜੀ ਅਤੇ ਹੋਰ ਸਿੱਖਾਂ ਦੇ ਕਹਿਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹਾ ਛੱਡਣ ਦਾ ਫੈਸਲਾਕੀਤਾ।

**6) ਚਮਕੌਰ ਸਾਹਿਬ ਦੀ ਲੜਾਈ ਕਦੋਂ ਹੋਈ ? ਇਸ ਵਿੱਚ ਗੁਰੂ ਸਾਹਿਬ ਦੇ ਕਿਹੜੇ ਦੋ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ ?**

ਉੱਤਰ: ਚਮਕੌਰ ਸਾਹਿਬ ਦੀ ਲੜਾਈ 1704 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲਾਂ ਵਿਚਕਾਰ ਹੋਈ। ਗੁਰੂ ਗੋਬਿੰਦ ਸਿੰਘ ਜੀ ਆਪਣੇ 40 ਸਿੱਖਾਂ ਨਾਲ ਚਮਕੌਰ ਸਾਹਿਬ ਵਿਖੇ ਦੀ ਗੜ੍ਹੀ ਵਿੱਚ ਪਹੁੰਚੇ। ਮੁਗ਼ਲ ਸੈਨਾ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜਾਦੇ ਸਾਹਿਬਜਾਦਾ ਅਜੀਤ ਸਿੰਘ ਜੀ ਅਤੇ ਸਾਹਿਬਜਾਦਾ ਜੁਝਾਰ ਸਿੰਘ ਜੀ ਇਸ ਲੜਾਈ ਵਿੱਚ ਸ਼ਹੀਦ ਹੋ ਗਏ।

**7) ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਅੰਤਮ ਲੜਾਈ ਕਿਹੜੀ ਸੀ ? ਇਸ ਲੜਾਈ ਵਿੱਚ ਕਿਹੜੇ 40 ਸਿੱਖ ਸ਼ਹੀਦ ਹੋਏ ?**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਅੰਤਮ ਲੜਾਈ ਖਿਦਰਾਣੇ ਦੀ ਲੜਾਈ ਸੀ। ਗੁਰੂ ਸਾਹਿਬ ਮਾਛੀਵਾੜੇ ਤੋਂ ਹੁੰਦੇ ਹੋਏ ਖਿਦਰਾਣਾ ਵਿਖੇ ਪਹੁੰਚੇ। ਜਦੋਂ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੇ 29


Download Free Study Material From SIKHYA APP

ਦਸੰਬਰ 1705 ਈ: ਨੂੰ ਇੱਕ ਵਿਸ਼ਾਲ ਫੌਜ ਨਾਲ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁ਼ਗਲਾਂ ਦਾ ਮੁਕਾਬਲਾ ਕੀਤਾ ਅਤੇ_ਮੁ਼ਗਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਲੜਾਈ ਵਿੱਚ ਉਹਨਾਂ 40 ਸਿੱਖਾਂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਸ੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿੱਚ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਉਹਨਾਂ ਦਾ ਸਾਥ ਛੱਡ ਗਏ ਸਨ। ਉਹਨਾਂ ਦੇ ਨੇਤਾ ਭਾਈ ਮਹਾਂ ਸਿੰਘ ਦੇ ਕਹਿਣ ਤੇ ਗੁਰੂ ਸਾਹਿਬ ਨੇ ਬੇਦਾਵਾ ਪਾੜ ਕੇ ਉਹਨਾਂ ਨੂੰ ਮੁਕਤ ਕਰ ਦਿੱਤਾ। ਇਸ ਲਈ ਖਿਦਰਾਣੇ ਦਾ ਨਾਂ ਸ੍ਰੀ ਮੁਕਤਸਰ ਸਾਹਿਬ ਪੈ ਗਿਆ।

**8) ਖਾਲਸਾ ਪੰਥ ਦੀ ਸਥਾਪਨਾ ਦੇ ਮੁੱਖ ਕਾਰਨ ਕੀ ਸਨ ?**

ਉੱਤਰ:

1. ਔਰੰਗਜੇਬ ਸਾਰੇ ਗੈਰ-ਮੁਸਲਮਾਨਾਂ ਨੂੰ ਇਸਲਾਮ ਵਿੱਚ ਸ਼ਾਮਿਲ ਕਰਨਾ ਚਾਹੁੰਦਾ ਸੀ।
2. ਗੁਰੂ ਸਾਹਿਬ ਔਰੰਗਜੇਬ ਦਾ ਮੁਕਾਬਲਾ ਕਰਨ ਲਈ ਫੌਜ ਤਿਆਰ ਕਰਨਾ ਚਾਹੁੰਦੇ ਸਨ।
3. ਗੁਰੂ ਸਾਹਿਬ ਜਾਤੀ ਪ੍ਰਥਾ ਅਤੇ ਮਸੰਦ ਪ੍ਰਥਾ ਨੂੰ ਖਤਮ ਕਰਨਾ ਚਾਹੁੰਦੇ ਸਨ।
4. ਗੁਰੂ ਸਾਹਿਬ ਮਸੰਦ ਪ੍ਰਥਾ ਨੂੰ ਖਤਮ ਕਰਨਾ ਚਾਹੁੰਦੇ ਸਨ।
5. ਗੁਰੂ ਸਾਹਿਬ ਉਤਸ਼ਾਹਹੀਣ ਹੋਏ ਹਿੰਦੂ ਸਮਾਜ਼ ਵਿੱਚ ਉਤਸ਼ਾਹ ਭਰਨਾ ਚਾਹੁੰਦੇ ਸਨ।
6. ਜ਼ਾਲਮਾਂ ਦਾ ਵਿਨਾਸ਼ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼ ਸੀ।

**9) ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਿਵੇਂ ਕੀਤੀ ?**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਈ: ਨੂੰ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਸਾਹਿਬ ਵਿਖੇ ਇੱਕ ਭਾਰੀ ਦੀਵਾਨ ਸਜਾਇਆ। ਇਸ ਦੀਵਾਨ ਵਿੱਚ 80000 ਸਿੱਖ ਸ਼ਾਮਿਲ ਹੋਏ। ਜਦੋਂ ਸਾਰੇ ਸਿੱਖ ਬੈਠ ਗਏ ਤਾਂ ਗੁਰੂ ਸਾਹਿਬ ਨੇ ਸਟੇਜ਼ ਤੇ ਕਿਹਾ, "ਕੀ ਕੋਈ ਅਜਿਹਾ ਸਿੱਖ ਹੈ ਜੋ ਧਰਮ ਲਈ ਆਪਣਾ ਸੀਸ ਭੇਟ ਕਰੇ ?" ਹਰ ਪਾਸੇ ਸੰਨਾਟਾ ਛਾ ਗਿਆ। ਜਦੋਂ ਗੁਰੂ ਸਾਹਿਬ ਨੇ ਆਪਣੇ ਸ਼ਬਦਾਂ ਨੂੰ ਤਿੰਨ ਵਾਰ ਦੁਹਰਾਇਆ ਤਾਂ ਦਇਆ ਰਾਮ ਨਾਮਕ


Download Free Study Material From SIKHYA APP

ਸਿੱਖ ਆਪਣਾ ਬਲੀਦਾਨ ਦੇਣ ਲਈ ਪੇਸ਼ ਹੋਇਆ। ਗੁਰੂ ਸਾਹਿਬ ਉਸਨੂੰ ਨੇੜੇ ਹੀ ਇੱਕ ਤੰਬੂ ਵਿਖੇ ਲੈ ਗਏ। ਉੱਥੇ ਉਹਨਾਂ ਨੇ ਦਇਆ ਰਾਮ ਨੂੰ ਬਿਠਾਇਆਅਤੇ ਕੁਝ ਦੇਰ ਬਾਅਦ ਖ਼ੂਨ ਨਾਲ ਰੰਗੀ ਹੋਈ ਤਲਵਾਰ ਲੈ ਕੇ ਦੁਬਾਰਾ ਸਟੇਜ਼ ਤੇ ਆਏ ਅਤੇ ਇੱਕ ਹੋਰ ਸੀਸ ਦੀ ਮੰਗ ਕੀਤੀ। ਇਸ ਪ੍ਰਕਾਰ ਗੁਰੂ ਸਾਹਿਬ ਨੇ ਪੰਜ ਸਿੱਖ ਇਕੱਠੇ ਕਰ ਲਏ। ਇਹਨਾਂ ਪੰਜਾਂ ਸਿੱਖਾਂ ਨੂੰ ਪੰਜ ਪਿਆਰਿਆਂ ਦਾ ਨਾਂ ਦਿੱਤਾ ਗਿਆ। ਗੁਰੂ ਸਾਹਿਬ ਨੇ ਇਹਨਾਂ ਪੰਜਾਂ ਪਿਆਰਿਆਂ ਨੂੰ ਅਮ੍ਰਿਤ ਛਕਾਇਆ ਅਤੇ ਫਿਰ ਆਪ ਇਹਨਾਂ ਕੋਲੋਂ ਅਮ੍ਰਿਤ ਛਕਿਆ। ਇਸ ਪ੍ਰਕਾਰ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ।

**10) ਖਾਲਸਾ ਪੰਥ ਦੇ ਮੁੱਖ ਸਿਧਾਂਤ ਕਿਹੜੇ ਹਨ ?**

ਉੱਤਰ:

1. ਖਾਲਸਾ ਪੰਥ ਵਿੱਚ ਸ਼ਾਮਿਲ ਹੋਣ ਵਾਲੇ ਹਰੇਕ ਵਿਅਕਤੀ ਲਈ ਅਮ੍ਰਿਤ ਛਕਣਾ ਜਰੂਰੀ ਹੈ।
2. ਹਰੇਕ ਖਾਲਸਾ ਪੁਰਸ਼ ਆਪਣੇ ਨਾਂ ਨਾਲ 'ਸਿੰਘ' ਅਤੇ ਖਾਲਸਾ ਇਸਤਰੀ 'ਕੌਰ' ਸ਼ਬਦ ਦੀ ਵਰਤੋਂ ਕਰੇਗੀ।
3. ਹਰੇਕ ਖਾਲਸਾ ਇੱਕ ਈਸ਼ਵਰ ਤੋਂ ਇਲਾਵਾ ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਨਹੀਂ ਕਰੇਗਾ।
4. ਹਰੇਕ ਖਾਲਸਾ ਦੇਸ਼ ਅਤੇ ਧਰਮ ਦੀ ਰਾਖੀ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹੇਗਾ।
5. ਹਰੇਕ ਖਾਲਸਾ ਪੰਜ ਕਕਾਰ ਅਰਥਾਤ ਕੇਸ, ਕੰਘਾ, ਕੜਾ, ਕਛਹਿਰਾ ਅਤੇ ਕ੍ਰਿਪਾਨ ਧਾਰਨ ਕਰੇਗਾ।
6. ਹਰੇਕ ਖਾਲਸਾ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਤੋਂ ਬਾਅਦ ਗੁਰਬਾਣੀ ਦਾ ਪਾਠ ਕਰੇਗਾ।
7. ਹਰੇਕ ਖਾਲਸਾ ਕਿਰਤ ਕਰਕੇ ਆਪਣੀ ਰੋਜ਼ੀ ਕਮਾਏਗਾ ਅਤੇ ਆਮਦਨ ਦਾ ਦਸਵੰਧ ਧਰਮ ਕਾਰਜਾਂ ਲਈ ਦਾਨ ਦੇਵੇਗਾ।
8. ਹਰੇਕ ਖਾਲਸਾ ਸ਼ਸਤਰ ਧਾਰਨ ਕਰੇਗਾ ਅਤੇ ਧਰਮ ਯੁੱਧ ਲਈ ਸਦਾ ਤਿਆਰ ਰਹੇਗਾ।
9. ਖਾਲਸਾ ਆਪਸ ਵਿੱਚ ਮਿਲਦੇ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਹਿ' ਕਹਿਣਗੇ।

10 ਹਰੇਕਖਾਲਸਾਸਿਗਰਟ, ਨਸ਼ੀਲੀਆਂ ਵਸਤੂਆਂ ਅਤੇ ਪਰ-ਇਸਤਰੀ ਗਮਨਆਦਿ ਬੁਰਾਈਆਂ ਤੋਂ ਦੂਰਰਹੇਗਾ।


Download Free Study Material From SIKHYA APP

**11) ਖਾਲਸਾ ਪੰਥ ਦੀ ਸਥਾਪਨਾ ਦੇ ਕੀ ਮਹੱਤਵਪੂਰਨ ਪ੍ਰਭਾਵ ਪਏ ?**

ਉੱਤਰ:

1. ਵੱਡੀ ਗਿਣਤੀ ਵਿੱਚ ਲੋਕ ਖਾਲਸਾ ਪੰਥ ਵਿੱਚ ਸ਼ਾਮਿਲ ਹੋ ਕੇ ਖਾਲਸਾ ਬਣ ਗਏ।
2. ਸਮਾਜ ਵਿੱਚ ਜਾਤੀ ਪ੍ਰਥਾ ਨੂੰ ਭਾਰੀ ਸੱਟ ਵੱਜੀ।
3. ਮਸੰਦ ਪ੍ਰਥਾ ਅਤੇ ਹੋਰ ਪੰਥ ਵਿਰੋਧੀ ਸੰਪਰਦਾਵਾਂ ਦਾ ਅੰਤ ਹੋ ਗਿਆ।
4. ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਉੱਚੀਆਂ ਜਾਤਾ ਦੇ ਬਰਾਬਰ ਦਾ ਦਰਜਾ ਮਿਲਿਆ।
5. ਸਮਾਜ ਵਿੱਚੋਂ ਨਸ਼ੇ ਅਤੇ ਹੋਰ ਬੁਰਾਈਆਂ ਤੇ ਰੋਕ ਲੱਗੀ।
6. ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਦਰਜਾ ਪ੍ਰਾਪਤ ਹੋਇਆ।
7. ਸਿੱਖ ਇੱਕ ਵੱਡੀ ਰਾਜਨੀਤਕ ਸ਼ਕਤੀ ਦੇ ਰੂਪ ਵਿੱਚ ਸਥਾਪਿਤ ਹੋਏ।

**12) ਗੁਰੂ ਗੋਬਿੰਦ ਸਿੰਘ ਜੀ ਉੱਚ ਕੋਟੀ ਦੇ ਕਵੀ ਅਤੇ ਸਾਹਿਤਕਾਰ ਵੀ ਸਨ। ਵਿਆਖਿਆ ਕਰੋ।**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਇੱਕ ਉੱਚ ਕੋਟੀ ਦੇ ਕਵੀ ਅਤੇ ਸਾਹਿਤਕਾਰ ਵੀ ਸਨ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਦੀ ਵਰਤੋਂ ਕੀਤੀ। ਉਹਨਾਂ ਨੇ ਜਾਪੁ ਸਾਹਿਬ, ਬਚਿੱਤਰ ਨਾਟਕ, ਜ਼ਫਰਨਾਮਾ, ਚੰਡੀ ਦੀ ਵਾਰ ਅਤੇ ਅਕਾਲ ਉਸਤਤਿ ਆਦਿ ਬਾਣੀਆਂ ਦੀ ਰਚਨਾ ਕੀਤੀ। ਇਹ ਬਾਣੀਆਂ ਸਾਨੂੰ ਅਧਿਆਤਮਕ ਸੇਧ ਦੇਣ ਦੇ ਨਾਲ-ਨਾਲ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਵੀ ਦਿੰਦੀਆਂ ਹਨ। ਗੁਰੂ ਸਾਹਿਬ ਨੇ ਆਪਣੇ ਦਰਬਾਰ ਵਿੱਚ 52 ਉੱਚ ਕੋਟੀ ਦੇ ਕਵੀਆਂ ਨੂੰ ਵੀ ਸਰਪ੍ਰਸਤੀ ਦਿੱਤੀ ਹੋਈ ਸੀ।

**13) ਜ਼ਫਰਨਾਮਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਜ਼ਫਰਨਾਮਾ ਇੱਕ ਚਿੱਠੀ ਦਾ ਨਾਂ ਹੈ। ਇਹ ਚਿੱਠੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਲਿਖੀ ਗਈ ਸੀ। ਇਹ ਚਿੱਠੀ ਫ਼ਾਰਸੀ ਭਾਸ਼ਾ ਵਿੱਚ ਲਿਖੀ ਗਈ। ਇਸ ਨੂੰ ਗੁਰੂ ਸਾਹਿਬ ਨੇ ਦੀਨਾ ਨਾਮਕ ਸਥਾਨ ਤੋਂ


Download Free Study Material From SIKHYA APP

ਲਿਖਿਆ ਗਿਆ ਸੀ। ਇਸ ਚਿੱਠੀ ਵਿੱਚ ਗੁਰੂ ਸਾਹਿਬ ਨੇ ਔਰੰਗਜੇਬ ਦੇ ਜੁਲਮਾਂ ਅਤੇ ਮੁਗ਼ਲ ਸੈਨਾਪਤੀਆਂ ਦੁਆਰਾ ਕੁਰਾਨ ਦੀਆਂ ਝੂਠੀਆਂ ਸਹੁੰਆਂ ਚੁੱਕ ਕੇ ਧੋਖਾ ਦੇਣ ਦਾ ਜ਼ਿਕਰ ਬੜੀ ਦਲੇਰੀ ਨਾਲ ਕੀਤਾ ਹੈ। ਗੁਰੂ ਸਾਹਿਬ ਦੀ ਇਸ ਚਿੱਠੀ ਦਾ ਔਰੰਗਜੇਬ ਦੇ ਮਨ ਤੇ ਬਹੁਤ ਡੂੰਘਾ ਅਸਰ ਪਿਆ।

**14) ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਵਿੱਚ ਸੰਪਰਦਾਇਕ ਵੰਡੀਆਂ ਅਤੇ ਬਾਹਰੀ ਖਤਰਿਆਂ ਦੀ ਸਮੱਸਿਆ ਨੂੰ ਕਿਸ ਤਰ੍ਹਾਂ ਨਜਿੱਠਿਆ ?**

ਉੱਤਰ:ਸਿੱਖ ਪੰਥ ਵਿੱਚ ਸੰਪਰਦਾਇਕ ਵੰਡੀਆਂ ਅਤੇ ਬਾਹਰੀ ਖਤਰਿਆਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਨਾਲ ਸਿੱਖ ਸਿੱਧੇ ਤੌਰ ਤੇ ਖਾਲਸਾ ਨਾਲ ਜੁੜ ਗਏ। ਮਸੰਦਾਂ ਦੀ ਵਿਚੋਲਗੀ ਖਤਮ ਹੋ ਗਈ। ਮੀਣੇ, ਧੀਰਮੱਲੀਏ, ਰਾਮਰੱਈਏ ਅਤੇ ਹਿੰਦਾਲੀਆ ਨੂੰ ਸਿੱਖ ਪੰਥ ਤੋਂ ਅਲੱਗ ਕਰ ਦਿੱਤਾ ਗਿਆ। ਸਿੱਖ ਹਥਿਆਰਬੰਦ ਹੋ ਕੇ ਬਾਹਰੀ ਖਤਰਿਆਂ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਲੱਗੇ।

**15) ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜ ਸੁਧਾਰਾਂ ਤੇ ਇੱਕ ਨੋਟ ਲਿਖੋ।**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਸਮਾਜ ਵਿੱਚ ਭਾਰੀ ਤਬਦੀਲੀ ਲਿਆਂਦੀ।ਨੀਵੀਆਂ ਜਾਤੀਆਂ ਨੂੰ ਉੱਚੀਆਂ ਜਾਤੀਆਂ ਦੇ ਬਰਾਬਰ ਦਰਜਾ ਦਿੱਤਾ। ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਪੁਰਸ਼ਾਂ ਦੇ ਬਰਾਬਰ ਦਾ ਹੱਕ ਦਿੱਤਾ। ਲੋਕਾਂ ਨੂੰ ਸ਼ਰਾਬ, ਭੰਗ, ਨਸ਼ਿਆਂ, ਪਰਇਸਤਰੀ ਗਮਨ ਅਤੇ ਹੋਰ ਬੁਰਾਈਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ। ਕੰਨਿਆ ਹੱਤਿਆ, ਸਤੀ ਪ੍ਰਥਾ, ਪਰਦਾ ਪ੍ਰਥਾ ਆਦਿ ਦਾ ਖੰਡਨ ਕੀਤਾ। ਗੁਰੂ ਸਾਹਿਬ ਨੇ ਮਸੰਦ ਪ੍ਰਥਾ ਖਤਮ ਕਰਕੇ ਸਿੱਖਾਂ ਨੂੰ ਮਸੰਦਾਂ ਦੇ ਸ਼ੋਸ਼ਣ ਤੋਂ ਬਚਾਇਆ।

**16) ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਸੰਗਠਨਕਰਤਾ ਸਨ। ਸਪਸ਼ਟ ਕਰੋ।**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਆਪਣੇ ਮਹਾਨ ਸੰਗਠਨ ਕਰਤਾ ਹੋਣ ਦਾ ਸਬੂਤ ਦਿੱਤਾ। ਖਾਲਸਾ ਪੰਥ ਦੀ ਸਥਾਪਨਾ ਨਾਲ ਸਿੱਖਾਂ ਵਿੱਚ ਏਕਤਾ ਹੋ ਗਈ। ਗੁਰੂ ਸਾਹਿਬ ਨੇ ਸਿੱਖਾਂ ਅੰਦਰਲੇ ਗੁਣਾਂ ਨੂੰ


Download Free Study Material From SIKHYA APP

ਪਹਿਚਾਨਿਆ ਅਤੇ ਉਹਨਾਂ ਨੂੰ ਮਹਾਨ ਯੋਧੇ ਬਣਾ ਦਿੱਤਾ। ਗੁਰੂ ਸਾਹਿਬ ਦੁਆਰਾ ਸਥਾਪਿਤ ਕੀਤਾ ਖਾਲਸਾ ਅਨੇਕਾਂ ਵਰ੍ਹਿਆਂ ਤੱਕ ਵੱਡੀਆਂ-ਵੱਡੀਆਂ ਸ਼ਕਤੀਆਂ ਨਾਲ ਸੰਘਰਸ਼ ਕਰਦਾ ਰਿਹਾ ਅਤੇ ਅੰਤ ਵਿੱਚ ਪੰਜਾਬ ਵਿੱਚ ਸੁਤੰਤਰ ਸਿੱਖ ਸਾਮਰਾਜ ਸਥਾਪਿਤ ਕਰਨ ਵਿੱਚ ਸਫ਼ਲ ਹੋਇਆ।

**17) ਗੁਰੂ ਗੋਬਿੰਦ ਸਿੰਘ ਜੀ ਦੇ ਚਰਿੱਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**

ਉੱਤਰ:

1. ਗੁਰੂ ਗੋਬਿੰਦ ਸਿੰਘ ਜੀ ਬਹੁਤ ਉੱਚੇ ਚਰਿੱਤਰ ਦੇ ਮਾਲਕ ਸਨ।
2. ਉਹ ਉੱਚ ਕੋਟੀ ਦੇ ਕਵੀ ਅਤੇ ਸਾਹਿਤਕਾਰ ਸਨ।
3. ਉਹ ਇੱਕ ਮਹਾਨ ਸਮਾਜਸੁਧਾਰਕ ਸਨ।
4. ਉਹ ਇੱਕ ਮਹਾਨ ਯੋਧਾ, ਸੈਨਾਪਤੀ ਅਤੇ ਸੰਗਠਨ ਕਰਤਾ ਸਨ।
5. ਗੁਰੂ ਗੋਬਿੰਦ ਸਿੰਘ ਜੀ ਬਹੁਤ ਬਹਾਦਰ ਅਤੇ ਨਿਡਰ ਸਨ।

**18) ਖਿਦਰਾਣੇ ਦਾ ਨਾਂ ਸ੍ਰੀ ਮੁਕਤਸਰ ਸਾਹਿਬ ਕਿਵੇਂ ਪਿਆ ?**

ਉੱਤਰ: ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਹੁੰਦੇ ਹੋਏ ਖਿਦਰਾਣਾ ਵਿਖੇ ਪਹੁੰਚੇ। ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ 29 ਦਸੰਬਰ 1705 ਈ: ਨੂੰ ਇੱਕ ਵਿਸ਼ਾਲ ਫੌਜ ਨਾਲ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਗਲਾਂ ਦਾ ਮੁਕਾਬਲਾ ਕੀਤਾਅਤੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਲੜਾਈ ਵਿੱਚ ਉਹ 40 ਸਿੱਖਾਂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਆਨੰਦਪੁਰ ਸਾਹਿਬ ਦੀ ਦੂਜੀਲੜਾਈ ਵਿੱਚ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਉਹਨਾਂ ਦਾਸਾਥ ਛੱਡ ਗਏ ਸਨ। ਉਹਨਾਂ ਦੀ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਅਤੇ ਉਹਨਾਂ ਦੇ ਨੇਤਾ ਮਹਾਂ ਸਿੰਘ ਦੇ ਕਹਿਣ ਤੇ ਗੁਰੂ ਸਾਹਿਬ ਨੇ ਬੇਦਾਵਾ ਪਾੜ ਦਿੱਤਾ ਅਤੇ ਉਹਨਾਂ ਨੂੰ ਮੁਕਤ ਕਰ ਦਿੱਤਾ। ਇਸ ਲਈ ਖਿਦਰਾਣੇ ਦਾ ਨਾਂ ਸ੍ਰੀ ਮੁਕਤਸਰ ਸਾਹਿਬ ਪੈ ਗਿਆ।


Download Free Study Material From SIKHYA APP

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**1) ਗੁਰੂ ਗੋਬਿੰਦ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ:**

I. **ਜਨਮ ਅਤੇ ਮਾਤਾ ਪਿਤਾ:** ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ: ਵਿੱਚ ਪਟਨਾ ਸਾਹਿਬ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਦਾ ਨਾਂ ਮਾਤਾ ਗੁਜ਼ਰੀ ਜੀ ਸੀ। ਆਪ ਦਾ ਬਚਪਨ ਦਾ ਨਾਂ ਗੋਬਿੰਦ ਰਾਏ ਸੀ। ਆਪ ਦੇ ਜਨਮ ਸਮੇਂ ਮੁਸਲਿਮ ਫਕੀਰ ਭੀਖਣ ਸ਼ਾਹ ਨੇ ਭਵਿੱਖਵਾਣੀ ਕੀਤੀ ਸੀ ਕਿ ਇਹ ਬਾਲਕ ਵੱਡਾ ਹੋ ਕੇ ਮਹਾਂਪੁਰਸ਼ ਬਣੇਗਾ ਅਤੇ ਲੋਕਾਂ ਦੀ ਅਗਵਾਈ ਕਰੇਗਾ।

II. **ਬਚਪਨ:** ਬਚਪਨ ਵਿੱਚ ਗੁਰੂ ਸਾਹਿਬ ਬੱਚਿਆਂ ਵਾਂਗ ਆਮ ਖਿਡੌਣਿਆਂ ਨਾਲ ਖੇਡਣ ਦੀ ਥਾਂ ਤੇ ਤੀਰ-ਕਮਾਨ ਅਤੇ ਸ਼ਸਤਰਾਂ ਨਾਲ ਖੇਡਦੇ ਸਨ। ਉਹ ਆਪਣੇ ਸਾਥੀਆਂ ਦੀਆਂ ਟੋਲੀਆਂ ਬਣਾ ਕੇ ਉਹਨਾਂ ਵਿੱਚ ਨਕਲੀ ਯੁੱਧ ਕਰਵਾਉਂਦੇ ਸਨ ਅਤੇ ਆਪ ਯੁੱਧਾਂ ਦੀ ਅਗਵਾਈ ਕਰਵਾਉਂਦੇ ਸਨ।

III. **ਸਿੱਖਿਆ:** ਗੁਰੂ ਸਾਹਿਬ ਨੇ ਭਾਈ ਸਾਹਿਬ ਚੰਦ ਤੋਂ ਗੁਰਮੁੱਖੀ, ਪੰਡਤ ਹਰਜਸ ਤੋਂ ਸੰਸਕ੍ਰਿਤ ਅਤੇ ਕਾਜ਼ੀ ਪੀਰ ਮੁਹੰਮਦ ਤੋਂ ਫ਼ਾਰਸੀ ਅਤੇ ਅਰਬੀ ਦਾ ਗਿਆਨ ਪ੍ਰਾਪਤ ਕੀਤਾ। ਉਹਨਾਂ ਨੇ ਬਜ਼ਰ ਸਿੰਘ ਨਾਂ ਦੇ ਇੱਕ ਰਾਜਪੂਤ ਤੋਂ ਘੋੜਸਵਾਰੀ ਅਤੇ ਸ਼ਸ਼ਤਰ ਵਿੱਦਿਆ ਦੀ ਸਿਖ਼ਲਾਈ ਲਈ।

IV. **ਗੁਰਗੱਦੀ ਦੀ ਪ੍ਰਾਪਤੀ:** ਗੁਰੂ ਸਾਹਿਬ ਅਜੇ 9 ਸਾਲ ਦੇ ਹੀ ਸਨ ਕਿ ਉਹਨਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰੱਖਿਆ ਖਾਤਰ ਸ਼ਹੀਦੀ ਦੇਣੀ ਪਈ। 1672 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬੈਠੇ ਅਤੇ ਸਿੱਖਾਂ ਦੇ ਦੱਸਵੇਂ ਗੁਰੂ ਬਣੇ।

**2) ਖ਼ਾਲਸਾ ਪੰਥ ਦੀ ਸਥਾਪਨਾ ਦੇ ਮੁੱਖ ਕਾਰਨਾਂ ਦਾ ਵਰਣਨ ਕਰੋ ।**

**ਉੱਤਰ: ਖ਼ਾਲਸਾ ਪੰਥ ਦੀ ਸਥਾਪਨਾ ਦੇ ਮੁੱਖ ਕਾਰਨ ਹੇਠ ਲਿਖੇ ਸਨ:**


Download Free Study Material From SIKHYA APP

I. **ਔਰੰਗਜ਼ੇਬ ਦੇ ਅੱਤਿਆਚਾਰ:** ਔਰੰਗਜ਼ੇਬ ਕੱਟੜ ਸੁੰਨੀ ਮੁਸਲਮਾਨ ਸੀ। ਉਹ ਸਾਰੇ ਗੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਇਸ ਲਈ ਉਹ ਹਿੰਦੂਆਂ ਤੇ ਭਾਰੀ ਜੁਲਮ ਕਰ ਰਿਹਾ ਸੀ। ਉਹਨਾਂ ਤੇ ਅਨੇਕਾਂ ਟੈਕਸ ਲਗਾਏ ਗਏ, ਧਾਰਮਿਕ ਸਥਾਨਾਂ ਨੂੰ ਨਸ਼ਟ ਕੀਤਾ ਗਿਆ ਅਤੇ ਹਜ਼ਾਰਾਂ ਹਿੰਦੂਆਂ ਨੂੰ ਕਤਲ ਕਰਵਾ ਦਿੱਤਾ ਗਿਆ। ਗੁਰੂ ਸਾਹਿਬ ਇਹਨਾਂ ਅੱਤਿਆਚਾਰਾਂ ਨੂੰ ਰੋਕਣਾ ਚਾਹੁੰਦੇ ਸਨ।

II. **ਪਹਾੜੀ ਰਾਜਿਆਂ ਦਾ ਵਿਸ਼ਵਾਸ਼ਘਾਤ:** ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨਾਲ ਮਿਲਕੇ ਮੁਗ਼ਲਾਂ ਖਿਲਾਫ਼ ਲੜਾਈ ਦਾ ਆਰੰਭ ਕੀਤਾ। ਪਹਾੜੀ ਰਾਜੇ ਆਪਣੇ ਸਵਾਰਥ ਖਾਤਰ ਕੁਝ ਸਮਾਂ ਤਾਂ ਗੁਰੂ ਸਾਹਿਬ ਨਾਲ ਰਹੇ ਪਰ ਛੇਤੀ ਹੀ ਦੁਬਾਰਾ ਮੁਗ਼ਲਾਂ ਨਾਲ ਜਾ ਰਲੇ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਪਹਾੜੀ ਰਾਜਿਆਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਸ ਲਈ ਸਿੱਖਾਂ ਨੂੰ ਹੀ ਸਿਪਾਹੀ ਬਣਾਉਣਾ ਪਵੇਗਾ।

III. **ਸਮਾਜ ਵਿੱਚ ਫੈਲੀਆਂ ਕੁਰੀਤੀਆਂ:** ਗੁਰੂ ਸਾਹਿਬ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਜਿਵੇਂ ਜਾਤੀ ਪ੍ਰਥਾ, ਛੂਆ ਛਾਤ ਆਦਿ ਨੂੰ ਖਤਮ ਕਰਕੇ ਸਮਾਜਿਕ ਭਾਈਚਾਰੇ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਇਸ ਨਹੀ ਇੱਕ ਅਜਿਹੀ ਸੰਸਥਾ ਦੀ ਸਥਾਪਨਾ ਕਰਨਾ ਜਰੂਰੀ ਸੀ ਜਿਹੜੀ ਜਾਤ-ਪਾਤ ਅਤੇ ਊਚ-ਨੀਚ ਤੋਂ ਰਹਿਤ ਹੋਵੇ ਅਤੇ ਬਰਾਬਰੀ ਤੇ ਅਧਾਰਤ ਹੋਵੇ।

IV. **ਮਸੰਦ ਪ੍ਰਥਾ ਦਾ ਦੋਸ਼ਪੂਰਨ ਹੋਣਾ:** ਮਸੰਦਾਂ ਦਾ ਨੈਤਿਕ ਪਤਨ ਹੋ ਚੁੱਕਿਆ ਸੀ। ਉਹਨਾਂ ਨੇ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਅਣਦੇਖੀ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਸਿੱਖਾਂ ਦੀ ਅਗਵਾਈ ਕਰਨ ਦੀ ਥਾਂ ਉਹਨਾਂ ਲਈ ਸਮੱਸਿਆਵਾਂ ਪੈਦਾ ਕਰ ਰਹੇ ਸਨ। ਇਸ ਲਈ ਗੁਰੂ ਸਾਹਿਬ ਮਸੰਦ ਪ੍ਰਥਾ ਨੂੰ ਖਤਮ ਕਰਕੇ ਸਿੱਖ ਜਥੇਬੰਦੀ ਨੂੰ ਨਵਾਂ ਰੂਪ ਪ੍ਰਦਾਨ ਕਰਨਾ ਚਾਹੁੰਦੇ ਸਨ।

V. **ਗੁਰਗੱਦੀ ਦਾ ਜੱਦੀ ਹੋਣਾ:** ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰਗੱਦੀ ਜੱਦੀ ਹੋ ਗਈ ਸੀ। ਜਿਸਨੂੰ ਗੁਰਗੱਦੀ ਨਹੀਂ ਮਿਲਦੀ ਸੀ ਉਹ ਹੀ ਗੁਰੂ ਘਰ ਦਾ ਵਿਰੋਧ ਸ਼ੁਰੂ ਕਰ ਦਿੰਦਾ ਸੀ। ਗੁਰਗੱਦੀ ਦੇ ਚਾਹਵਾਨਾਂ ਨੇ ਅਨੇਕਾਂ


Download Free Study Material From SIKHYA APP

ਸੰਪਰਦਾਵਾਂ ਕਾਇਮ ਕਰ ਲਈਆਂ ਸਨ। ਗੁਰੂ ਸਾਹਿਬ ਸਾਰੀਆਂ ਸਿੱਖ ਵਿਰੋਧੀ ਸੰਪਰਦਾਵਾਂ ਨੂੰ ਖਤਮ ਕਰਕੇ ਸਿੱਖਾਂ ਨੂੰ ਗੁੰਮਰਾਹ ਹੋਣ ਤੋਂ ਬਚਾਉਣਾ ਚਾਹੁੰਦੇ ਸਨ।

VI. **ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼:** ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮਕਥਾ ਬਚਿੱਤਰ ਨਾਟਕ ਵਿੱਚ ਲਿਖਿਆ ਹੈ ਕਿ ਉਹਨਾਂ ਦੇ ਜੀਵਨ ਦਾ ਉਦੇਸ਼ ਸੰਸਾਰ ਵਿੱਚ ਧਰਮ ਦਾ ਪ੍ਰਚਾਰ ਕਰਨਾ ਅਤੇ ਜਾਲਮਾਂ ਦਾ ਨਾਸ਼ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ।

**3) ਖ਼ਾਲਸਾ ਪੰਥ ਦੀ ਸਥਾਪਨਾ ਦੇ ਕੀ ਸਿੱਟੇ ਨਿਕਲੇ ? ਜਾਂ**

**ਖ਼ਾਲਸਾ ਪੰਥ ਦੀ ਸਥਾਪਨਾ ਦਾ ਇਤਿਹਾਸ ਵਿੱਚ ਕੀ ਮਹੱਤਵ ਹੈ ?**

**ਉੱਤਰ:** ਖਾਲਸਾ ਪੰਥ ਦੀ ਸਥਾਪਨਾ ਦੇ ਹੇਠ ਲਿਖੇ ਨਤੀਜੇ ਨਿਕਲੇ:

I. **ਸਿੱਖ ਪੰਥ ਦਾ ਪੂਰਨ ਰੂਪਾਂਤਰਣ:** ਖ਼ਾਲਸਾ ਪੰਥ ਦੀ ਸਥਾਪਨਾ ਨੇ ਸਿੱਖ ਪੰਥ ਦਾ ਰੂਪ ਪੂਰੀ ਤਰ੍ਹਾਂ ਬਦਲ ਦਿੱਤਾ। ਹੁਣ ਉਹ ਸੰਤਾਂ ਦੀ ਥਾਂ ਸਿਪਾਹੀ ਬਣ ਗਏ ਅਤੇ ਜੁਲਮਾਂ ਦਾ ਮੁਕਾਬਲਾ ਕਰਨ ਲਈ ਹਰ ਸਮੇਂ ਕੁਰਬਾਨੀ ਦੇਣ ਲਈ ਤਿਆਰ ਰਹਿਣ ਲੱਗੇ।

II. **ਸਿੱਖਾਂ ਦੀ ਗਿਣਤੀ ਵਿੱਚ ਵਾਧਾ:** ਸਿੱਖਾਂ ਦੀ ਸ਼ਖਸੀਅਤ ਅਤੇ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਸਿੱਖ ਧਰਮ ਅਪਣਾ ਲਿਆ। ਗੁਰੂ ਸਾਹਿਬ ਨੇ ਹਜ਼ਾਰਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਅਤੇ ਸਿੱਖ ਧਰਮ ਵਿੱਚ ਸ਼ਾਮਿਲ ਕੀਤਾ। ਗੁਰੂ ਸਾਹਿਬ ਦਾ ਆਪੇ ਗੁਰ ਚੇਲਾ ਦਾ ਸਿੱਧਾਂਤ ਵੀ ਸਿੱਖਾਂ ਦੀ ਗਿਣਤੀ ਵਿੱਚ ਵਾਧੇ ਦਾ ਵੱਡਾ ਕਾਰਨ ਬਣਿਆ।


Download Free Study Material From SIKHYA APP

III. **ਵਹਿਮਾਂ ਭਰਮਾਂ ਦਾ ਖਾਤਮਾ**: ਖ਼ਾਲਸਾ ਪੰਥ ਦੀ ਸਥਾਪਨਾ ਨਾਲ ਸਿੱਖਾਂ ਵਿੱਚੋਂ ਵਹਿਮ-ਭਰਮ ਅਤੇ ਕਰਮਕਾਂਡ ਪੂਰੀ ਤਰ੍ਹਾਂ ਖਤਮ ਹੋ ਗਏ। ਜਨਮ, ਵਿਆਹ ਅਤੇ ਮੌਤ ਸਮੇਂ ਹੁੰਦੀਆਂ ਖਾਲਸਾਈ ਰਸਮਾਂ ਨੇ ਸਿੱਖਾਂ ਨੂੰ ਆਰਥਿਕ ਲੁੱਟ-ਖਸੁੱਟ ਤੋਂ ਬਚਾਇਆ। ਉਹ ਆਪਣੀਆਂ ਰਸਮਾਂ ਗੁਰੂ ਗ੍ਰੰਥ ਸਾਹਿਬ ਦਾ ਓਟ-ਆਸਰਾ ਲੈ ਕੇ ਕਰਨ ਲੱਗੇ।

IV. **ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਦਰਜਾ ਦੇਣਾ**: ਖ਼ਾਲਸਾ ਪੰਥ ਦੀ ਸਥਾਪਨਾ ਨਾਲ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਦਰਜਾ ਮਿਲਿਆ। ਅਨੇਕਾਂ ਇਸਤਰੀਆਂ ਨੇ ਅੰਮ੍ਰਿਤ ਛਕਿਆ ਅਤੇ ਖ਼ਾਲਸਾ ਪੰਥ ਧਾਰਨ ਕਰ ਲਿਆ।

V. **ਆਦਰਸ਼ ਸਮਾਜ ਦੀ ਸਥਾਪਨਾ**: ਖ਼ਾਲਸਾ ਪੰਥ ਨੇ ਇੱਕ ਅਜਿਹੇ ਆਦਰਸ਼ ਸਮਾਜ ਦੀ ਸਥਾਪਨਾ ਕੀਤੀ ਜਿਸ ਵਿੱਚ ਅਸਮਾਨਤਾ ਅਤੇ ਭੇਦ-ਭਾਵ ਲਈ ਕੋਈ ਸਥਾਨ ਨਹੀਂ ਸੀ। ਇਹ ਸਮਾਜ ਭਾਈਚਾਰੇ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਤੇ ਅਧਾਰਿਤ ਸੀ। ਇਸ ਸਮਾਜ ਵਿੱਚ ਸਾਰੇ ਲੋਕ ਇੱਕ-ਦੂਜੇ ਦੀ ਸਹਾਇਤਾ ਦੇਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਅਤੇ ਚੰਗੇ ਕਰਮ ਕਰਨ ਲਈ ਕਿਹਾ।

VI. **ਸਿੱਖ ਵਿਰੋਧੀ ਸੰਪਰਦਾਵਾਂ ਦਾ ਖਾਤਮਾ**: ਖ਼ਾਲਸਾ ਪੰਥ ਦੀ ਸਥਾਪਨਾ ਨਾਲ ਸਿੱਖ ਵਿਰੋਧੀ ਸੰਪਰਦਾਵਾਂ ਦਾ ਖਾਤਮਾ ਹੋ ਗਿਆ। ਇਸ ਨਾਲ ਸਿੱਖ ਸਿੱਧੇ ਤੌਰ ਤੇ ਖ਼ਾਲਸਾ ਨਾਲ ਜੁੜ ਗਏ। ਮੀਣੇ, ਧੀਰਮੱਲੀਏ, ਰਾਮਰੱਈਏ ਅਤੇ ਹਿੰਦਾਲੀਆ ਨੂੰ ਸਿੱਖ ਪੰਥ ਤੋਂ ਅਲੱਗ ਕਰ ਦਿੱਤਾ ਗਿਆ।

VII. **ਸਿੱਖਾਂ ਵਿੱਚ ਏਕਤਾ ਦੀ ਭਾਵਨਾ**: ਖ਼ਾਲਸਾ ਪੰਥ ਨੇ ਸਿੱਖਾਂ ਵਿੱਚ ਏਕਤਾ ਦੀ ਭਾਵਨਾ ਨੂੰ ਜਨਮ ਦਿੱਤਾ। ਇੱਕੋ ਰੂਪ, ਇੱਕੋ ਜਿਹਾ ਰਹਿਣ-ਸਹਿਣ, ਇੱਕੋ ਜਿਹੇ ਸਿਧਾਂਤਾਂ ਦੀ ਪਾਲਣਾ ਅਤੇ ਖ਼ਾਲਸਾ ਦੇ ਨਿਯਮਾਂ ਨੇ ਸਾਰੇ ਸਿੱਖਾਂ ਨੂੰ ਇੱਕ ਸੂਤਰ ਵਿੱਚ ਬੰਨ੍ਹ ਦਿੱਤਾ।


Download Free Study Material From SIKHYA APP

VIII. **ਸਿੱਖਾਂ ਦੇ ਬਲ ਅਤੇ ਜੋਸ਼ ਵਿੱਚ:** ਸਿੱਖ ਕੌਮ ਪਹਿਲਾਂ ਵੀ ਬਹੁਤ ਬਹਾਦਰ ਸੀ। ਸੈਨਿਕ ਸਿਖ਼ਲਾਈ ਅਤੇ ਗੁਰੂ ਸਾਹਿਬ ਦੁਆਰਾ ਮਿਲੇ ਸਿਧਾਂਤਾਂ ਨੇ ਉਹਨਾਂ ਦੇ ਬਲ ਅਤੇ ਜੋਸ਼ ਨੂੰ ਕਈ ਗੁਣਾ ਵਧਾ ਦਿੱਤਾ। ਉਹਨਾਂ ਨੇ ਮੁਗ਼ਲਾਂ ਅਤੇ ਅਫ਼ਗਾਨਾਂ ਦਾ ਬਹੁਤ ਬਹਾਦਰੀ ਅਤੇ ਸਿਆਣਪ ਨਾਲ ਮੁਕਾਬਲਾ ਕੀਤਾ।

IX. **ਨੀਵੀਆਂ ਜਾਤੀਆਂ ਦਾ ਉੱਥਾਨ:** ਖ਼ਾਲਸਾ ਪੰਥ ਦੀ ਸਥਾਪਨਾ ਤੋਂ ਪਹਿਲਾਂ ਨੀਵੀਆਂ ਜਾਤੀਆਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਇਹਨਾਂ ਜਾਤੀਆਂ ਨੂੰ ਖ਼ਾਲਸਾ ਪੰਥ ਵਿੱਚ ਸ਼ਾਮਿਲ ਕਰਕੇ ਬਰਾਬਰੀ ਦਾ ਦਰਜਾ ਦਿੱਤਾ। ਇਹਨਾਂ ਜਾਤੀਆਂ ਦੇ ਮਨਾਂ ਵਿੱਚ ਉਤਸ਼ਾਹ ਪੈਦਾ ਹੋਇਆ ਅਤੇ ਉਹਨਾਂ ਨੇ ਸਮਾਜ ਦੇ ਵਿਕਾਸ ਵਿੱਚ ਸ਼ਲਾਘਾਯੋਗ ਯੋਗਦਾਨ ਦਿੱਤਾ।

X. **ਸੁਤੰਤਰ ਕੌਮ ਦਾ ਨਿਰਮਾਣ:** ਖ਼ਾਲਸਾ ਪੰਥ ਦੀ ਸਥਾਪਨਾ ਨੇ ਇੱਕ ਸੁਤੰਤਰ ਕੌਮ ਦਾ ਨਿਰਮਾਣ ਕੀਤਾ। ਪੰਜ ਕਕਾਰ, ਨਾਵਾਂ ਨਾਲ ਸਿੰਘ ਤੇ ਕੌਰ ਲਗਾਉਣਾ, ਇੱਕੋ ਪ੍ਰਮਾਤਮਾ ਦੀ ਭਗਤੀ ਕਰਨਾ ਅਤੇ ਗੁਰਬਾਣੀ ਦਾ ਓਟ-ਆਸਰਾ ਲੈ ਕੇ ਕੰਮ ਕਰਨਾ ਸਿੱਖਾਂ ਦੇ ਜੀਵਨ ਦਾ ਹਿੱਸਾ ਬਣ ਗਿਆ।

XI. **ਸਿੱਖਾਂ ਦਾ ਰਾਜਨੀਤਕ ਸ਼ਕਤੀ ਬਣਨਾ:** ਹਥਿਆਰਬੰਦ ਹੋਣ ਤੋਂ ਬਾਅਦ ਸਿੱਖ ਇਕੱਠੇ ਰਹਿਣ ਲੱਗੇ। ਇਸ ਏਕਤਾ ਕਾਰਨ ਸਿੱਖਾਂ ਦੇ ਜੱਥੇ ਬਣੇ ਜਿਹੜੇ ਬਾਅਦ ਵਿੱਚ ਮਿਸਲਾਂ ਦਾ ਰੂਪ ਧਾਰਨ ਕਰ ਗਏ। ਇਹਨਾਂ ਮਿਸਲਾਂ ਨੂੰ ਇਕੱਠਾ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਸਿੱਖ ਸਾਮਰਾਜ ਦੀ ਨੀਂਹ ਰੱਖੀ।

**4) ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ/ਵਿਅਕਤਿੱਤਵ ਦਾ ਮੁਲਾਂਕਣ ਕਰੋ।**

ਉੱਤਰ: ਗੁਰੂ ਸਾਹਿਬ ਇੱਕ ਮਹਾਨ ਸ਼ਖਸੀਅਤ ਦੇ ਮਾਲਕ ਸਨ। ਉਹਨਾਂ ਦੀ ਸ਼ਖਸੀਅਤ ਦੇ ਗੁਣਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਫਿਰ ਵੀ ਅਸੀਂ ਗੁਰੂ ਸਾਹਿਬ ਦੀ ਸ਼ਖਸੀਅਤ ਦਾ ਚਿਤਰਣ ਹੇਠ ਲਿਖੇ ਸਿਰਲੇਖਾਂ ਅਧੀਨ ਕਰ ਸਕਦੇ ਹਾਂ:


Download Free Study Material From SIKHYA APP

I. **ਇੱਕ ਮਨੁੱਖ ਦੇ ਰੂਪ ਵਿੱਚ**: ਗੁਰੂ ਸਾਹਿਬ ਦੀ ਸ਼ਖਸੀਅਤ ਬਹੁਤ ਪ੍ਰਭਾਵਸ਼ਾਲੀ ਅਤੇ ਖਿੱਚ ਭਰਪੂਰ ਸੀ। ਉਹਨਾਂ ਦਾ ਕੱਦ ਲੰਮਾ, ਰੰਗ ਗੋਰਾ ਅਤੇ ਸਰੀਰ ਮਜਬੂਤ ਸੀ। ਉਹਨਾਂ ਦੇ ਚਿਹਰੇ ਤੋਂ ਨੂਰ ਝਲਕਦਾ ਸੀ। ਉਹਨਾਂ ਦੀ ਬਾਣੀ ਬਹੁਤ ਮਿੱਠੀ ਸੀ। ਉਹ ਹਰ ਸਮੇਂ ਸ਼ਸਤਰ ਧਾਰਨ ਕਰਕੇ ਰੱਖਦੇ ਸਨ। ਕੋਈ ਵੀ ਵਿਅਕਤੀ ਉਹਨਾਂ ਦੇ ਦਰਸ਼ਨ ਕਰਕੇ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਉਹ ਉੱਚੇ ਆਦਰਸ਼ਾਂ ਦੇ ਮਾਲਕ ਸਨ। ਉਹਨਾਂ ਨੇ ਧਰਮ ਦੀ ਰੱਖਿਆ ਲਈ ਆਪਣੇ ਸਾਰੇ ਪਰਿਵਾਰ ਨੂੰ ਕੁਰਬਾਨ ਕਰ ਦਿੱਤਾ। ਉਹਨਾਂ ਦਾ ਸਾਰਾ ਜੀਵਨ ਸੰਘਰਸ਼ ਕਰਦੇ ਬੀਤਿਆ ਪਰ ਉਹਨਾਂ ਨੇ ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ।

II. **ਇੱਕ ਵਿਦਵਾਨ ਦੇ ਰੂਪ ਵਿੱਚ**: ਗੁਰੂ ਗੋਬਿੰਦ ਸਿੰਘ ਜੀ ਇੱਕ ਉੱਚ ਕੋਟੀ ਦੇ ਕਵੀ ਅਤੇ ਸਾਹਿਤਕਾਰ ਵੀ ਸਨ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਦੀ ਵਰਤੋਂ ਕੀਤੀ। ਉਹਨਾਂ ਨੇ ਜਾਪੁ ਸਾਹਿਬ, ਬਚਿੱਤਰ ਨਾਟਕ, ਜ਼ਫਰਨਾਮਾ, ਚੰਡੀ ਦੀ ਵਾਰ ਅਤੇ ਅਕਾਲ ਉਸਤਤਿ ਆਦਿ ਬਾਣੀਆਂ ਦੀ ਰਚਨਾ ਕੀਤੀ। ਇਹ ਬਾਣੀਆਂ ਸਾਨੂੰ ਅਧਿਆਤਮਕ ਸੇਧ ਦੇਣ ਦੇ ਨਾਲ-ਨਾਨ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਵੀ ਦਿੰਦੀਆਂ ਹਨ। ਗੁਰੂ ਸਾਹਿਬ ਨੇ ਆਪਣੇ ਦਰਬਾਰ ਵਿੱਚ 52 ਉੱਚ ਕੋਟੀ ਦੇ ਕਵੀਆਂ ਨੂੰ ਵੀ ਸਰਪ੍ਰਸਤੀ ਦਿੱਤੀ ਹੋਈ ਸੀ।

III. **ਇੱਕ ਯੋਧਾ ਅਤੇ ਸੈਨਾਪਤੀ ਦੇ ਰੂਪ ਵਿੱਚ**: ਗੁਰੂ ਸਾਹਿਬ ਇੱਕ ਮਹਾਨ ਯੋਧਾ ਅਤੇ ਸੈਨਾਪਤੀ ਸਨ। ਉਹ ਘੋੜਸਵਾਰੀ, ਤੀਰ-ਅੰਦਾਜੀ, ਤਲਵਾਰਬਾਜ਼ੀ ਅਤੇ ਸ਼ਸਤਰ ਵਿੱਦਿਆ ਵਿੱਚ ਮਾਹਿਰ ਸਨ। ਉਹਨਾਂ ਨੇ ਇੱਕ ਸ਼ਕਤੀਸ਼ਾਲੀ ਸੈਨਾ ਦਾ ਨਿਰਮਾਣ ਕੀਤਾ ਅਤੇ ਸਿਖਲਾਈ ਦਿੱਤੀ। ਗੁਰੂ ਸਾਹਿਬ ਨੇ ਲੜਾਈਆਂ ਵਿੱਚ ਸੈਨਾ ਦੀ ਅਗਵਾਈ ਦਿੱਤੀ ਅਤੇ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀਆਂ ਸ਼ਕਤੀਸ਼ਾਲੀ ਸੈਨਾਵਾਂ ਨੂੰ ਹਰਾਇਆ।

IV. **ਇੱਕ ਧਾਰਮਿਕ ਨੇਤਾ ਦੇ ਰੂਪ ਵਿੱਚ**: ਗੁਰੂ ਸਾਹਿਬ ਨੇ ਸਿੱਖਾਂ ਨੂੰ ਸੈਨਿਕ ਅਗਵਾਈ ਦੇਣ ਦੇ ਨਾਲ ਨਾਲ ਧਾਰਮਿਕ ਅਗਵਾਈ ਵੀ ਪ੍ਰਦਾਨ ਕੀਤੀ। ਖ਼ਾਲਸਾ ਪੰਥ ਦੀ ਸਥਾਪਨਾ ਦਾ ਮਕਸਦ ਵੀ ਸਿੱਖਾਂ ਨੂੰ ਸਵੈ ਰੱਖਿਆ ਦੇ ਨਾਲ ਨਾਲ


Download Free Study Material From SIKHYA APP

ਧਾਰਮਿਕ ਪ੍ਰੰਪਰਾ ਨਾਲ ਜੋੜਨਾ ਸੀ। ਗੁਰੂ ਸਾਹਿਬ ਨੇ ਹਰੇਕ ਖ਼ਾਲਸੇ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਅਤੇ ਗੁਰਬਾਣੀ ਪਾਠ ਕਰਨ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਸੱਚਾਈ ਦੇ ਰਸਤੇ ਤੇ ਚੱਲਣ ਅਤੇ ਸਾਦਾ ਤੇ ਪਵਿੱਤਰ ਜੀਵਨ ਜੀਣ ਲਈ ਪ੍ਰੇਰਣਾ ਦਿੱਤੀ।

V. **ਇੱਕ ਸਮਾਜ ਸੁਧਾਰਕ ਦੇ ਰੂਪ ਵਿੱਚ:** ਗੁਰੂ ਸਾਹਿਬ ਨੇ ਖ਼ਾਲਸਾ ਦੀ ਸਥਾਪਨਾ ਕਰਕੇ ਸਮਾਜ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਉਹਨਾਂ ਨੇ ਜਾਤੀ ਪ੍ਰਥਾ ਨੂੰ ਖਤਮ ਕਰਕੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕੀਤੀ। ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦਿੱਤੇ ਗਏ।ਸਿੱਖਾਂ ਨੂੰ ਮੂਰਤੀ ਪੂਜਾ ਅਤੇ ਹੋਰ ਕਰਮਕਾਂਡਾਂ ਤੋ ਵਰਜਿਆ ਗਿਆ। ਸਤੀ ਪ੍ਰਥਾ ਅਤੇ ਪਰਦਾ ਪ੍ਰਥਾ ਦੀ ਨਿਖੇਧੀ ਕੀਤੀ ਗਈ। ਗੁਰੂ ਸਾਹਿਬ ਦੁਆਰਾ ਸਿਰਜਿਆ ਗਿਆ ਸਮਾਜ ਲੋਕਤੰਤਰੀ ਕਦਰਾਂ ਕੀਮਤਾਂ ਤੇ ਅਧਾਰਿਤ ਸੀ।

VI. **ਇੱਕ ਸੰਗਠਨ ਕਰਤਾ ਦੇ ਰੂਪ ਵਿੱਚ:** ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਆਪਣੇ ਮਹਾਨ ਸੰਗਠਨਕਰਤਾ ਹੋਣ ਦਾ ਸਬੂਤ ਦਿੱਤਾ। ਖਾਲਸਾ ਪੰਥ ਦੀ ਸਥਾਪਨਾ ਨਾਲ ਸਿੱਖਾਂ ਵਿੱਚ ਏਕਤਾ ਹੋ ਗਈ। ਗੁਰੂ ਸਾਹਿਬ ਨੇ ਸਿੱਖਾਂ ਅੰਦਰਲੇ ਗੁਣਾਂ ਨੂੰ ਪਹਿਚਾਣਿਆ ਅਤੇ ਉਹਨਾਂ ਨੂੰ ਮਹਾਨ ਯੋਧੇ ਬਣਾ ਦਿੱਤਾ। ਗੁਰੂ ਸਾਹਿਬ ਦੁਆਰਾ ਸਥਾਪਿਤ ਕੀਤਾ ਖਾਲਸਾ ਅਨੇਕਾਂ ਵਰ੍ਹਿਆਂ ਤੱਕ ਵੱਡੀਆਂ-ਵੱਡੀਆਂ ਸ਼ਕਤੀਆਂ ਨਾਲ ਸੰਘਰਸ਼ ਕਰਦਾ ਰਿਹਾ ਅਤੇ ਅੰਤ ਵਿੱਚ ਪੰਜਾਬ ਵਿੱਚ ਸੁਤੰਤਰ ਸਿੱਖ ਸਾਮਰਾਜ ਸਥਾਪਿਤ ਕਰਨ ਵਿੱਚ ਸਫ਼ਲ ਹੋਇਆ।

**5) ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਸਿੱਧ ਲੜਾਈਆਂ ਦਾ ਵਰਣਨ ਕਰੋ।**

ਉੱਤਰ:

I. **ਭੰਗਾਣੀ ਦੀ ਲੜਾਈ:** ਗੁਰੂ ਗੋਬਿੰਦ ਸਿੰਘ ਦੀਆਂ ਫੌਜੀ ਤਿਆਰੀਆਂ ਕਾਰਨ ਪਹਾੜੀ ਰਾਜਿਆਂ ਨੂੰ ਖਤਰਾ ਮਹਿਸੂਸ ਹੋਇਆ। ਉਹਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਸਿੱਖਾਂ ਅਤੇ ਪਹਾੜੀ ਰਾਜਿਆਂ ਵਿਚਕਾਰ ਭੰਗਾਣੀ ਦੀ ਲੜਾਈ ਹੋਈ। ਇਹ ਲੜਾਈ 1688 ਈ: ਲੜੀ ਗਈ। ਇਸ ਲੜਾਈ ਵਿੱਚ ਸਢੌਰਾ ਦੇ ਪੀਰ ਬੁੱਧੂ


Download Free Study Material From SIKHYA APP

ਸ਼ਾਹ ਨੇ ਆਪਣੇ ਰਿਸ਼ਤੇਦਾਰਾਂ ਅਤੇ ਸੈਨਿਕਾਂ ਸਮੇਤ ਗੁਰੂ ਸਾਹਿਬ ਦਾ ਸਾਥ ਦਿੱਤਾ। ਪਹਾੜੀ ਰਾਜਿਆਂ ਦੀ ਭਾਰੀ ਹਾਰ ਹੋਈ।

II. **ਨਾਦੌਨ ਦੀ ਲੜਾਈ:** ਇਹ ਲੜਾਈ 1690 ਈ: ਵਿੱਚ ਹੋਈ। ਭੰਗਾਣੀ ਦੀ ਲੜਾਈ ਤੋਂ ਬਾਅਦ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਮਿੱਤਰਤਾ ਕਰ ਲਈ ਸੀ ਅਤੇ ਮੁਗ਼ਲਾਂ ਨੂੰ ਸਲਾਨਾ ਖਰਾਜ਼ ਦੇਣਾ ਬੰਦ ਕਰ ਦਿੱਤਾ ਸੀ। ਇਸ ਲਈ ਮੁਗ਼ਲ ਬਾਦਸ਼ਾਹ ਨੇ ਆਲਿਫ਼ ਖਾਂ ਅਧੀਨ ਇੱਕ ਫੌਜ ਪਹਾੜੀ ਰਾਜਿਆਂ ਵਿਰੁੱਧ ਭੇਜੀ। ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਤੋਂ ਸਹਾਇਤਾ ਮੰਗੀ। ਗੁਰੂ ਸਾਹਿਬ ਨੇ ਪਹਾੜੀ ਰਾਜੇ ਭੀਮ ਚੰਦ ਦਾ ਸਾਥ ਸਾਥ ਦਿੱਤਾ। ਗੁਰੂ ਸਾਹਿਬ ਅਤੇ ਭੀਮ ਚੰਦ ਦੀ ਸਾਂਝੀ ਫੌਜ਼ ਨੇ ਮੁਗਲਾਂ ਨੂੰ ਹਰਾ ਦਿੱਤਾ।

III. **ਸ਼੍ਰੀ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ**: ਇਹ ਲੜਾਈ 1701 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਵਿਚਕਾਰ ਹੋਈ। ਗੁਰੂ ਸਾਹਿਬ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਕਰਨ ਤੋਂ ਬਾਅਦ ਭਾਰੀ ਗਿਣਤੀ ਵਿੱਚ ਲੋਕ ਖਾਲਸਾ ਪੰਥ ਵਿੱਚ ਸ਼ਾਮਿਲ ਹੋਣ ਲੱਗੇ। ਗੁਰੂ ਜੀ ਦੀ ਵਧਦੀ ਸ਼ਕਤੀ ਤੋਂ ਪਹਾੜੀ ਰਾਜੇ ਘਬਰਾ ਗਏ। ਪਹਾੜੀ ਰਾਜੇ ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਲਈ ਕਿਹਾ। ਗੁਰ ਸਾਹਿਬ ਦੇ ਇਨਕਾਰ ਕਰਨ ਤੇ ਪਹਾੜੀ ਰਾਜਿਆਂ ਨੇ ਕਿਲ੍ਹੇ ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਨੂੰ ਸਫ਼ਲਤਾ ਨਾ ਮਿਲੀ। ਇਸ ਲਈ ਉਹਨਾਂ ਨੇ ਗੁਰੂ ਸਾਹਿਬ ਨਾਲ ਸੰਧੀ ਕਰ ਲਈ।

IV. **ਸ੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ**: ਇਹ ਲੜਾਈ ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜਿਆਂ ਵਿਚਕਾਰ ਹੋਈ। ਪਹਾੜੀ ਰਾਜਿਆਂ ਨੇ 1704 ਈ: ਵਿੱਚ ਦੁਬਾਰਾ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲ੍ਹੇ ਅੰਦਰੋਂ ਬਹਾਦਰੀ ਨਾਲ ਮੁਕਾਬਲਾ ਕੀਤਾ। ਸਫ਼ਲਤਾ ਨਾ ਮਿਲਦੀ ਵੇਖ ਕੇ ਪਹਾੜੀ ਰਾਜਿਆਂ ਨੇ ਇੱਕ ਚਾਲ ਚੱਲੀ। ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਜੇਕਰ ਉਹ ਕਿਲ੍ਹਾ ਛੱਡ ਦੇਣ ਤਾਂ ਉਹਨਾਂ ਨੂੰ ਕੁਝ ਨਹੀਂ


Download Free Study Material From SIKHYA APP

ਕਿਹਾ ਜਾਵੇਗਾ। ਮਾਤਾ ਗੁਜ਼ਰੀ ਜੀ ਅਤੇ ਹੋਰ ਸਿੱਖਾਂ ਦੇ ਕਹਿਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਲ੍ਹਾ ਛੱਡਣ ਦਾ ਫੈਸਲਾ ਕੀਤਾ।

V. **ਚਮਕੌਰ ਸਾਹਿਬ ਦੀ ਲੜਾਈ:** ਚਮਕੌਰ ਸਾਹਿਬ ਦੀ ਲੜਾਈ ਲੜਾਈ 1704 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲਾਂ ਵਿਚਕਾਰ ਹੋਈ। ਗੁਰੂ ਗੋਬਿੰਦ ਸਿੰਘ ਜੀ ਆਪਣੇ 40 ਸਿੱਖਾਂ ਨਾਲ ਚਮਕੌਰ ਸਾਹਿਬ ਵਿਖੇ ਦੀ ਗੜ੍ਹੀ ਵਿਖੇ ਪਹੁੰਚੇ। ਮੁਗ਼ਲ ਸੈਨਾ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜਾਦੇ ਸਾਹਿਬਜਾਦਾ ਅਜੀਤ ਸਿੰਘ ਜੀ ਅਤੇ ਸਾਹਿਬਜਾਦਾ ਜੁਝਾਰ ਸਿੰਘ ਜੀ ਇਸ ਲੜਾਈ ਵਿੱਚ ਸ਼ਹੀਦ ਹੋ ਗਏ।

VI. **ਖਿਦਰਾਣੇ ਦੀ ਲੜਾਈ:** ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਅੰਤਮ ਲੜਾਈ ਖਿਦਰਾਣੇ ਦੀ ਲੜਾਈ ਸੀ। ਗੁਰੂ ਸਾਹਿਬ ਮਾਛੀਵਾੜੇ ਤੋਂ ਹੁੰਦੇ ਹੋਏ ਖਿਦਰਾਣਾ ਵਿਖੇ ਪਹੁੰਚੇ। ਜਦੋਂ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੇ 29 ਦਸੰਬਰ 1705 ਈ: ਨੂੰ ਇੱਕ ਵਿਸ਼ਾਲ ਫੌਜ ਨਾਲ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਮੁਗ਼ਲਾਂ ਨੂੰ ਕਰਾਰੀ ਹਾਰ ਦਿੱਤੀ। ਇਸ ਲੜਾਈ ਵਿੱਚ ਉਹ 40 ਸਿੱਖਾਂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਸ੍ਰੀ ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿੱਚ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਉਹਨਾਂ ਦਾ ਸਾਥ ਛੱਡ ਗਏ ਸਨ। ਉਹਨਾਂ ਦੇ ਨੇਤਾ ਭਾਈ ਮਹਾਂ ਸਿੰਘ ਦੇ ਕਹਿਣ ਤੇ ਗੁਰੂ ਸਾਹਿਬ ਨੇ ਬੇਦਾਵਾ ਪਾੜ ਕੇ ਉਹਨਾਂ ਨੂੰ ਮੁਕਤ ਕਰ ਦਿੱਤਾ। ਇਸ ਲਈ ਖਿਦਰਾਣੇ ਦਾ ਨਾਂ ਸ੍ਰੀ ਮੁਕਤਸਰ ਸਾਹਿਬ ਪੈ ਗਿਆ।


Download Free Study Material From SIKHYA APP

# ਪਾਠ 10

# ਬੰਦਾ ਸਿੰਘ ਬਹਾਦਰ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਬੰਦਾ ਸਿੰਘ ਬਹਾਦਰ ਦਾ ਜਨਮ ਕਦੋਂ ਹੋਇਆ ? | 1670 ਈ: |
| 2) ਬੰਦਾ ਸਿੰਘ ਬਹਾਦਰ ਦਾ ਜਨਮ ਕਿੱਥੇ ਹੋਇਆ ? | ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਰਾਜੌਰੀ ਪਿੰਡ ਵਿੱਚ |
| 3) ਬੰਦਾ ਬਹਾਦਰ ਦੇ ਪਿਤਾ ਦਾ ਨਾਂ ਕੀ ਸੀ ? | ਰਾਮ ਦੇਵ |
| 4) ਬੰਦਾ ਬਹਾਦਰ ਦਾ ਬਚਪਨ ਦਾ ਨਾਂ ਕੀ ਸੀ ? | ਲਛਮਨ ਦੇਵ |
| 5) ਬੰਦਾ ਬਹਾਦਰ ਕਿਸ ਜਾਤੀ ਨਾਲ ਸਬੰਧ ਰੱਖਦਾ ਸੀ ? | ਡੋਗਰਾ ਰਾਜਪੂਤ |
| 6) ਕਿੰਨੀ ਉਮਰ ਵਿੱਚ ਬੰਦਾ ਬਹਾਦਰ ਨੇ ਸ਼ਿਕਾਰ ਕਰਨਾ ਛੱਡ ਦਿੱਤਾ ? | 15 ਸਾਲ |
| 7) ਬੰਦਾ ਬਹਾਦਰ ਨੇ ਕਿਸਦੇ ਪ੍ਰਭਾਵ ਹੇਠ ਆ ਕੇ ਬੈਰਾਗ ਧਾਰਨ ਕੀਤਾ ? | ਜਾਨਕੀ ਦਾਸ |
| 8) ਬੈਰਾਗੀ ਬਣਾ ਕੇ ਜਾਨਕੀ ਪ੍ਰਸਾਦ ਨੇ ਬੰਦਾ ਸਿੰਘ ਨੂੰ ਕੀ ਨਾਂ ਦਿੱਤਾ ? | ਮਾਧੋ ਦਾਸ |
| 9) ਬੰਦਾ ਬਹਾਦਰ ਨੇ ਤੰਤਰ ਵਿੱਦਿਆ ਕਿਸਤੋਂ ਪ੍ਰਾਪਤ ਕੀਤੀ ? | ਔਘੜ ਨਾਥ |
| 10) ਬੰਦਾ ਬਹਾਦਰ ਦੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਕਿੱਥੇ ਹੋਈ ? | ਨਾਂਦੇੜ ਵਿਖੇ |
| 11) ਬੰਦਾ ਸਿੰਘ ਬਹਾਦਰ ਨੂੰ ਇਹ ਨਾਂ ਕਿਸਨੇ ਦਿੱਤਾ ? | ਗੁਰੂ ਗੋਬਿੰਦ ਸਿੰਘ ਜੀ ਨੇ |
| 12) ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਕਦੋਂ ਕੂਚ ਕੀਤਾ ? | 1708 ਈ: |
| 13) ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਕਿੰਨੇ ਤੀਰ ਦਿੱਤੇ ? | 5 |
| 14) ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨਾਲ ਕਿੰਨੇ ਸਿੱਖਾਂ ਨੂੰ ਭੇਜਿਆ ? | 25 |



Download Free Study Material From SIKHYA APP

| | |
|---|---|
| 15) ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਕਿੰਨੇ ਆਦੇਸ਼ ਦਿੱਤੇ ? | 5 |
| 16) ਬੰਦਾ ਸਿੰਘ ਬਹਾਦਰ ਨੇ ਆਪਣੀਆਂ ਜਿੱਤਾਂ ਦੀ ਸ਼ੁਰੂਆਤ ਕਿੱਥੋਂ ਕੀਤੀ ? | ਸੋਨੀਪਤ ਤੋਂ |
| 17) ਬੰਦਾ ਸਿੰਘ ਬਹਾਦਰ ਨੇ ਸੋਨੀਪਤ ਤੇ ਹਮਲਾ ਕਦੋਂ ਕੀਤਾ ? | 1709 ਈ: |
| 18) ਬੰਦਾ ਸਿੰਘ ਬਹਾਦਰ ਨੇ ਸਮਾਣਾ ਤੇ ਹਮਲਾ ਕਿਉਂ ਕੀਤਾ ? | ਇੱਥੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨਵਾਲਾ ਜੱਲਾਦ ਜਲਾਲਉੱਦੀਨ ਅਤੇ ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਾਲੇ ਸ਼ਾਸਲ ਬੇਗ ਅਤੇ ਬਾਸ਼ਲ ਬੇਗ ਰਹਿੰਦੇ ਸਨ |
| 19) ਕਦਮਉੱਦੀਨ ਕਿੱਥੋਂ ਦਾ ਸ਼ਾਸਕ ਸੀ ? | ਕਪੂਰੀ ਦਾ |
| 20) ਸਢੋਰਾ ਦੇ ਕਿਹੜੇ ਸ਼ਾਸਕ ਨੇ ਪੀਰ ਬੁੱਧੂ ਸ਼ਾਹ ਨੂੰ ਕਤਲ ਕਰਵਾਇਆ ਸੀ ? | ਉਸਮਾਨ ਖਾਂ ਨੇ |
| 21) ਬੰਦਾ ਸਿੰਘ ਬਹਾਦਰ ਦੇ ਹਮਲੇ ਤੋਂ ਬਾਅਦ ਸਢੌਰਾ ਦਾ ਕੀ ਨਾਂ ਪੈ ਗਿਆ ? | ਕਤਲਗੜ੍ਹੀ |
| 22) ਬੰਦਾ ਸਿੰਘ ਬਹਾਦਰ ਨੇ ਸਰਹਿੰਦ ਤੇ ਹਮਲਾ ਕਿਉਂ ਕੀਤਾ ? | ਛੋਟੇ ਸਾਹਿਬਜਾਦਿਆਂ ਅਤੇ ਗੁਰੂ ਗੋਬਿੰਦ ਸਿੰਘਜੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ |
| 23) ਚੱਪੜਚਿੜੀ ਦੀ ਲੜਾਈ ਕਦੋਂ ਹੋਈ ? | 1710 ਈ: |
| 24) ਬੰਦਾ ਸਿੰਘ ਬਹਾਦਰ ਨੇ ਕਿਸਨੂੰ ਸਰਹਿੰਦ ਦਾ ਸ਼ਾਸਕ ਨਿਯੁਕਤ ਕੀਤਾ ? | ਭਾਈ ਬਾਜ਼ ਸਿੰਘ ਨੂੰ |
| 25) ਬੰਦਾ ਸਿੰਘ ਬਹਾਦਰ ਨੇ ਸਹਾਰਨਪੁਰ ਦਾ ਕੀ ਨਾਂ ਰੱਖਿਆ ? | ਭਾਗ ਨਗਰ |
| 26) ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਦਾ ਕੀ ਨਾਂ ਸੀ ? | ਲੋਹਗੜ੍ਹ |
| 27) ਲੋਹਗੜ੍ਹ ਨੂੰ ਕਿਸ ਸਥਾਨ ਤੇ ਬਣਾਇਆ ਗਿਆ ਸੀ ? | ਮੁਖਲਿਸਪੁਰ ਵਿਖੇ |


Download Free Study Material From SIKHYA APP

| | |
|---|---|
| 28) ਫਰੁਖ਼ਸੀਅਰ ਮੁਗਲਾਂ ਦਾ ਬਾਦਸ਼ਾਹ ਕਦੋਂ ਬਣਿਆ ? | 1713 ਈ: ਵਿੱਚ |
| 29) ਫਰੁਖ਼ਸੀਅਰ ਨੇ ਕਿਸਨੂੰ ਬੰਦਾ ਬਹਾਦਰ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਦਿੱਤਾ ? | ਅਬਦੁਸ ਸਮਦ ਖਾਂ ਨੂੰ |
| 30) ਗੁਰਦਾਸ ਨੰਗਲ ਦੀ ਲੜਾਈ ਕਦੋਂ ਹੋਈ ? | 1715 ਈ: |
| 31) ਗੁਰਦਾਸ ਨੰਗਲ ਦੀ ਲੜਾਈ ਵਿੱਚ ਮੁਗਲ ਫੌਜ ਦੀ ਅਗਵਾਈ ਕੌਣ ਕਰ ਰਿਹਾ ਸੀ ? | ਅਬਦੁਸ ਸਮਦ ਖਾਂ |
| 32) ਗੁਰਦਾਸ ਨੰਗਲ ਦੀ ਲੜਾਈ ਵਿੱਚ ਬੰਦਾ ਸਿੰਘ ਬਹਾਦਰ ਨੇ ਕਿਹੜੀ ਥਾਂ ਤੋਂ ਮੁਗਲ ਸੈਨਾ ਦਾ ਮੁਕਾਬਲਾ ਕੀਤਾ ? | ਦੁਨੀ ਚੰਦ ਦੀ ਹਵੇਲੀ ਵਿੱਚੋਂ |
| 33) ਦੁਨੀ ਚੰਦ ਦੀ ਹਵੇਲੀ ਵਿੱਚ ਕਿਹੜੇ ਸਿੱਖ ਨਾਲ ਬੰਦਾ ਸਿੰਘ ਬਹਾਦਰ ਦੇ ਮਤਭੇਦ ਹੋਏ ਅਤੇ ਉਹ ਸਿੱਖ ਆਪਣੇ ਸਾਥੀਆਂ ਸਮੇਤ ਹਵੇਲੀ ਛੱਡ ਕੇ ਚਲਾ ਗਿਆ ? | ਬਾਬਾ ਬਿਨੋਦ ਸਿੰਘ |
| 34) ਬੰਦਾ ਸਿੰਘ ਬਹਾਦਰ ਨੇ ਦੁਨੀ ਚੰਦ ਦੀ ਹਵੇਲੀ ਤੋਂ ਕਿੰਨਾ ਸਮਾਂ ਮੁਗਲਾਂ ਨਾਲ ਯੁੱਧ ਕੀਤਾ ? | 8 ਮਹੀਨੇ |
| 35) ਬੰਦਾ ਸਿੰਘ ਬਹਾਦਰ ਨੂੰ ਕਦੋਂ ਗ੍ਰਿਫ਼ਤਾਰ ਕੀਤਾ ਗਿਆ ? | 7 ਦਸੰਬਰ 1715 ਈ: |
| 36) ਬੰਦਾ ਸਿੰਘ ਬਹਾਦਰ ਨੂੰ ਕਦੋਂ ਸ਼ਹੀਦ ਕੀਤਾ ਗਿਆ ? | 19 ਜੂਨ 1716 ਈ: |
| 37) ਬੰਦਾ ਸਿੰਘ ਬਹਾਦਰ ਦੇ ਪੁੱਤਰ ਦਾ ਨਾਂ ਕੀ ਸੀ ? | ਅਜੈ ਸਿੰਘ |
| 38) ਬੰਦਾ ਸਿੰਘ ਬਹਾਦਰ ਨੇ ਕਿਸਾਨੀ ਨਾਲ ਸਬੰਧਤ ਕਿਹੜੀ ਪ੍ਰਥਾ ਨੂੰ ਖਤਮ ਕੀਤਾ ? | ਜਿੰਮੀਦਾਰੀ ਪ੍ਰਥਾ ਨੂੰ |


Download Free Study Material From SIKHYA APP

39) ਬੰਦਾ ਸਿੰਘ ਬਹਾਦਰ ਨੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ ਤੇ ਕਿਹੜੇ ਸ਼ਬਦ ਪ੍ਰਚਲਿਤ ਕੀਤੇ ? 'ਫ਼ਤਿਹ ਧਰਮ' ਤੇ 'ਫ਼ਤਿਹ ਦਰਸ਼ਨ'

40) ਸਿੱਖਾਂ ਦੇ ਸੁਤੰਤਰ ਰਾਜ ਦੀ ਸਥਾਪਨਾ ਕਰਨ ਵਾਲਾ ਪਹਿਲਾ ਸਿੱਖ ਕੌਣ ਸੀ ? ਬੰਦਾ ਸਿੰਘ ਬਹਾਦਰ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਬੰਦਾ ਸਿੰਘ ਬਹਾਦਰ ਦੇ ਬਚਪਨ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਬੰਦਾ ਸਿੰਘ ਬਹਾਦਰ ਦਾ ਜਨਮ 1670 ਈ: ਵਿੱਚ ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਪਿੰਡ ਰਾਜੌਰੀ ਵਿਖੇ ਹੋਇਆ। ਉਹ ਡੋਗਰਾ ਰਾਜਪੂਤ ਜਾਤੀ ਨਾਲ ਸਬੰਧ ਰੱਖਦਾ ਸੀ। ਉਸਦੇ ਪਿਤਾ ਰਾਮਦੇਵ ਇੱਕ ਕਿਸਾਨ ਸਨ। ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਉਸਦਾ ਬਚਪਨ ਗਰੀਬੀ ਵਿੱਚ ਬੀਤਿਆ। ਗਰੀਬ ਹੋਣ ਕਾਰਨ ਬੰਦਾ ਸਿੰਘ ਬਹਾਦਰ ਜਿਆਦਾ ਪੜ੍ਹ-ਲਿਖ ਨਾ ਸਕਿਆ ਅਤੇ ਆਪਣੇ ਪਿਤਾ ਦਾ ਹੱਥ ਵੰਡਾਉਣ ਲੱਗਿਆ। ਉਹ ਸ਼ਿਕਾਰ ਦਾ ਬਹੁਤ ਸ਼ੌਕੀਨ ਸੀ।

**2) ਬੰਦਾ ਸਿੰਘ ਬਹਾਦਰ ਬੈਰਾਗੀ ਕਿਉਂ ਬਣਿਆ ?**

ਉੱਤਰ: ਬੰਦਾ ਸਿੰਘ ਬਹਾਦਰ ਬਚਪਨ ਤੋਂ ਹੀ ਸ਼ਿਕਾਰ ਖੇਡਣਦਾ ਸ਼ੌਕੀਨ ਸੀ। 15 ਸਾਲ ਦੀ ਉਮਰ ਵਿੱਚ, ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਉਸਨੇ ਇੱਕ ਅਜਿਹੀ ਹਿਰਨੀ ਨੂੰ ਤੀਰ ਮਾਰਿਆ ਜਿਹੜੀ ਗਰਭਵਤੀ ਸੀ। ਉਸਦੀਆਂ ਦੀਆਂ ਅੱਖਾਂ ਦੇ ਸਾਹਮਣੇ ਹੀ ਹਿਰਨੀ ਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਜਿਹੜੇ ਵੇਖਦੇ ਹੀ ਵੇਖਦੇ ਦਮ ਤੋੜ ਗਏ। ਇਸ ਦ੍ਰਿਸ਼ ਦਾ ਬੰਦਾ ਸਿੰਘ ਦੇ ਮਨ ਤੇ ਡੂੰਘਾ ਅਸਰ ਪਿਆ ਅਤੇ ਉਹ ਬੈਰਾਗੀ ਬਣ ਗਿਆ।

**3) ਇੱਕ ਬੈਰਾਗੀ ਦੇ ਰੂਪ ਵਿੱਚ ਬੰਦਾ ਸਿੰਘ ਬਹਾਦਰ ਦੀ ਪ੍ਰਸਿੱਧੀ ਦਾ ਕੀ ਕਾਰਨ ਸੀ ?**


Download Free Study Material From SIKHYA APP

ਉੱਤਰ: ਬੈਰਾਗੀਆਂ ਦੇ ਨਾਲ ਘੁੰਮਦੇ ਘੁੰਮਦੇ ਬੰਦਾ ਸਿੰਘ ਬਹਾਦਰਦੀ ਮੁਲਾਕਾਤ ਇੱਕ ਯੋਗੀ ਔਘੜ ਨਾਥ ਨਾਲ ਹੋਈ। ਔਘੜ ਨਾਥ ਤੰਤਰ ਵਿੱਦਿਆ ਦਾ ਮਾਹਿਰ ਸੀ। ਬੰਦਾ ਸਿੰਘ ਬਹਾਦਰ ਨੇ ਉਸ ਕੋਲੋਂ ਤੰਤਰ ਵਿੱਦਿਆ ਸਿੱਖ ਲਈਅਤੇ ਛੇਤੀ ਹੀ ਇਸ ਵਿੱਚ ਮਾਹਿਰ ਹੋ ਗਿਆ। ਆਪਣੀ ਮੌਤ ਤੋਂ ਪਹਿਲਾਂ ਔਘੜ ਨਾਥ ਨੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਉੱਤਰਅਧਿਕਾਰੀ ਨਿਯੁਕਤਕੀਤਾ। ਆਪਣੀ ਤੰਤਰ ਵਿੱਦਿਆ ਕਾਰਨ ਛੇਤੀ ਹੀ ਉਹ ਲੋਕਾਂ ਵਿੱਚ ਪ੍ਰਸਿੱਧ ਹੋ ਗਿਆ।

**4) ਬੰਦਾ ਬੈਰਾਗੀ ਕੌਣ ਸੀ ? ਉਹ ਸਿੱਖ ਕਿਵੇਂ ਬਣਿਆ ?**

ਉੱਤਰ: ਬੰਦਾ ਸਿੰਘ ਬਹਾਦਰ ਨੂੰ ਹੀ ਪਹਿਲਾਂ ਬੰਦਾ ਬੈਰਾਗੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਉਸਦੇ ਹੱਥੋਂ ਇੱਕ ਅਜਿਹੀ ਹਿਰਨੀ ਨੂੰ ਤੀਰ ਵੱਜਿਆ ਜਿਹੜੀ ਗਰਭਵਤੀ ਸੀ। ਬੰਦਾ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਹੀ ਹਿਰਨੀ ਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਜਿਹੜੇ ਵੇਖਦੇ ਹੀ ਵੇਖਦੇ ਦਮ ਤੋੜ ਗਏ। ਇਸ ਦ੍ਰਿਸ਼ ਦਾ ਉਸਦੇ ਮਨ ਤੇ ਡੂੰਘਾ ਅਸਰ ਪਿਆ। ਉਹ ਜਾਨਕੀ ਪ੍ਰਸਾਦ ਨਾਂ ਦੇ ਇੱਕ ਬੈਰਾਗੀ ਸਾਧੂ ਦੀ ਸ਼ਰਨ ਵਿੱਚ ਚਲਾ ਗਿਆ ਅਤੇ ਬੈਰਾਗੀ ਬਣ ਗਿਆ। ਉਸਨੇ ਆਪਣਾ ਨਾਂ ਮਾਧੋ ਦਾਸ ਰੱਖ ਲਿਆ।

1708 ਈ: ਵਿੱਚ ਨਾਂਦੇੜ ਵਿਖੇ ਉਸਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ। ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹਨਾਂ ਦਾ ਸਿੱਖ ਬਣ ਗਿਆ।

**5) ਸਿੱਖ ਬਣਕੇ ਬੰਦਾ ਸਿੰਘ ਬਹਾਦਰ ਦੇ ਜੀਵਨ ਵਿੱਚ ਕੀ ਤਬਦੀਲੀ ਆਈ ? ਜਾਂ**

**ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜਾਬ ਜਾਣ ਦੀ ਆਗਿਆ ਕਿਉਂ ਮੰਗੀ ? ਜਾਂ**

**ਬੰਦਾ ਸਿੰਘ ਬਹਾਦਰ ਪੰਜਾਬ ਕਿਉਂ ਜਾਣਾ ਚਾਹੁੰਦਾ ਸੀ ?**

ਉੱਤਰ: ਅਮ੍ਰਿਤ ਛਕਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਤੰਤਰ-ਮੰਤਰ ਛੱਡ ਦਿੱਤਾ। ਜਦੋਂ ਉਸਨੇ ਗੁਰੂ ਸਾਹਿਬ ਤੋਂ ਪੰਜਾਬ ਵਿੱਚ ਮੁਗਲਾਂ ਦੁਆਰਾ ਕੀਤੇ ਜਾ ਰਹੇ ਜੁਲਮਾਂ ਦੀਆਂ ਕਹਾਣੀਆਂ ਸੁਣੀਆਂ ਤਾਂ ਉਸਦੇ ਮਨ ਵਿੱਚ ਬਹੁਤ ਗੁੱਸਾ ਆਇਆ। ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁਣਕੇ ਉਸਦਾ ਰਾਜਪੂਤ ਖੂਨ ਖੌਲਣ


Download Free Study Material From SIKHYA APP

ਲੱਗਿਆ। ਉਹ ਮੁਗ਼ਲਾਂ ਦੇ ਅੱਤਿਆਚਾਰਾਂ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜਾਬ ਜਾਣ ਦੀ ਆਗਿਆ ਮੰਗੀ।

**6) ਪੰਜਾਬ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਕੀ ਦਿੱਤਾ ?**

ਉੱਤਰ: ਪੰਜਾਬ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਆਪਣੇ ਪੰਜ ਤੀਰ ਦਿੱਤੇ। ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਪੰਜ ਪਿਆਰੇ ਬਿਨੋਦ ਸਿੰਘ, ਕਾਹਨ ਸਿੰਘ, ਬਾਜ਼ ਸਿੰਘ, ਦਯਾ ਸਿੰਘ, ਰਣ ਸਿੰਘ ਅਤੇ 20 ਹੋਰ ਬਹਾਦਰ ਸਿੰਘਾਂ ਨੂੰ ਭੇਜਿਆ। ਇਸਤੋਂ ਇਲਾਵਾ ਗੁਰੂ ਸਾਹਿਬ ਨੇ ਪੰਜਾਬ ਦੇ ਸਿੱਖਾਂ ਦੇ ਨਾਂ ਕੁਝ ਹੁਕਮਨਾਮੇ ਵੀ ਭੇਜੇ ਜਿਹਨਾਂ ਵਿੱਚ ਲਿਖਿਆ ਗਿਆ ਸੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ ਅਤੇ ਮੁਗ਼ਲਾਂ ਖ਼ਿਲਾਫ ਧਰਮ ਯੁੱਧ ਵਿੱਚ ਉਸਦਾ ਸਾਥ ਦੇਣ।

**7) ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਤੋਂ ਪਹਿਲਾਂ ਕਿਹੜੇ ਪੰਜ ਆਦੇਸ਼ ਦਿੱਤੇ ?**

ਉੱਤਰ:ਗੁਰੂ ਗੋਬਿੰਦ ਸਿੰਘ ਜੀ ਦੇ ਬੰਦਾ ਸਿੰਘ ਬਹਾਦਰ ਲਈ ਆਦੇਸ਼:

1. ਬੰਦਾ ਸਿੰਘ ਬਹਾਦਰ ਹਮੇਸ਼ਾ ਬ੍ਰਹਮਚਾਰੀ ਜੀਵਨ ਬਤੀਤ ਕਰੇਗਾ।
2. ਉਹ ਹਮੇਸ਼ਾ ਸੱਚ ਬੋਲੇਗਾ ਅਤੇ ਸੱਚਾਈ ਤੇ ਚੱਲੇਗਾ।
3. ਉਹ ਕੋਈ ਨਵਾਂ ਧਰਮ ਜਾਂ ਸੰਪਰਦਾਇ ਨਹੀਂ ਚਲਾਵੇਗਾ।
4. ਉਹ ਆਪਣੀਆਂ ਜਿੱਤਾਂ ਦਾ ਹੰਕਾਰ ਨਹੀਂ ਕਰੇਗਾ।
5. ਉਹ ਆਪਣੇ ਆਪ ਨੂੰ ਹਮੇਸ਼ਾ ਖਾਲਸੇ ਦਾ ਸੇਵਕ ਸਮਝੇਗਾ।

**8) ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਕਿਵੇਂ ਸਥਾਪਿਤ ਕੀਤਾ ?**

ਉੱਤਰ: ਜਦੋਂ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਆਗਿਆ ਲੈ ਕੇ ਪੰਜਾਬ ਪਹੁੰਚਿਆ। ਉਸਨੇ ਸੋਨੀਪਤ ਤੋਂ ਆਪਣੇ ਸੈਨਿਕ ਕਾਰਨਾਮਿਆਂ ਦੀ ਸ਼ੁਰੂਆਤ ਕੀਤੀ। ਗੁਰੂ ਸਾਹਿਬ ਦੇ ਹੁਕਮਨਾਮਿਆਂ ਦੀ ਪਾਲਣਾ ਕਰਦੇ ਹੋਏ ਹਜ਼ਾਰਾਂ


Download Free Study Material From SIKHYA APP

ਸਿੱਖ ਉਸਦਾ ਸਹਿਯੋਗ ਕਰਨ ਲਈ ਇਕੱਠੇ ਹੋ ਗਏ। ਉਸਨੇ ਕੈਥਲ, ਸਮਾਣਾ, ਕਪੂਰੀ ਅਤੇ ਸਢੌਰਾ ਤੇ ਹਮਲੇ ਕੀਤੇ ਅਤੇ ਹਜ਼ਾਰਾਂ ਮੁਸਲਮਾਨਾਂ ਦਾ ਕਤਲ ਕੀਤਾ। ਸਰਹਿੰਦ ਦੀ ਜਿੱਤ ਉਸਦੀ ਬਹੁਤ ਵੱਡੀ ਸਫ਼ਲਤਾ ਸੀ। ਉਸਨੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ। ਉਸਨੇ ਨਵੇਂ ਸਿੱਕੇ ਚਲਾ ਕੇ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕੀਤੀ।

**9) ਬੰਦਾ ਸਿੰਘ ਬਹਾਦਰ ਦੀ ਸਰਹਿੰਦ ਜਿੱਤ ਤੇ ਇੱਕ ਨੋਟ ਲਿਖੋ।**

ਉੱਤਰ: ਸਰਹਿੰਦ ਦੇ ਫੌਜ਼ਦਾਰ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਜਿੰਦਾ ਹੀ ਨੀਹਾਂ ਵਿੱਚ ਚਿਣਵਾ ਦਿੱਤਾ ਸੀ। ਬੰਦਾ ਸਿੰਘ ਬਹਾਦਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣਾ ਚਾਹੁੰਦਾ ਸੀ। ਉਸਨੇ 22 ਮਈ 1710 ਈ: ਨੂੰ ਸਰਹਿੰਦ ਦੇ ਨੇੜੇ ਚੱਪੜਚਿੜੀ ਦੇ ਸਥਾਨ ਤੇ ਵਜ਼ੀਰ ਖਾਂ ਤੇ ਹਮਲਾ ਕਰ ਦਿੱਤਾ। ਲੜਾਈ ਬਹੁਤ ਭਿਆਨਕ ਸੀ। ਵਜ਼ੀਰ ਖਾਂ ਦੇ ਮਰਦੇ ਹੀ ਉਸਦੀ ਫੌਜ਼ ਦਾ ਹੌਸਲਾ ਟੁੱਟ ਗਿਆ। ਸਿੱਖ ਇਸ ਲੜਾਈ ਵਿੱਚ ਜੇਤੂ ਰਹੇ।

**10) ਬੰਦਾ ਸਿੰਘ ਬਹਾਦਰ ਦੀ ਮੁੱਢਲੀ ਸਫ਼ਲਤਾ ਦੇ ਕੀ ਕਾਰਨ ਸਨ ?**

ਉੱਤਰ: ਬੰਦਾ ਸਿੰਘ ਬਹਾਦਰ ਦੀ ਮੁੱਢਲੀ ਸਫ਼ਲਤਾ ਦੇ ਕਾਰਨ:

1. ਮੁਗਲਾਂ ਦੇ ਅੱਤਿਆਚਾਰਾਂ ਕਾਰਨ ਪੰਜਾਬ ਦੀ ਗੈਰ-ਮੁਸਲਿਮ ਜਨਤਾ ਬਹੁਤ ਦੁੱਖੀ ਸੀ। ਉਸਨੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।
2. ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਦੀ ਪਾਲਣਾ ਕਰਦਿਆਂ ਭਾਰੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੋ ਗਏ।
3. ਔਰੰਗਜੇਬ ਦੀ ਮੌਤ ਤੋਂ ਬਾਅਦ ਉਸਦੇ ਉੱਤਰਅਧਿਕਾਰੀਆਂ ਵਿੱਚ ਗੱਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਹੋ ਗਿਆ।
4. ਬੰਦਾ ਸਿੰਘ ਬਹਾਦਰ ਦੇ ਸ਼ਾਸਨ ਪ੍ਰਬੰਧ ਨੂੰ ਲੋਕਾਂ ਨੇ ਪਸੰਦ ਕੀਤਾ ਅਤੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।
5. ਪੰਜਾਬ ਦੇ ਪਹਾੜਾਂ ਨੇ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕੀਤੀ।


Download Free Study Material From SIKHYA APP

**11) ਬੰਦਾ ਸਿੰਘ ਬਹਾਦਰ ਦੀ ਅੰਤਮ ਅਸਫ਼ਲਤਾ ਦੇ ਕੀ ਕਾਰਨ ਸਨ ?**

ਉੱਤਰ: ਬੰਦਾ ਸਿੰਘ ਬਹਾਦਰ ਦੀ ਅੰਤਮ ਅਸਫ਼ਲਤਾ ਦੇ ਕਾਰਨ:

1. ਬੰਦਾ ਸਿੰਘ ਬਹਾਦਰ ਦੇ ਸਾਧਨ ਸੀਮਤ ਸਨ।
2. ਸਿੱਖ ਸੈਨਾ ਵਿੱਚ ਸੰਗਠਨ ਅਤੇ ਅਨੁਸ਼ਾਸਨ ਦੀ ਘਾਟ ਸੀ।
3. ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਦਾਇਤਾਂ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ।
4. ਹਿੰਦੂ ਸ਼ਾਸਕਾਂ ਅਤੇ ਜ਼ਿੰਮੀਦਾਰਾਂ ਨੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਨਾ ਦਿੱਤਾ।
5. ਗੁਰਦਾਸ ਨੰਗਲ ਵਿਖੇ ਸਿੱਖਾਂ ਤੇ ਇੱਕਦਮ ਹਮਲਾ ਹੋ ਗਿਆ।
6. ਬੰਦਾ ਸਿੰਘ ਬਹਾਦਰ ਅਤੇ ਬਿਨੋਦ ਸਿੰਘ ਵਿਚਲੇ ਮਤਭੇਦ ਬੰਦਾ ਸਿੰਘ ਬਹਾਦਰ ਲਈ ਨੁਕਸਾਨਦਾਇਕ ਸਿੱਧ ਹੋਏ।

**12) ਗੁਰਦਾਸ ਨੰਗਲ ਦੀ ਲੜਾਈ ਵਿੱਚ ਬੰਦਾ ਬਹਾਦਰ ਦੀ ਹਾਰ ਦਾ ਕੀ ਕਾਰਨ ਸੀ ? ਜਾਂ**

**ਗੁਰਦਾਸ ਨੰਗਲ ਦੀ ਲੜਾਈਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: 1715 ਈ: ਵਿੱਚ ਅਬਦੁਸ ਸਮਦ ਖਾਂ ਨੇ ਅਚਾਨਕ ਬੰਦਾ ਸਿੰਘ ਬਹਾਦਰ ਤੇ ਉਸਦੇ ਸਾਥੀਆਂ ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀ ਦੁਨੀ ਚੰਦ ਦੀ ਹਵੇਲੀ ਵਿੱਚ ਘਿਰ ਗਏ। ਕੱਚੀਆਂ ਇੱਟਾਂ ਦੀ ਬਣੀ ਇਸ ਹਵੇਲੀ ਵਿੱਚੋਂ ਮੁਗਲਾਂ ਦਾ ਮੁਕਾਬਲਾ ਕਰਨਾ ਸੌਖਾ ਨਹੀਂ ਸੀ। ਬੰਦਾ ਸਿੰਘ ਬਹਾਦਰ ਦੇ ਸਾਥੀ ਭਾਈ ਬਿਨੋਦ ਸਿੰਘ ਦਾ ਵਿਚਾਰ ਸੀ ਕਿ ਉਹਨਾਂ ਨੂੰ ਇਸ ਹਵੇਲੀ ਨੂੰ ਛੱਡ ਕੇ ਚਲੇ ਜਾਣਾ ਚਾਹੀਦਾ ਹੈ।ਬੰਦਾ ਸਿੰਘ ਬਹਾਦਰ ਨੇ ਹਵੇਲੀ ਛੱਡਣ ਤੋਂ ਨਾਂਹ ਕਰ ਦਿੱਤੀ ਅਤੇ ਉੱਥੇ ਰਹਿ ਕੇ ਲੜਣ ਦਾ ਫੈਸਲਾ ਕੀਤਾ। ਇਸ ਲਈ ਬਿਨੋਦ ਸਿੰਘ ਆਪਣੇ ਸਾਥੀਆਂ ਸਮੇਤ ਹਵੇਲੀ ਛੱਡ ਕੇ ਚਲਾ ਗਿਆ। ਬੰਦਾ ਸਿੰਘ ਬਹਾਦਰ ਨੇ 8 ਮਹੀਨੇ ਤੱਕ ਮੁਗਲਾਂ ਦਾ ਮੁਕਾਬਲਾ ਕੀਤਾ। ਅੰਤ ਵਿੱਚ ਹਵੇਲੀ ਵਿੱਚੋਂ ਭੋਜਨ ਅਤੇ ਰਸਦ ਆਦਿ ਖਤਮ ਹੋ ਗਈ ਤਾਂ ਬੰਦਾ ਸਿੰਘ ਬਹਾਦਰ ਨੂੰ ਹਾਰ ਮੰਨਣੀ ਪਈ।


Download Free Study Material From SIKHYA APP

**13) ਬੰਦਾ ਸਿੰਘ ਬਹਾਦਰ ਅਤੇ ਭਾਈ ਬਿਨੋਦ ਸਿੰਘ ਵਿੱਚ ਕਿਹੜੀ ਗੱਲ ਤੇ ਮਤਭੇਦ ਪੈਦਾ ਹੋਇਆ ? ਇਸਦਾ ਕੀ ਨਤੀਜਾ ਨਿਕਲਿਆ ?**

ਉੱਤਰ: ਬੰਦਾ ਸਿੰਘ ਬਹਾਦਰਅਤੇ ਭਾਈ ਬਿਨੋਦ ਸਿੰਘ ਵਿੱਚ ਦੁਨੀ ਚੰਦ ਦੀ ਹਵੇਲੀ ਛੱਡ ਕੇ ਜਾਣ ਦੇ ਮਸਲੇ ਤੇ ਮਤਭੇਦ ਪੈਦਾ ਹੋਇਆ। 1715 ਈ: ਵਿੱਚ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀ ਦੁਨੀ ਚੰਦ ਦੀ ਹਵੇਲੀ ਵਿੱਚ ਘਿਰ ਗਏ। ਹਵੇਲੀ ਜਿਆਦਾ ਮਜਬੂਤ ਨਹੀਂ ਸੀ। ਬੰਦਾ ਸਿੰਘ ਦਾ ਸਾਥੀ ਭਾਈ ਬਿਨੋਦ ਸਿੰਘ ਹਵੇਲੀ ਨੂੰ ਛੱਡ ਕੇ ਜਾਣਾ ਚਾਹੁੰਦਾ ਸੀ ਪਰ ਬੰਦਾ ਸਿੰਘ ਬਹਾਦਰ ਹਵੇਲੀ ਵਿੱਚ ਰਹਿ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਚਾਹੁੰਦਾ ਸੀ।

ਭਾਈ ਬਿਨੋਦ ਸਿੰਘ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਹਵੇਲੀ ਛੱਡ ਕੇ ਚਲਾ ਗਿਆ। ਬੰਦਾ ਸਿੰਘ ਬਹਾਦਰ ਨੇ 8 ਮਹੀਨੇ ਤੱਕ ਹਵੇਲੀ ਵਿੱਚ ਰਹਿ ਕੇ ਹੀ ਮੁਗ਼ਲਾਂ ਦਾ ਮੁਕਾਬਲਾ ਕੀਤਾ।ਅੰਤ ਹਵੇਲੀ ਵਿੱਚ ਭੋਜਨ ਅਤੇ ਰਸਦ ਆਦਿ ਖਤਮ ਹੋ ਗਈ ਅਤੇ ਬੰਦਾ ਸਿੰਘ ਬਹਾਦਰ ਨੂੰ ਹਾਰ ਮੰਨਣੀ ਪਈ।

**14) ਬੰਦਾ ਸਿੰਘ ਬਹਾਦਰ ਨੂੰ ਕਦੋਂ, ਕਿੱਥੇ ਅਤੇ ਕਿਵੇਂ ਸ਼ਹੀਦ ਕੀਤਾ ਗਿਆ ?**

ਉੱਤਰ: ਬੰਦਾ ਸਿੰਘ ਬਹਾਦਰ ਨੂੰ ਲੱਗਭਗ 740 ਸਿੱਖਾਂ ਸਮੇਤ ਗ੍ਰਿਫਤਾਰ ਕਰਕੇ 1716 ਈ: ਵਿੱਚ ਦਿੱਲੀ ਭੇਜਿਆ ਗਿਆ। ਦਿੱਲੀ ਵਿੱਚ ਉਹਨਾਂ ਦਾ ਜਲੂਸ ਕੱਢਿਆ ਗਿਆ। ਉਹਨਾਂ ਦੀ ਬੇਇੱਜਤੀ ਕੀਤੀ ਗਈ ਅਤੇ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਗਿਆ। ਸਿੱਖਾਂ ਨੇ ਇਨਕਾਰ ਕਰ ਦਿੱਤਾ। ਹਰ ਰੋਜ਼ 100 ਸਿੱਖਾਂ ਨੂੰ ਸ਼ਹੀਦ ਕੀਤਾ ਜਾਣ ਲੱਗਿਆ। ਅਖ਼ੀਰ 19 ਜੂਨ 1716 ਈ: ਨੂੰ ਬੰਦਾ ਸਿੰਘ ਬਹਾਦਰ ਦੀ ਵਾਰੀ ਆਈ। ਉਸਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਸਦੇ 4 ਸਾਲ ਦੇ ਪੁੱਤਰ ਅਜੈ ਸਿੰਘ ਨੂੰ ਸ਼ਹੀਦ ਕੀਤਾ ਗਿਆ ਅਤੇ ਫਿਰ ਬੰਦਾ ਸਿੰਘ ਬਹਾਦਰ ਦਾ ਅੰਗ-ਅੰਗ ਕੱਟ ਕੇ ਉਸਨੂੰ ਵੀ ਸ਼ਹੀਦ ਕਰ ਦਿੱਤਾ ਗਿਆ।


Download Free Study Material From SIKHYA APP

**15) ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਦੀਆਂ ਕੋਈ ਪੰਜ ਵਿਸ਼ੇਸ਼ਤਾਵਾਂ ਬਾਰੇ ਦੱਸੋ।**

ਉੱਤਰ:

1. ਬੰਦਾ ਸਿੰਘ ਬਹਾਦਰ ਦਾ ਕੱਦ-ਕਾਠ ਅਤੇ ਸ਼ਕਲ-ਸੂਰਤ ਕਾਫੀ ਹੱਦ ਤੱਕ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ।
2. ਉਹ ਬਹੁਤ ਬਹਾਦਰ ਅਤੇ ਹੌਸਲੇ ਵਾਲਾ ਸੀ। ਉਹ ਵੱਡੀ ਤੋਂ ਵੱਡੀ ਸਮੱਸਿਆ ਵਿੱਚ ਵੀ ਘਬਰਾਉਂਦਾ ਨਹੀਂ ਸੀ।
3. ਉਸਦਾ ਸਿੱਖ ਧਰਮ ਵਿੱਚ ਦ੍ਰਿੜ ਵਿਸ਼ਵਾਸ ਸੀ। ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਚਲਾਏ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।
4. ਉਹ ਧਾਰਮਿਕ ਤੌਰ ਤੇ ਬਹੁਤ ਸਹਿਣਸ਼ੀਲ ਸੀ।
5. ਉਹ ਇੱਕ ਮਹਾਨ ਯੋਧਾ ਅਤੇ ਉੱਚ ਕੋਟੀ ਦਾ ਸੈਨਾਪਤੀ ਸੀ।

**16) ਇੱਕ ਯੋਧਾ ਅਤੇ ਸੈਨਾਪਤੀ ਦੇ ਰੂਪ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਸਫ਼ਲਤਾਵਾਂ ਦਾ ਵਰਣਨ ਕਰੋ।**

ਉੱਤਰ:

1. ਬੰਦਾ ਸਿੰਘ ਬਹਾਦਰ ਇੱਕ ਮਹਾਨ ਯੋਧਾ ਅਤੇ ਉੱਚ ਕੋਟੀ ਦਾ ਸੈਨਾਪਤੀ ਸੀ। ਉਸਨੇ ਲੰਮਾਂ ਸਮਾਂ ਮੁਗਲਾਂ ਦੇ ਨੱਕ ਵਿੱਚ ਦਮ ਕਰਕੇ ਰੱਖਿਆ।
2. ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਇਕੱਠਿਆਂ ਕਰਕੇ ਰੱਖਿਆ ਅਤੇ ਹਰ ਸਮੇਂ ਉਹਨਾਂ ਵਿੱਚ ਜੋਸ਼ ਭਰਦਾ ਰਿਹਾ। ਇਸ ਲਈ ਉਸਨੇ ਅਨੇਕਾਂ ਸਫ਼ਲਤਾਵਾਂ ਪ੍ਰਾਪਤ ਕੀਤੀਆਂ।
3. ਬੰਦਾ ਸਿੰਘ ਬਹਾਦਰ ਕਿਸੇ ਵੀ ਹਾਰ ਦੀ ਸਥਿਤੀ ਵਿੱਚ ਹੌਸਲਾ ਨਹੀਂ ਛੱਡਦਾ ਸੀ। ਉਹ ਦੁਬਾਰਾ ਸ਼ਕਤੀ ਇਕੱਠੀ ਕਰਦਾ ਅਤੇ ਫਿਰ ਯੁੱਧ ਕਰਦਾ ਸੀ।


Download Free Study Material From SIKHYA APP

4. ਜਦੋਂ ਗੁਰਦਾਸ ਨੰਗਲ ਵਿਖੇ ਸਿੱਖਾਂ ਤੇ ਇੱਕਦਮ ਹਮਲਾ ਹੋ ਗਿਆ ਤਾਂ ਬਿਨੋਦ ਸਿੰਘ ਹਵੇਲੀ ਨੂੰ ਛੱਡ ਕੇ ਚਲਾ ਗਿਆ। ਬੰਦਾ ਬਹਾਦਰ ਨੇ ਕੱਚੀ ਹਵੇਲੀ ਵਿੱਚੋਂ 8 ਮਹੀਨਿਆਂ ਤੱਕ ਮੁਗਲਾਂ ਦਾ ਮੁਕਾਬਲਾ ਕੀਤਾ।
5. ਬੰਦਾ ਸਿੰਘ ਬਹਾਦਰ ਜੰਗੀ ਚਾਲਾਂ ਦਾ ਮਾਹਿਰ ਸੀ। ਉਹ ਯੁੱਧ ਵਿੱਚ ਜਿੱਤਣ ਲਈ ਜੀ-ਜਾਨ ਲਗਾ ਦਿੰਦਾ ਸੀ।

**17) ਬੰਦਾ ਸਿੰਘ ਬਹਾਦਰ ਇੱਕ ਕੁਸ਼ਲ ਪ੍ਰਸ਼ਾਸਕ ਸੀ। ਵਰਣਨ ਕਰੋ।**

ਉੱਤਰ: ਬੰਦਾ ਸਿੰਘ ਬਹਾਦਰ ਨੇ ਆਪਣੇ ਜਿੱਤੇ ਹੋਏ ਇਲਾਕਿਆਂ ਵਿੱਚ ਬਹੁਤ ਵਧੀਆ ਸ਼ਾਸਨ ਪ੍ਰਬੰਧ ਸ਼ੁਰੂ ਕੀਤਾ। ਉਸਨੇ ਜਿੰਮੀਦਾਰੀ ਪ੍ਰਥਾ ਨੂੰ ਖਤਮ ਕੀਤਾ ਅਤੇ ਕਿਸਾਨਾਂ ਨੂੰ ਜਮੀਨਾਂ ਦੇ ਮਾਲਿਕ ਬਣਾ ਦਿੱਤਾ। ਉਸਨੇ ਆਪਣੀ ਫੌਜ਼ ਵਿੱਚ ਹਿੰਦੂਆਂ ਦੇ ਨਾਲ-ਨਾਲ ਮੁਸਲਮਾਨਾਂ ਨੂੰ ਨੌਕਰੀਆਂ ਦੇ ਕੇ ਧਾਰਮਿਕ ਸਹਿਣਸ਼ੀਲਤਾ ਦਾ ਸਬੂਤ ਦਿੱਤਾ। ਉਹ ਜਾਤ-ਪਾਤ ਅਤੇ ਉਚ-ਨੀਚ ਵਿੱਚ ਕੋਈ ਭੇਦ-ਭਾਵ ਨਹੀਂ ਕਰਦਾ ਸੀ। ਉਹ ਗਰੀਬਾਂ ਨਾਲ ਬਹੁਤ ਹਮਦਰਦੀ ਰੱਖਦਾ ਸੀ। ਉਸਨੇ ਆਪਣਾ ਸ਼ਾਸਨ ਪ੍ਰਬੰਧ ਆਪਣੇ ਨਾਂ ਤੇ ਚਲਾਉਣ ਦੀ ਥਾਂ ਤੇ ਖਾਲਸੇ ਦੇ ਨਾਂ ਤੇ ਚਲਾਇਆ। ਉਸਨੇ ਆਪਣੇ ਪ੍ਰਸ਼ਾਸਨ ਵਿੱਚੋਂ ਭ੍ਰਿਸ਼ਟ ਲੋਕਾਂ ਨੂੰ ਨੌਕਰੀਓਂ ਕੱਢ ਕੇ ਇਮਾਨਦਾਰ ਲੋਕਾਂ ਨੂੰ ਨੌਕਰੀਆਂ ਦਿੱਤੀਆਂ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਬੰਦਾ ਸਿੰਘ ਬਹਾਦਰ ਦੇ ਮੁੱਢਲੇ ਜੀਵਨ ਸਬੰਧੀ ਜਾਣਕਾਰੀ ਦਿਓ।**

ਉੱਤਰ:

I. **ਜਨਮ ਅਤੇ ਬਚਪਨ:** ਬੰਦਾ ਸਿੰਘ ਬਹਾਦਰ ਦਾ ਜਨਮ 1670 ਈ: ਵਿੱਚ ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਪਿੰਡ ਰਾਜੌਰੀ ਵਿਖੇ ਹੋਇਆ। ਉਹ ਡੋਗਰਾ ਰਾਜਪੂਤ ਜਾਤੀ ਨਾਲ ਸਬੰਧ ਰੱਖਦਾ ਸੀ। ਉਸਦੇ ਪਿਤਾ ਰਾਮਦੇਵ ਇੱਕ ਕਿਸਾਨ ਸਨ। ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਉਸਦਾ ਬਚਪਨ ਗਰੀਬੀ ਵਿੱਚ ਬੀਤਿਆ। ਗਰੀਬ ਹੋਣ ਕਾਰਨ ਬੰਦਾ ਸਿੰਘ ਬਹਾਦਰ ਜਿਆਦਾ ਪੜ੍ਹ-ਲਿਖ ਨਾ ਸਕਿਆ ਅਤੇ ਆਪਣੇ ਪਿਤਾ ਦਾ ਹੱਥ ਵੰਡਾਉਣ ਲੱਗਿਆ। ਉਹ ਸ਼ਿਕਾਰ ਦਾ ਬਹੁਤ ਸ਼ੌਕੀਨ ਸੀ।


Download Free Study Material From SIKHYA APP

II. **ਬੰਦਾ ਸਿੰਘ ਬਹਾਦਰ ਦਾ ਬੈਰਾਗੀ ਬਣਨਾ:** ਬੰਦਾ ਸਿੰਘ ਬਹਾਦਰ ਬਚਪਨ ਤੋਂ ਹੀ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। 15 ਸਾਲ ਦੀ ਉਮਰ ਵਿੱਚ, ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਉਸਨੇ ਇੱਕ ਅਜਿਹੀ ਹਿਰਨੀ ਨੂੰ ਤੀਰ ਮਾਰਿਆ ਜਿਹੜੀ ਗਰਭਵਤੀ ਸੀ। ਉਸਦੀਆਂ ਦੀਆਂ ਅੱਖਾਂ ਦੇ ਸਾਹਮਣੇ ਹੀ ਹਿਰਨੀ ਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਜਿਹੜੇ ਵੇਖਦੇ ਹੀ ਵੇਖਦੇ ਦਮ ਤੋੜ ਗਏ। ਇਸ ਦ੍ਰਿਸ਼ ਦਾ ਬੰਦਾ ਸਿੰਘ ਦੇ ਮਨ ਤੇ ਡੂੰਘਾ ਅਸਰ ਪਿਆ ਅਤੇ ਉਹ ਬੈਰਾਗੀ ਬਣ ਗਿਆ।

III. **ਤੰਤਰ ਵਿੱਦਿਆ ਦਾ ਮਾਹਿਰ ਬਣਨਾ:** ਬੈਰਾਗੀਆਂ ਦੇ ਨਾਲ ਘੁੰਮਦੇ ਘੁੰਮਦੇ ਬੰਦਾ ਸਿੰਘ ਬਹਾਦਰ ਦੀ ਮੁਲਾਕਾਤ ਇੱਕ ਯੋਗੀ ਔਘੜ ਨਾਥ ਨਾਲ ਹੋਈ। ਔਘੜ ਨਾਥ ਤੰਤਰ ਵਿੱਦਿਆ ਦਾ ਮਾਹਿਰ ਸੀ। ਬੰਦਾ ਸਿੰਘ ਬਹਾਦਰ ਨੇ ਉਸ ਕੋਲੋਂ ਤੰਤਰ ਵਿੱਦਿਆ ਸਿੱਖ ਲਈ ਅਤੇ ਛੇਤੀ ਹੀ ਇਸ ਵਿੱਚ ਮਾਹਿਰ ਹੋ ਗਿਆ। ਆਪਣੀ ਮੌਤ ਤੋਂ ਪਹਿਲਾਂ ਔਘੜ ਨਾਥ ਨੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਉੱਤਰਅਧਿਕਾਰੀ ਨਿਯੁਕਤ ਨਿਯੁਕਤ ਕੀਤਾ। ਆਪਣੀ ਤੰਤਰ ਵਿੱਦਿਆ ਕਾਰਨ ਛੇਤੀ ਹੀ ਉਹ ਲੋਕਾਂ ਵਿੱਚ ਪ੍ਰਸਿੱਧ ਹੋ ਗਿਆ।

IV. **ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ:** 1708 ਈ: ਵਿੱਚ ਨਾਂਦੇੜ ਵਿਖੇ ਉਸਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ। ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹਨਾਂ ਦਾ ਸਿੱਖ ਬਣ ਗਿਆ।

V. **ਬੰਦਾ ਸਿੰਘ ਬਹਾਦਰ ਦੇ ਜੀਵਨ ਵਿੱਚ ਤਬਦੀਲੀ:** ਅੰਮ੍ਰਿਤ ਛਕਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਤੰਤਰ-ਮੰਤਰ ਛੱਡ ਦਿੱਤਾ ਅਤੇ ਗੁਰੂ ਸਾਹਿਬ ਦੇ ਆਦੇਸ਼ਾਂ ਅਨੁਸਾਰ ਜੀਵਣ ਜੀਣ ਲੱਗਿਆ।

VI. **ਬੰਦਾ ਸਿੰਘ ਬਹਾਦਰ ਦਾ ਪੰਜਾਬ ਜਾਣਾ:** ਜਦੋਂ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਤੋਂ ਪੰਜਾਬ ਵਿੱਚ ਮੁਗਲਾਂ ਦੁਆਰਾ ਕੀਤੇ ਜਾ ਰਹੇ ਜੁਲਮਾਂ ਦੀਆਂ ਕਹਾਣੀਆਂ ਸੁਣੀਆਂ ਤਾਂ ਉਸਦੇ ਮਨ ਵਿੱਚ ਬਹੁਤ ਗੁੱਸਾ ਆਇਆ। ਉਸਦਾ ਰਾਜਪੂਤ ਖੂਨ ਖੌਲਣ ਲੱਗਿਆ। ਉਹ ਮੁਗ਼ਲਾਂ ਦੇ ਅੱਤਿਆਚਾਰਾਂ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜਾਬ ਜਾਣ ਦੀ ਆਗਿਆ ਮੰਗੀ।


Download Free Study Material From SIKHYA APP

VII. **ਪੰਜਾਬ ਲਈ ਰਵਾਨਗੀ:** ਪੰਜਾਬ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਆਪਣੇ ਪੰਜ ਤੀਰ ਦਿੱਤੇ। ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਪੰਜ ਪਿਆਰਿਆਂ ਅਤੇ 20 ਹੋਰ ਬਹਾਦਰ ਸਿੰਘਾਂ ਨੂੰ ਭੇਜਿਆ। ਇਸਤੋਂ ਇਲਾਵਾ ਗੁਰੂ ਸਾਹਿਬ ਨੇ ਪੰਜਾਬ ਦੇ ਸਿੱਖਾਂ ਦੇ ਨਾਂ ਕੁਝ ਹੁਕਮਨਾਮੇ ਵੀ ਭੇਜੇ ਜਿਹਨਾਂ ਵਿੱਚ ਲਿਖਿਆ ਗਿਆ ਸੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ ਅਤੇ ਮੁਗ਼ਲਾਂ ਖ਼ਿਲਾਫ ਧਰਮ ਯੁੱਧ ਵਿੱਚ ਉਸਦਾ ਸਾਥ ਦੇਣ।

**2) ਬੰਦਾ ਸਿੰਘ ਬਹਾਦਰ ਦੀਆਂ ਮੁੱਢਲੀਆਂ ਸਫ਼ਲਤਾਵਾਂ ਦੇ ਕੀ ਕਾਰਨ ਸਨ ?**

ਉੱਤਰ:

I. **ਪੰਜਾਬ ਦੇ ਗੈਰ-ਮੁਸਲਿਮਾਂ ਦਾ ਸਹਿਯੋਗ:** ਮੁਗ਼ਲ ਸ਼ਾਸਕ ਆਪਣੀ ਗੈਰ-ਮੁਸਲਿਮ ਪਰਜਾ ਤੇ ਬਹੁਤ ਅੱਤਿਆਚਾਰ ਕਰਦੇ ਸਨ। ਉਹਨਾਂ ਤੇ ਅਨੇਕਾਂ ਪ੍ਰਕਾਰ ਦੇ ਕਰ ਲਗਾਏ ਜਾਂਦੇ ਸਨ। ਉਹਨਾਂ ਤੇ ਜੁਲਮ ਕਰਕੇ ਉਹਨਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾਂਦਾ ਸੀ। ਇਸ ਲਈ ਪੰਜਾਬ ਦੀ ਗੈਰ-ਮੁਸਲਿਮ ਜਨਤਾ ਬਹੁਤ ਦੁੱਖੀ ਸੀ। ਉਸਨੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।

II. **ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ:** ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਪੰਜਾਬ ਭੇਜਣ ਸਮੇਂ ਉਸ ਹੱਥ ਪੰਜਾਬ ਦੇ ਸਿੱਖਾਂ ਦੇ ਨਾਂ ਕੁਝ ਹੁਕਮਨਾਮੇ ਵੀ ਭੇਜੇ ਜਿਹਨਾਂ ਵਿੱਚ ਲਿਖਿਆ ਗਿਆ ਸੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਆਪਣਾ ਆਗੂ ਮੰਨਣ ਅਤੇ ਮੁਗ਼ਲਾਂ ਖ਼ਿਲਾਫ ਧਰਮ ਯੁੱਧ ਵਿੱਚ ਉਸਦਾ ਸਾਥ ਦੇਣ। ਇਹਨਾਂ ਹੁਕਮਨਾਮਿਆਂ ਦੀ ਪਾਲਣਾ ਕਰਦਿਆਂ ਭਾਰੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੋ ਗਏ।

III. **ਮੁਗ਼ਲ ਦਰਬਾਰ ਵਿੱਚ ਅਰਾਜਕਤਾ:** ਔਰੰਗਜੇਬ ਦੀ ਮੌਤ ਤੋਂ ਬਾਅਦ ਉਸਦੇ ਉੱਤਰਅਧਿਕਾਰੀਆਂ ਵਿੱਚ ਗੱਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਸ ਨਾਲ ਰਾਜ ਵਿੱਚ ਅਰਾਜਕਤਾ ਫੈਲ ਗਈ। ਬੰਦਾ ਸਿੰਘ ਬਹਾਦਰ ਨੇ ਇਸ ਅਰਾਜਕਤਾ ਦਾ ਫਾਇਦਾ ਉਠਾਇਆ।


Download Free Study Material From SIKHYA APP

IV. **ਬੰਦਾ ਸਿੰਘ ਬਹਾਦਰ ਦਾ ਸ਼ਾਸਨ ਪ੍ਰਬੰਧ:** ਬੰਦਾ ਸਿੰਘ ਬਹਾਦਰ ਦੇ ਇੱਕ ਚੰਗੇ ਸ਼ਾਸਨ ਪ੍ਰਬੰਧ ਦੀ ਵਿਵਸਥਾ ਕੀਤੀ। ਉਸਨੇ ਜਿੰਮੀਦਾਰੀ ਪ੍ਰਥਾ ਨੂੰ ਖਤਮ ਕਰਕੇ ਕਿਸਾਨਾਂ ਨੂੰ ਜਮੀਨ ਦੇ ਮਾਲਕ ਬਣਾ ਦਿੱਤਾ। ਆਪਣੇ ਰਾਜ ਵਿੱਚ ਇਮਾਨਦਾਰ ਅਤੇ ਯੋਗ ਕਰਮਚਾਰੀ ਨਿਯੁਕਤ ਕੀਤੇ। ਗਰੀਬਾਂ ਵੱਲ ਵਿਸ਼ੇਸ਼ ਧਿਆਨ ਦਿੱਤਾ। ਵਧੀਆ ਨਿਆਂ ਵਿਵਸਥਾ ਦਾ ਪ੍ਰਬੰਧ ਕੀਤਾ। ਉਸਦੇ ਸ਼ਾਸਨ ਪ੍ਰਬੰਧ ਨੂੰ ਲੋਕਾਂ ਨੇ ਪਸੰਦ ਕੀਤਾ ਅਤੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਦਿੱਤਾ।

V. **ਪੰਜਾਬ ਦੀਆਂ ਭੂਗੋਲਿਕ ਹਾਲਤਾਂ:** ਪੰਜਾਬ ਦੇ ਪਹਾੜਾਂ ਨੇ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕੀਤੀ ਜਦੋਂ 1710 ਈ: ਵਿੱਚ ਬੰਦਾ ਸਿੰਘ ਬਹਾਦਰ ਤੇ ਭਾਰੀ ਹਮਲਾ ਹੋਇਆ ਤਾਂ ਬੰਦਾ ਸਿੰਘ ਬਹਾਦਰ ਪੰਜਾਬ ਦੇ ਜੰਗਲਾਂ ਵਿੱਚ ਲੁੱਕ ਗਿਆ। ਉਸਨੇ ਇੱਥੇ ਆਪਣੀ ਸ਼ਕਤੀ ਨੂੰ ਫਿਰ ਇਕੱਠਾ ਕੀਤਾ ਅਤੇ ਅਨੇਕ ਪ੍ਰਦੇਸਾਂ ਤੇ ਹਮਲਾ ਕਰਕੇ ਆਪਣੇ ਅਧੀਨ ਕਰ ਲਿਆ।

VI. **ਮੁੱਢਲੀਆਂ ਸਫ਼ਲਤਾਵਾਂ ਵੱਡੇ ਹਮਲਿਆਂ ਦਾ ਅਧਾਰ ਬਣੀਆਂ:** ਬੰਦਾ ਸਿੰਘ ਬਹਾਦਰ ਦੇ ਮੁੱਢਲੇ ਹਮਲੇ ਛੋਟੇ-ਛੋਟੇ ਅਧਿਕਾਰੀਆਂ ਦੇ ਵਿਰੁੱਧ ਹਨ। ਇਹਨਾਂ ਨੂੰ ਹਰਾਉਣਾ ਸੌਖਾ ਸੀ। ਲੋਕ ਇਹਨਾਂ ਅਧਿਕਾਰੀਆਂ ਤੋਂ ਦੁੱਖੀ ਸਨ। ਇਹਨਾਂ ਅਧਿਕਾਰੀਆਂ ਨੂੰ ਹਰਾਉਣ ਨਾਲ ਬੰਦਾ ਸਿੰਘ ਬਹਾਦਰ ਦੀ ਸੈਨਾ ਦਾ ਉਤਸਾਹ ਵਧਿਆ ਅਤੇ ਹੋਰ ਲੋਕ ਵੀ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਸ਼ਾਮਿਲ ਹੁੰਦੇ ਰਹੇ। ਇਸ ਨਾਲ ਬੰਦਾ ਬਹਾਦਰ ਦੀ ਸ਼ਕਤੀ ਵਧਦੀ ਗਈ ਅਤੇ ਉਸ ਲਈ ਵੱਡੀਆਂ ਮੁਹਿੰਮਾਂ ਚਲਾਉਣਾ ਸੰਭਵ ਹੋ ਗਿਆ।


Download Free Study Material From SIKHYA APP

**3) ਬੰਦਾ ਸਿੰਘ ਬਹਾਦਰ ਦੀ ਅੰਤਮ ਅਸਫ਼ਲਤਾ ਦੇ ਕੀ ਕਾਰਨ ਸਨ ?**

ਉੱਤਰ:

I. **ਬੰਦਾ ਸਿੰਘ ਬਹਾਦਰ ਦੇ ਸੀਮਤ ਸਾਧਨ:** ਮੁਗ਼ਲਾਂ ਕੋਲ ਇੱਕ ਵੱਡੀ ਸਿਖਲਾਈ ਪ੍ਰਾਪਤ ਫੌਜ ਸੀ। ਇਸਤੋਂ ਇਲਾਵਾ ਉਹਨਾਂ ਕੋਲ ਭਾਰੀ ਮਾਤਰਾ ਵਿੱਚ ਹਥਿਆਰ, ਘੋੜੇ ਅਤੇ ਤੋਪਾਂ ਸਨ। ਬੰਦਾ ਸਿੰਘ ਬਹਾਦਰ ਦੇ ਸਾਧਨ ਮੁਗ਼ਲਾਂ ਦੇ ਮੁਕਾਬਲੇ ਸੀਮਤ ਸਨ।

II. **ਸਿੱਖ ਸੈਨਾ ਵਿੱਚ ਸੰਗਠਨ ਅਤੇ ਅਨੁਸ਼ਾਸਨ ਦੀ ਘਾਟ:** ਬੰਦਾ ਸਿੰਘ ਬਹਾਦਰ ਦੀ ਫੌਜ਼ ਵਿੱਚ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਪੜ੍ਹਕੇ ਸ਼ਾਮਲ ਹੋਏ ਸਨ। ਉਹ ਵੱਖੋ-ਵੱਖਰੇ ਇਲਾਕਿਆਂ ਤੋਂ ਆਏ ਸਨ। ਉਹਨਾਂ ਦੀ ਰਸਮੀ ਸਿਖਲਾਈ ਦਾ ਪ੍ਰਬੰਧ ਨਹੀਂ ਸੀ। ਉਹਨਾਂ ਵਿੱਚ ਏਕਤਾ, ਸੰਗਠਨ ਅਤੇ ਅਨੁਸ਼ਾਸਨ ਦੀ ਘਾਟ ਸੀ। ਇਹੋ ਕਾਰਨ ਸੀ ਕਿ ਬੰਦਾ ਸਿੰਘ ਬਹਾਦਰ ਲਈ ਮੁਗ਼ਲਾਂ ਦੀ ਸਿਖਲਾਈ ਪ੍ਰਾਪਤ ਅਤੇ ਅਨੁਸ਼ਾਸਿਤ ਫੌਜ ਦਾ ਮੁਕਾਬਲਾ ਕਰਨਾ ਔਖਾ ਹੋ ਗਿਆ।

III. **ਗੁਰੂ ਗੋਬਿੰਦ ਸਿੰਘ ਜੀ ਦੀਆਂ ਹਦਾਇਤਾਂ ਦੀ ਉਲੰਘਣਾ:** ਬੰਦਾ ਸਿਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਦਾਇਤਾਂ ਦੇ ਉਲਟ ਚੰਬਾ ਦੀ ਰਾਜਕੁਮਾਰੀ ਨਾਲ ਵਿਆਹ ਕਰਵਾ ਲਿਆ ਅਤੇ ਸ਼ਾਹੀ ਠਾਠ ਵਾਲਾ ਜੀਵਨ ਬਤੀਤ ਕਰਨ ਲੱਗਿਆ। ਉਸਨੂੰ ਆਪਣੀ ਸ਼ਕਤੀ ਦਾ ਹੰਕਾਰ ਹੋ ਗਿਆ ਅਤੇ ਉਸਨੇ ਸਿੱਖ ਧਰਮ ਨੂੰ ਆਪਣੀ ਮਰਜੀ ਅਨੁਸਾਰ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖਾਂ ਨੇ ਉਸਦਾ ਸਾਥ ਛੱਡਣਾ ਸ਼ੁਰੂ ਕਰ ਦਿੱਤਾ।

IV. **ਹਿੰਦੂ ਸ਼ਾਸਕਾਂ ਅਤੇ ਜਿੰਮੀਦਾਰਾਂ ਦਾ ਸਹਿਯੋਗ ਨਾ ਮਿਲਣਾ:** ਅਨੇਕਾਂ ਹਿੰਦੂ ਸ਼ਾਸਕ ਅਤੇ ਜਿੰਮੀਦਾਰ ਬੰਦਾ ਸਿੰਘ ਮੁਗ਼ਲਾਂ ਕੋਲੋਂ ਡਰਦੇ ਸਨ। ਇਸ ਲਈ ਉਹਨਾਂ ਨੇ ਬੰਦਾ ਸਿੰਘ ਬਹਾਦਰ ਨੂੰ ਸਹਿਯੋਗ ਨਾ ਦਿੱਤਾ।


Download Free Study Material From SIKHYA APP

V. **ਗੁਰਦਾਸ ਨੰਗਲ ਵਿਖੇ ਸਿੱਖਾਂ ਤੇ ਅਚਾਨਕ ਹਮਲਾ:** ਗੁਰਦਾਸ ਨੰਗਲ ਵਿਖੇ ਸਿੱਖਾਂ ਤੇ ਅਚਾਨਕ ਹਮਲਾ ਹੋਇਆ ਸੀ। ਸਿੱਖ ਇਸ ਹਮਲੇ ਲਈ ਤਿਆਰ ਨਹੀਂ ਸਨ। ਉਹ ਇੱਕ ਕੱਚੀ ਹਵੇਲੀ ਵਿੱਚ ਘਿਰ ਗਏ। ਇਸ ਹਵੇਲੀ ਵਿੱਚ ਲੰਮੇ ਸਮੇਂ ਦੇ ਘੇਰੇ ਲਈ ਰਸਦ ਦਾ ਵੀ ਪ੍ਰਬੰਧ ਨਹੀਂ ਸੀ।

VI. **ਬੰਦਾ ਸਿੰਘ ਬਹਾਦਰ ਅਤੇ ਬਿਨੋਦ ਸਿੰਘ ਵਿਚਕਾਰ ਮਤਭੇਦ:** ਗੁਰਦਾਸ ਨੰਗਲ ਵਿਖੇ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀ ਭਾਈ ਬਿਨੋਦ ਸਿੰਘ ਵਿਚਕਾਰ ਮਤਭੇਦ ਪੈਦਾ ਹੋਏ। ਬਿਨੋਦ ਸਿੰਘ ਹਵੇਲੀ ਨੂੰ ਛੱਡ ਕੇ ਜਾਣਾ ਚਾਹੁੰਦਾ ਸੀ ਪਰ ਬੰਦਾ ਸਿੰਘ ਬਹਾਦਰ ਨੇ ਹਵੇਲੀ ਛੱਡਣ ਤੋਂ ਨਾਂਹ ਕਰ ਦਿੱਤੀ।ਬਿਨੋਦ ਸਿੰਘ ਆਪਣੇ ਸਾਥੀਆਂ ਸਮੇਤ ਹਵੇਲੀ ਛੱਡ ਕੇ ਚਲਾ ਗਿਆ। ਇਸ ਨਾਲ ਬੰਦਾ ਸਿੰਘ ਦੀ ਸ਼ਕਤੀ ਘਟ ਗਈ।

VII. **ਫਰੁਖ਼ਸੀਅਰ ਦੀਆਂ ਕਾਰਵਾਈਆਂ:** 1713 ਈ: ਵਿੱਚ ਫਰੁਖ਼ਸੀਅਰ ਮੁਗ਼ਲਾਂ ਦਾ ਬਾਦਸ਼ਾਹ ਬਣਿਆ। ਉਹ ਬਹੁਤ ਜਾਲਮ ਅਤੇ ਨਿਰਦਈ ਸੀ। ਉਸਨੇ ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ। ਉਹਨਾਂ ਨੇ ਸਿੱਖਾਂ ਖਿਲਾਫ਼ ਬਹੁਤ ਕਾਰਵਾਈਆਂ ਕੀਤੀਆਂ ਅਤੇ ਅੰਤ ਬੰਦਾ ਸਿੰਘ ਬਹਾਦਰ ਨੂੰ ਉਸਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ।

**4) ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਅਤੇ ਚਰਿੱਤਰ ਦਾ ਮੁਲਾਂਕਣ ਕਰੋ।**

**ਉੱਤਰ:**

I. **ਇੱਕ ਮਨੁੱਖ ਦੇ ਰੂਪ ਵਿੱਚ:**

1. ਬੰਦਾ ਸਿੰਘ ਦਾ ਕੱਦ-ਕਾਠ ਅਤੇ ਸ਼ਕਲ-ਸੂਰਤ ਕਾਫੀ ਹੱਦ ਤੱਕ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ।
2. ਉਹ ਬਹੁਤ ਬਹਾਦਰ ਅਤੇ ਹੌਸਲੇ ਵਾਲਾ ਸੀ। ਉਹ ਵੱਡੀ ਤੋਂ ਵੱਡੀ ਸਮੱਸਿਆ ਵਿੱਚ ਵੀ ਘਬਰਾਉਂਦਾ ਨਹੀਂ ਸੀ।
3. ਉਸਦਾ ਸਿੱਖ ਧਰਮ ਵਿੱਚ ਦ੍ਰਿੜ ਵਿਸ਼ਵਾਸ ਸੀ। ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਚਲਾਏ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।
4. ਉਹ ਧਾਰਮਿਕ ਤੌਰ ਤੇ ਬਹੁਤ ਸਹਿਣਸ਼ੀਲ ਸੀ।


Download Free Study Material From SIKHYA APP

## II. ਇੱਕ ਯੋਧਾ ਅਤੇ ਸੈਨਾਪਤੀ ਦੇ ਰੂਪ ਵਿੱਚ:

1. ਬੰਦਾ ਸਿੰਘ ਬਹਾਦਰ ਇੱਕ ਮਹਾਨ ਯੋਧਾ ਅਤੇ ਉੱਚ ਕੋਟੀ ਦਾ ਸੈਨਾਪਤੀ ਸੀ। ਉਸਨੇ ਲੰਮਾਂ ਸਮਾਂ ਮੁਗਲਾਂ ਦੇ ਨੱਕ ਵਿੱਚ ਦਮ ਕਰਕੇ ਰੱਖਿਆ।
2. ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਇਕੱਠਿਆਂ ਕਰਕੇ ਰੱਖਿਆ ਅਤੇ ਹਰ ਸਮੇਂ ਉਹਨਾਂ ਵਿੱਚ ਜੋਸ਼ ਭਰਦਾ ਰਿਹਾ।
3. ਬੰਦਾ ਸਿੰਘ ਬਹਾਦਰ ਕਿਸੇ ਵੀ ਹਾਰ ਦੀ ਸਥਿਤੀ ਵਿੱਚ ਹੌਸਲਾ ਨਹੀਂ ਛੱਡਦਾ ਸੀ।
4. ਗੁਰਦਾਸ ਨੰਗਲ ਵਿਖੇ ਬਿਨੋਦ ਸਿੰਘ ਦੇ ਚਲੇ ਜਾਣ ਤੋਂ ਬਾਅਦ ਵੀ ਬੰਦਾ ਬਹਾਦਰ ਨੇ ਕੱਚੀ ਹਵੇਲੀ ਵਿੱਚੋਂ 8 ਮਹੀਨਿਆਂ ਤੱਕ ਮੁਗਲਾਂ ਦਾ ਮੁਕਾਬਲਾ ਕੀਤਾ।
5. ਬੰਦਾ ਸਿੰਘ ਬਹਾਦਰ ਜੰਗੀ ਚਾਲਾਂ ਦਾ ਮਾਹਿਰ ਸੀ। ਉਹ ਯੁੱਧ ਵਿੱਚ ਜਿੱਤਣ ਲਈ ਜੀ-ਜਾਨ ਲਗਾ ਦਿੰਦਾ ਸੀ।

## III. ਇੱਕ ਕੁਸ਼ਲ ਪ੍ਰਸ਼ਾਸਕ ਦੇ ਰੂਪ ਵਿੱਚ:

1. ਬੰਦਾ ਸਿੰਘ ਬਹਾਦਰ ਨੇ ਆਪਣੇ ਜਿੱਤੇ ਹੋਏ ਇਲਾਕਿਆਂ ਵਿੱਚ ਬਹੁਤ ਵਧੀਆ ਸ਼ਾਸਨ ਪ੍ਰਬੰਧ ਸ਼ੁਰੂ ਕੀਤਾ।
2. ਉਸਨੇ ਜਿੰਮੀਦਾਰੀ ਪ੍ਰਥਾ ਨੂੰ ਖਤਮ ਕੀਤਾ ਅਤੇ ਕਿਸਾਨਾਂ ਨੂੰ ਜਮੀਨਾਂ ਦੇ ਮਾਲਿਕ ਬਣਾ ਦਿੱਤਾ।
3. ਉਸਨੇ ਆਪਣੀ ਫੌਜ਼ ਵਿੱਚ ਹਿੰਦੂਆਂ ਦੇ ਨਾਲ ਨਾਲ ਮੁਸਲਮਾਨਾਂ ਨੂੰ ਨੌਕਰੀਆਂ ਦਿੱਤੀਆਂ।
4. ਉਹ ਜਾਤ-ਪਾਤ ਅਤੇ ਉਚ-ਨੀਚ ਵਿੱਚ ਕੋਈ ਭੇਦਭਾਵ ਨਹੀਂ ਕਰਦਾ ਸੀ।
5. ਉਸਨੇ ਆਪਣਾ ਸ਼ਾਸਨ ਪ੍ਰਬੰਧ ਆਪਣੇ ਨਾਂ ਤੇ ਚਲਾਉਣ ਦੀ ਥਾਂ ਤੇ ਖਾਲਸੇ ਦੇ ਨਾਂ ਤੇ ਚਲਾਇਆ।
6. ਉਸਨੇ ਆਪਣੇ ਪ੍ਰਸ਼ਾਸਨ ਵਿੱਚੋਂ ਭ੍ਰਿਸ਼ਟ ਲੋਕਾਂ ਨੂੰ ਨੌਕਰੀਓਂ ਕੱਢ ਕੇ ਇਮਾਨਦਾਰ ਲੋਕਾਂ ਨੂੰ ਨੌਕਰੀਆਂ ਦਿੱਤੀਆਂ।

## IV. ਇੱਕ ਸੰਗਠਨਕਰਤਾ ਦੇ ਰੂਪ ਵਿੱਚ:

1. ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਸਿਰਫ 25 ਸਿੱਖਾਂ ਨਾਲ ਪੰਜਾਬ ਆਇਆ ਸੀ ਪਰ ਛੇਤੀ ਹੀ ਉਸਨੇ ਇੱਕ ਵੱਡੀ ਫੌਜ ਤਿਆਰ ਕਰ ਲਈ।
2. ਉਸਨੇ ਆਪਣੀ ਫੌਜ਼ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਨੌਕਰੀਆਂ ਦਿੱਤੀਆਂ।


Download Free Study Material From SIKHYA APP

3. ਬੰਦਾ ਸਿੰਘ ਬਹਾਦਰ ਮੁਗ਼ਲਾਂ ਦਾ ਲੁੱਟਿਆ ਹੋਇਆ ਮਾਲ ਆਪਣੇ ਸੈਨਿਕਾਂ ਵਿੱਚ ਵੰਡ ਦਿੰਦਾ ਸੀ।

4. ਉਸਨੇ ਸਿੱਖਾਂ ਵਿੱਚ ਬਹਾਦਰੀ ਦੀ ਭਾਵਨਾ ਨੂੰ ਜਗਾਇਆ।

5. ਉਸ ਦੁਆਰਾ ਦਿੱਤੇ ਸਿੱਖ ਰਾਜ ਦੇ ਸੰਕਲਪ ਨੂੰ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਾਮਰਾਜ ਵਿੱਚ ਤਬਦੀਲ ਕੀਤਾ।


Download Free Study Material From SIKHYA APP

# ਪਾਠ 11

# ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਅਤੇ ਮੀਰ ਮਨੂੰ–ਉਹਨਾਂ ਦੇ ਸਿੱਖਾਂ ਨਾਲ ਸੰਬੰਧ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1) ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਕਿਸਨੇ ਨਿਯੁਕਤ ਕੀਤਾ ? ਫਰੁਖ਼ਸੀਅਰ ਨੇ

2) ਅਬਦੁਸ ਸਮਦ ਖਾਂ ਕਦੋਂ ਲਾਹੌਰ ਦਾ ਸੂਬੇਦਾਰ ਬਣਿਆ ? 1713 ਈ:

3) ਅਬਦੁਸ ਸਮਦ ਖਾਂ ਨੇ ਕਿਹੜੇ ਮਹਾਨ ਸਿੱਖ ਜਰਨੈਲ ਨੂੰ ਗ੍ਰਿਫਤਾਰ ਕੀਤਾ ? ਬੰਦਾ ਸਿੰਘ ਬਹਾਦਰ

4) ਬੰਦਾ ਸਿੰਘ ਬਹਾਦਰ ਨੂੰ ਕਿਹੜੀ ਲੜਾਈ ਵਿੱਚ ਗ੍ਰਿਫਤਾਰ ਕੀਤਾ ਗਿਆ ? ਗੁਰਦਾਸ ਨੰਗਲ ਦੀ ਲੜਾਈਵਿੱਚ

5) ਅਬਦੁਸ ਸਮਦ ਖਾਂ ਦੇ ਸਿੱਖਾਂ ਤੇ ਕੀਤੇ ਜੁਲਮਾਂ ਕਾਰਨ ਫਰੁਖ਼ਸੀਅਰ ਨੇ ਉਸਨੂੰ ਕਿਹੜਾ ਸਨਮਾਨ ਦਿੱਤਾ ? ਰਾਜ ਦੀ ਤਲਵਾਰ

6) ਅਬਦੁਸ ਸਮਦ ਖਾਂ ਦੇ ਜੁਲਮਾਂ ਤੋਂ ਬਚਣ ਲਈ ਸਿੱਖ ਕਿੱਥੇ ਸ਼ਰਨ ਲੈਂਦੇ ਸਨ ? ਲੱਖੀ ਜੰਗਲਾਂ ਤੇ ਸ਼ਿਵਾਲਿਕ ਪਹਾੜੀਆਂ ਵਿਚ

7) ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕਿਹੜੇ ਦੋ ਸੰਪਰਦਾਵਾਂ ਵਿੱਚ ਵੰਡੇ ਗਏ ? ਤੱਤ ਖਾਲਸਾ ਅਤੇ ਬੰਦਈ ਖਾਲਸਾ

8) ਤੱਤ ਖਾਲਸਾ ਵਾਲੇ ਕਿਹੜੇ ਰੰਗ ਦੇ ਕੱਪੜੇ ਪਹਿਣਦੇ ਸਨ ? ਨੀਲੇ ਰੰਗ ਦੇ

9) ਬੰਦਈ ਖਾਲਸਾ ਵਾਲੇ ਕਿਹੜੇ ਰੰਗ ਦੇ ਕੱਪੜੇ ਪਹਿਣਦੇ ਸਨ ? ਲਾਲ ਰੰਗ ਦੇ

10) ਤੱਤ ਖਾਲਸਾ ਵਾਲੇ ਕਿਸਦੇ ਅਸੂਲਾਂ ਤੇ ਦ੍ਰਿੜ ਸਨ ? ਗੁਰੂ ਗੋਬਿੰਦ ਸਿੰਘ ਜੀ ਦੇ

11) ਬੰਦਈ ਖਾਲਸਾ ਵਾਲੇ ਕਿਸਦੇ ਅਸੂਲਾਂ ਤੇ ਚੱਲਦੇ ਸਨ ? ਬੰਦਾ ਸਿੰਘ ਬਹਾਦਰ ਦੇ


Download Free Study Material From SIKHYA APP

12) ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿੱਚ ਸਮਝੌਤਾ ਕਿਸਨੇ ਕਰਵਾਇਆ ? ਭਾਈ ਮਨੀ ਸਿੰਘ ਜੀ ਨੇ

13) ਭਾਈ ਮਨੀ ਸਿੰਘ ਕੌਣ ਸਨ ? ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ

14) ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚਕਾਰ ਸਮਝੌਤਾ ਕਦੋਂ ਤੇ ਕਿੱਥੇ ਹੋਇਆ ? 1721 ਈ:, ਸ਼੍ਰੀ ਅੰਮ੍ਰਿਤਸਰ ਸਾਹਿਬ

15) ਜ਼ਕਰੀਆ ਖਾਂ ਕੌਣ ਸੀ ? ਅਬਦੁਸ ਸਮਦ ਖਾਂ ਦਾ ਪੁੱਤਰ

16) ਜ਼ਕਰੀਆ ਖਾਂ ਲਾਹੌਰ ਦਾ ਸੂਬੇਦਾਰ ਕਦੋਂ ਬਣਿਆ ? 1726 ਈ:

17) ਜ਼ਕਰੀਆ ਖਾਂ ਸਿੱਖਾਂ ਨੂੰ ਕਿੱਥੇ ਸ਼ਹੀਦ ਕਰਵਾਉਂਦਾ ਸੀ ? ਲਾਹੌਰ ਦੇ ਦਿੱਲੀ ਗੇਟ ਵਿੱਚ ਨਖਸ ਨਾਂ ਦੇ ਸਥਾਨ ਤੇ

18) ਸਿੱਖਾਂ ਦੀ ਸ਼ਹੀਦੀ ਕਾਰਨ ਨਖਸ ਦਾ ਨਾਂ ਕੀ ਪੈ ਗਿਆ ? ਸ਼ਹੀਦ ਗੰਜ

19) ਭਾਈ ਤਾਰਾ ਸਿੰਘ ਵਾਂ ਕਿੱਥੋਂ ਦੇ ਵਸਨੀਕ ਸਨ ? ਅੰਮ੍ਰਿਤਸਰ ਸਾਹਿਬ ਦੇ ਪਿੰਡ ਵਾਂ ਦੇ

20) ਨੌਸ਼ਹਿਰੇ ਦਾ ਕਿਹੜਾ ਚੌਧਰੀ ਆਪਣੇ ਘੋੜੇ ਸਿੱਖਾਂ ਦੇ ਖੇਤਾਂ ਵਿੱਚ ਛੱਡਦਾ ਸੀ ? ਸਾਹਿਬ ਰਾਏ

21) ਭਾਈ ਤਾਰਾ ਸਿੰਘ ਨੇ ਕਿੰਨੇ ਸਾਥੀਆਂ ਨਾਲ ਮੁਗ਼ਲ ਫੌਜਾਂ ਦਾ ਮੁਕਾਬਲਾ ਕੀਤਾ ? 22

22) ਜ਼ਕਰੀਆ ਖਾਂ ਨੇ ਸਿੱਖਾਂ ਨਾਲ ਸਮਝੌਤਾ ਕਦੋਂ ਕੀਤਾ ? 1733 ਈ:

23) ਸਿੱਖਾਂ ਦੇ ਕਿਹੜੇ ਨੇਤਾ ਨੂੰ ਨਵਾਬ ਦੀ ਉਪਾਧੀ ਦਿੱਤੀ ਗਈ ? ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ

24) ਨਵਾਬ ਕਪੂਰ ਸਿੰਘ ਨੇ ਸਿੱਖਾਂ ਨੂੰ ਸੰਗਠਿਤ ਕਦੋਂ ਕੀਤਾ ? 1734 ਈ:


Download Free Study Material From SIKHYA APP

| | |
|---|---|
| 25) ਨਵਾਬ ਕਪੂਰ ਸਿੰਘ ਨੇ ਸਿੱਖਾਂ ਦੇ ਕਿਹੜੇ ਦੋ ਜੱਥੇ ਬਣਾਏ ? | ਬੁੱਢਾ ਦਲ ਅਤੇ ਤਰੁਣਾ ਦਲ |
| 26) ਬੁੱਢਾ ਦਲ ਵਿੱਚ ਕਿੰਨੀ ਉਮਰ ਦੇ ਸਿੱਖ ਹੁੰਦੇ ਸਨ ? | 40 ਸਾਲ ਤੋਂ ਵੱਧ ਉਮਰ ਦੇ |
| 27) ਤਰੁਣਾ ਦਲ ਨੂੰ ਅੱਗੇ ਕਿੰਨੇ ਜੱਥਿਆਂ ਵਿੱਚ ਵੰਡਿਆ ਗਿਆ ? | 5 |
| 28) ਬੁੱਢਾ ਦਲ ਕੀ ਕੰਮ ਕਰਦਾ ਸੀ ? | ਧਾਰਮਿਕ ਸਥਾਨਾਂ ਦੀ ਦੇਖਭਾਲ |
| 29) ਤਰੁਣਾ ਦਲ ਦਾ ਕੀ ਕੰਮ ਸੀ ? | ਦੁਸ਼ਮਣਾਂ ਦਾ ਮੁਕਾਬਲਾ ਕਰਨਾ |
| 30) ਜ਼ਕਰੀਆ ਖਾਂ ਨੇ ਸਿੱਖਾਂ ਕੋਲੋਂ ਆਪਣੀ ਜ਼ਾਗੀਰ ਕਦੋਂ ਵਾਪਸ ਲਈ ? | 1735 ਈ: |
| 31) ਭਾਈ ਬੋਤਾ ਸਿੰਘ ਨੇ ਆਪਣੇ ਕਿਹੜੇ ਸਾਥੀ ਨਾਲ ਰਲਕੇ ਚੌਂਕੀ ਕਾਇਮ ਕੀਤੀ ? | ਭਾਈ ਗਰਜਾ ਸਿੰਘ ਨਾਲ |
| 32) ਭਾਈ ਬੋਤਾ ਸਿੰਘ ਨੇ ਸਰਾਇ ਨੂਰਦੀਨ ਵਿਖੇ ਚੌਂਕੀ ਕਿਉਂ ਸਥਾਪਿਤ ਕੀਤੀ ? | ਸਿੱਖਾਂ ਦੀ ਹੋਂਦ ਵਿਖਾਉਣ ਲਈ |
| 33) ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਲੇ ਕਿਹੜੇ ਚੌਧਰੀ ਦਾ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਸਿਰ ਵੱਢ ਦਿੱਤਾ ? | ਮੱਸੇ ਰੰਗੜ ਦਾ |
| 34) ਭਾਈ ਤਾਰੂ ਸਿੰਘ ਨੂੰ ਕਿਵੇਂ ਸ਼ਹੀਦ ਕੀਤਾ ਗਿਆ ? | ਉਹਨਾਂ ਦੀ ਖੋਪਰੀ ਉਤਾਰ ਦਿੱਤੀ ਗਈ |
| 35) ਭਾਈ ਤਾਰੂ ਸਿੰਘ ਜੀ ਨੇ ਕਦੋਂ ਸ਼ਹੀਦੀ ਪ੍ਰਾਪਤ ਕੀਤੀ ? | 1 ਜੁਲਾਈ 1745 ਈ: |
| 36) ਜ਼ਕਰੀਆ ਖਾਂ ਦੀ ਮੌਤ ਕਦੋਂ ਹੋਈ ? | 1 ਜੁਲਾਈ 1745 ਈ: |
| 37) ਯਾਹੀਆ ਖਾਂ ਕੌਣ ਸੀ ? | ਜ਼ਕਰੀਆ ਖਾਂ ਦਾ ਪੁੱਤਰ |
| 38) ਯਾਹੀਆ ਖਾਂ ਲਾਹੌਰ ਦਾ ਸੂਬੇਦਾਰ ਕਦੋਂ ਬਣਿਆ ? | 1746 ਈ: |
| 39) ਕਿਸ ਫੌਜ਼ਦਾਰ ਨੇ ਗੁਰੂ ਸ਼ਬਦ ਦੀ ਵਰਤੋਂ ਦੀ ਮਨਾਹੀ ਕਰ ਦਿੱਤੀ ? | ਦੀਵਾਨ ਲਖ਼ਪਤ ਰਾਏ |
| 40) ਪਹਿਲਾ ਘੱਲੂਘਾਰਾ ਕਿੱਥੇ ਵਾਪਰਿਆ ? | ਕਾਹਨੂੰਵਾਨ ਵਿਖੇ |


Download Free Study Material From SIKHYA APP

| | |
|---|---|
| 41) ਪਹਿਲਾ ਘੱਲੂਘਾਰਾ ਕਦੋਂ ਵਾਪਰਿਆ ? | 1746 ਈ: |
| 42) ਪਹਿਲੇ ਘੱਲੂਘਾਰੇ ਵਿੱਚ ਮੁਗ਼ਲ ਫੌਜ ਦੀ ਅਗਵਾਈ ਕੌਣ ਕਰ ਰਿਹਾ ਸੀ ? | ਯਾਹੀਆ ਖਾਂ ਅਤੇ ਲਖਪਤਰਾਏ |
| 43) ਪਹਿਲੇ ਘੱਲੂਘਾਰੇ ਵਿੱਚ ਕਿੰਨੇ ਸਿੱਖ ਸ਼ਹੀਦ ਹੋਏ ? | 7000 |
| 44) ਪਹਿਲੇ ਘੱਲੂਘਾਰੇ ਵਿੱਚ ਕਿੰਨੇ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਗਿਆ ? | 3000 |
| 45) ਪਹਿਲੇ ਘੱਲੂਘਾਰੇ ਨੂੰ ਹੋਰ ਕਿਸ ਨਾਂ ਨਾਲ ਜਾਨਿਆ ਜਾਂਦਾ ਹੈ ? | ਛੋਟਾ ਘੱਲੂਘਾਰਾ |
| 46) ਮੀਰ ਮਨੂੰ ਦਾ ਅਸਲ ਨਾਂ ਕੀ ਸੀ ? | ਮੁਈਨ-ਉਲ-ਮੁਲਕ |
| 47) ਰਾਮ ਰੌਣੀ ਦੇ ਕਿਲ੍ਹੇ ਵਿੱਚ ਘਿਰੇ ਸਿੱਖਾਂ ਦੀ ਸਹਾਇਤਾ ਕਿਹੜੇ ਸਿੱਖ ਜਰਨੈਲ ਨੇ ਕੀਤੀ ? | ਜੱਸਾ ਸਿੰਘ ਰਾਮਗੜ੍ਹੀਆ ਨੇ |
| 48) ਕਿਹੜੇ ਮੁਗ਼ਲ ਦੀਵਾਨ ਦੇ ਨਰਮ ਰਵੱਈਏ ਕਾਰਨ ਸਿੱਖ ਉਸਨੂੰ ਮਿੱਠਾ ਮੱਲ ਕਹਿੰਦੇ ਸਨ ? | ਕੌੜਾ ਮੱਲ ਨੂੰ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਕਿਹੜੇ ਸਮੇਂ ਨੂੰ ਸਿੱਖ ਇਤਿਹਾਸ ਦਾ ਹਨੇਰਮਈ ਯੁੱਗ ਕਿਹਾ ਜਾਂਦਾ ਹੈ ਅਤੇ ਕਿਉਂ ?**

ਉੱਤਰ: 1713 ਈ: ਤੋਂ 1753 ਈ: ਦੇ ਸਮੇਂ ਨੂੰ ਸਿੱਖ ਇਤਿਹਾਸ ਦਾ ਹਨੇਰਮਈ ਯੁੱਗ ਕਿਹਾ ਜਾਂਦਾਹੈ। ਇਸ ਸਮੇਂ ਦੌਰਾਨ ਅਬਦੁਸ ਸਮਦ ਖਾਂ, ਜ਼ਕਰੀਆ ਖਾਂ, ਯਾਹੀਆ ਖਾਂ ਅਤੇ ਮੀਰ ਮੰਨੂੰ ਪੰਜਾਬ ਦੇ ਸੂਬੇਦਾਰ ਰਹੇ। ਉਹਨਾਂ ਨੇ ਸਿੱਖਾਂ ਤੇ ਬਹੁਤ ਜੁਲਮ ਕੀਤੇ। ਉਹਨਾਂ ਦੇ ਸਿਰਾਂ ਦੇ ਮੁੱਲ ਨਿਸਚਿਤ ਕੀਤੇ ਗਏ। ਉਹਨਾਂ ਨੂੰ ਹਰ ਰੋਜ਼ ਗ੍ਰਿਫਤਾਰ ਕੀਤਾ ਜਾਂਦਾ ਸੀ ਅਤੇ ਲਾਹੌਰ ਵਿਖੇ ਸ਼ਹੀਦ ਕੀਤਾਜਾਂਦਾ ਸੀ। ਉਹਨਾਂ ਨੂੰ ਆਪਣੇ ਘਰ ਛੱਡ ਦੇ ਜਾਣਾ ਪਿਆ ਅਤੇ ਜੰਗਲਾਂ ਤੇ ਪਹਾੜਾਂ ਵਿੱਚ ਜਾ ਕੇ ਸ਼ਰਨ ਲੈਣੀ ਪਈ।


Download Free Study Material From SIKHYA APP

**2) ਅਬਦੁਸ ਸਮਦ ਖਾਂ ਤੇ ਇੱਕ ਨੋਟ ਲਿਖੋ।**

ਉੱਤਰ: ਅਬਦੁਸ ਸਮਦ ਖਾਂ 1713 ਈ: ਵਿੱਚ ਲਾਹੌਰ ਦਾ ਸੂਬੇਦਾਰ ਬਣਿਆ। 1715 ਈ: ਵਿੱਚ ਉਸਨੇ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ। ਇਸ ਨਾਲ ਉਸਦਾ ਹੌਸਲਾ ਬਹੁਤ ਵਧ ਗਿਆ। ਉਸਨੇ ਸਿੱਖਾਂ ਤੇ ਭਾਰੀ ਜੁਲਮ ਕੀਤੇ। ਹਰ ਰੋਜ਼ ਸੈਕੜੇ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਅਤੇ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਜਾਂਦਾ ਸੀ। ਅਬਦੁਸ ਸਮਦ ਖਾਂ ਦੇ ਜੁਲਮਾਂ ਤੋਂ ਤੰਗ ਆ ਕੇ ਸਿੱਖਾਂ ਨੂੰ ਘਰੋਂ ਦੌੜ ਦੇ ਜੰਗਲਾਂ ਵਿੱਚ ਲੁੱਕਣਾ ਪਿਆ। ਅਬਦੁਸ ਸਮਦ ਖਾਂ ਦੀਆਂ ਇਹਨਾਂ ਸਫ਼ਲਤਾਵਾਂ ਤੋਂ ਖੁਸ਼ ਹੋ ਕੇ ਮੁਗ਼ਲ ਬਾਦਸ਼ਾਹ ਫਰੁਖਸਿਅਰ ਨੇ ਉਸਨੂੰ ਰਾਜ ਦੀ ਤਲਵਾਰ ਦੀ ਉਪਾਧੀ ਦਿੱਤੀ।

**3) ਬੰਦਈ ਖਾਲਸਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਬੰਦਈ ਖਾਲਸਾ ਉਹਨਾਂ ਸਿੱਖਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਨੇਤਾ ਮੰਨਦੇ ਸਨ। ਇੱਕ ਦੂਜੇ ਨੂੰ ਮਿਲਦੇ ਸਮੇਂ ਇਹ ਫਤਿਹ ਧਰਮ ਅਤੇ ਫਤਿਹ ਦਰਸ਼ਨ ਸ਼ਬਦਾਂ ਦੀ ਵਰਤੋਂ ਕਰਦੇ ਸਨ। ਇਹ ਲਾਲ ਰੰਗ ਦੇ ਕੱਪੜੇ ਪਾਉਂਦੇ ਸਨ।

**4) ਤੱਤ ਖਾਲਸਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਤੱਤ ਖਾਲਸਾ ਉਹਨਾਂ ਸਿੱਖਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਅਸੂਲਾਂ ਤੇ ਚੱਲਦੇ ਸਨ। ਇੱਕ ਦੂਜੇ ਨੂੰ ਮਿਲਦੇ ਸਮੇਂ ਇਹ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ਸ਼ਬਦਾਂ ਦੀ ਵਰਤੋਂ ਕਰਦੇ ਸਨ। ਇਹ ਨੀਲੇ ਰੰਗ ਦੇ ਕੱਪੜੇ ਪਾਉਂਦੇ ਸਨ।

**5) ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚਲੇ ਮੱਤਭੇਦ ਕਿਵੇਂ ਦੂਰ ਹੋਏ ?**

ਉੱਤਰ: 1721 ਈ: ਵਿੱਚ ਵਿਸਾਖੀ ਵਾਲੇ ਦਿਨ, ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਨੇ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿੱਚ ਸਮਝੌਤਾ ਕਰਵਾ ਦਿੱਤਾ। ਇਸ ਨਾਲ ਤੱਤ ਖਾਲਸਾ ਅਤੇ ਬੰਦਈ ਖਾਲਸਾ ਇੱਕ ਹੋ ਗਏ।


Download Free Study Material From SIKHYA APP

**6) ਸਿੱਖਾਂ ਦੀ ਸ਼ਕਤੀ ਕੁਚਲਣ ਲਈ ਜ਼ਕਰੀਆ ਖਾਂ ਨੇ ਕਿਹੜੇ ਕਦਮ ਚੁੱਕੇ ?**

ਉੱਤਰ: ਜ਼ਕਰੀਆ ਖਾਂ 1726 ਈ: ਵਿੱਚ ਲਾਹੌਰ ਦਾ ਸੂਬੇਦਾਰ ਬਣਿਆ। ਅਹੁਦਾ ਸੰਭਾਲਦੇ ਹੀ ਉਸਨੇ ਸਿੱਖਾਂ ਵਿਰੁੱਧ ਕਦਮ ਚੁੱਕਣੇ ਸ਼ੁਰੂ ਕੀਤੇ।

1. ਉਸਨੇ ਸਿੱਖਾਂ ਨੂੰ ਖਤਮ ਕਰਨ ਲਈ ਆਪਣੀ ਫੌਜ ਵਿੱਚ 20000 ਸੈਨਿਕ ਭਰਤੀ ਕੀਤੇ।
2. ਸਿੱਖਾਂ ਦੇ ਸਿਰਾਂ ਦੇ ਮੁੱਲ ਨਿਸਚਿਤ ਕੀਤੇ ਗਏ।
3. ਪਿੰਡਾਂ ਦੇ ਮੁਕੱਦਮਾਂ, ਚੌਧਰੀਆਂ ਅਤੇ ਜਿੰਮੀਦਾਰਾਂ ਨੂੰ ਸਿੱਖਾਂ ਖਿਲਾਫ਼ ਕਾਰਵਾਈਆਂ ਕਰਨ ਲਈ ਮਜਬੂਰ ਕੀਤਾ ਗਿਆ।
4. ਸਿੱਖਾਂ ਦੀ ਸ਼ਕਤੀ ਕੁਚਲਣ ਲਈ ਜ਼ਕਰੀਆ ਖਾਂ ਨੇ ਜ਼ਿਹਾਦ ਦਾ ਨਾਅਰਾ ਵੀ ਲਾਇਆ।

**7) ਭਾਈ ਤਾਰਾ ਸਿੰਘ ਵਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਭਾਈਤਾਰਾ ਸਿੰਘ ਵਾਂ, ਅਮ੍ਰਿਤਸਰ ਜਿਲ੍ਹੇ ਦੇ ਪਿੰਡ ਵਾਂ ਦੇ ਵਸਨੀਕ ਸਨ। ਉਹਨਾਂ ਨੇ ਬੰਦਾ ਸਿੰਘ ਬਹਾਦਰ ਦੀਆਂ ਅਨੇਕਾਂ ਲੜਾਈਆਂ ਵਿੱਚ ਭਾਗ ਲਿਆ ਸੀ। ਹੁਣ ਉਹ ਆਪਣੇ ਪਿੰਡ ਵਿੱਚ ਖੇਤੀਬਾੜੀ ਦਾ ਕੰਮ ਕਰਦੇ ਸਨ। ਨੌਸ਼ਹਿਰੇ ਦਾ ਚੌਧਰੀ ਸਾਹਿਬ ਰਾਏ ਸਿੱਖਾਂ ਦੇ ਖੇਤਾਂ ਵਿੱਚ ਆਪਣੇ ਘੋੜੇ ਛੱਡ ਦਿੰਦਾ ਸੀ ਜਿਹੜੇ ਬਹੁਤ ਨੁਕਸਾਨ ਕਰਦੇ ਸਨ ।ਜਦੋਂ ਸਿੱਖ ਉਸਨੂੰ ਅਜਿਹਾ ਕਰਨ ਤੋਂ ਰੋਕਦੇ ਸਨ ਤਾਂ ਉਹ ਸਿੱਖਾਂ ਦੀ ਬਹੁਤ ਬੇਇੱਜਤੀ ਕਰਦਾ ਸੀ। ਇੱਕ ਦਿਨ ਭਾਈ ਤਾਰਾ ਸਿੰਘ ਵਾਂ ਨੇ ਉਸਦੀ ਇੱਕ ਘੋੜੀ ਨੂੰ ਵੇਚ ਦਿੱਤਾ ਅਤੇ ਮਿਲੇ ਪੈਸਿਆਂ ਨੂੰ ਲੰਗਰ ਵਿੱਚ ਸੇਵਾ ਵਜੋਂ ਪਾ ਦਿੱਤਾ। ਚੌਧਰੀ ਸਾਹਿਬ ਰਾਏ ਨੇ ਜ਼ਕਰੀਆ ਖਾਂ ਨੂੰ ਭਾਈ ਤਾਰਾ ਸਿੰਘ ਵਾਂ ਦੀ ਸ਼ਿਕਾਇਤ ਕੀਤੀ। ਜ਼ਕਰੀਆ ਖਾਂ ਨੇ ਮੋਮਨ ਖਾਂ ਦੀ ਅਗਵਾਈ ਹੇਠ 2200 ਮੁਗਲ ਸੈਨਿਕਾਂ ਨੂੰ ਭਾਈ ਤਾਰਾ ਸਿੰਘ ਵਾਂ ਖਿਲਾਫ਼ ਕਾਰਵਾਈ ਕਰਨ ਲਈ ਭੇਜਿਆ।ਭਾਈ ਤਾਰਾ ਸਿੰਘ ਵਾਂ ਨੇ ਮੁਗ਼ਲਾਂ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ।


Download Free Study Material From SIKHYA APP

**8) ਭਾਈ ਮਨੀ ਸਿੰਘ ਦੀ ਸ਼ਹੀਦੀ ਕਿਉਂ ਹੋਈ ?**

ਉੱਤਰ: ਭਾਈ ਮਨੀ ਸਿੰਘ ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਨ। ਜ਼ਕਰੀਆ ਖਾਂ ਨੇ ਸਿੱਖਾਂ ਦੇ ਦਰਬਾਰ ਸਾਹਿਬ ਵਿਖੇ ਆਉਣ ਤੇ ਪਾਬੰਦੀ ਲਗਾਈ ਹੋਈ ਸੀ। ਭਾਈ ਮਨੀ ਸਿੰਘ ਨੇ ਜ਼ਕਰੀਆ ਖਾਂ ਤੋਂ 5000 ਰੁਪਏ ਦੇ ਬਦਲੇ ਇਸ ਗੱਲ ਦੀ ਆਗਿਆ ਲੈ ਲਈ ਕਿ ਉਹ ਦੀਵਾਲੀ ਦੇ ਮੌਕੇ ਤੇ ਸਿੱਖਾਂ ਨੂੰ ਦਰਬਾਰਸਾਹਿਬ ਵਿਖੇ ਆ ਕੇ ਮੱਥਾ ਟੇਕਣ ਦੇਵੇਗਾ। ਭਾਰੀ ਗਿਣਤੀ ਵਿੱਚ ਸਿੱਖ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ। ਦੀਵਾਲੀ ਤੋਂ ਇੱਕ ਦਿਨ ਪਹਿਲਾਂ ਹੀ ਜ਼ਕਰੀਆ ਖਾਂ ਨੇ ਸਿੱਖਾਂ ਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਮਲਾ ਕਰਵਾ ਦਿੱਤਾ। ਸਿੱਖਾਂ ਵਿੱਚ ਭਗਦੜ ਮਚ ਗਈ ਅਤੇ ਉਹ ਦਰਬਾਰ ਸਾਹਿਬ ਵਿਖੇ ਇਕੱਠੇ ਨਾ ਹੋਏ। ਜ਼ਕਰੀਆ ਖਾਂ ਨੇ ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰਵਾ ਲਿਆ ਅਤੇ 5000 ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਨੇ ਇਨਕਾਰ ਕਰ ਦਿੱਤਾ। ਇਸਤੇ ਭਾਈ ਸਾਹਿਬ ਨੂੰ ਇਸਲਾਮ ਸਵੀਕਾਰ ਕਰਨ ਲਈ ਕਿਹਾ ਗਿਆ। ਭਾਈ ਮਨੀ ਸਿੰਘ ਜੀ ਦੇ ਇਨਕਾਰ ਕਰਨ ਤੇ ਉਹਨਾਂ ਨੂੰ ਸ਼ਹੀਦ ਕਰਵਾ ਦਿੱਤਾ ਗਿਆ।

**9) ਭਾਈ ਤਾਰੂ ਸਿੰਘ ਜੀ ਕੌਣ ਸਨ ? ਉਹਨਾਂ ਦੀ ਸ਼ਹੀਦੀ ਦਾ ਸਿੱਖ ਇਤਿਹਾਸ ਵਿੱਚ ਕੀ ਮਹੱਤਵ ਹੈ ?**

ਉੱਤਰ: ਭਾਈ ਤਾਰੂ ਸਿੰਘ ਮਾਝੇ ਦੇ ਇਲਾਕੇ ਦੇ ਪਿੰਡ ਪੂਹਲਾ ਦੇ ਵਾਸੀਸਨ। ਉਹ ਖੇਤੀਬਾੜੀ ਕਰਦੇ ਸਨ ਅਤੇ ਆਪਣੀ ਆਮਦਨ ਨਾਲ ਸਿੱਖਾਂ ਦੀ ਸਹਾਇਤਾ ਕਰਦੇ ਸਨ। ਜ਼ਕਰੀਆ ਖਾਂ ਇਸਨੂੰ ਅਪਰਾਧ ਸਮਝਦਾ ਸੀ। ਉਸਨੇ ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰ ਵਾਲਿਆ ਅਤੇ ਇਸਲਾਮ ਧਾਰਨ ਕਰਨ ਲਈ ਕਿਹਾ। ਭਾਈ ਸਾਹਿਬ ਦੁਆਰਾ ਇਨਕਾਰ ਕਰਨ ਤੇ ਉਹਨਾਂ ਦੀ ਖੋਪੜੀ ਲੁਹਾ ਦਿੱਤੀ ਗਈ। ਜਦੋਂ ਜੱਲਾਦ ਭਾਈ ਸਾਹਿਬ ਦੀ ਖੋਪੜੀ ਲਾਹ ਰਹੇ ਸਨ ਤਾਂ ਭਾਈ ਸਾਹਿਬ ਬੈਠੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਬਿਲਕੁਲ ਵੀ ਨਾ ਡੋਲੇ। ਇਸਤੋਂ 22 ਦਿਨ ਬਾਅਦ 1 ਜੁਲਾਈ 1745 ਈ: ਨੂੰ ਭਾਈ ਸਾਹਿਬ ਨੇ ਸ਼ਹੀਦੀ ਪ੍ਰਾਪਤ ਕੀਤੀ।



Download Free Study Material From SIKHYA APP

**10) ਨਾਦਰ ਸ਼ਾਹ ਦੇ ਪੰਜਾਬ ਤੇ ਹਮਲੇ ਅਤੇ ਉਸਦੇ ਪ੍ਰਭਾਵ ਦਾ ਵਰਣਨ ਕਰੋ।**

ਉੱਤਰ: ਨਾਦਰ ਸ਼ਾਹ ਈਰਾਨ ਦਾ ਬਾਦਸ਼ਾਹ ਸੀ। ਉਸਨੇ 1739 ਈ: ਵਿੱਚ ਭਾਰਤ ਤੇ ਹਮਲਾ ਕੀਤਾ। ਉਸਨੇ ਭਾਰਤ ਦੇ ਅਨੇਕਾਂ ਸ਼ਹਿਰਾਂ ਵਿੱਚ ਭਾਰੀ ਲੁੱਟਮਾਰ ਕੀਤੀ। ਜਦੋਂ ਲੁੱਟਮਾਰ ਕਰਕੇ ਉਹ ਪੰਜਾਬ ਵਿੱਚੋਂ ਲੰਘ ਰਿਹਾ ਸੀ ਤਾਂ ਸਿੱਖਾਂ ਨੇ ਉਸਤੇ ਹਮਲਾ ਕਰ ਦਿੱਤਾ ਅਤੇ ਉਸਦਾ ਖਜ਼ਾਨਾ ਲੁੱਟ ਲਿਆ। ਉਸਨੇ ਜ਼ਕਰੀਆ ਖਾਂ ਤੋਂ ਸਿੱਖਾਂ ਬਾਰੇ ਪੁੱਛਗਿੱਛ ਕੀਤੀ ਅਤੇ ਉਸਨੂੰ ਸਿੱਖਾਂ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਕਿਹਾ। ਉਸਦੇ ਹਮਲੇ ਕਾਰਨ ਪੰਜਾਬ ਵਿੱਚ ਬਦਅਮਨੀ ਫੈਲ ਗਈ ਜਿਸ ਕਾਰਨ ਸਿੱਖਾਂ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ।

**11) ਬੁੱਢਾ ਦਲ ਅਤੇ ਤਰੁਣਾ ਦਲ ਤੋਂ ਕੀ ਭਾਵ ਹੈ ?**

ਉੱਤਰ: ਜਦੋਂ ਜ਼ਕਰੀਆ ਖਾਂ ਨੂੰ ਮਹਿਸੂਸ ਹੋਇਆ ਕਿ ਸਿੱਖਾਂ ਨੂੰ ਖਤਮ ਕਰਨਾ ਸੰਭਵ ਨਹੀਂ ਤਾਂ ਉਸਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ। 1734 ਈ: ਨਵਾਬ ਕਪੂਰ ਸਿੰਘ ਨੇ ਸਾਰੇ ਸਿੱਖਾਂ ਨੂੰ ਇਕੱਠਾ ਕੀਤਾ ਅਤੇ ਦੋ ਜੱਥੇ ਬਣਾ ਦਿੱਤੇ। ਇਹਨਾਂ ਜੱਥਿਆਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਦਾ ਨਾਂ ਦਿੱਤਾ ਗਿਆ। ਬੁੱਢਾ ਦਲ ਵਿੱਚ 40 ਸਾਲ ਤੋਂ ਵਡੇਰੀ ਉਮਰ ਦੇ ਅਤੇ ਤਰੁਣਾ ਦਲ ਵਿੱਚ 40 ਸਾਲ ਤੋਂ ਘਟ ਉਮਰ ਦੇ ਸਿੱਖ ਸਨ। ਬੁੱਢਾ ਦਲ ਦਾ ਮੁੱਖ ਕੰਮ ਧਾਰਮਿਕ ਸਥਾਨਾਂ ਦੀ ਦੇਖ਼ਭਾਲ ਕਰਨਾ ਸੀ ਜਦੋਂ ਕਿ ਤਰੁਣਾ ਦਲ ਦੁਸ਼ਮਣਾਂ ਦਾ ਮੁਕਾਬਲਾ ਕਰਦਾ ਸੀ।

**12) ਯਾਹੀਆ ਖਾਂ ਦੇ ਸ਼ਾਸਨਕਾਲ ਸਬੰਧੀ ਜਾਣਕਾਰੀ ਦਿਓ।**

ਉੱਤਰ: ਯਾਹੀਆ ਖਾਂ ਜ਼ਕਰੀਆ ਖਾਂ ਦਾ ਪੁੱਤਰ ਸੀ। ਉਹ 1746 ਈ: ਵਿੱਚ ਲਾਹੌਰ ਦਾ ਸੂਬੇਦਾਰ ਬਣਿਆ। ਉਸਨੇ ਸਿੱਖਾਂ ਤੇ ਬਹੁਤ ਜੁਲਮ ਕੀਤੇ। ਉਸਨੇ ਲਖਪਤ ਰਾਏ ਨਾਲ ਮਿਲ ਕੇ ਭਾਰੀ ਫੌਜ ਨਾਲ ਲੱਗਭਗ 15000 ਸਿੱਖਾਂ ਨੂੰ ਕਾਹਨੂੰਵਾਨ ਵਿਖੇ ਘੇਰ ਲਿਆ ਅਤੇ ਉਹਨਾਂ ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਲੱਗਭਗ 7000 ਸਿੱਖ ਸ਼ਹੀਦ ਹੋਏ ਅਤੇ 3000 ਤੋਂ ਵੱਧ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਹਨਾਂ ਨੂੰ ਬਾਅਦ ਵਿੱਚ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ।


Download Free Study Material From SIKHYA APP

ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। 1747 ਈ: ਵਿੱਚ ਯਾਹੀਆ ਖਾਂ ਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਗਿਆ।

**13) ਪਹਿਲੇ ਜਾਂ ਛੋਟੇ ਘੱਲੂਘਾਰੇ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: 1746 ਈ: ਵਿੱਚ ਯਾਹੀਆ ਖਾਂ ਅਤੇ ਲਖ਼ਪਤ ਰਾਏ ਨੇ ਭਾਰੀ ਫੌਜ਼ ਲੈ ਕੇ 15000 ਸਿੱਖਾਂ ਨੂੰ ਗੁਰਦਾਸਪੁਰ ਦੇ ਨੇੜੇ ਕਾਹਨੂੰਵਾਨ ਵਿਖੇ ਘੇਰ ਲਿਆ ਅਤੇ ਉਹਨਾਂ ਤੇ ਹਮਲਾ ਕਰ ਦਿੱਤਾ। ਸਿੱਖ ਉੱਥੋਂ ਬਚ ਕੇ ਬਸੌਲੀ ਦੀਆਂ ਪਹਾੜੀਆਂ ਵੱਲ ਚਲੇ ਗਏ। ਮੁਗ਼ਲ ਫੌਜ਼ਾਂ ਨੇ ਉਹਨਾਂ ਦਾ ਪਿੱਛਾ ਕੀਤਾ। ਰਾਵੀ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਸਿੱਖ ਉੱਚੀਆਂ ਪਹਾੜੀਆਂ ਅਤੇ ਰਾਵੀ ਨਦੀ ਵਿੱਚਕਾਰ ਫਸ ਗਏ। ਮੁਗਲਾਂ ਨੇ ਬੜੀ ਬੇਦਰਦੀ ਨਾਲ ਸਿੱਖਾਂ ਦਾਕਤਲੇਆਮ ਕੀਤਾ। ਇਸ ਹਮਲੇ ਵਿੱਚ ਲੱਗਭਗ 7000 ਸਿੱਖ ਸ਼ਹੀਦ ਹੋਏ ਅਤੇ 3000 ਤੋਂ ਵੱਧ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਹਨਾਂ ਨੂੰ ਬਾਅਦ ਵਿੱਚ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ। ਇਤਿਹਾਸ ਵਿੱਚ ਇਸ ਘਟਨਾ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

**14) ਮੀਰ ਮਨੂੰ ਨੇ ਸਿੱਖਾਂ ਨੂੰ ਖਤਮ ਕਰਨ ਲਈ ਕੀ ਯਤਨ ਕੀਤੇ ?**

ਉੱਤਰ:

1. ਉਸਨੇ ਸਿੱਖਾਂ ਨੂੰ ਖਤਮ ਕਰਨ ਲਈ ਵੱਖ-ਵੱਖ ਪ੍ਰਦੇਸਾਂ ਵਿੱਚ ਸੈਨਿਕ ਦਸਤੇ ਭੇਜੇ।
2. ਉਸਨੇ ਪਹਾੜੀ ਰਾਜਿਆਂ ਅਤੇ ਅਦੀਨਾ ਬੇਗ ਨੂੰ ਸਿੱਖਾਂ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਦਿੱਤਾ।
3. 1748 ਈ: ਵਿੱਚ ਉਸਨੇ 500 ਸਿੱਖਾਂ ਨੂੰ ਰਾਮ ਰੌਣੀ ਦੇ ਕਿਲ੍ਹੇ ਵਿੱਚ ਘੇਰ ਲਿਆ। ਇਸ ਘੇਰੇ ਦੌਰਾਨ 200 ਸਿੱਖ ਸ਼ਹੀਦ ਕਰ ਦਿੱਤੇ ਗਏ।

**15) ਮੀਰ ਮਨੂੰ ਸਿੱਖਾਂ ਦੀ ਸ਼ਕਤੀ ਕੁਚਲਣ ਵਿੱਚ ਅਸਫ਼ਲ ਕਿਉਂ ਰਿਹਾ ?**

1. ਸਿੱਖਾਂ ਨੇ ਆਪਣੇ ਆਪ ਨੂੰ ਦਲ ਖਾਲਸਾ ਦੇ ਰੂਪ ਵਿੱਚ ਸੰਗਠਤ ਕਰ ਲਿਆ ਸੀ।
2. ਸਿੱਖਾਂ ਦੇ ਅਸਾਧਾਰਣ ਗੁਣਾਂ ਕਾਰਨ ਉਹਨਾਂ ਨੂੰ ਕੁਚਲਣਾ ਬਹੁਤ ਔਖਾ ਸੀ।
3. ਸਿੱਖਾਂ ਦੀ ਗੁਰੀਲਾ ਯੁੱਧ ਨੀਤੀ ਕਾਰਨ ਮੁਗ਼ਲਾਂ ਲਈ ਉਹਨਾਂ ਦਾ ਮੁਕਾਬਲਾ ਕਰਨਾ ਸੌਖਾ ਨਹੀਂ ਸੀ।


Download Free Study Material From SIKHYA APP

4. ਦੀਵਾਨ ਕੌੜਾ ਮੱਲ ਦੇ ਸਿੱਖਾਂ ਪ੍ਰਤੀ ਹਮਦਰਦੀ ਪੂਰਨ ਵਤੀਰੇ ਨੇ ਵੀ ਸਿੱਖਾਂ ਨੂੰ ਆਪਣੀ ਸ਼ਕਤੀ ਸੰਗਠਿਤ ਕਰਨ ਦਾ ਮੌਕਾ ਦਿੱਤਾ।

5. ਅਦੀਨਾ ਬੇਗ ਨੇ ਮੀਰ ਮਨੂੰ ਦੇ ਹੁਕਮਾਂ ਤੇ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਨਾ ਕੀਤੀ।

6. ਮੀਰ ਮਨੂੰ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਕਾਰਨ ਬਹੁਤ ਸਮਾਂ ਉਲਝਿਆ ਰਿਹਾ।

7. ਮੀਰ ਮਨੂੰ ਦੇ ਜਾਲਮ ਵਤੀਰੇ ਕਾਰਨ ਜਿੰਮੀਦਾਰ ਅਤੇ ਕਿਸਾਨ ਉਸਦੇ ਵਿਰੁੱਧ ਹੋ ਗਏ ਅਤੇ ਉਹਨਾਂ ਨੇ ਸਿੱਖਾਂ ਦਾ ਸਾਥ ਦਿੱਤਾ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1) **ਸਿੱਖਾਂ ਦੇ ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਅਤੇ ਮੀਰ ਮਨੂੰ ਨਾਲ ਸਬੰਧਾਂ ਦਾ ਸੰਖੇਪ ਵਰਨਣ ਕਰੋ।**

**ਜਾਂ**

**1716 ਈ: ਤੋਂ 1747 ਈ: ਤੱਕ ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਹੋਏ ਸੰਘਰਸ਼ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: 1713 ਈ: ਤੋਂ 1753 ਈ: ਦੇ ਸਮੇਂ ਨੂੰ ਸਿੱਖ ਇਤਿਹਾਸ ਦਾ ਹਨੇਰਮਈ ਯੁੱਗ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਅਬਦੁਸ ਸਮਦ ਖਾਂ, ਜ਼ਕਰੀਆ ਖਾਂ, ਯਾਹੀਆ ਖਾਂ ਅਤੇ ਮੀਰ ਮੰਨੂੰ ਪੰਜਾਬ ਦੇ ਸੂਬੇਦਾਰ ਰਹੇ। ਉਹਨਾਂ ਨੇ ਸਿੱਖਾਂ ਤੇ ਬਹੁਤ ਜੁਲਮ ਕੀਤੇ।

I. **ਅਬਦੁਸ ਸਮਦ ਖਾਂ:** ਅਬਦੁਸ ਸਮਦ ਖਾਂ 1713 ਈ: ਵਿੱਚ ਲਾਹੌਰ ਦਾ ਸੂਬੇਦਾਰ ਬਣਿਆ। 1715 ਈ: ਵਿੱਚ ਉਸਨੇ ਬੰਦਾ ਬਹਾਦਰ ਨੂੰ ਗ੍ਰਿਫਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ। ਇਸ ਨਾਲ ਉਸਦਾ ਹੌਸਲਾ ਬਹੁਤ ਵਧ ਗਿਆ। ਉਸਨੇ ਸਿੱਖਾਂ ਤੇ ਭਾਰੀ ਜੁਲਮ ਕੀਤੇ। ਹਰ ਰੋਜ਼ ਸੈਕੜੇ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਅਤੇ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਜਾਂਦਾ ਸੀ। ਅਬਦੁਸ ਸਮਦ ਖਾਂ ਦੇ ਜੁਲਮਾਂ ਤੋਂ ਤੰਗ ਆ ਕੇ ਸਿੱਖਾਂ ਨੂੰ ਘਰੋਂ ਦੌੜ ਦੇ ਜੰਗਲਾਂ ਵਿੱਚ ਲੁੱਕਣਾ ਪਿਆ। ਅਬਦੁਸ ਸਮਦ ਖਾਂ ਦੇ ਸਿਪਾਹੀਆਂ ਦੁਆਰਾ ਇਹਨਾਂ ਸਿੱਖਾਂ ਦੇ ਪਰਿਵਾਰਾਂ ਤੇ ਵੀ


Download Free Study Material From SIKHYA APP

ਬਹੁਤ ਜੁਲਮ ਕੀਤੇ ਗਏ। ਅਬਦੁਸ ਸਮਦ ਖਾਂ ਦੀਆਂ ਇਹਨਾਂ ਸਫ਼ਲਤਾਵਾਂ ਤੋਂ ਖੁਸ਼ ਹੋ ਕੇ ਮੁਗ਼ਲ ਬਾਦਸ਼ਾਹ ਫਰੁਖਸਿਅਰ ਨੇ ਉਸਨੂੰ ਰਾਜ ਦੀ ਤਲਵਾਰ ਦੀ ਉਪਾਧੀ ਦਿੱਤੀ।

II. **ਜ਼ਕਰੀਆ ਖਾਂ**: ਜ਼ਕਰੀਆ ਖਾਂ, ਅਬਦੁਸ ਸਮਦ ਖਾਂ ਦਾ ਪੁੱਤਰ ਸੀ। ਉਹ 1726 ਈ: ਵਿੱਚ ਲਾਹੌਰ ਦਾ ਸੂਬੇਦਾਰ ਬਣਿਆ। ਉਸਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਆਪਣੀ ਫ਼ੌਜ ਵਿੱਚ 20000 ਸੈਨਿਕ ਭਰਤੀ ਕੀਤੇ ਸੈਨਾ ਨੂੰ ਤੇਜ ਰਫ਼ਤਾਰ ਘੋੜਿਆਂ, ਊਠਾਂ, ਬੰਦੂਕਾਂ ਅਤੇ ਹੋਰ ਹਥਿਆਰਾਂ ਨਾਲ ਲੈਸ ਕੀਤਾ। ਉਸਨੇ ਐਲਾਨ ਕੀਤਾ ਕਿ ਸਿੱਖਾਂ ਬਾਰੇ ਸੂਚਨਾ ਦੇਣ ਵਾਲੇ ਨੂੰ 10 ਰੁਪਏ, ਗ੍ਰਿਫਤਾਰ ਕਰਵਾਉਣ ਵਾਲੇ ਨੂੰ 25 ਰੁਪਏ, ਗ੍ਰਿਫਤਾਰ ਕਰ ਕੇ ਸਰਕਾਰ ਦੇ ਹਵਾਲੇ ਕਰਨ ਵਾਲੇ ਨੂੰ 50 ਰੁਪਏ, ਅਤੇ ਸਿੱਖ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ 100 ਰੁਪਏ ਇਨਾਮ ਦਿੱਤਾ ਜਾਵੇਗਾ। ਹਜ਼ਾਰਾਂ ਸਿੱਖਾਂ ਨੂੰ ਲਾਹੌਰ ਦੇ ਦਿੱਲੀ ਗੇਟ ਵਿਖੇ ਨਖ਼ਸ ਨਾਂ ਦੇ ਸਥਾਨ ਤੇ ਸ਼ਹੀਦ ਕੀਤਾ ਗਿਆ। ਇਸ ਲਈ ਇਸ ਸਥਾਨ ਦਾ ਨਾਂ ਸ਼ਹੀਦ ਗੰਜ ਪੈ ਗਿਆ। ਜ਼ਕਰੀਆ ਖਾਂ ਨੇ ਭਾਈ ਤਾਰਾ ਸਿੰਘ ਵਾਂ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ ਅਤੇ ਭਾਈਤਾਰੂ ਸਿੰਘ ਵਰਗੇ ਅਨੇਕਾਂ ਮਹਾਂਪੁਰਸ਼ਾਂ ਨੂੰ ਸ਼ਹੀਦ ਕਰਵਾਇਆ।

III. **ਯਾਹੀਆ ਖਾਂ**: ਯਾਹੀਆ ਖਾਂ, ਜ਼ਕਰੀਆ ਖਾਂ ਦਾ ਪੁੱਤਰ ਸੀ। ਉਹ 1746 ਈ: ਵਿੱਚ ਪੰਜਾਬ ਦਾ ਸੂਬੇਦਾਰ ਬਣਿਆ। ਯਾਹੀਆ ਖਾਂ ਨੇ ਲਾਹੌਰ ਵਿੱਚ ਰਹਿਣ ਵਾਲੇ ਸਿੱਖਾਂ ਤੇ ਬਹੁਤ ਜੁਲਮ ਕੀਤੇ ਅਤੇ ਕਤਲ ਕਰਵਾ ਦਿੱਤਾ। ਉਸਨੇ ਸਿੱਖਾਂ ਦੇ ਧਰਮ ਗ੍ਰੰਥ ਪੜ੍ਹਣ ਅਤੇ ਗੁਰੂ ਸ਼ਬਦ ਬੋਲਣ ਤੇ ਵੀ ਪਾਬੰਦੀ ਲਗਾ ਦਿੱਤੀ। ਉਸਨੇ ਲਖਪਤ ਰਾਏ ਨਾਲ ਮਿਲਕੇ ਲੱਗਭਗ 15000 ਸਿੱਖਾਂ ਨੂੰ ਕਾਹਨੂੰਵਾਨ ਵਿਖੇ ਘੇਰ ਲਿਆ ਅਤੇ ਉਹਨਾਂ ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਲੱਗਭਗ 7000 ਸਿੱਖ ਸ਼ਹੀਦ ਹੋਏ ਅਤੇ 3000 ਤੋਂ ਵੱਧ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਹਨਾਂ ਨੂੰ ਬਾਅਦ ਵਿੱਚ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ। ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।


Download Free Study Material From SIKHYA APP

**2) ਮੀਰ ਮਨੂੰ ਨੇ ਸਿੱਖਾਂ ਖਿਲਾਫ਼ ਕੀ ਕਦਮ ਚੁੱਕੇ ?**

ਉੱਤਰ: ਮੀਰ ਮੰਨੂੰ 1748 ਈ: ਵਿੱਚ ਪੰਜਾਬ ਦਾ ਸੂਬੇਦਾਰ ਬਣਿਆ।ਆਪਣੇ ਅਹੁਦੇ ਤੇ ਬੈਠਦਿਆਂ ਹੀ ਉਸਨੇ ਸਿੱਖਾਂ ਦੀ ਸ਼ਕਤੀ ਕੁਚਲਨ ਲਈਕਦਮ ਚੁੱਕਣੇ ਸ਼ੁਰੂ ਕਰ ਦਿੱਤੇ:

I. **ਫੌਜਦਾਰਾਂ ਅਤੇ ਪਹਾੜੀ ਰਾਜਿਆਂ ਨੂੰ ਹਦਾਇਤਾਂ:** ਉਸਨੇ ਸਿੱਖਾਂ ਨੂੰ ਖਤਮ ਕਰਨ ਲਈ ਥਾਂ-ਥਾਂ ਤੇ ਸੈਨਿਕਾਂ ਨੂੰ ਭੇਜਿਆ। ਉਸਨੇ ਜਲੰਧਰ ਦੇ ਫੌਜਦਾਰ ਅਤੇ ਪਹਾੜੀ ਰਾਜਿਆਂ ਨੂੰ ਸਿੱਖਾਂ ਖਿਲਾਫ਼ ਸਖ਼ਤ ਕਾਰਵਾਈਆਂ ਕਰਨ ਦੀਆਂ ਹਦਾਇਤਾਂ ਦਿੱਤੀਆਂ। ਸਿੱਟੇ ਵਜੋਂ ਰੋਜਾਨਾ ਸੈਂਕੜੇ ਸਿੱਖਾਂ ਨੂੰ ਕਤਲ ਕੀਤਾ ਜਾਣ ਲੱਗਿਆ।

II. **ਰਾਮਰੌਣੀ ਦਾ ਘੇਰਾ:** ਇੱਕ ਵਾਰ ਮੀਰ ਮੰਨੂੰ ਨੂੰ ਖ਼ਬਰ ਮਿਲੀ ਕਿ ਸਿੱਖ ਦੀਵਾਲੀ ਦੇ ਮੌਕੇ ਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੋਏ ਹਨ। ਉਸਨੇ ਸ਼੍ਰੀ ਅੰਮ੍ਰਿਤਸਰ ਸਾਹਿਬ ਵੱਲ ਕੂਚ ਕੀਤਾ। ਜਦੋਂ ਸਿੱਖਾਂ ਨੂੰ ਪਤਾ ਲੱਗਿਆ ਤਾਂ ਸਿੱਖ ਉੱਥੋਂ ਦੌੜ ਗਏ। ਬਹੁਤ ਸਾਰੇ ਸਿੱਖ ਜੰਗਲਾਂ ਵੱਲ ਦੌੜ ਗਏ ਪਰ 500 ਦੇ ਕਰੀਬ ਸਿੱਖਾਂ ਨੇ ਰਾਮ ਰੌਣੀ ਦੇ ਕਿਲ੍ਹੇ ਵਿੱਚ ਸ਼ਰਨ ਲਈ। ਮੀਰ ਮੰਨੂੰ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਹ ਘੇਰਾ 4 ਮਹੀਨੇ ਜਾਰੀ ਰਿਹਾ। ਇਸ ਦੌਰਾਨ ਹੋਈਆਂ ਝੜਪਾਂ ਵਿੱਚ 200 ਦੇ ਕਰੀਬ ਸਿੱਖ ਸਹੀਦ ਹੋ ਗਏ।

III. **ਇਨਾਮਾਂ ਦੀ ਘੋਸ਼ਣਾ:** ਜਦੋਂ ਮੀਰ ਮੰਨੂੰ ਨੂੰ ਪਤਾ ਲੱਗਿਆ ਕਿ ਸਿੱਖਾਂ ਨੂੰ ਕੁਚਲਣਾ ਬਹੁਤ ਔਖਾ ਹੈ ਤਾਂ ਉਸਨੇ ਸਿੱਖਾਂ ਨੂੰ ਜ਼ਾਗੀਰ ਦੇ ਕੇ ਉਹਨਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਅਬਦਾਲੀ ਨੇ ਪੰਜਾਬ ਤੇ ਦੂਜਾ ਹਮਲਾ ਕੀਤਾ ਤਾਂ ਸਿੱਖਾਂ ਨੇ ਮੌਕਾ ਵੇਖ ਕੇ ਆਪਣੀ ਸ਼ਕਤੀ ਵਧਾ ਲਈ ਅਤੇ ਮੁਗ਼ਲਾਂ ਖਿਲਾਫ਼ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮੀਰ ਮੰਨੂੰ ਨੇ ਸਿੱਖਾਂ ਕੋਲੋਂ ਜ਼ਾਗੀਰ ਖੋਹ ਲਈ ਅਤੇ ਉਹਨਾਂ ਤੇ ਜੁਲਮਾਂ ਨੂੰ ਵਧਾ ਦਿੱਤਾ। ਸਿੱਖਾਂ ਨੂੰ ਗ੍ਰਿਫਤਾਰ ਕਰਨ ਲਈ ਇਨਾਮਾਂ ਦੀ ਘੋਸ਼ਣਾ ਕੀਤੀ ਗਈ।

IV. **ਲੱਖੀ ਜੰਗਲਾਂ ਵਿੱਚ ਮੁਹਿੰਮਾਂ:** ਮੁਗ਼ਲ ਫੌਜਦਾਰ ਨਾਸਿਰ ਖਾਂ ਅਤੇ ਸੂਬੇਦਾਰ ਸ਼ਾਹਨਵਾਜ ਖਾਂ ਨੇ ਮੀਰ ਮੰਨੂੰ ਵਿਰੁੱਧ ਵਿਦਰੋਹ ਕਰ ਦਿੱਤਾ। ਇਸ ਤੋਂ ਇਲਾਵਾ ਅਬਦਾਲੀ ਨੇ ਵੀ ਪੰਜਾਬ ਦੇ ਤੀਜਾ ਹਮਲਾ ਕੀਤਾ। ਮੀਰ ਮੰਨੂੰ ਦਾ


Download Free Study Material From SIKHYA APP

ਧਿਆਨ ਵਿਦਰੋਹੀਆਂ ਅਤੇ ਅਹਿਮਦ ਸ਼ਾਹ ਅਬਦਾਲੀ ਵੱਲ ਹੋ ਗਿਆ। ਇਸ ਸਮੇਂ ਸਿੱਖਾਂ ਨੇ ਫਿਰ ਲੁੱਟ ਖੋਹਾਂ ਕਰ ਦਿੱਤੀਆਂ। ਮੀਰ ਮਨੂੰ ਨੇ ਆਪਣੇ ਵਿਰੋਧੀਆਂ ਤੇ ਕਾਬੂ ਪਾ ਲਿਆ ਅਤੇ ਫਿਰ ਸਿੱਖਾਂ ਦਾ ਦਮਨ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਲੱਖੀ ਜੰਗਲਾਂ ਵੱਲ ਦੌੜ ਗਏ। ਮੀਰ ਮੰਨੂੰ ਨੇ ਆਪਣੀਆਂ ਸੈਨਿਕ ਮੁਹਿੰਮਾਂ ਰਾਹੀਂ ਸਿੱਖਾਂ ਨੂੰ ਲੱਖੀ ਜੰਗਲਾਂ ਵਿੱਚੋਂ ਕੱਢ ਕੇ ਮਾਰਨ ਲਈ ਭੇਜੀਆਂ।

V. **ਇਸਤਰੀਆਂ ਅਤੇ ਬੱਚਿਆਂ ਤੇ ਜ਼ੁਲਮ:** ਮੀਰ ਮੰਨੂੰ ਨੇ ਅਦੀਨਾ ਬੇਗ ਅਤੇ ਜਮਾਲੁਦੀਨ ਰਾਹੀਂ ਅਨੇਕਾਂ ਸਿੱਖਾਂ ਨੂੰ ਸ਼ਹੀਦ ਕਰਵਾਇਆ। ਸਿੱਖਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ। ਇਸਤਰੀਆਂ ਕੋਲੋਂ ਹਰ ਰੋਜ ਸਵਾ ਮਣ ਅਨਾਜ ਪੀਸਣ ਲਈ ਦਿੱਤਾ ਜਾਂਦਾ ਸੀ। ਉਹਨਾਂ ਦੇ ਬੱਚਿਆਂ ਨੂੰ ਉਹਨਾਂ ਦੇ ਸਾਹਮਣੇ ਮਾਰ ਦਿੱਤਾ ਜਾਂਦਾ ਸੀ ਅਤੇ ਬੱਚਿਆਂ ਦੇ ਮਾਸ ਦੇ ਟੁਕੜੇ ਉਹਨਾਂ ਦੀਆਂ ਮਾਵਾਂ ਦੀਆਂ ਝੋਲੀਆਂ ਵਿੱਚ ਪਾਏ ਜਾਂਦੇ ਸਨ।

**3) ਮੀਰ ਮਨੂੰ ਸਿੱਖਾਂ ਦੀ ਸ਼ਕਤੀ ਕੁਚਲਣ ਵਿੱਚ ਅਸਫ਼ਲ ਕਿਉਂ ਰਿਹਾ ?**

I. **ਦਲ ਖ਼ਾਲਸਾ ਦਾ ਸੰਗਠਨ:** ਸਿੱਖਾਂ ਨੇ ਮਹਿਸੂਸ ਕਰ ਲਿਆ ਕਿ ਇਕੱਲੇ-ਇਕੱਲੇ ਰਹਿ ਕੇ ਉਹ ਮੁਗ਼ਲਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਲਈ ਉਹਨਾਂ ਨੇ ਜੱਥੇ ਬਣਾ ਲਏ। ਬਾਅਦ ਵਿੱਚ ਇਹਨਾਂ ਜੱਥਿਆਂ ਨੂੰ ਇਕੱਠਾ ਕਰਕੇ ਦਲ ਖ਼ਾਲਸਾ ਦਾ ਨਿਰਮਾਣ ਕੀਤਾ ਗਿਆ। ਸਿੱਖਾਂ ਦੀ ਇਸ ਏਕਤਾ ਕਾਰਨ ਮੀਰ ਮਨੂੰ ਸਿੱਖਾਂ ਦੀ ਸ਼ਕਤੀ ਨੂੰ ਕੁਚਲਨ ਵਿੱਚ ਸਫ਼ਲ ਨਾ ਹੋ ਸਕਿਆ।

II. **ਸਿੱਖਾਂ ਦੇ ਅਸਾਧਾਰਣ ਗੁਣ:** ਸਿੱਖ ਵਿੱਚ ਦ੍ਰਿੜ ਨਿਸ਼ਚਾ, ਜੋਸ਼, ਦਲੇਰੀ ਅਤੇ ਕੁਰਬਾਨੀ ਦੀ ਭਾਵਨਾ ਸੀ। ਉਹ ਕਦੇ ਵੀ ਹੌਸਲਾ ਨਹੀਂ ਛੱਡਦੇ ਸਨ ਅਤੇ ਆਖਰੀ ਸਾਹ ਤੱਕ ਲੜਦੇ ਰਹਿੰਦੇ ਸਨ। ਉਹਨਾਂ ਦੀਆਂ ਇਸਤਰੀਆਂ, ਬੱਚਿਆਂ ਆਦਿ ਨੂੰ ਤਸੀਹੇ ਦੇਣ ਤੇ ਵੀ ਉਹ ਅਡੋਲ ਰਹਿੰਦੇ ਸਨ। ਇਸ ਲਈ ਸਿੱਖਾਂ ਨੂੰ ਕੁਚਲਨਾ ਸੌਖਾ ਨਹੀਂ ਸੀ।


Download Free Study Material From SIKHYA APP

III. **ਸਿੱਖਾਂ ਦੀ ਗੁਰੀਲਾ ਯੁੱਧ ਨੀਤੀ**: ਜਦੋਂ ਸਿੱਖਾਂ ਨੂੰ ਮਹਿਸੂਸ ਹੋਇਆ ਕਿ ਖੁੱਲ੍ਹੀ ਲੜਾਈ ਵਿੱਚ ਮੁਗ਼ਲਾਂ ਨੂੰ ਹਰਾਉਣਾ ਸੌਖਾ ਨਹੀਂ ਹੈ ਤਾਂ ਉਹਨਾਂ ਨੇ ਗੁੱਰੀਲਾ ਯੁੱਧ ਨੀਤੀ ਨੂੰ ਅਪਣਾ ਲਿਆ। ਉਹ ਅਚਾਨਕ ਮੁਗ਼ਲ ਫੌਜਾਂ ਤੇ ਹਮਲਾ ਕਰਦੇ ਸਨ ਅਤੇ ਜਿੰਨੀ ਦੇਰ ਤੱਕ ਮੁਗ਼ਲ ਫੌਜਾਂ ਸੰਭਲਦੀਆਂ ਸਨ, ਨੁਕਸਾਨ ਕਰਕੇ ਜੰਗਲਾਂ ਅਤੇ ਪਹਾੜਾਂ ਵਿੱਚ ਜਾ ਕੇ ਲੁੱਕ ਜਾਂਦੇ ਸਨ। ਇਸ ਨੀਤੀ ਕਾਰਨ ਸਿੱਖਾਂ ਤੇ ਕਾਬੂ ਪਾਉਣਾ ਬਹੁਤ ਔਖਾ ਸੀ।

IV. **ਦੀਵਾਨ ਕੌੜਾ ਮੱਲ ਦਾ ਸਿੱਖਾਂ ਪ੍ਰਤੀ ਵਤੀਰਾ**: ਮੀਰ ਮੰਨੂੰ ਦੇ ਦੀਵਾਨ ਕੌੜਾ ਮੱਲ ਦਾ ਸਿੱਖਾਂ ਪ੍ਰਤੀ ਵਤੀਰਾ ਬਹੁਤ ਹਮਦਰਦੀਪੂਰਨ ਸੀ। ਉਸਨੇ ਕਈ ਵਾਰ ਮੀਰ ਮੰਨੂੰ ਨੂੰ ਸਿੱਖਾਂ ਖਿਲਾਫ਼ ਸਖ਼ਤ ਕਦਮ ਨਾ ਚੁੱਕਣ ਲਈ ਮਨਾਇਆ।

V. **ਅਦੀਨਾ ਬੇਗ ਦੀ ਦੋਰੰਗੀ ਨੀਤੀ**: ਅਦੀਨਾ ਬੇਗ ਜਲੰਧਰ ਦੁਆਬ ਦਾ ਸੂਬੇਦਾਰ ਸੀ। ਉਹ ਪੰਜਾਬ ਦਾ ਸੂਬੇਦਾਰ ਬਣਨਾ ਚਾਹੁੰਦਾ ਸੀ। ਜਦੋਂ ਮੀਰ ਮੰਨੂੰ ਉਸਨੂੰ ਸਿੱਖਾਂ ਖਿਲਾਫ਼ ਕਾਰਵਾਈ ਕਰਨ ਦਾ ਹੁਕਮ ਦਿੰਦਾ ਸੀ ਤਾਂ ਉਹ ਕਾਰਵਾਈ ਨਹੀਂ ਕਰਦਾ ਸੀ ਕਿਉਂਕਿ ਉਸਨੂੰ ਪਤਾ ਸੀ ਕਿ ਇਸ ਨਾਲ ਪੰਜਾਬ ਵਿੱਚ ਅਸ਼ਾਂਤੀ ਫੈਲ ਜਾਵੇਗੀ ਅਤੇ ਇਸਤੇ ਕਾਬੂ ਪਾਉਣਾ ਔਖਾ ਹੋ ਜਾਵੇਗਾ।

VI. **ਅਬਦਾਲੀ ਦੇ ਹਮਲੇ**: ਅਬਦਾਲੀ ਦੇ ਹਮਲਿਆਂ ਕਾਰਨ ਮੀਰ ਮੰਨੂੰ ਸਿੱਖਾਂ ਦੀ ਸ਼ਕਤੀ ਕੁਚਲਨ ਲਈ ਪੂਰਾ ਧਿਆਨ ਨਾ ਦੇ ਸਕਿਆ।

VII. **ਮੀਰ ਮੰਨੂੰ ਦਾ ਜਾਲਮ ਵਤੀਰਾ**: ਮੀਰ ਮੰਨੂੰ ਦਾ ਜਿੰਮੀਦਾਰਾਂ ਅਤੇ ਕਿਸਾਨਾਂ ਪ੍ਰਤੀ ਵਤੀਰਾ ਬਹੁਤ ਅੱਤਿਆਚਾਰੀ ਸੀ। ਉਸਨੇ ਲੋਕਾਂ ਤੇ ਭਾਰੀ ਕਰ ਲਗਾਏ ਅਤੇ ਜੁਲਮ ਕੀਤੇ। ਇਸ ਲਈ ਜਿੰਮੀਦਾਰ ਅਤੇ ਕਿਸਾਨ ਉਸਦੇ ਵਿਰੁੱਧ ਹੋ ਗਏ ਅਤੇ ਉਹਨਾਂ ਨੇ ਸਿੱਖਾਂ ਦਾ ਸਾਥ ਦਿੱਤਾ।


Download Free Study Material From SIKHYA APP

# ਪਾਠ 12

# ਦਲ ਖ਼ਾਲਸਾ ਦੀ ਉਤਪੱਤੀ ਅਤੇ ਇਸ ਦੀ ਯੁੱਧ ਪ੍ਰਣਾਲੀ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕਿਹੜੇ ਦੋ ਸੰਪਰਦਾਵਾਂ ਵਿੱਚ ਵੰਡੇ ਗਏ ? | ਤੱਤ ਖਾਲਸਾ ਅਤੇ ਬੰਦਈ ਖਾਲਸਾ |
| 2) ਜ਼ਕਰੀਆ ਖਾਂ ਨੇ ਸਿੱਖਾਂ ਨਾਲ ਸਮਝੌਤਾ ਕਦੋਂ ਕੀਤਾ ? | 1733 ਈ: |
| 3) ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ ਕਿਸਨੇ ਕੀਤੀ ? | ਨਵਾਬ ਕਪੂਰ ਸਿੰਘ ਨੇ |
| 4) ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ ਕਦੋਂ ਕੀਤੀ ਗਈ ? | 1734 ਈ: |
| 5) 14 ਅਕਤੂਬਰ 1745 ਈ: ਦੇ ਗੁਰਮੱਤੇ ਅਨੁਸਾਰ ਸਿੱਖਾਂ ਦੇ ਕਿੰਨੇ ਜੱਥੇ ਬਣਾਏ ਗਏ ? | 25 |
| 6) ਦਲ ਖਾਲਸਾ ਦੀ ਸਥਾਪਨਾ ਕਦੋਂ ਹੋਈ ? | 29 ਮਾਰਚ 1748 ਈ: |
| 7) ਦਲ ਖਾਲਸਾ ਦੀ ਸਥਾਪਨਾ ਸਮੇਂ ਸਿੱਖਾਂ ਦੇ ਕਿੰਨੇ ਜੱਥੇ ਬਣੇ ? | 12 |
| 8) ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਕੌਣ ਸੀ ? | ਸਰਦਾਰ ਜੱਸਾ ਸਿੰਘ ਆਹਲੂਵਾਲੀਆ |
| 9) ਸਰਬੱਤ ਖਾਲਸਾ ਦਾ ਕੀ ਭਾਵ ਸੀ ? | ਸਮੁੱਚੀ ਸਿੱਖ ਸੰਗਤ |
| 10) ਸਰਬੱਤ ਖਾਲਸਾ ਦਾ ਸਮਾਗਮ ਕਦੋਂ ਬੁਲਾਇਆ ਜਾਂਦਾ ਸੀ ? | ਦੀਵਾਲੀ ਅਤੇ ਵਿਸਾਖੀ ਦੇ ਮੌਕੇ |
| 11) ਸਰਬੱਤ ਖ਼ਾਲਸਾ ਦਾ ਸਮਾਗਮ ਕਿੱਥੇ ਬੁਲਾਇਆ ਜਾਂਦਾ ਸੀ ? | ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ |
| 12) ਦਲ ਖਾਲਸਾ ਦੀ ਸੈਨਾ ਦਾ ਸਭ ਤੋਂ ਮਹੱਤਵਪੂਰਨ ਅੰਗ ਕਿਹੜਾ ਸੀ ? | ਘੋੜਸਵਾਰ ਸੈਨਾ |
| 13) ਸਿੱਖ ਕਿਹੜੀ ਸੈਨਾ ਵਿੱਚ ਸ਼ਾਮਿਲ ਹੋਣਾ ਪਸੰਦ ਨਹੀਂ ਕਰਦੇ ਸਨ ? | ਪਿਆਦਾ ਸੈਨਾ |



Download Free Study Material From SIKHYA APP

14) ਦਲ ਖਾਲਸਾ ਦੇ ਸੈਨਿਕ ਕਿਹੜੀ ਯੁੱਧ ਪ੍ਰਣਾਲੀ ਨਾਲ ਲੜਦੇ ਸਨ ? ਗੁਰੀਲਾ ਜਾਂ ਛਾਪਾਮਾਰ ਪ੍ਰਣਾਲੀ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**1) ਦਲ ਖਾਲਸਾ ਦੀ ਸਥਾਪਨਾ ਕਿਉਂ ਕੀਤੀ ਗਈ ?**

ਉੱਤਰ: ਦਲ ਖਾਲਸਾ ਦੀ ਸਥਾਪਨਾ:

1. 1716 ਈ: ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਵਿੱਚ ਫੁੱਟ ਪੈ ਗਈ।
2. ਮੁਗ਼ਲਾਂ ਨੇ ਸਿੱਖਾਂ ਤੇ ਹਮਲੇ ਤੇਜ਼ ਕਰ ਦਿੱਤੇ।
3. ਆਪਣੀ ਜਾਨ ਬਚਾਉਣ ਲਈ ਸਿੱਖਾਂ ਨੇ ਛੋਟੇ-ਛੋਟੇ ਜੱਥੇ ਬਣਾ ਲਏ।
4. 1734 ਈ: ਵਿੱਚ ਨਵਾਬ ਕਪੂਰ ਸਿੰਘ ਨੇ ਛੋਟੇ-ਛੋਟੇ ਜੱਥਿਆਂ ਨੂੰ ਇਕੱਠਾ ਕਰਕੇ ਦੋ ਵੱਡੇ ਜੱਥਿਆਂ ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ ਕੀਤੀ।
5. 1745 ਈ: ਵਿੱਚ 100-100 ਸਿੱਖਾਂ ਦੇ 25 ਜੱਥੇ ਬਣਾਏ ਗਏ ਜਿਹਨਾਂ ਦੀ ਗਿਣਤੀ ਬਾਅਦ ਵਿੱਚ ਵਧਕੇ 65 ਹੋ ਗਈ।
6. ਮੁਗਲਾਂ ਵਿਰੁੱਧ ਕਾਰਵਾਈਆਂ ਤੇਜ਼ ਕਰਨ ਲਈ 1748 ਈ: ਵਿੱਚ ਨਵਾਬ ਕਪੂਰ ਸਿੰਘ ਨੇ ਦਲ ਖਾਲਸਾ ਦੀ ਸਥਾਪਨਾ ਕੀਤੀ।

**2) ਦਲ ਖਾਲਸਾ ਦੇ ਸੰਗਠਨ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਦਲ ਖਾਲਸਾ ਦਾ ਸੰਗਠਨ ਨਵਾਬ ਕਪੂਰ ਸਿੰਘ ਨੇ 29 ਮਾਰਚ 1748 ਈ: ਨੂੰ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤਾ ਸੀ। ਉਹਨਾਂ ਨੇ ਸਿੱਖਾਂ ਦੇ 65 ਜੱਥਿਆਂ ਨੂੰ ਇਕੱਠਾ ਕਰਕੇ 12 ਜੱਥੇ ਬਣਾ ਦਿੱਤੇ। ਹਰੇਕ ਜੱਥੇ ਦਾ ਇੱਕ ਜੱਥੇਦਾਰ ਹੁੰਦਾ ਸੀ। ਹਰੇਕ ਜੱਥੇ ਦਾ ਆਪਣਾ ਝੰਡਾ ਅਤੇ ਨਿਸ਼ਾਨ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਦਾ ਪਾਲਣ ਕਰਨ ਵਾਲਾ


Download Free Study Material From SIKHYA APP

ਹਰੇਕ ਸਿੱਖ ਦਲ ਖਾਲਸਾ ਦਾ ਮੈਂਬਰ ਬਣ ਸਕਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਬਣਾਇਆ ਗਿਆ। ਘੋੜ ਸਵਾਰ ਸੈਨਾ ਦਲ ਖਾਲਸਾ ਦੀ ਸੈਨਾ ਦਾ ਮੁੱਖ ਅੰਗ ਸੀ।

**3) ਦਲ ਖਾਲਸਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ ?**

ਉੱਤਰ: ਦਲ ਖ਼ਾਲਸਾ ਦੀਆਂ ਮੁੱਖ ਵਿਸ਼ੇਸ਼ਤਾਵਾਂ:

1. ਦਲ ਖਾਲਸਾ 12 ਜੱਥਿਆਂ ਦਾ ਸਮੂਹ ਸੀ।
2. ਹਰ ਜੱਥੇ ਦਾ ਆਪਣਾ ਝੰਡਾ ਅਤੇ ਨਿਸ਼ਾਨ ਹੁੰਦਾ ਸੀ।
3. ਹਰੇਕ ਜੱਥੇ ਦਾ ਇੱਕ ਜੱਥੇਦਾਰ ਹੁੰਦਾ ਸੀ।
4. ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਤੇ ਚੱਲਣ ਵਾਲੇ ਹਰੇਕ ਸਿੱਖ ਨੂੰ ਇਸਦਾ ਮੈਂਬਰ ਮੰਨਿਆ ਜਾਂਦਾ ਸੀ।
5. ਦਲ ਖਾਲਸਾ ਦਾ ਹਰੇਕ ਮੈਂਬਰ ਕਿਸੇ ਵੀ ਜੱਥੇ ਵਿੱਚ ਸ਼ਾਮਿਲ ਹੋ ਸਕਦਾ ਸੀ।
6. ਦਲ ਖਾਲਸਾ ਦੇ ਸੈਨਿਕ ਗੁੱਰੀਲਾ ਯੁੱਧ ਪ੍ਰਣਾਲੀ ਨਾਲ ਲੜਦੇ ਸਨ।

**4) ਦਲ ਖਾਲਸਾ ਦੀ ਸੈਨਿਕ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ।**

ਉੱਤਰ: ਦਲ ਖ਼ਾਲਸਾ ਦੀ ਸੈਨਿਕ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ:

1. ਦਲ ਖਾਲਸਾ ਵਿੱਚ ਸੈਨਿਕ ਆਪਣੀ ਮਰਜੀ ਨਾਲ ਭਰਤੀ ਹੁੰਦੇ ਸਨ।
2. ਸੈਨਿਕਾਂ ਦੇ ਨਾਵਾਂ, ਤਨਖਾਹ ਆਦਿ ਦਾ ਕੋਈ ਲਿਖਤੀ ਵੇਰਵਾ ਨਹੀਂ ਰੱਖਿਆ ਜਾਂਦਾ ਸੀ।
3. ਸੈਨਿਕਾਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਨਹੀਂ ਸੀ।
4. ਸੈਨਿਕਾਂ ਨੂੰ ਨਕਦ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ ਸਨ।
5. ਸੈਨਿਕ ਗੁੱਰੀਲਾ ਯੁੱਧ ਪ੍ਰਣਾਲੀ ਨਾਲ ਲੜਦੇ ਸਨ।
6. ਘੋੜ ਸਵਾਰ ਸੈਨਾ ਦਲ ਖਾਲਸਾ ਦੀ ਸੈਨਾ ਦਾ ਮੁੱਖ ਅੰਗ ਸੀ।


Download Free Study Material From SIKHYA APP

7. ਸਿੱਖ ਪਿਆਦਾ ਸੈਨਾ ਵਿੱਚ ਭਰਤੀ ਹੋਣਾ ਪਸੰਦ ਨਹੀਂ ਕਰਦੇ ਸਨ।

8. ਦਲ ਖਾਲਸਾ ਦੀ ਸੈਨਾ ਵਿੱਚ ਤੋਪਖਾਨੇ ਦੀ ਕਮੀ ਸੀ।

**5) ਸਿੱਖਾਂ ਦੀ ਗੁੱਰੀਲਾ / ਦਲ ਖਾਲਸਾ ਦੀ ਯੁੱਧ ਪ੍ਰਣਾਲੀ ਤੇ ਇੱਕ ਨੋਟ ਲਿਖੋ।**

ਉੱਤਰ: ਦਲ ਖਾਲਸਾ ਦੇ ਸੈਨਿਕ ਗੁੱਰੀਲਾ ਯੁੱਧ ਪ੍ਰਣਾਲੀ ਨਾਲ ਲੜਦੇ ਸਨ। ਸਿੱਖਾਂ ਦੀ ਗਿਣਤੀ ਮੁਗ਼ਲਾਂ ਨਾਲੋਂ ਘੱਟ ਸੀ। ਉਹਨਾਂ ਦੇ ਸਾਧਨ ਵੀ ਸੀਮਿਤ ਸਨ। ਇਸ ਲਈ ਮੁਗ਼ਲਾਂ ਨਾਲ ਆਹਮਣੇ-ਸਾਹਮਣੇ ਦੀ ਲੜਾਈ ਕਰਨਾ ਔਖਾ ਸੀ। ਇਸ ਲਈ ਸਿੱਖਾਂ ਨੇ ਗੁੱਰੀਲਾ ਯੁੱਧ ਪ੍ਰਣਾਲੀ ਨੂੰ ਅਪਣਾਇਆ। ਇਸ ਪ੍ਰਣਾਲੀ ਵਿੱਚ ਸਿੱਖ ਦੁਸ਼ਮਣ ਤੇ ਅਚਾਨਕ ਹਮਲਾ ਕਰਦੇ ਸਨ ਅਤੇ ਭਾਰੀ ਨੁਕਸਾਨ ਕਰਦੇ ਸਨ। ਜਦੋਂ ਦੁਸ਼ਮਣ ਸੰਭਲਦਾ ਸੀ ਤਾਂ ਸਿੱਖ ਦੌੜ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਲੁੱਕ ਜਾਂਦੇ ਸਨ। ਇਸੇ ਪ੍ਰਣਾਲੀ ਕਾਰਨ ਸਿੱਖਾਂ ਨੇ ਮੁਗ਼ਲਾਂ ਅਤੇ ਅਫ਼ਗਾਨਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ।

**6) ਸਿੱਖ ਇਤਿਹਾਸ ਵਿੱਚ ਦਲ ਖਾਲਸਾ ਦਾ ਕੀ ਮਹੱਤਵ ਹੈ?**

ਉੱਤਰ: ਦਲ ਖਾਲਸਾ ਦੀ ਸਥਾਪਨਾ ਸਿੱਖ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਕਾਰਜ ਸੀ। ਦਲ ਖਾਲਸਾ ਨੇ ਸਿੱਖਾਂ ਵਿੱਚ ਪਈ ਹੋਈ ਫੁੱਟ ਨੂੰ ਦੂਰ ਕੀਤਾ ਅਤੇ ਉਹਨਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਂਦਾ। ਇਸ ਨਾਲ ਸਿੱਖਾਂ ਵਿੱਚ ਏਕਤਾ ਹੋਈ ਅਤੇ ਉਹ ਮੁਗ਼ਲਾਂ ਤੇ ਅਫ਼ਗਾਨਾਂ ਦਾ ਮੁਕਾਬਲਾ ਕਰਨ ਦੇ ਯੋਗ ਬਣੇ। ਦਲ ਖਾਲਸਾ ਦੀ ਸਥਾਪਨਾ ਨੇ ਹੀ ਮਿਸਲਾਂ ਨੂੰ ਜਨਮ ਦਿੱਤਾ ਅਤੇ ਬਾਅਦ ਵਿੱਚ ਸਿੱਖ ਆਪਣਾ ਵਿਸ਼ਾਲ ਸਾਮਰਾਜ ਕਾਇਮ ਕਰਨ ਦੇ ਯੋਗ ਬਣੇ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਦਲ ਖਾਲਸਾ ਦੇ ਉੱਥਾਨ ਦੇ ਕੀ ਕਾਰਨ ਸਨ? ਜਾਂ ਦਲ ਖ਼ਾਲਸਾ ਦੀ ਸਥਾਪਨਾ ਕਿਵੇਂ ਕੀਤੀ ਗਈ?**

ਉੱਤਰ: ਦਲ ਖ਼ਾਲਸਾ ਦਾ ਉੱਥਾਨ:

I. **ਸਿੱਖਾਂ ਲਈ ਅਗਵਾਈ ਦੀ ਘਾਟ:** ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਯੋਗ ਅਗਵਾਈ ਮਿਲਣੀ ਬੰਦ ਹੋ ਗਈ। ਸਿੱਖਾਂ ਨੂੰ ਅਜਿਹਾ ਕੋਈ ਯੋਗ ਨੇਤਾ ਨਾ ਲੱਭਿਆ ਜਿਹੜਾ ਉਹਨਾਂ ਨੂੰ ਰਸਤਾ ਵਿਖਾ ਸਕੇ ਅਤੇ


Download Free Study Material From SIKHYA APP

ਉਹਨਾਂ ਦੇ ਅਜਾਦੀ ਅਤੇ ਸਿੱਖ ਰਾਜ ਦੇ ਸੰਕਲਪ ਨੂੰ ਕਾਇਮ ਰੱਖ ਸਕੇ। ਇਸ ਲਈ ਕੁਝ ਸੁਲਝੇ ਹੋਏ ਸਿੱਖਾਂ ਨੇ ਇੱਕ ਕੇਂਦਰੀ ਸ਼ਕਤੀ ਦੀ ਲੋੜ ਮਹਿਸੂਸ ਕੀਤੀ।

II. **ਸਿੱਖਾਂ ਵਿੱਚ ਫੁੱਟ:** ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਸਥਾਪਨਾ ਕਰਕੇ ਸਾਰੇ ਸੰਸਾਰ ਦੇ ਸਿੱਖਾਂ ਨੂੰ ਇੱਕ ਬੰਧਨ ਵਿੱਚ ਬੰਨ੍ਹ ਦਿੱਤਾ ਸੀ। ਇਸੇ ਪ੍ਰਕਾਰ ਬੰਦਾ ਸਿੰਘ ਬਹਾਦਰ ਨੇ ਵੀ ਫੌਜ ਦੀ ਸਥਾਪਨਾ ਕਰਕੇ ਸਾਰੇ ਸਿੱਖਾਂ ਨੂੰ ਇਕੱਠਿਆਂ ਕਰੀ ਰੱਖਿਆ। ਬੰਦਾ ਸਿੰਘ ਬਹਾਦਰ ਤੋਂ ਬਾਅਦ ਕੋਈ ਸਿੱਖ ਨੇਤਾ ਸਿੱਖਾਂ ਨੂੰ ਇਕੱਠੇ ਕਰਕੇ ਨਾ ਰੱਖ ਸਕਿਆ। ਸਿੱਖਾਂ ਵਿੱਚ ਏਕਾ ਪੈਦਾ ਕਰਨ ਲਈ ਕਿਸੇ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ ਗਈ।

III. **ਮੁਗ਼ਲਾਂ ਦੇ ਅੱਤਿਆਚਾਰ:** ਮੁਗ਼ਲਾਂ ਨੇ ਸਿੱਖਾਂ ਦੀ ਫੁੱਟ ਦਾ ਫਾਇਦਾ ਉਠਾ ਕੇ ਉਹਨਾਂ ਤੇ ਜੁਲਮਾਂ ਵਿੱਚ ਵਾਧਾ ਕਰ ਦਿੱਤਾ। ਅਬਦੁਸ ਸਮਦ ਖਾਂ ਅਤੇ ਜ਼ਕਰੀਆ ਖਾਂ ਨੇ ਸਿੱਖਾਂ ਤੇ ਭਾਰੀ ਜੁਲਮ ਕੀਤੇ। ਉਹਨਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦ ਕੀਤਾ ਜਾਣ ਲੱਗਿਆ। ਮਜ਼ਬੂਰ ਹੋ ਕੇ ਸਿੱਖਾਂ ਨੂੰ ਪਹਾੜਾਂ ਅਤੇ ਜੰਗਲਾਂ ਵਿੱਚ ਜਾ ਕੇ ਸ਼ਰਨ ਲੈਣੀ ਪਈ।

IV. **ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ:** 1734 ਈ: ਵਿੱਚ ਨਵਾਬ ਕਪੂਰ ਸਿੰਘ ਨੇ ਸਿੱਖਾਂ ਦੇ ਛੋਟੇ ਛੋਟੇ ਜੱਥਿਆਂ ਨੂੰ ਇਕੱਠਾ ਕਰਕੇ ਦੋ ਵੱਡੇ ਜੱਥੇ ਬਣਾਏ ਜਿਹਨਾਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਦਾ ਨਾਂ ਦਿੱਤਾ ਗਿਆ। ਬੁੱਢਾ ਦਲ ਵਿੱਚ 40 ਸਾਲ ਤੋਂ ਵਧ ਉਮਰ ਦੇ ਅਤੇ ਤਰੁਣਾ ਦਲ ਵਿੱਚ 40 ਸਾਲ ਤੋਂ ਘੱਟ ਉਮਰ ਦੇ ਸਿੱਖ ਸਨ। ਉਹਨਾਂ ਵਿੱਚ ਕੰਮਾਂ ਦੀ ਵੰਡ ਕੀਤੀ ਗਈ। ਇਹਨਾਂ ਦਲਾਂ ਦੀ ਸਥਾਪਨਾ ਦਲ ਖ਼ਾਲਸਾ ਦੀ ਸਥਾਪਨਾ ਵੱਲ ਪਹਿਲਾ ਕਦਮ ਬਣੀ।

V. **ਦਲਾਂ ਦਾ ਪੁਨਰਗਠਨ:** 1745 ਈ: ਵਿੱਚ ਦੀਵਾਲੀ ਵਾਲੇ ਦਿਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਇੱਕ ਗੁਰਮੱਤਾ ਪਾਸ ਕੀਤਾ ਗਿਆ। ਇਸ ਗੁਰਮੱਤੇ ਰਾਹੀਂ 100-100 ਸਿੱਖਾਂ ਦੇ 25 ਜੱਥੇ ਬਣਾਏ ਗਏ। ਹਰ ਜੱਥੇ ਦਾ ਆਪਣਾ


Download Free Study Material From SIKHYA APP

ਵੱਖਰਾ ਝੰਡਾ ਅਤੇ ਨਿਸ਼ਾਨ ਹੁੰਦਾ ਸੀ। ਹੌਲੀ ਹੌਲੀ ਇਹਨਾਂ ਜੱਥਿਆਂ ਦੀ ਗਿਣਤੀ 65 ਹੋ ਗਈ। ਬਾਅਦ ਵਿੱਚ ਇਹਨਾਂ 65 ਜਿਲ੍ਹਿਆਂ ਨੂੰ 12 ਜੱਥਿਆਂ ਵਿੱਚ ਸੰਗਠਤ ਕਰਕੇ ਦਲ ਖਾਲਸਾ ਦੀ ਸਥਾਪਨਾ ਕੀਤੀ ਗਈ।

**2) ਦਲ ਖਾਲਸਾ ਦੇ ਸੰਗਠਨ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਦਲ ਖਾਲਸਾ ਦਾ ਸੰਗਠਨ ਨਵਾਬ ਕਪੂਰ ਸਿੰਘ ਨੇ 29 ਮਾਰਚ 1748 ਈ: ਨੂੰ ਅੰਮ੍ਰਿਤਸਰ ਵਿਖੇ ਕੀਤਾ ਸੀ। ਦਲ ਖਾਲਸਾ ਦਾ ਸੰਗਠਨ ਹੇਠ ਲਿਖੇ ਅਨੁਸਾਰ ਸੀ:

I. **ਜੱਥਿਆਂ ਦਾ ਸੰਗਠਨ:** ਦਲ ਖਾਲਸਾ ਤਹਿਤ 12 ਜੱਥੇ ਬਣਾਏ ਗਏ। ਹਰ ਜੱਥੇ ਦਾ ਆਪਣਾ ਝੰਡਾ ਅਤੇ ਨਿਸ਼ਾਨ ਹੁੰਦਾ ਸੀ। ਜੱਥੇ ਵਿੱਚ ਸਿੱਖਾਂ ਦੀ ਗਿਣਤੀ ਨਿਸਚਿਤ ਨਹੀਂ ਸੀ। ਕੋਈ ਵੀ ਸਿੱਖ ਜਦੋਂ ਚਾਹੇ ਆਪਣਾ ਜੱਥਾ ਛੱਡ ਕੇ ਕਿਸੇ ਹੋਰ ਜੱਥੇ ਵਿੱਚ ਸ਼ਾਮਿਲ ਹੋ ਸਕਦਾ ਸੀ।

II. **ਜੱਥੇਦਾਰ, ਪ੍ਰਧਾਨ ਸੈਨਾਪਤੀ ਅਤੇ ਦਲ ਖ਼ਾਲਸਾ ਦਾ ਪ੍ਰਧਾਨ:** ਹਰੇਕ ਜੱਥਾ ਇੱਕ ਜੱਥੇਦਾਰ ਦੇ ਅਧੀਨ ਸੀ। ਜੱਥੇ ਦੇ ਹਰੇਕ ਮੈਂਬਰ ਲਈ ਉਸਦੀ ਆਗਿਆ ਦਾ ਪਾਲਣ ਕਰਨਾ ਜਰੂਰੀ ਸੀ। ਸਾਰੇ ਜੱਥਿਆਂ ਨੂੰ ਅਗਵਾਈ ਦੇਣ ਲਈ ਪ੍ਰਧਾਨ ਸੈਨਾਪਤੀ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖ਼ਾਲਸਾ ਦਾ ਪ੍ਰਧਾਨ ਸੈਨਾਪਤੀ ਬਣਾਇਆ ਗਿਆ। ਲੜਾਈ ਸਮੇਂ 12 ਜੱਥਿਆਂ ਦੇ ਜੱਥੇਦਾਰਾਂ ਵਿੱਚੋਂ ਇੱਕ ਨੂੰ ਦਲ ਖ਼ਾਲਸਾ ਦਾ ਪ੍ਰਧਾਨ ਚੁਣ ਲਿਆ ਜਾਂਦਾ ਸੀ। ਬਾਕੀ ਸਰਦਾਰ ਉਸਦੀ ਆਗਿਆ ਦਾ ਪਾਲਣ ਕਰਦੇ ਸਨ।

III. **ਦਲ ਖ਼ਾਲਸਾ ਦਾ ਮੈਂਬਰ ਬਣਨ ਲਈ ਸ਼ਰਤਾਂ:** ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਨੂੰ ਮੰਨਣ ਵਾਲੇ ਹਰੇਕ ਸਿੱਖ ਨੂੰ ਦਲ ਖ਼ਾਲਸਾ ਦਾ ਮੈਂਬਰ ਸਮਝਿਆ ਜਾਂਦਾ ਸੀ। ਹਰੇਕ ਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਨੂੰ ਮੰਨਣ ਦਾ ਪ੍ਰਣ ਕਰਕੇ ਦਲ ਖ਼ਾਲਸਾ ਵਿੱਚ ਸ਼ਾਮਿਲ ਹੋ ਸਕਦਾ ਸੀ। ਦਲ ਖ਼ਾਲਸਾ ਦੇ ਮੈਂਬਰਾਂ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਵਿੱਚ ਮਾਹਿਰ ਹੋਵੇ।


Download Free Study Material From SIKHYA APP

IV. **ਸਰਬੱਤ ਖ਼ਾਲਸਾ**: ਹਰੇਕ ਸਾਲ ਵਿਸਾਖੀ ਅਤੇ ਦੀਵਾਲੀ ਦੇ ਮੌਕੇ ਤੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਬੱਤ ਖ਼ਾਲਸਾ ਦਾ ਸਮਾਗਮ ਬੁਲਾਇਆ ਜਾਂਦਾ ਸੀ। ਸਰਬੱਤ ਖ਼ਾਲਸਾ ਵਿੱਚ ਸਾਰੇ ਜੱਥਿਆਂ ਦੇ ਮੈਂਬਰ ਸ਼ਾਮਿਲ ਹੁੰਦੇ ਸਨ। ਸਰਬੱਤ ਖ਼ਾਲਸਾ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖਾਂ ਦੇ ਮਹੱਤਵਪੂਰਨ ਮਸਲਿਆਂ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਸਨ ਅਤੇ ਫ਼ੈਸਲੇ ਲਏ ਜਾਂਦੇ ਸਨ।

**3) ਦਲ ਖਾਲਸਾ ਦੀ ਸੈਨਿਕ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ ?**

ਉੱਤਰ:

1. **ਘੋੜਸਵਾਰ ਸੈਨਾ**: ਘੋੜਸਵਾਰ ਸੈਨਾ ਦਲ ਖ਼ਾਲਸਾ ਦੀ ਸੈਨਾ ਦਾ ਮਹੱਤਵਪੂਰਨ ਅੰਗ ਸੀ। ਦਲ ਖ਼ਾਲਸਾ ਦੇ ਸੈਨਿਕ ਨਿਪੁੰਨ ਘੋੜਸਵਾਰ ਹੁੰਦੇ ਸਨ। ਸਿੱਖਾਂ ਦੇ ਘੋੜੇ ਬਹੁਤ ਤੇਜ਼ ਅਤੇ ਕੁਸ਼ਲ ਹੁੰਦੇ ਸਨ। ਇਹ ਇੱਕ ਦਿਨ ਵਿੱਚ 50 ਤੋਂ 100 ਮੀਲ ਤੱਕ ਦਾ ਸਫ਼ਰ ਤੈਅ ਕਰ ਸਕਦੇ ਸਨ।
2. **ਪਿਆਦਾ ਸੈਨਾ**: ਪਿਆਦਾ ਸੈਨਾ ਦਾ ਮੁੱਖ ਕੰਮ ਪਹਿਰਾ ਦੇਣਾ ਸੀ। ਸਿੱਖ ਇਸ ਸੈਨਾ ਵਿੱਚ ਭਰਤੀ ਹੋਣਾ ਪਸੰਦ ਨਹੀਂ ਕਰਦੇ ਸਨ।
3. **ਹਥਿਆਰ**: ਦਲ ਖ਼ਾਲਸਾ ਦੀ ਸੈਨਾ ਵਿੱਚ ਤੋਪਖਾਨੇ ਦੀ ਘਾਟ ਸੀ। ਸਿੱਖ ਤਲਵਾਰਾਂ, ਬਰਛਿਆਂ, ਨੇਜ਼ਿਆਂ, ਖੰਡਿਆਂ, ਤੀਰ ਕਮਾਨਾਂ ਆਦਿ ਵੀ ਵਰਤੋਂ ਕਰਦੇ ਸਨ। ਬੰਦੂਕਾਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ ਪਰ ਇਹ ਬਿਲਕੁਲ ਸੀਮਤ ਸੀ। ਸਿੱਖ ਢਾਲਾਂ ਦੀ ਵਰਤੋਂ ਆਮ ਕਰਦੇ ਸਨ।
4. **ਭਰਤੀ ਦੇ ਨਿਯਮ**: ਦਲ ਖ਼ਾਲਸਾ ਵਿੱਚ ਭਰਤੀ ਲਈ ਕੋਈ ਵਿਸ਼ੇਸ਼ ਨਿਯਮ ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਅਸੂਲਾਂ ਨੂੰ ਮੰਨਣ ਵਾਲਾ, ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਵਿੱਚ ਮਾਹਿਰ ਹਰੇਕ ਸਿੱਖ ਦਲ ਖ਼ਾਲਸਾ ਦੀ ਸੈਨਾ ਵਿੱਚ ਸ਼ਾਮਿਲ ਹੋ ਸਕਦਾ ਸੀ। ਕੋਈ ਵੀ ਸੈਨਿਕ ਜਦੋਂ ਚਾਹੇ ਆਪਣਾ ਜੱਥਾ ਛੱਡ ਕੇ ਕਿਸੇ ਹੋਰ ਜੱਥੇ ਵਿੱਚ ਸ਼ਾਮਿਲ ਹੋ ਸਕਦਾ ਸੀ।


Download Free Study Material From SIKHYA APP

5. **ਸਿਖ਼ਲਾਈ:** ਸੈਨਿਕਾਂ ਨੂੰ ਸਿਖਲਾਈ ਦੇਣ ਦਾ ਕੋਈ ਰਸਮੀ ਪ੍ਰਬੰਧ ਨਹੀਂ ਸੀ। ਉਹ ਧਾਰਮਿਕ ਜੋਸ਼ ਅਤੇ ਬਹਾਦਰੀ ਨਾਲ ਲੜਦੇ ਸਨ।

6. **ਅਨੁਸ਼ਾਸਨ:** ਦਲ ਖ਼ਾਲਸਾ ਦੇ ਸਾਰੇ ਫੈਸਲੇ ਸਰਬੱਤ ਖ਼ਾਲਸਾ ਦੁਆਰਾ ਗੁਰਮੱਤਿਆਂ ਰਾਹੀਂ ਲਏ ਜਾਂਦੇ ਸਨ। ਹਰ ਸਿੱਖ ਆਪਣੀ ਜਾਨ ਦੇ ਕੇ ਵੀ ਇਹਨਾਂ ਫੈਸਲਿਆਂ ਦਾ ਪਾਲਣ ਕਰਦਾ ਸੀ। ਇਹ ਫੈਸਲੇ ਦਲ ਖ਼ਾਲਸਾ ਦੇ ਅਨੁਸ਼ਾਸਨ ਦਾ ਆਧਾਰ ਸਨ।

7. **ਤਨਖ਼ਾਹ ਅਤੇ ਮੁਆਵਜਾ** : ਦਲ ਖ਼ਾਲਸਾ ਦੇ ਸੈਨਿਕਾਂ ਨੂੰ ਕੋਈ ਬਕਾਇਦਾ ਤਨਖ਼ਾਹ ਨਹੀਂ ਦਿੱਤੀ ਜਾਂਦੀ ਸੀ। ਉਹਨਾਂ ਨੂੰ ਸਿਰਫ ਲੁੱਟ ਦੇ ਮਾਲ ਵਿੱਚੋਂ ਹਿੱਸਾ ਦਿੱਤਾ ਜਾਂਦਾ ਸੀ। ਜੇਕਰ ਕੋਈ ਸੈਨਿਕ ਯੁੱਧ ਵਿੱਚ ਜਖ਼ਮੀ ਹੋ ਜਾਂਦਾ ਸੀ ਤਾਂ ਉਸਨੂੰ ਕੁਝ ਮੁਆਵਜਾ ਵੀ ਦਿੱਤਾ ਜਾਂਦਾ ਸੀ। ਮੁਆਵਜੇ ਦੀ ਦਰ ਨਿਸਚਿਤ ਨਹੀਂ ਸੀ।

8. **ਯੁੱਧ ਦਾ ਢੰਗ:** ਦਲ ਖਾਲਸਾ ਦੇ ਸੈਨਿਕ ਗੁੱਰੀਲਾ ਯੁੱਧ ਪ੍ਰਣਾਲੀ ਨਾਲ ਲੜਦੇ ਸਨ। ਸਿੱਖਾਂ ਦੀ ਗਿਣਤੀ ਮੁਗ਼ਲਾਂ ਨਾਲੋਂ ਘੱਟ ਸੀ। ਉਹਨਾਂ ਦੇ ਸਾਧਨ ਵੀ ਸੀਮਿਤ ਸਨ। ਇਸ ਲਈ ਮੁਗ਼ਲਾਂ ਨਾਲ ਆਹਮਣੇ-ਸਾਹਮਣੇ ਦੀ ਲੜਾਈ ਕਰਨਾ ਔਖਾ ਸੀ। ਇਸ ਲਈ ਸਿੱਖਾਂ ਨੇ ਗੁੱਰੀਲਾ ਯੁੱਧ ਪ੍ਰਣਾਲੀ ਨੂੰ ਅਪਣਾਇਆ। ਇਸ ਪ੍ਰਣਾਲੀ ਵਿੱਚ ਸਿੱਖ ਦੁਸ਼ਮਣ ਤੇ ਅਚਾਨਕ ਹਮਲਾ ਕਰਦੇ ਸਨ ਅਤੇ ਭਾਰੀ ਨੁਕਸਾਨ ਕਰਦੇ ਸਨ। ਜਦੋਂ ਦੁਸ਼ਮਣ ਸੰਭਲਦਾ ਸੀ ਤਾਂ ਸਿੱਖ ਦੌੜ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਲੁੱਕ ਜਾਂਦੇ ਸਨ। ਇਸੇ ਪ੍ਰਣਾਲੀ ਕਾਰਨ ਸਿੱਖਾਂ ਨੇ ਮੁਗ਼ਲਾਂ ਅਤੇ ਅਫ਼ਗਾਨਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ।


Download Free Study Material From SIKHYA APP

# ਪਾਠ 13

# ਮੁਗ਼ਲਾਂ ਅਧੀਨ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਅਵਸਥਾ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) ਮੁਗ਼ਲਾਂ ਨੇ ਪੰਜਾਬ ਤੇ ਕਦੋਂ ਤੋਂ ਕਦੋਂ ਤੱਕ ਸ਼ਾਸਨ ਕੀਤਾ ? | 1526 ਈ: ਤੋਂ 1752 ਈ: ਤੱਕ |
| 2) ਮੁਗ਼ਲਕਾਲੀਨ ਪੰਜਾਬ ਕਿਹੜੇ ਦੋ ਮੁੱਖ ਸਮਾਜਿਕ ਵਰਗਾਂ ਵਿੱਚ ਵੰਡਿਆ ਹੋਇਆ ਸੀ ? | ਮੁਸਲਮਾਨ ਅਤੇ ਹਿੰਦੂ ਵਰਗ |
| 3) ਮੁਗ਼ਲਕਾਲ ਵਿੱਚ ਮੁਸਲਮਾਨਾਂ ਦੀਆਂ ਕਿੰਨੀਆਂ ਸ਼੍ਰੇਣੀਆਂ ਸਨ ? | 3 (ਉੱਚ, ਮੱਧ ਤੇ ਨੀਵੀਂ ਸ਼੍ਰੇਣੀ) |
| 4) ਮੁਗ਼ਲਕਾਲ ਵਿੱਚ ਹਿੰਦੂਆਂ ਦੀਆਂ ਕਿਹੜੀਆਂ ਚਾਰ ਮੁੱਖ ਜਾਤੀਆਂ ਸਨ ? | ਬ੍ਰਾਹਮਣ,ਕਸ਼ੱਤਰੀ, ਵੈਸ਼, ਸ਼ੂਦਰ |
| 5) ਮੁਗ਼ਲਕਾਲ ਵਿੱਚ ਇਸਤਰੀਆਂ ਦੀ ਹਾਲਤ ਕਿਹੋ ਜਿਹੀ ਸੀ ? | ਤਰਸਯੋਗ |
| 6) ਮੁਗ਼ਲਕਾਲ ਵਿੱਚ ਹਿੰਦੂ ਸਿੱਖਿਆ ਕਿੱਥੇ ਪ੍ਰਾਪਤ ਕਰਦੇ ਸਨ ? | ਮੰਦਰਾਂ ਵਿੱਚੋਂ |
| 7) ਮੁਗ਼ਲਕਾਲ ਵਿੱਚ ਮੁਸਲਮਾਨ ਸਿੱਖਿਆ ਕਿੱਥੋਂ ਪ੍ਰਾਪਤ ਕਰਦੇ ਸਨ ? | ਮਦਰੱਸਿਆਂ ਵਿੱਚੋਂ |
| 8) ਮੁਗ਼ਲਕਾਲ ਵਿੱਚ ਲੋਕਾਂ ਦਾ ਮੁੱਖ ਧੰਦਾ ਕੀ ਸੀ ? | ਖੇਤੀਬਾੜੀ |
| 9) ਪੰਜਾਬ ਵਿੱਚ ਜਬਤੀ ਪ੍ਰਣਾਲੀ ਕਦੋਂ ਲਾਗੂ ਕੀਤੀ ਗਈ ? | 1581 ਈ: ਵਿੱਚ |
| 10) ਜ਼ਬਤੀ ਪ੍ਰਣਾਲੀ ਹੇਠ ਭੂਮੀ ਨੂੰ ਕਿੰਨੀਆਂ ਕਿਸਮਾਂ ਵਿੱਚ ਵੰਡਿਆ ਜਾਂਦਾ ਸੀ ? | ਚਾਰ |
| 11) ਭੂਮੀ ਦੀ ਵੰਡ ਕਿਸ ਅਧਾਰ ਤੇ ਕੀਤੀ ਜਾਂਦੀ ਸੀ ? | ਉਪਜਾਊ ਸ਼ਕਤੀ ਦੇ ਅਧਾਰ ਤੇ |
| 12) ਜ਼ਬਤੀ ਪ੍ਰਣਾਲੀ ਅਨੁਸਾਰ ਭੂਮੀ ਦੀਆਂ ਕਿਹੜੀਆਂ ਕਿਸਮਾਂ ਸਨ ? | ਪੋਲਜ਼, ਪਰੌਤੀ, ਛੱਛਰ, ਬੰਜਰ |
| 13) ਸਰਕਾਰ ਦਾ ਵੱਧ ਤੋਂ ਵੱਧ ਲਗਾਨ ਕਿੰਨਾ ਹੁੰਦਾ ਸੀ ? | ਇੱਕ ਤਿਹਾਈ |
| 14) ਪੰਜਾਬ ਦੀਆਂ ਮੁੱਖ ਫ਼ਸਲਾਂ ਕਿਹੜੀਆਂ ਸਨ ? | ਕਣਕ, ਚੌਲ, ਗੰਨਾ, ਕਪਾਹ, ਮੱਕੀ, ਛੋਲੇ, ਜੌਂ ਆਦਿ |



Download Free Study Material From SIKHYA APP

| | |
|---|---|
| 15) ਪੰਜਾਬ ਦਾ ਸਭ ਤੋਂ ਮਹੱਤਵਪੂਰਨ ਉਦਯੋਗ ਕਿਹੜਾ ਸੀ ? | ਸੂਤੀ ਕੱਪੜਾ ਉਦਯੋਗ |
| 16) ਕਿਹੜਾ ਸ਼ਹਿਰ ਦਰੀਆਂ, ਚਾਦਰਾਂ ਅਤੇ ਗਲੀਚੇ ਬਣਾਉਣ ਲਈ ਪ੍ਰਸਿੱਧ ਸੀ ? | ਮੁਲਤਾਨ |
| 17) ਕਿੱਥੋਂ ਦੇ ਬਣੇ ਕੱਪੜੇ ਦੀ ਇੰਗਲੈਂਡ ਵਿੱਚ ਬਹੁਤ ਮੰਗ ਸੀ ? | ਸਮਾਣਾ ਦੇ |
| 18) ਅੰਮ੍ਰਿਤਸਰ ਸਾਹਿਬ ਅਤੇ ਲਾਹੌਰ ਵਿੱਚ ਕਿਹੜਾ ਪ੍ਰਸਿੱਧ ਕੱਪੜਾ ਬਣਦਾ ਸੀ ? | ਗੁਲਬਦਨ ਅਤੇ ਦਰਿਆਈ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਮੁਗ਼ਲਕਾਲੀਨ ਪੰਜਾਬ ਦੇ ਮੁਸਲਿਮ ਸਮਾਜ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ: ਮੁਸਲਮਾਨਾਂ ਦੀ ਸਥਿਤੀ ਬਹੁਤ ਵਧੀਆ ਸੀ। ਉਹਨਾਂ ਨੂੰ ਅਨੇਕਾਂ ਸਹੂਲਤਾਂ ਪ੍ਰਾਪਤ ਸਨ। ਮੁਸਲਿਮ ਸਮਾਜ ਤਿੰਨ ਸ਼੍ਰੇਣੀਆਂ; ਉੱਚ ਸ਼੍ਰੇਣੀ, ਮੱਧ ਸ਼੍ਰੇਣੀ ਅਤੇ ਨੀਵੀਂ ਸ਼੍ਰੇਣੀ ਵਿੱਚ ਵੰਡਿਆ ਹੋਇਆ ਸੀ। ਉੱਚ ਸ਼੍ਰੇਣੀ ਵਿੱਚ ਰਾਜ ਘਰਾਣੇ ਦੇ ਲੋਕ, ਮਨਸਬਦਾਰ, ਵੱਡੇ ਜਾਗ਼ੀਰਦਾਰ ਅਤੇ ਉਲਮਾ ਆਦਿ ਸ਼ਾਮਿਲ ਸਨ। ਮੱਧ ਸ਼੍ਰੇਣੀ ਵਿੱਚ ਕਿਸਾਨ, ਦੁਕਾਨਦਾਰ ਅਤੇ ਵਪਾਰੀ ਆਉਂਦੇ ਸਨ। ਨੀਵੀਂ ਸ਼੍ਰੇਣੀ ਵਿੱਚ ਘਰੇਲੂ ਨੌਕਰ, ਦਾਸ, ਮਜ਼ਦੂਰ ਅਤੇ ਛੋਟੇ ਕਿਸਾਨ ਆਦਿ ਆਉਂਦੇ ਸਨ। ਉੱਚ ਸ਼੍ਰੇਣੀ ਦੇ ਲੋਕਾਂ ਦਾ ਜੀਵਨ ਐਸ਼ ਨਾਲ ਭਰਿਆ ਹੁੰਦਾ ਸੀ। ਮੱਧ ਸ਼੍ਰੇਣੀ ਦੇ ਲੋਕਾਂ ਕੋਲ ਭਾਵੇਂ ਉੱਚ ਸ਼੍ਰੇਣੀ ਵਾਲੀਆਂ ਸਹੂਲਤਾਂ ਨਹੀਂ ਸਨ ਪਰ ਫਿਰ ਵੀ ਉਹ ਸੁੱਖੀ ਸਨ। ਨੀਵੀਂ ਸ਼੍ਰੇਣੀ ਦੇ ਲੋਕਾਂ ਦੀ ਹਾਲਤ ਮਾੜੀ ਸੀ।

**2) ਮੁਗ਼ਲਕਾਲੀਨ ਪੰਜਾਬ ਦੇ ਸਮਾਜ ਵਿੱਚ ਹਿੰਦੂਆਂ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ: ਹਿੰਦੂਆਂ ਦੀ ਸਥਿਤੀ ਬਹੁਤ ਵਧੀਆਨਹੀਂ ਸੀ। ਉਹਨਾਂ ਨੂੰ ਰਾਜ ਦਰਬਾਰ ਵਿੱਚ ਉੱਚੇ ਅਹੁਦਿਆਂ ਤੋਂ ਦੂਰ ਹੀ ਰੱਖਿਆ ਜਾਂਦਾ ਸੀ। ਮੁਸਲਿਮ ਉਹਨਾਂ ਤੇ ਜੁਲਮ ਕਰਦੇ ਸਨ। ਉਹਨਾਂ ਦਾ ਅਪਮਾਨ ਕੀਤਾ ਜਾਂਦਾ ਸੀ। ਉਹਨਾਂ ਨੂੰ ਕਾਫ਼ਿਰ ਕਿਹਾ ਜਾਂਦਾ ਸੀ ਅਤੇ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਹਿੰਦੂ ਸਮਾਜ਼ ਚਾਰ ਮੁੱਖ ਜਾਤਾਂ ਅਤੇ ਅਨੇਕਾਂ ਉਪ-ਜਾਤੀਆਂ ਵਿੱਚ ਵੰਡਿਆ ਹੋਇਆ ਸੀ। ਉੱਚੀਆਂ ਜਾਤੀਆਂ ਦੇ ਲੋਕ ਨੀਵੀਆਂ ਜਾਤੀਆਂ ਨਾਲ ਭੇਦ-ਭਾਵ ਕਰਦੇ ਸਨ। ਸਮਾਜ ਵਿੱਚ ਅਨੇਕਾਂ ਕੁਰੀਤੀਆਂ ਪ੍ਰਚਲਿਤ ਸਨ।


Download Free Study Material From SIKHYA APP

**3) ਮੁਗ਼ਲਕਾਲੀਨ ਪੰਜਾਬ ਦੇ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰਃ ਮੁਗ਼ਲਕਾਲੀਨ ਪੰਜਾਬ ਵਿੱਚ ਇਸਤਰੀਆਂ ਦੀ ਹਾਲਤ ਬਹੁਤ ਤਰਸਯੋਗ ਸੀ। ਉਹਨਾਂ ਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਸੀ। ਉਹਨਾਂ ਦੇ ਵਿਆਹ ਤੇ ਬਹੁਤ ਖਰਚਾ ਕਰਨਾ ਪੈਂਦਾ ਸੀ। ਇਸ ਲਈ ਉਹਨਾਂ ਨੂੰ ਜਨਮ ਲੈਂਦੇ ਹੀ ਮਾਰ ਦਿੱਤਾ ਜਾਂਦਾ ਸੀ। ਸਤੀ ਪ੍ਰਥਾ, ਪਰਦਾ ਪ੍ਰਥਾ, ਬਾਲ ਵਿਆਹ ਵਰਗੀਆਂ ਕੁਰੀਤੀਆਂ ਪ੍ਰਚਲਿਤ ਸਨ। ਵਿਧਵਾ ਔਰਤਾਂ ਦਾ ਜੀਵਨ ਬਹੁਤ ਦੁੱਖ ਭਰਿਆ ਹੁੰਦਾ ਸੀ। ਇਸਤਰੀ ਨੂੰ ਪੁਰਸ਼ ਦੇ ਪੈਰਾਂ ਦੀ ਜੁੱਤੀ ਮੰਨਿਆ ਜਾਂਦਾ ਸੀ।

**4) ਮੁਗ਼ਲਕਾਲੀਨ ਪੰਜਾਬ ਦੇ ਲੋਕ ਆਪਣਾ ਮਨੋਰੰਜਨ ਕਿਵੇਂ ਕਰਦੇ ਸਨ ?**

ਉੱਤਰਃ ਉੱਚ ਸ਼੍ਰੇਣੀ ਦੇ ਲੋਕ ਆਪਣਾ ਮਨੋਰੰਜਨ ਸ਼ਿਕਾਰ ਕਰਕੇ, ਰੱਥ ਦੌੜਾਂ ਵਿੱਚ ਹਿੱਸਾ ਲੈ ਕੇ, ਚੌਗਾਨ, ਕਬੂਤਰਬਾਜ਼ੀ, ਤੈਰਾਕੀ ਆਦਿ ਦੁਆਰਾ ਕਰਦੇ ਸਨ। ਉਹ ਸ਼ਤਰੰਜ ਤੇ ਚੌਪੜ ਖੇਡਦੇ ਅਤੇ ਮਹਿਫ਼ਿਲਾਂ ਵਿੱਚ ਹਿੱਸਾ ਲੈਂਦੇ ਸਨ। ਆਮ ਲੋਕ ਆਪਣਾ ਮਨੋਰੰਜਨ ਸੰਗੀਤ, ਨਾਚ-ਭੰਗੜੇ, ਕੁਸ਼ਤੀਆਂ, ਦੌੜਾਂ, ਤਾਸ਼, ਤਮਾਸ਼ਿਆਂ ਆਦਿ ਦੁਆਰਾ ਕਰਦੇ ਸਨ। ਲੋਕ ਮੇਲੇ ਅਤੇ ਤਿਉਹਾਰ ਆਦਿ ਵੀ ਮਨਾਉਂਦੇ ਸਨ।

**5) ਮੁਗ਼ਲਾਂ ਦੇ ਅਧੀਨ ਪੰਜਾਬ ਵਿੱਚ ਸਿੱਖਿਆ ਦਾ ਕੀ ਪ੍ਰਬੰਧ ਸੀ ?**

ਉੱਤਰਃ ਮੁਸਲਮਾਨ ਬੱਚਿਆਂ ਨੂੰ ਸਿੱਖਿਆ ਮਸਜਿਦਾਂ ਵਿੱਚ ਅਤੇ ਹਿੰਦੂ ਬੱਚਿਆਂ ਨੂੰ ਸਿੱਖਿਆ ਮੰਦਿਰਾਂ ਵਿੱਚ ਦਿੱਤੀ ਜਾਂਦੀ ਸੀ। ਮੰਦਰ ਅਤੇ ਮਸ਼ਜਿਦਾਂ ਲੋਕਾਂ ਦੁਆਰਾ ਦਿੱਤੇ ਦਾਨ ਨਾਲ ਚੱਲਦੇ ਸਨ। ਇਹਨਾਂ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀ ਆਪਣੇ ਗੁਰੂ ਨੂੰ ਗੁਰੂ-ਦਖਸ਼ਿਣਾ ਦਿੰਦੇ ਸਨ। ਪੰਜਾਬ ਵਿੱਚ ਸਿੱਖਿਆ ਦੇ ਮੁੱਖ ਕੇਂਦਰ ਲਾਹੌਰ, ਮੁਲਤਾਨ, ਸਿਆਲਕੋਟ, ਜਲੰਧਰ, ਸੁਲਤਾਨਪੁਰ ਆਦਿ ਵਿਖੇ ਸਨ। ਇਸਤਰੀਆਂ ਦੀ ਸਿੱਖਿਆ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਸੀ।



Download Free Study Material From SIKHYA APP

**6) ਮੁਗ਼ਲਕਾਲੀਨ ਪੰਜਾਬ ਦੇ ਲੋਕਾਂ ਦੀ ਸਮਾਜਿਕ ਹਾਲਤ ਦੀਆਂ ਵਿਸ਼ੇਸ਼ਤਾਵਾਂ ਦੱਸੋ।**

ਉੱਤਰ: ਮੁਸਲਮਾਨਾਂ ਦੀ ਸਥਿਤੀ ਬਹੁਤ ਵਧੀਆ ਸੀ। ਮੁਸਲਿਮ ਸਮਾਜ ਤਿੰਨ ਸ਼੍ਰੇਣੀਆਂ; ਉੱਚ ਸ਼੍ਰੇਣੀ, ਮੱਧ ਸ਼੍ਰੇਣੀ ਅਤੇ ਨੀਵੀਂ ਸ਼੍ਰੇਣੀ ਵਿੱਚ ਵੰਡਿਆ ਹੋਇਆ ਸੀ। ਉੱਚ ਸ਼੍ਰੇਣੀ ਦੇ ਲੋਕਾਂ ਦਾ ਜੀਵਨ ਐਸ਼ ਨਾਲ ਭਰਿਆ ਹੁੰਦਾ ਸੀ। ਮੱਧ ਸ਼੍ਰੇਣੀ ਦੇ ਲੋਕਾਂ ਕੋਲਭਾਵੇਂ ਉੱਚ ਸ਼੍ਰੇਣੀ ਵਾਲੀਆਂ ਸਹੂਲਤਾਂ ਨਹੀਂ ਸਨ ਪਰ ਫਿਰ ਵੀ ਉਹ ਸੁੱਖੀ ਸਨ। ਨੀਵੀਂ ਸ਼੍ਰੇਣੀ ਦੇ ਲੋਕਾਂ ਦੀ ਹਾਲਤ ਮਾੜੀ ਸੀ।

ਹਿੰਦੂਆਂ ਦੀ ਸਥਿਤੀ ਬਹੁਤ ਵਧੀਆ ਨਹੀਂ ਸੀ। ਉਹਨਾਂ ਨੂੰ ਉੱਚੇ ਅਹੁਦਿਆਂ ਤੋਂ ਦੂਰ ਹੀ ਰੱਖਿਆ ਜਾਂਦਾ ਸੀ। ਮੁਸਲਿਮ ਉਹਨਾਂ ਤੇ ਬਹੁਤ ਜ਼ੁਲਮ ਕਰਦੇ ਸਨ। ਉਹਨਾਂ ਨੂੰ ਕਾਫ਼ਿਰ ਕਿਹਾ ਜਾਂਦਾ ਸੀ ਅਤੇ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਹਿੰਦੂ ਸਮਾਜ਼ ਚਾਰ ਮੁੱਖ ਜਾਤਾਂ ਅਤੇ ਅਨੇਕਾਂ ਉਪਜਾਤੀਆਂ ਵਿੱਚ ਵੰਡਿਆ ਹੋਇਆ ਸੀ। ਉੱਚੀਆਂ ਜਾਤੀਆਂ ਦੇ ਲੋਕ ਨੀਵੀਆਂ ਜਾਤੀਆਂ ਨਾਲ ਭੇਦਭਾਵ ਕਰਦੇ ਸਨ।

**7) ਮੁਗ਼ਲਕਾਲੀਨ ਪੰਜਾਬ ਵਿੱਚ ਖੇਤੀ ਦੀ ਹਾਲਤ ਬਾਰੇ ਜਾਣਕਾਰੀ ਦਿਓ।**

ਉੱਤਰ: ਪੰਜਾਬ ਦੀ ਭੂਮੀ ਬਹੁਤ ਉਪਜਾਊ ਸੀ। ਪੰਜਾਬ ਦੀ 80 ਫੀਸਦੀ ਜਨਸੰਖਿਆ ਖੇਤੀ ਨਾਲ ਜੁੜੀ ਹੋਈ ਸੀ। ਮੁਗ਼ਲ ਸ਼ਾਸਕਾਂ ਨੇ ਖੇਤੀਬਾੜੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਕਿਸਾਨਾਂ ਨੂੰ ਫਸਲਾਂ ਉਗਾਉਣ ਲਈ ਕਰਜ਼ੇ ਅਤੇ ਸਿੰਜਾਈ ਸਹੂਲਤਾਂ ਦਿੱਤੀਆਂ ਗਈਆਂ। ਲਗਾਨ ਭੂਮੀ ਦੀ ਉਪਜਾਊ ਸ਼ਕਤੀ ਅਨੁਸਾਰ ਨਿਸਚਿਤ ਕੀਤਾ ਜਾਂਦਾ ਸੀ। ਅਕਾਲ ਆਦਿ ਦੀ ਸਥਿਤੀ ਵਿੱਚ ਲਗਾਨ ਮੁਆਫ਼ ਕਰ ਦਿੱਤਾ ਜਾਂਦਾ ਸੀ।

**8) ਮੁਗ਼ਲਕਾਲੀਨ ਪੰਜਾਬ ਵਿੱਚ ਕੱਪੜਾ ਉਦਯੋਗ ਬਾਰੇ ਜਾਣਕਾਰੀ ਦਿਓ।**

ਉੱਤਰ: ਪੰਜਾਬ ਵਿੱਚ ਕੱਪੜਾ ਉਦਯੋਗ ਬਹੁਤ ਪ੍ਰਸਿੱਧ ਸੀ। ਅੰਮ੍ਰਿਤਸਰ, ਲਾਹੌਰ, ਮੁਲਤਾਨ ਅਤੇ ਗੁਜਰਾਤ ਵਿੱਚ ਵਧੀਆ ਕਿਸਮ ਦਾ ਸੂਤੀ ਕੱਪੜਾ ਤਿਆਰ ਕੀਤਾ ਜਾਂਦਾ ਸੀ। ਮੁਲਤਾਨ, ਕਸ਼ਮੀਰ ਅਤੇ ਅੰਮ੍ਰਿਤਸਰ ਦਾ ਰੇਸ਼ਮੀ ਕੱਪੜਾ ਵੀ ਬਹੁਤ ਪ੍ਰਸਿੱਧ ਸੀ। ਮੁਲਤਾਨ ਵਿੱਚ ਵਧੀਆ ਦਰੀਆਂ, ਮੇਜਪੋਸ਼ ਅਤੇ ਚਾਦਰਾਂ ਤਿਆਰ ਕੀਤੀਆਂ ਜਾਂਦੀਆਂ ਸਨ। ਪਿਸ਼ਾਵਰ ਵਿੱਚ


Download Free Study Material From SIKHYA APP

ਸੁੰਦਰ ਲੁੰਗੀਆਂ ਤਿਆਰ ਕੀਤੀਆਂ ਜਾਂਦੀਆਂ ਸਨ। ਮੁਲਤਾਨ, ਲਾਹੌਰ ਅਤੇ ਅੰਮ੍ਰਿਤਸਰ ਵਿੱਚ ਪਜਾਮੇ ਅਤੇ ਸਲਵਾਰਾਂ ਤਿਆਰ ਕੀਤੀਆਂ ਜਾਂਦੀਆਂ ਸਨ। ਗੁਜਰਾਤ ਵਿੱਚ ਸ਼ਿਫੋਨ ਨਾਂ ਦਾ ਕੱਪੜਾ ਤਿਆਰ ਕੀਤਾ ਜਾਂਦਾ ਸੀ।

**9) ਮੁਗ਼ਲਕਾਲੀਨ ਪੰਜਾਬ ਦੇ ਵਣਜ ਅਤੇ ਵਪਾਰ ਸੰਬੰਧੀ ਤੁਸੀਂ ਕੀ ਜਾਣਦੇ ਹੋ ?**

ਉੱਤਰ: ਪੰਜਾਬ ਦਾ ਅੰਦਰੂਨੀ ਅਤੇ ਵਿਦੇਸ਼ੀ ਵਪਾਰ ਬਹੁਤ ਉੱਨਤ ਸੀ। ਵਿਦੇਸ਼ੀ ਵਪਾਰ ਅਰਬ ਦੇਸ਼ਾਂ, ਅਫ਼ਗਾਨਿਸਤਾਨ, ਈਰਾਨ, ਤਿੱਬਤ, ਭੂਟਾਨ, ਸੀਰੀਆ, ਚੀਨ ਅਤੇ ਯੂਰਪੀ ਦੇਸ਼ਾਂ ਨਾਲ ਹੁੰਦਾ ਸੀ। ਪੰਜਾਬ ਤੋਂ ਇਹਨਾਂ ਦੇਸ਼ਾਂ ਨੂੰ ਰੇਸ਼ਮੀ ਕੱਪੜੇ, ਸ਼ਾਲਾਂ, ਕੰਬਲ, ਅਨਾਜ, ਖੰਡ, ਨੀਲ ਅਤੇ ਲੂਣ ਆਦਿ ਭੇਜੇ ਜਾਂਦੇ ਸਨ। ਬਦਲੇ ਵਿੱਚ ਇਹਨਾਂ ਦੇਸ਼ਾਂ ਤੋਂ ਵਧੀਆ ਨਸਲ ਦੇ ਘੋੜੇ, ਸੁੱਕੇ ਮੇਵੇ, ਐਸ਼ੋ-ਆਰਾਮ ਦੀਆਂ ਚੀਜਾਂ, ਵਧੀਆ ਕਾਲੀਨ, ਰੇਸ਼ਮ, ਬਹੁਮੁੱਲੇ ਪੱਥਰ ਆਦਿ ਮੰਗਵਾਏ ਜਾਂਦੇ ਸਨ।

**10) ਮੁਗ਼ਲਕਾਲੀਨ ਪੰਜਾਬ ਦੀ ਆਰਥਿਕ ਹਾਲਤ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਪੰਜਾਬ ਦੀ ਆਰਥਿਕ ਹਾਲਤ ਬਹੁਤ ਵਧੀਆ ਸੀ। ਲੱਗਭਗ 80 ਫੀਸਦੀ ਜਨਸੰਖਿਆ ਖੇਤੀ ਨਾਲ ਜੁੜੀ ਹੋਈ ਸੀ। ਮੁਗ਼ਲ ਸ਼ਾਸਕਾਂ ਨੇ ਖੇਤੀਬਾੜੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਕਿਸਾਨਾਂ ਨੂੰ ਫਸਲਾਂ ਉਗਾਉਣ ਲਈ ਕਰਜ਼ੇ ਅਤੇ ਸਿੰਜਾਈ ਸਹੂਲਤਾਂ ਦਿੱਤੀਆਂ ਗਈਆਂ। ਇਸ ਨਾਲ ਖੇਤੀ ਦਾ ਬਹੁਤ ਵਿਕਾਸ ਹੋਇਆ। ਪੰਜਾਬ ਦਾ ਕੱਪੜਾ ਉਦਯੋਗ ਵਪਾਰ ਵੀ ਬਹੁਤ ਉੱਨਤ ਸੀ। ਪੰਜਾਬ ਦੇ ਲੋਕ ਪਸ਼ੂ ਪਾਲਣ ਦਾ ਧੰਦਾ ਵੀ ਕਰਦੇ ਸਨ। ਕੁਝ ਲੋਕ ਖਾਣਾਂ ਵਿੱਚ ਅਤੇ ਘਰੇਲੂ ਕੰਮ ਵੀ ਕਰਦੇ ਸਨ। ਲੋਕਾਂ ਦਾ ਗੁਜ਼ਾਰਾ ਵਧੀਆ ਹੋ ਜਾਂਦਾ ਸੀ।


Download Free Study Material From SIKHYA APP

# ਪਾਠ 14

# ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿੱਚ ਮੁਗ਼ਲ ਰਾਜ ਦਾ ਪਤਨ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | | |
|---|---|---|
| 1) | ਅਹਿਮਦਸ਼ਾਹ ਅਬਦਾਲੀ ਨੇ ਪੰਜਾਬ ਤੇ ਕਿੰਨੇ ਹਮਲੇ ਕੀਤੇ ? | 8 |
| 2) | ਅਹਿਮਦਸ਼ਾਹ ਅਬਦਾਲੀ ਕਿੱਥੋਂ ਦਾ ਬਾਦਸ਼ਾਹ ਸੀ ? | ਅਫ਼ਗਾਨਿਸਤਾਨ |
| 3) | ਬਾਦਸ਼ਾਹ ਬਣਨ ਤੋਂ ਪਹਿਲਾਂ ਅਹਿਮਦ ਸ਼ਾਹ ਕਿਸਦਾ ਸੈਨਾਪਤੀ ਸੀ ? | ਨਾਦਰ ਸ਼ਾਹ ਦਾ |
| 4) | ਅਹਿਮਦਸ਼ਾਹ ਅਬਦਾਲੀ ਅਫ਼ਗਾਨਿਸਤਾਨ ਦਾ ਬਾਦਸ਼ਾਹ ਕਦੋਂ ਬਣਿਆ ? | 1747 ਈ: |
| 5) | ਮੁਹੰਮਦ ਸ਼ਾਹ ਨੂੰ ਉਸਦੇ ਸ਼ਰਾਬ ਅਤੇ ਸੁੰਦਰੀ ਦੇ ਸ਼ੌਂਕ ਕਾਰਨ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? | ਰੰਗੀਲਾ |
| 6) | ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਪਹਿਲਾ ਹਮਲਾ ਕਦੋਂ ਕੀਤਾ ? | 1747–48 ਈ: |
| 7) | ਮਨੂਪੁਰ ਵਿਖੇ ਅਹਿਮਦਸ਼ਾਹ ਅਬਦਾਲੀ ਨੂੰ ਕਿਸਨੇ ਹਰਾਇਆ ? | ਮੀਰ ਮਨੂੰ ਨੇ |
| 8) | ਅਬਦਾਲੀ ਨੇ ਪੰਜਾਬ ਨੂੰ ਆਪਣੇ ਰਾਜ ਵਿੱਚ ਕਦੋਂ ਸ਼ਾਮਿਲ ਕੀਤਾ ? | 1752 ਈ: |
| 9) | ਅਬਦਾਲੀ ਨੇ 1752 ਈ: ਵਿੱਚ ਕਿਸਨੂੰ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ ? | ਮੀਰ ਮਨੂੰ ਨੂੰ |
| 10) | ਪੰਜਾਬ ਦੀ ਸੂਬੇਦਾਰ ਬਣਨ ਵਾਲੀ ਮੀਰ ਮਨੂੰ ਦੀ ਪਤਨੀ ਦਾ ਨਾਂ ਕੀ ਸੀ ? | ਮੁਗ਼ਲਾਨੀ ਬੇਗਮ |
| 11) | ਅਬਦਾਲੀ ਨੇ 1757 ਈ: ਵਿੱਚ ਕਿਸਨੂੰ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ ? | ਤੈਮੂਰ ਸ਼ਾਹ ਨੂੰ |
| 12) | ਬਾਬਾ ਦੀਪ ਸਿੰਘ ਜੀ ਨੇ ਕਦੋਂ ਸ਼ਹੀਦੀ ਪ੍ਰਾਪਤ ਕੀਤੀ ? | 11 ਨਵੰਬਰ 1757 ਈ: |
| 13) | ਬਾਬਾ ਦੀਪ ਸਿੰਘ ਜੀ ਨੇ ਕਿੱਥੇ ਪਹੁੰਚ ਕੇ ਪ੍ਰਾਣ ਤਿਆਗੇ ? | ਸ਼੍ਰੀ ਹਰਿਮੰਦਰ ਸਾਹਿਬ ਵਿਖੇ |



Download Free Study Material From SIKHYA APP

| | |
|---|---|
| 14) ਪਾਨੀਪਤ ਦੀ ਤੀਜੀ ਲੜਾਈ ਕਦੋਂ ਹੋਈ ? | 14 ਜਨਵਰੀ 1761 ਈ: |
| 15) ਪਾਨੀਪਤ ਦੀ ਤੀਜੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਅਬਦਾਲੀ ਅਤੇ ਮਰਾਠੇ |
| 16) ਪਾਨੀਪਤ ਦੀ ਤੀਜੀ ਲੜਾਈ ਵਿੱਚ ਮਰਾਠਾ ਤੋਪਖਾਨੇ ਦੀ ਅਗਵਾਈ ਕੌਣ ਕਰ ਰਿਹਾ ਸੀ ? | ਇਬਰਾਹਿਮ ਗਾਰਦੀ |
| 17) ਪਾਨੀਪਤ ਦੀ ਤੀਜੀ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਅਬਦਾਲੀ ਦੀ |
| 18) ਪਾਨੀਪਤ ਦੀ ਲੜਾਈ ਵਿੱਚ ਕਿੰਨੇ ਮਰਾਠਾ ਸੈਨਿਕ ਮਾਰੇ ਗਏ ? | 28000 |
| 19) ਕਿਹੜੇ ਸਿੱਖ ਜਰਨੈਲ ਨੇ ਅਬਦਾਲੀ ਦੀ ਫੌਜ ਤੇ ਹਮਲਾ ਕਰਕੇ ਕੈਦੀਆਂ ਨੂੰ ਛੁਡਵਾ ਲਿਆ ? | ਜੱਸਾ ਸਿੰਘ ਆਹਲੂਵਾਲੀਆ |
| 20) ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਦੋਂ ਕੀਤਾ ? | 1761 ਈ: |
| 21) ਲਾਹੌਰ ਜਿੱਤ ਕਾਰਨ ਜੱਸਾ ਸਿੰਘ ਆਹਲੂਵਾਲੀਆ ਨੂੰ ਕਿਹੜੀ ਉਪਾਧੀ ਮਿਲੀ ? | ਸੁਲਤਾਨ-ਉਲ-ਕੌਮ |
| 22) ਵੱਡਾ ਘੱਲੂਘਾਰਾ ਕਿੱਥੇ ਵਾਪਰਿਆ ? | ਮਲੇਰਕੋਟਲਾ ਨੇੜੇ ਕੁੱਪ ਪਿੰਡ ਵਿਖੇ |
| 23) ਵੱਡਾ ਘੱਲੂਘਾਰਾ ਕਦੋਂ ਵਾਪਰਿਆ ? | 5 ਫਰਵਰੀ 1762 ਈ: |
| 24) ਇਸ ਘੱਲੂਘਾਰੇ ਵਿੱਚ ਕਿੰਨੇ ਸਿੱਖ ਸ਼ਹੀਦ ਹੋਏ ? | 25000-30000 |
| 25) ਵੱਡੇ ਘੱਲੂਘਾਰੇ ਵਿੱਚ ਕਿਸਦੀ ਫੌਜ਼ ਨੇ ਸਿੱਖਾਂ ਤੇ ਹਮਲਾ ਕੀਤਾ ? | ਅਬਦਾਲੀ ਅਤੇ ਜੈਨ ਖਾਂ ਦੀ ਫੌਜ਼ ਨੇ |
| 26) ਕਿਸਨੇ ਲਿਖਿਆ ਹੈ, "ਜੇਕਰ ਸਿੱਖਾਂ ਦੀ ਸੈਨਾ ਭੱਜੇ ਤਾਂ ਉਸਨੂੰ ਅਜਿਹਾ ਨਾ ਸਮਝੋ, ਇਹ ਉਹਨਾਂ ਦੀ ਯੁੱਧ ਸਬੰਧੀ ਇੱਕ ਚਾਲ ਹੈ" ? | ਕਾਜ਼ੀ ਨੂਰ ਮੁਹੰਮਦ |
| 27) ਕਿਹੜੇ ਪ੍ਰਸਿੱਧ ਲੇਖਕ ਨੇ ਕਿਹਾ ਸੀ, "ਸਿੱਖਾਂ ਨਾਲ ਲੜਨਾ ਉਸੇ ਤਰ੍ਹਾਂ ਫਜ਼ੂਲ ਸੀ ਜਿਵੇਂ ਜਾਲ ਵਿੱਚ ਹਵਾ ਨੂੰ ਫੜਨ ਦਾ ਯਤਨ ਕਰਨਾ।" | ਖੁਸ਼ਵੰਤ ਸਿੰਘ |


Download Free Study Material From SIKHYA APP

### ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਹਮਲੇ ਕਿਉਂ ਕੀਤੇ ?**

ਉੱਤਰ: ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੇ ਕਾਰਨ:

1. ਅਹਿਮਦਸ਼ਾਹ ਅਬਦਾਲੀ ਆਪਣੇ ਰਾਜ ਦਾ ਵਿਸਥਾਰ ਕਰਨਾ ਚਾਹੁੰਦਾ ਸੀ।
2. ਉਹ ਪੰਜਾਬ ਦੀ ਦੌਲਤ ਲੁੱਟਣਾ ਚਾਹੁੰਦਾ ਸੀ।
3. ਉਹ ਆਪਣੀ ਪ੍ਰਸਿੱਧੀ ਵਿੱਚ ਵਾਧਾ ਕਰਨਾ ਚਾਹੁੰਦਾ ਸੀ।
4. ਉਹ ਪੰਜਾਬ ਵਿੱਚ ਫੈਲੀ ਰਾਜਨੀਤਕ ਅਰਾਜਕਤਾ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।
5. ਸ਼ਾਹਨਵਾਜ਼ ਖਾਂ ਨੇ ਅਬਦਾਲੀ ਨੂੰ ਭਾਰਤ ਤੇ ਹਮਲਾ ਕਰਨ ਲਈ ਸੱਦਾ ਦਿੱਤਾ ਸੀ।

**2) ਤੈਮੂਰ ਸ਼ਾਹ ਕੌਣ ਸੀ ?**

ਉੱਤਰ: ਤੈਮੂਰ ਸ਼ਾਹ ਅਹਿਮਦ ਸ਼ਾਹ ਅਬਦਾਲੀਦਾ ਪੁੱਤਰ ਸੀ। ਅਬਦਾਲੀ ਨੇ 1757 ਈ: ਵਿੱਚ ਉਸਨੂੰ ਪੰਜਾਬ ਦਾ ਸੂਬੇਦਾਰ ਨਿਯੁਕਤ ਕੀਤਾ ਸੀ। ਉਹ ਵੀ ਆਪਣੇ ਪਿਤਾ ਵਾਂਗ ਸਿੱਖਾਂ ਦਾ ਕੱਟੜ ਦੁਸ਼ਮਣ ਸੀ। ਉਸਨੇ ਸਿੱਖਾਂ ਦੇ ਪ੍ਰਸਿੱਧ ਕਿਲ੍ਹੇ ਰਾਮਰੌਣੀ ਨੂੰ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ ਉਸਨੇ ਹਰਿਮੰਦਰ ਸਾਹਿਬ, ਸ੍ਰੀ ਅੰਮਿਤਸਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਗੰਦਗੀ ਨਾਲ ਭਰਵਾ ਦਿੱਤਾ। 1758 ਈ: ਵਿੱਚ ਸਿੱਖਾਂ ਨੇ ਮਰਾਠਿਆਂ ਅਤੇ ਅਦੀਨਾ ਬੇਗ ਨਾਲ ਮਿਲਕੇ ਤੈਮੂਰ ਸ਼ਾਹ ਨੂੰ ਪੰਜਾਬ ਵਿੱਚੋਂ ਭਜਾ ਦਿੱਤਾ।

**3) ਪਾਨੀਪਤ ਦੀ ਤੀਜੀ ਲੜਾਈ ਦੇ ਮੁੱਖ ਕਾਰਨ ਕੀ ਸਨ ?**

ਉੱਤਰ: ਪਾਨੀਪਤ ਦੀ ਤੀਜੀ ਲੜਾਈ ਦੇ ਕਾਰਨ:

1. ਅਹਿਮਦਸ਼ਾਹ ਅਬਦਾਲੀ ਮਰਠਿਆਂ ਕੋਲੋਂ ਰੁਹੇਲਿਆਂ ਦੀ ਬੇਇੱਜਤੀ ਦਾ ਬਦਲਾ ਲੈਣਾ ਚਾਹੁੰਦਾ ਸੀ।
2. ਅਬਦਾਲੀ ਮਰਾਠਿਆਂ ਕੋਲੋਂ ਮੁਸਲਿਮ ਰਾਜਾਂ ਦੀ ਸੁਰੱਖਿਆ ਕਰਨਾ ਚਾਹੁੰਦਾ ਸੀ।


Download Free Study Material From SIKHYA APP

3. ਅਬਦਾਲੀ ਹਿੰਦੂ ਰਾਜਾਂ ਦੀ ਫੁੱਟ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।

4. ਮਰਾਠਿਆਂ ਨੇ ਉਸਦੇ ਬੇਟੇ ਤੈਮੂਰ ਸ਼ਾਹ ਨੂੰ ਪੰਜਾਬ ਦੀ ਗੱਦੀ ਤੋਂ ਉਤਾਰ ਦਿੱਤਾ ਸੀ।

**4) ਪਾਨੀਪਤ ਦੀ ਤੀਜੀ ਲੜਾਈ ਤੇ ਸੰਖੇਪ ਨੋਟ ਲਿਖੋ।**

ਉੱਤਰ: ਪਾਨੀਪਤ ਦੀ ਤੀਜੀ ਲੜਾਈ 14 ਜਨਵਰੀ 1761 ਈ: ਨੂੰ ਮਰਾਠਿਆਂ ਅਤੇ ਅਹਿਮਦ ਸ਼ਾਹ ਅਬਦਾਲੀ ਵਿਚਕਾਰ ਹੋਈ। ਸ਼ੁਰੂ ਵਿੱਚ ਮਰਾਠਿਆਂ ਦਾ ਪੱਲੜਾ ਭਾਰੀ ਸੀ ਪਰ ਇੱਕ ਗੋਲੀ ਵਿਸ਼ਵਾਸ਼ ਰਾਓ ਨੂੰ ਵੱਜਣ ਕਾਰਨ ਉਸਦੀ ਮੌਤ ਹੋ ਗਈ। ਸਦਾਸ਼ਿਵ ਰਾਓ ਉਸਦੀ ਮੌਤ ਦੇ ਅਫ਼ਸੋਸ ਵਜੋਂ ਆਪਣੇ ਹਾਥੀ ਤੋਂ ਹੇਠਾਂ ਉਤਰ ਆਇਆ। ਉਸਦੇ ਹਾਥੀ ਨੂੰ ਖਾਲੀ ਵੇਖ ਕੇ ਮਰਾਠਾ ਸੈਨਿਕਾਂ ਨੂੰ ਲੱਗਿਆ ਕਿ ਸਦਾਸ਼ਿਵ ਰਾਓ ਵੀ ਮਾਰਿਆ ਗਿਆ ਹੈ। ਇਸ ਲਈ ਉਹਨਾਂ ਵਿੱਚ ਭਗਦੜ ਮਚ ਗਈ। ਅਬਦਾਲੀ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਮਰਾਠਿਆਂ ਦਾ ਭਾਰੀ ਨੁਕਸਾਨ ਕੀਤਾ। ਇਸ ਲੜਾਈ ਨੇ ਮਰਾਠਿਆਂ ਦੀ ਤਾਕਤ ਨੂੰ ਖਤਮ ਕਰ ਦਿੱਤਾ। ਇਸ ਨਾਲ ਸਿੱਖਾਂ ਨੂੰ ਪੰਜਾਬ ਵਿੱਚ ਤਾਕਤ ਵਧਾਉਣ ਦਾ ਮੌਕਾ ਮਿਲ ਗਿਆ।

**5) ਪਾਨੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਦੀ ਹਾਰ ਦੇ ਕੀ ਕਾਰਨ ਸਨ?**

ਉੱਤਰ: ਪਾਨੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਦੀ ਹਾਰ ਦੇ ਕਾਰਨ:

1. ਅਫ਼ਗਾਨਾਂ ਦੀ ਸੈਨਾ ਮਰਾਠਿਆਂ ਨਾਲੋਂ ਜਿਆਦਾ ਸ਼ਕਤੀਸ਼ਾਲੀ ਅਤੇ ਅਨੁਸ਼ਾਸਿਤ ਸੀ।

2. ਅਹਿਮਦਸ਼ਾਹ ਅਬਦਾਲੀ ਕੋਲ ਯੁੱਧਾਂ ਦਾ ਤਜ਼ਰਬਾ ਮਰਾਠਾ ਸਰਦਾਰਾਂ ਨਾਲੋਂ ਜਿਆਦਾ ਸੀ।

3. ਮਰਾਠਿਆਂ ਵਿਚਕਾਰ ਏਕਤਾ ਦੀ ਕਮੀ ਸੀ।

4. ਮਰਾਠਿਆਂ ਨੇ ਆਹਮਣੇ-ਸਾਹਮਣੇ ਮੁਕਾਬਲਾ ਕਰਨ ਦੀ ਭਿਆਨਕ ਭੁੱਲ ਕੀਤੀ।

5. ਮੁਸਲਮਾਨਾਂ ਰਿਆਸਤਾਂ ਨੇ ਅਹਿਮਦਸ਼ਾਹ ਅਬਦਾਲੀ ਨੂੰ ਸਹਿਯੋਗ ਦਿੱਤਾ।

6. ਧਨ ਦੀ ਕਮੀ ਕਾਰਨ ਮਰਾਠੇ ਸੈਨਿਕ ਅਤੇ ਯੁੱਧ ਸਮੱਗਰੀ ਇਕੱਠੀ ਨਾ ਕਰ ਸਕੇ।


Download Free Study Material From SIKHYA APP

**6) ਪਾਨੀਪਤ ਦੀ ਤੀਜੀ ਲੜਾਈ ਦੇ ਕੀ ਸਿੱਟੇ ਨਿਕਲੇ ?**

ਉੱਤਰ: ਪਾਨੀਪਤ ਦੀ ਤੀਜੀ ਲੜਾਈ ਦੇ ਸਿੱਟੇ:

1. ਮਰਾਠਿਆਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ।
2. ਪੇਸ਼ਵਾ ਬਾਲਾਜੀ ਬਾਜੀਰਾਓ ਛੇਤੀ ਹੀ ਮਰ ਗਿਆ।
3. ਮਰਾਠਾ ਸ਼ਕਤੀ ਦੇ ਗੌਰਵ ਨੂੰ ਭਾਰੀ ਸੱਟ ਵੱਜੀ।
4. ਮਰਾਠਿਆਂ ਦਾ ਹਿੰਦੂ ਰਾਜ ਸਥਾਪਿਤ ਕਰਨ ਦਾ ਸੁਫ਼ਨਾ ਚਕਨਾਚੂਰ ਹੋ ਗਿਆ।
5. ਸਿੱਖਾਂ ਨੂੰ ਪੰਜਾਬ ਵਿੱਚ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲਿਆ।
6. ਅੰਗਰੇਜਾਂ ਨੂੰ ਭਾਰਤ ਵਿੱਚ ਸ਼ਕਤੀ ਵਧਾਉਣ ਦਾ ਮੌਕਾ ਮਿਲਿਆ।

**7) ਵੱਡਾ ਘੱਲੂਘਾਰਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਅਹਿਮਦ ਸ਼ਾਹ ਅਬਦਾਲੀ ਨੂੰ ਖਬਰ ਮਿਲੀ ਕਿ ਸਿੱਖ ਮਲੇਰਕੋਟਲੇ ਦੇ ਨੇੜੇ ਪਿੰਡ ਕੁਪ ਵਿਚੇ ਇਕੱਠੇ ਹੋਏ ਹਨ। ਉਹ ਬੜੀ ਤੇਜ਼ੀ ਨਾਲ ਮਲੇਰਕੋਟਲੇ ਵੱਲ ਵਧਿਆ। ਉਸਨੇ ਸਰਹਿੰਦ ਦੇ ਸੂਬੇਦਾਰ ਜੈਨ ਖਾਂ ਨੂੰ ਵੀ ਆਪਣੀ ਫੌਜ਼ ਸਮੇਤ ਉੱਥੇ ਬੁਲਾ ਲਿਆ। 5ਫਰਵਰੀ 1762 ਈ: ਨੂੰ ਅਹਿਮਦ ਸ਼ਾਹ ਅਬਦਾਲੀ ਨੇ ਪਿੰਡ ਕੁੱਪ ਵਿਖੇ ਸਿੱਖਾਂ ਤੇ ਹਮਲਾ ਕਰ ਦਿੱਤਾ। ਸਿੱਖ ਇਸ ਸਮੇਂ ਆਪਣੇ ਪਰਿਵਾਰਾਂ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਛੱਡਣ ਜਾ ਰਹੇ ਸਨ। ਸਿੱਖਾਂ ਦੇ ਹਥਿਆਰ ਅਤੇ ਭੋਜਨ ਸਮੱਗਰੀ 6 ਕਿਲੋਮੀਟਰ ਦੂਰ ਗਰਮਾਂ ਪਿੰਡ ਵਿਖੇ ਪਏ ਸਨ। ਫਿਰਵੀ ਸਿੱਖਾਂ ਨੇ ਅਬਦਾਲੀ ਦਾ ਮੁਕਾਬਲਾ ਕੀਤਾ ਪਰ ਉਹ ਜਿਆਦਾ ਸਮਾਂ ਅਬਦਾਲੀ ਅੱਗੇ ਨਾ ਠਹਿਰ ਸਕੇ। ਇਸ ਹਮਲੇ ਵਿੱਚ 25000 ਤੋਂ 30000 ਦੇ ਕਰੀਬ ਵੱਧ ਸਿੱਖ ਮਾਰੇ ਗਏ ਜਿਹਨਾਂ ਵਿੱਚ ਇਸਤਰੀਆਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਿਲ ਸਨ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।


Download Free Study Material From SIKHYA APP

**8) ਅਫ਼ਗਾਨਾਂ ਵਿਰੁੱਧ ਲੜਾਈ ਵਿੱਚ ਸਿੱਖਾਂ ਨੇ ਆਪਣੀ ਤਾਕਤ ਕਿਸ ਤਰ੍ਹਾਂ ਸੰਗਠਿਤ ਕੀਤੀ ?**

ਉੱਤਰ:

1. ਸਿੱਖਾਂ ਨੇ ਆਪਣੇ ਆਪ ਨੂੰ ਜੱਥਿਆਂ ਦੇ ਰੂਪ ਵਿੱਚ ਸੰਗਠਿਤ ਕਰ ਲਿਆ।
2. ਸਿੱਖਾਂ ਦੇ ਫੈਸਲੇ ਗੁਰਮਤੇ ਦੁਆਰਾ ਕੀਤੇ ਜਾਂਦੇ ਸਨ। ਸਾਰੇ ਸਿੱਖ ਇਹਨਾਂ ਦਾ ਪਾਲਣ ਕਰਦੇ ਸਨ।
3. ਰਾਜ ਕਰੇਗਾ ਖਾਲਸਾ, ਹੁਣ ਹਰੇਕ ਸਿੱਖ ਦਾ ਵਿਸ਼ਵਾਸ ਬਣ ਚੁੱਕਿਆ ਸੀ।
4. ਅਹਿਮਦਸ਼ਾਹ ਅਬਦਾਲੀ ਦੇ ਅਫ਼ਗਾਨਿਸਤਾਨ ਵੱਲ ਉਲਝਣ ਕਾਰਨ ਸਿੱਖਾਂ ਨੂੰ ਆਪਣੀ ਤਾਕਤ ਇਕੱਠਾ ਕਰਨ ਦਾ ਮੌਕਾ ਮਿਲ ਗਿਆ।
5. ਪੰਜਾਬ ਦੇ ਆਮ ਲੋਕਾਂ ਅਤੇ ਜਿੰਮੀਦਾਰਾਂ ਨੇ ਸਿੱਖਾਂ ਨੂੰ ਪੂਰਾ ਸਹਿਯੋਗ ਦਿੱਤਾ।

**9) ਅਹਿਮਦਸ਼ਾਹ ਅਬਦਾਲੀ ਸਿੱਖਾਂ ਦੀ ਸ਼ਕਤੀ ਨੂੰ ਕਿਉਂ ਨਾ ਕੁਚਲ ਸਕਿਆ ?**

ਉੱਤਰ:

1. ਸਿੱਖਾਂ ਦਾ ਸੁਭਾਅ ਹੌਂਸਲੇ ਵਾਲਾ ਅਤੇ ਇਰਾਦਾ ਮਜ਼ਬੂਤ ਸੀ।
2. ਸਿੱਖਾਂ ਨੇ ਛਾਪਾਮਾਰ ਯੁੱਧ ਨੀਤੀ ਦੀ ਵਰਤੋਂ ਕੀਤੀ।
3. ਅਬਦਾਲੀ ਦੇ ਪ੍ਰਤੀਨਿਧੀ ਅਯੋਗ ਸਨ।
4. ਅਬਦਾਲੀ ਪੰਜਾਬ ਵੱਲ ਪੂਰਾ ਧਿਆਨ ਨਾ ਦੇ ਸਕਿਆ।
5. ਸਿੱਖਾਂ ਦੇ ਨੇਤਾ ਬਹੁਤ ਯੋਗ ਸਨ। ਉਹਨਾਂ ਵਿੱਚ ਪੂਰੀ ਏਕਤਾ ਸੀ।
6. ਅਬਦਾਲੀ ਦੀ ਕਮਜੋਰ ਆਰਥਿਕ ਹਾਲਤ ਕਾਰਨ ਅਬਦਾਲੀ ਨੂੰ ਸਿੱਖਾਂ ਵਿਰੁੱਧ ਹਮਲੇ ਰੋਕਣੇ ਪਏ।

**10) ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪੰਜਾਬ ਤੇ ਕੀ ਰਾਜਨੀਤਕ ਪ੍ਰਭਾਵ ਪਏ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਰਾਜਨੀਤਕ ਪ੍ਰਭਾਵ:


Download Free Study Material From SIKHYA APP

1. ਪੰਜਾਬ ਨੂੰ ਅਫ਼ਗਾਨਿਸਤਾਨ ਵਿੱਚ ਸ਼ਾਮਿਲ ਕਰ ਲਿਆ ਗਿਆ।
2. ਪੰਜਾਬ ਵਿੱਚੋਂ ਮਰਾਠਾ ਅਤੇ ਮੁਗਲ ਸ਼ਕਤੀ ਦਾ ਖਾਤਮਾ ਹੋ ਗਿਆ।
3. ਪੰਜਾਬ ਵਿੱਚ ਅਰਾਜਕਤਾ ਫੈਲ ਗਈ।
4. ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲਿਆ।

**11) ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪੰਜਾਬ ਤੇ ਕੀ ਮਹੱਤਵਪੂਰਨ ਪ੍ਰਭਾਵ ਪਏ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪ੍ਰਭਾਵ:

1. ਪੰਜਾਬ ਵਿੱਚੋਂ ਮੁਗ਼ਲ ਰਾਜ ਦਾ ਅੰਤ ਹੋ ਗਿਆ।
2. ਪੰਜਾਬ ਵਿੱਚ ਭਾਰੀ ਆਰਥਿਕ ਬਰਬਾਦੀ ਹੋਈ।
3. ਇਤਿਹਾਸਕ ਇਮਾਰਤਾਂ ਅਤੇ ਸਾਹਿਤ ਦਾ ਭਾਰੀ ਨੁਕਸਾਨ ਹੋਇਆ।
4. ਪੰਜਾਬੀਆਂ ਦੇ ਚਰਿੱਤਰ ਵਿੱਚ ਤਬਦੀਲੀ ਆਈ। ਉਹ ਖੁੱਲ੍ਹਾ ਖਰਚ ਕਰਨ ਲੱਗੇ।
5. ਵਾਰ ਵਾਰ ਹਮਲਿਆਂ ਕਾਰਨ ਪੰਜਾਬ ਦੇ ਲੋਕ ਬਹਾਦਰ ਅਤੇ ਨਿਡਰ ਬਣੇ।
6. ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਦੁਸ਼ਮਣੀ ਵਧ ਗਈ।

**12) ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪੰਜਾਬ ਤੇ ਕੀ ਸਮਾਜਿਕ ਪ੍ਰਭਾਵ ਪਏ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਸਮਾਜਿਕ ਪ੍ਰਭਾਵ:

1. ਪੰਜਾਬੀਆਂ ਦਾ ਸੁਭਾਅ ਖਰਚੀਲਾ ਬਣ ਗਿਆ।
2. ਪੰਜਾਬ ਵਿੱਚ ਅਨੇਕਾਂ ਬੁਰਾਈਆਂ ਨੂੰ ਉਤਸ਼ਾਹ ਮਿਲਿਆ।
3. ਵਾਰ ਵਾਰ ਹਮਲਿਆਂ ਕਾਰਨ ਪੰਜਾਬ ਦੇ ਲੋਕ ਬਹਾਦਰ ਅਤੇ ਨਿਡਰ ਬਣੇ।
4. ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਦੁਸ਼ਮਣੀ ਵਧ ਗਈ।


Download Free Study Material From SIKHYA APP

**13) ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪੰਜਾਬ ਤੇ ਕੀ ਆਰਥਿਕ ਪ੍ਰਭਾਵ ਪਏ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਆਰਥਿਕ ਪ੍ਰਭਾਵ:

1. ਅਬਦਾਲੀ ਪੰਜਾਬ ਵਿੱਚੋਂ ਬਹੁਤ ਸਾਰੀ ਧਨ-ਦੌਲਤ ਲੁੱਟ ਕੇ ਲੈ ਗਿਆ।
2. ਅਫ਼ਗਾਨ ਸੈਨਾਵਾਂ ਦੀ ਆਵਾਜਾਈ ਕਾਰਨ ਖੇਤੀਬਾੜੀ ਦਾ ਬਹੁਤ ਨੁਕਸਾਨ ਹੋਇਆ।
3. ਅਬਦਾਲੀ ਦੇ ਨਿਯੁਕਤ ਕੀਤੇ ਭ੍ਰਿਸ਼ਟ ਕਰਮਚਾਰੀਆਂ ਨੇ ਲੋਕਾਂ ਦਾ ਆਰਥਿਕ ਸ਼ੋਸ਼ਣ ਕੀਤਾ।
4. ਪੰਜਾਬ ਦੇ ਵਪਾਰ ਨੂੰ ਭਾਰੀ ਧੱਕਾ ਲੱਗਿਆ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਹਮਲੇ ਕਿਉਂ ਕੀਤੇ ?**

ਉੱਤਰ: ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੇ ਕਾਰਨ:

I. **ਸਾਮਰਾਜ ਵਿਸਥਾਰ ਦੀ ਇੱਛਾ**: ਅਹਿਮਦਸ਼ਾਹ ਅਬਦਾਲੀ ਆਪਣੇ ਛੋਟੇ ਜਿਹੇ ਰਾਜ ਤੋਂ ਸੰਤੁਸ਼ਟ ਨਹੀਂ ਸੀ। ਉਹ ਆਪਣੇ ਰਾਜ ਦਾ ਵਿਸਥਾਰ ਕਰਨਾ ਚਾਹੁੰਦਾ ਸੀ।

II. **ਧਨ-ਦੌਲਤ ਦਾ ਲਾਲਚ**: ਭਾਰਤ ਇੱਕ ਅਮੀਰ ਦੇਸ਼ ਸੀ। ਇਸਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਅਬਦਾਲੀ ਭਾਰਤ ਤੇ ਹਮਲਾ ਕਰਕੇ ਇਸਦੀ ਧਨ-ਦੌਲਤ ਨੂੰ ਲੁੱਟਣਾ ਚਾਹੁੰਦਾ ਸੀ।

III. **ਅਫ਼ਗਾਨਿਸਤਾਨ ਵਿੱਚ ਅਬਦਾਲੀ ਦੀ ਸਥਿਤੀ**:ਅਬਦਾਲੀ ਇੱਕ ਸਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਸੀ। ਅਫ਼ਗਾਨਿਸਤਾਨ ਦਾ ਸ਼ਾਹੀ ਵਰਗ ਉਸਦਾ ਜਿਆਦਾ ਪ੍ਰਭਾਵ ਨਹੀਂ ਮੰਨਦਾ ਸੀ। ਇਸ ਲਈ ਅਬਦਾਲੀ ਨੇ ਵਿਦੇਸ਼ਾਂ ਤੇ ਹਮਲੇ ਕਰਨ ਲਈ ਸੋਚਿਆ ਤਾਂ ਕਿ ਉਹ ਵਿਦੇਸ਼ਾਂ ਵਿੱਚ ਜਿੱਤਾਂ ਪ੍ਰਾਪਤ ਕਰਕੇ ਆਪਣੀ ਪ੍ਰਸਿੱਧੀ ਵਿੱਚ ਵਾਧਾ ਕਰ ਸਕੇ ਅਤੇ ਅਫ਼ਗਾਨਿਸਤਾਨ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਸਕੇ।


Download Free Study Material From SIKHYA APP

IV. **ਭਾਰਤ ਦੀ ਰਾਜਨੀਤਕ ਹਾਲਤ:** ਮੁਗ਼ਲ ਸਾਮਰਾਜ ਬਹੁਤ ਕਮਜ਼ੋਰ ਹੋ ਚੁੱਕਿਆ ਸੀ। ਮੁਗ਼ਲ ਸ਼ਾਸਕ ਹਰ ਸਮੇਂ ਐਸ਼-ਪ੍ਰਸਤੀ ਵਿੱਚ ਵਿਅਸਤ ਰਹਿੰਦੇ ਸਨ। ਪ੍ਰਜਾ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਸੀ। ਹਰ ਪਾਸੇ ਅਰਾਜਕਤਾ ਦਾ ਮਾਹੌਲ ਸੀ। ਅਬਦਾਲੀ ਭਾਰਤ ਦੀ ਇਸ ਰਾਜਨੀਤਕ ਹਾਲਤ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।

V. **ਅਬਦਾਲੀ ਦਾ ਭਾਰਤ ਸਬੰਧੀ ਪੂਰਵ ਗਿਆਨ:** 1739 ਈ: ਵਿੱਚ ਨਾਦਰ ਸ਼ਾਹ ਦੇ ਹਮਲੇ ਸਮੇਂ ਅਬਦਾਲੀ ਉਸਦੇ ਸੈਨਾਪਤੀ ਵਜੋਂ ਭਾਰਤ ਆਇਆ ਸੀ। ਉਹ ਪੰਜਾਬ ਅਤੇ ਦਿੱਲੀ ਦੀ ਰਾਜਨੀਤਕ ਸਥਿਤੀ, ਸੈਨਿਕ ਪ੍ਰਣਾਲੀ, ਆਰਥਿਕ ਹਾਲਤ ਆਦਿ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਉਹ ਇਸ ਗਿਆਨ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।

VI. **ਸ਼ਾਹਨਵਾਜ਼ ਖਾਂ ਦਾ ਸੱਦਾ:** 1745 ਈ: ਵਿੱਚ ਯਾਹੀਆ ਖਾਂ ਪੰਜਾਬ ਦਾ ਸੂਬੇਦਾਰ ਬਣਿਆ। ਇਹ ਗੱਲ ਉਸਦੇ ਭਰਾ ਸ਼ਾਹਨਵਾਜ਼ ਖਾਂ ਨੂੰ ਬਰਦਾਸ਼ਤ ਨਾ ਹੋਈ। ਉਸਨੇ ਆਪਣੇ ਭਰਾ ਨੂੰ ਹਰਾ ਦਿੱਤਾ ਅਤੇ ਆਪ ਸੂਬੇਦਾਰ ਬਣ ਗਿਆ। ਮੁਗ਼ਲ ਸ਼ਾਸਕ ਮੁਹੰਮਦ ਸ਼ਾਹ ਰੰਗੀਲਾ ਨੇ ਉਸਨੂੰ ਸੂਬੇਦਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਸ਼ਾਹਨਵਾਜ਼ ਖਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ।

**2) ਪਾਨੀਪਤ ਦੀ ਤੀਜੀ ਲੜਾਈ ਦੇ ਕੀ ਮੁੱਖ ਕਾਰਨ ਸਨ?**

ਉੱਤਰ: ਪਾਨੀਪਤ ਦੀ ਤੀਜੀ ਲੜਾਈ ਦੇ ਕਾਰਨ:

I. **ਮਰਾਠਿਆਂ ਦਾ ਰੁਹੇਲਖੰਡ ਤੇ ਹਮਲਾ:** ਮਰਾਠਿਆਂ ਨੇ ਰੁਹੇਲਖੰਡ ਤੇ ਹਮਲਾ ਕਰਕੇ ਰੁਹੇਲਿਆਂ ਨੂੰ ਉੱਥੋਂ ਭਜਾ ਦਿੱਤਾ ਸੀ। ਅਹਿਮਦਸ਼ਾਹ ਅਬਦਾਲੀ ਮਰਾਠਿਆਂ ਨੂੰ ਹਰਾ ਕੇ ਰੁਹੇਲਿਆਂ ਦੀ ਬੇਇੱਜਤੀ ਦਾ ਬਦਲਾ ਲੈਣਾ ਚਾਹੁੰਦਾ ਸੀ।

II. **ਮਰਾਠਿਆਂ ਦਾ ਹਿੰਦੂ ਰਾਜ ਦੀ ਸਥਾਪਨਾ ਦਾ ਐਲਾਨ:** ਮਰਾਠਾ ਪੇਸ਼ਵਾ ਨੇ ਭਾਰਤ ਵਿੱਚ ਹਿੰਦੂ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਸੀ। ਇਸ ਨਾਲ ਭਾਰਤ ਵਿਚਲੇ ਮੁਸਲਿਮ ਰਾਜਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ।


Download Free Study Material From SIKHYA APP

ਇਹਨਾਂ ਰਾਜਾਂ ਨੇ ਆਪਣੀ ਸੁਰੱਖਿਆ ਲਈ ਅਹਿਮਦ ਸ਼ਾਹ ਅਬਦਾਲੀ ਨੂੰ ਮਰਾਠਿਆਂ ਤੇ ਹਮਲਾ ਕਰਨ ਲਈ ਉਕਸਾਇਆ।

III. **ਹਿੰਦੂਆਂ ਵਿੱਚ ਆਪਸੀ ਫੁੱਟ**: ਮਰਾਠਿਆਂ ਦੀ ਵਧਦੀ ਸ਼ਕਤੀ ਕਾਰਨ ਜਾਟ, ਰਾਜਪੂਤ ਅਤੇ ਹੋਰ ਹਿੰਦੂ ਜਾਤੀਆਂ ਉਹਨਾਂ ਨਾਲ ਈਰਖਾ ਕਰਨ ਲੱਗੀਆਂ। ਹਿੰਦੂਆਂ ਦੀ ਇਸ ਆਪਸੀ ਫੁੱਟ ਦਾ ਅਬਦਾਲੀ ਨੇ ਫਾਇਦਾ ਉਠਾਇਆ।

IV. **ਮਰਾਠਿਆਂ ਦਾ ਦਿੱਲੀ ਅਤੇ ਪੰਜਾਬ ਤੇ ਕਬਜ਼ਾ**: ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਵਿੱਚ ਆਪਣੇ ਪੁੱਤਰ ਅਤੇ ਦਿੱਲੀ ਵਿੱਚ ਆਪਣੇ ਪ੍ਰਤੀਨਿਧੀ ਨੂੰ ਗੱਦੀ ਤੇ ਬਿਠਾਇਆ ਸੀ। ਮਰਾਠਿਆਂ ਨੇ ਸਿੱਖਾਂ ਨਾਲ ਮਿਲਕੇ ਦਿੱਲੀ ਅਤੇ ਪੰਜਾਬ ਦੇ ਕਬਜ਼ਾ ਕਰ ਲਿਆ ਸੀ। ਅਬਦਾਲੀ ਮਰਾਠਿਆਂ ਅਤੇ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ।

**3) ਪਾਨੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਦੀ ਹਾਰ ਦੇ ਕੀ ਕਾਰਨ ਸਨ ?**

ਉੱਤਰ: ਮਰਾਠਿਆਂ ਦੀ ਹਾਰ ਦੇ ਕਾਰਨ:

I. **ਅਫ਼ਗਾਨਾਂ ਦੀ ਸ਼ਕਤੀਸ਼ਾਲੀ ਸੈਨਾ**:ਅਫ਼ਗਾਨਾਂ ਦੀ ਸੈਨਾ ਮਰਾਠਿਆਂ ਦੇ ਮੁਕਾਬਲੇ ਜਿਆਦਾ ਸ਼ਕਤੀਸ਼ਾਲੀ ਅਤੇ ਅਨੁਸ਼ਾਸਿਤ ਸੀ। ਉਹਨਾਂ ਕੋਲ ਸ਼ਕਤੀਸ਼ਾਲੀ ਤੋਪਾਂ ਸਨ ਜਿਹੜੀਆਂ ਮਰਾਠਿਆਂ ਕੋਲ ਨਹੀਂ ਸਨ।

II. **ਅਹਿਮਦਸ਼ਾਹ ਅਬਦਾਲੀ ਦਾ ਤਜ਼ਰਬਾ**: ਅਹਿਮਦਸ਼ਾਹ ਅਬਦਾਲੀ ਯੋਗ ਅਤੇ ਤਜ਼ਰਬੇਦਾਰ ਸੈਨਾਪਤੀ ਸੀ। ਉਸਨੂੰ ਯੁੱਧਾਂ ਦਾ ਬਹੁਤ ਤਜ਼ਰਬਾ ਸੀ। ਮਰਾਠਾ ਸਰਦਾਰਾਂ ਸਦਾਸ਼ਿਵ ਰਾਓ ਭਾਊ ਅਤੇ ਵਿਸ਼ਵਾਸ ਰਾਓ ਵਿੱਚ ਤਜ਼ਰਬੇ ਦੀ ਬਹੁਤ ਘਾਟ ਸੀ।

III. **ਮਰਾਠਿਆਂ ਵਿੱਚ ਏਕਤਾ ਦੀ ਕਮੀ**: ਮਰਾਠਿਆਂ ਨੇ ਅਬਦਾਲੀ ਦਾ ਮੁਕਾਬਲਾ ਕਰਨ ਲਈ ਇੱਕ ਸੰਘ ਤਿਆਰ ਕੀਤਾ ਸੀ ਜਿਸ ਵਿੱਚ ਅਨੇਕਾਂ ਮਰਾਠਾ ਸਰਦਾਰ ਆਪਣੀ ਸੈਨਾ ਲੈ ਕੇ ਸ਼ਾਮਿਲ ਹੋਏ ਸਨ। ਇਹਨਾਂ ਸਰਦਾਰਾਂ ਆਪਸੀ ਮੱਤਭੇਦ ਸਨ। ਇਹਨਾਂ ਮੱਤਭੇਦਾਂ ਕਾਰਨ ਮਰਾਠਾ ਕੋਈ ਕੇਂਦਰੀ ਯੋਜਨਾ ਬਣਾ ਕੇ ਨਹੀਂ ਲੜ ਸਕੇ।


Download Free Study Material From SIKHYA APP

IV. **ਮਰਾਠਿਆਂ ਦੀ ਆਹਮਣੇ-ਸਾਹਮਣੇ ਲੜਣ ਦੀ ਗਲਤੀ**: ਮਰਾਠਿਆਂ ਦੀ ਵੱਡੀ ਤਾਕਤ ਉਹਨਾਂ ਦੀ ਛਾਪਾਮਾਰ ਯੁੱਧ ਪ੍ਰਣਾਲੀ ਸੀ। ਉਹਨਾਂ ਨੇ ਅਬਦਾਲੀ ਨਾਲ ਆਹਮਣੇ-ਸਾਹਮਣੇ ਦੀ ਲੜਾਈ ਕਰਕੇ ਵੱਡੀ ਗਲਤੀ ਕੀਤੀ। ਅਬਦਾਲੀ ਆਹਮਣੇ-ਸਾਹਮਣੇ ਦੀ ਲੜਾਈ ਵਿੱਚ ਮਾਹਿਰ ਸੀ।

V. **ਮੁਸਲਮਾਨ ਰਿਆਸਤਾਂ ਦਾ ਅਬਦਾਲੀ ਨੂੰ ਸਹਿਯੋਗ**: ਮਰਾਠਿਆਂ ਦੀ ਪੂਰਨ ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਘੋਸ਼ਣਾ ਕਾਰਨ ਮੁਸਲਮਾਨ ਰਿਆਸਤਾਂ ਦੀ ਹੋਂਦ ਨੂੰ ਖਤਰਾ ਹੋ ਗਿਆ ਸੀ। ਮਰਾਠਿਆਂ ਦੇ ਅਵਧ ਅਤੇ ਰੁਹੇਲਖੰਡ ਨਾਲ ਸਬੰਧੀ ਵਧੀਆ ਨਹੀਂ ਸਨ। ਇਸ ਲਈ ਅਨੇਕਾਂ ਮੁਸਲਮਾਨ ਰਿਆਸਤਾਂ ਨੇ ਅਬਦਾਲੀ ਨੂੰ ਸਹਿਯੋਗ ਦਿੱਤਾ।

VI. **ਮਰਾਠਿਆਂ ਕੋਲ ਧਨ ਦੀ ਕਮੀ**: ਅਬਦਾਲੀ ਦੀ ਆਰਥਿਕ ਸਥਿਤੀ ਮਰਾਠਿਆਂ ਦੇ ਮੁਕਾਬਲੇ ਬਹੁਤ ਮਜਬੂਤ ਸੀ। ਦੂਜੇ ਪਾਸੇ ਮਰਾਠਿਆਂ ਕੋਲ ਧਨ ਦੀ ਕਮੀ ਸੀ। ਇਸ ਲਈ ਉਹ ਆਪਣੇ ਸੈਨਿਕਾਂ ਲਈ ਹਥਿਆਰਾਂ ਦਾ ਪ੍ਰਬੰਧ ਨਾ ਕਰ ਸਕੇ। ਉਹਨਾਂ ਕੋਲ ਭੋਜਨ ਸਮੱਗਰੀ ਦੀ ਵੀ ਘਾਟ ਸੀ।

VII. **ਮਰਾਠਿਆਂ ਦੁਆਰਾ ਇਸਤਰੀਆਂ ਨੂੰ ਯੁੱਧ ਸਮੇਂ ਨਾਲ ਲਿਆਉਣਾ**: ਮਰਾਠਾ ਸੈਨਾਵਾਂ ਯੁੱਧ ਲਈ ਜਾਣ ਸਮੇਂ ਆਪਣੇ ਨਾਲ ਆਪਣੀਆਂ ਇਸਤਰੀਆਂ ਵੀ ਲੈ ਜਾਂਦੇ ਸਨ। ਸਿੱਟੇ ਵਜੋਂ ਉਹ ਨਿਸਚਿੰਤ ਹੋ ਕੇ ਨਹੀਂ ਲੜ ਸਕਦੇ ਸਨ। ਅਬਦਾਲੀ ਨੇ ਇਸਦਾ ਫਾਇਦਾ ਉਠਾਇਆ।

VIII. **ਮਰਾਠਿਆਂ ਦੀ ਲੁੱਟਮਾਰ ਦੀ ਨੀਤੀ**: ਮਰਾਠੇ ਆਪਣੇ ਜਿੱਤੇ ਹੋਏ ਖੇਤਰਾਂ ਵਿੱਚ ਲੁੱਟਮਾਰ ਕਰਦੇ ਰਹਿੰਦੇ ਸਨ। ਇਸ ਲਈ ਰਾਜਪੂਤ, ਹੈਦਰਾਬਾਦ, ਮੈਸੂਰ, ਰੁਹੇਲਖੰਡ ਆਦਿ ਰਿਆਸਤਾਂ ਨੇ ਸੰਕਟ ਦੇ ਇਸ ਸਮੇਂ ਵਿੱਚ ਮਰਾਠਿਆਂ ਦੀ ਕੋਈ ਸਹਾਇਤਾ ਨਾਂ ਕੀਤੀ।

IX. **ਮਲਹਾਰ ਰਾਓ ਹੋਲਕਰ**: ਮਲਹਾਰ ਰਾਓ ਹੋਲਕਰ ਮਰਾਠਿਆਂ ਦਾ ਇੱਕ ਪ੍ਰਮੁੱਖ ਸੈਨਾਪਤੀ ਸੀ। ਉਸਨੇ ਅਬਦਾਲੀ ਨਾਲ ਗੁਪਤ ਸਮਝੌਤਾ ਕੀਤਾ ਹੋਇਆ ਸੀ। ਜਦੋਂ ਯੁੱਧ ਸ਼ੁਰੂ ਹੋਇਆ ਤਾਂ ਉਹ ਆਪਣੀ ਸੈਨਾ ਲੈ ਕੇ ਯੁੱਧ ਖੇਤਰ ਤੋਂ


Download Free Study Material From SIKHYA APP

ਬਾਹਰ ਚਲਾ ਗਿਆ। ਇਸ ਨਾਲ ਮਰਾਠਾ ਸੈਨਿਕਾਂ ਦੇ ਹੌਸਲੇ ਨੂੰ ਧੱਕਾ ਲੱਗਿਆ ਅਤੇ ਉਹਨਾਂ ਦੀ ਸ਼ਕਤੀ ਵੀ ਘੱਟ ਗਈ।

X. **ਸਦਾਸ਼ਿਵ ਰਾਓ ਭਾਊ ਦੀ ਭਿਆਨਕ ਗਲਤੀ:** ਯੁੱਧ ਦੇ ਦੌਰਾਨ ਪੇਸ਼ਵਾ ਦਾ ਬੇਟਾ ਵਿਸ਼ਵਾਸ ਰਾਓ ਮਾਰਿਆ ਗਿਆ। ਜਦੋਂ ਸਦਾਸ਼ਿਵ ਰਾਓ ਭਾਊ ਨੂੰ ਇਸਦਾ ਪਤਾ ਲੱਗਿਆ ਤਾਂ ਉਹ ਸ਼ਰਧਾਂਜਲੀ ਦੇਣ ਲਈ ਹਾਥੀ ਤੋਂ ਹੇਠਾਂ ਉਤਰ ਗਿਆ। ਖਾਲੀ ਹਾਥੀ ਵੇਖ ਕੇ ਮਰਾਠਾ ਸੈਨਿਕਾਂ ਨੂੰ ਲੱਗਿਆ ਕਿ ਸਦਾਸ਼ਿਵ ਰਾਓ ਭਾਊ ਵੀ ਯੁੱਧ ਖੇਤਰ ਵਿੱਚ ਮਾਰਿਆ ਗਿਆ ਹੈ। ਉਹਨਾਂ ਵਿੱਚ ਭਗਦੜ ਮਚ ਗਈ ਅਤੇ ਮਰਾਠਾ ਸੈਨਿਕਾਂ ਦਾ ਹੌਸਲਾ ਟੁੱਟ ਗਿਆ।

**4) ਪਾਨੀਪਤ ਦੀ ਤੀਜੀ ਲੜਾਈ ਦੇ ਕੀ ਸਿੱਟੇ ਨਿਕਲੇ ?**

ਉੱਤਰ: ਪਾਨੀਪਤ ਦੀ ਤੀਜੀ ਲੜਾਈ ਦੇ ਸਿੱਟੇ:

I. **ਮਰਾਠਿਆਂ ਦਾ ਭਾਰੀ ਨੁਕਸਾਨ:** ਇਸ ਲੜਾਈ ਵਿੱਚ ਮਰਾਠਿਆਂ ਦਾ ਭਾਰੀ ਨੁਕਸਾਨ ਹੋਇਆ। ਲੱਗਭਗ 28000 ਮਰਾਠਾ ਸੈਨਿਕ ਮਾਰੇ ਗਏ ਅਤੇ ਹਜ਼ਾਰਾਂ ਜਖ਼ਮੀ ਹੋ ਗਏ।

II. **ਪੇਸ਼ਵਾ ਬਾਲਾਜੀ ਬਾਜੀਰਾਓ ਦੀ ਮੌਤ:** ਪੇਸ਼ਵਾ ਬਾਲਾਜੀ ਬਾਜੀਰਾਓ ਇਸ ਯੁੱਧ ਕਾਰਨ ਹੋਈ ਬੇਇੱਜਤੀ ਨੂੰ ਬਰਦਾਸ਼ਤ ਨਾ ਕਰ ਸਕਿਆ। ਛੇਤੀ ਹੀ ਉਸਦੀ ਮੌਤ ਹੋ ਗਈ।

III. **ਮਰਾਠਾ ਸ਼ਕਤੀ ਦੇ ਗੌਰਵ ਨੂੰ ਸੱਟ:** ਇਸ ਲੜਾਈ ਤੋਂ ਪਹਿਲਾਂ ਮਰਾਠਿਆਂ ਦੀ ਬਹਾਦਰੀ ਦਾ ਹਰ ਕੋਈ ਲੋਹਾ ਮੰਨਦਾ ਸੀ ਅਤੇ ਸਾਰੇ ਉਹਨਾਂ ਤੋਂ ਡਰਦੇ ਸਨ। ਇਸ ਲੜਾਈ ਨਾਲ ਉਹਨਾਂ ਦੇ ਗੌਰਵ ਨੂੰ ਭਾਰੀ ਸੱਟ ਵੱਜੀ।

IV. **ਹਿੰਦੂ ਰਾਜ ਸਥਾਪਿਤ ਕਰਨ ਦਾ ਸੁਫ਼ਨਾ ਟੁੱਟਣਾ:** ਮਰਾਠਿਆਂ ਨੇ ਹਿੰਦੂ ਰਾਜ ਸਥਾਪਿਤ ਕਰਨਾ ਦਾ ਸੁਫ਼ਨਾ ਲਿਆ ਸੀ। ਉਹਨਾਂ ਨੇ ਅਨੇਕਾਂ ਖੇਤਰ ਜਿੱਤ ਲਏ ਸਨ ਅਤੇ ਉਹਨਾਂ ਨੂੰ ਆਪਣੇ ਅਧੀਨ ਕਰ ਲਿਆ ਸੀ। ਇਸ ਲੜਾਈ ਕਾਰਨ ਮਰਾਠੇ ਸ਼ਕਤੀਹੀਣ ਹੋ ਗਏ ਅਤੇ ਉਹਨਾਂ ਦਾ ਹਿੰਦੂ ਰਾਜ ਦੀ ਸਥਾਪਨਾ ਦਾ ਸੁਫ਼ਨਾ ਟੁੱਟ ਗਿਆ।


Download Free Study Material From SIKHYA APP

V. **ਮਰਾਠਿਆਂ ਦੀ ਏਕਤਾ ਦਾ ਖਤਮ ਹੋਣਾ:** ਪਾਨੀਪਤ ਦੀ ਲੜਾਈ ਵਿੱਚ ਮਰਾਠਿਆਂ ਦੇ ਆਪਸੀ ਮੱਤਭੇਦ ਸਾਹਮਣੇ ਆਏ। ਉਹਨਾਂ ਦੇ ਆਪਸੀ ਝਗੜੇ ਸ਼ੁਰੂ ਹੋ ਗਏ ਅਤੇ ਮਰਾਠਾ ਸੰਘ ਟੁੱਟ ਗਿਆ। ਇਸਤੋਂ ਇਲਾਵਾ ਬਹੁਤ ਸਾਰੇ ਬਹਾਦਰ ਮਰਾਠਾ ਨੇਤਾ ਯੁੱਧ ਵਿੱਚ ਮਾਰੇ ਗਏ।

VI. **ਸਿੱਖਾਂ ਦੀ ਸ਼ਕਤੀ ਵਿੱਚ ਵਾਧਾ:** ਇਸ ਲੜਾਈ ਕਾਰਨ ਮਰਾਠੇ ਪੰਜਾਬ ਤੇ ਕਬਜ਼ਾ ਕਾਇਮ ਨਾ ਰੱਖ ਸਕੇ। ਪੰਜਾਬ ਉਹਨਾਂ ਦੇ ਹੱਥੋਂ ਨਿਕਲ ਗਿਆ ਅਤੇ ਸਿੱਖਾਂ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ।

VII. **ਅੰਗਰੇਜਾਂ ਦੀ ਸ਼ਕਤੀ ਵਿੱਚ ਵਾਧਾ:** ਅੰਗਰੇਜ ਪੂਰੇ ਭਾਰਤ ਨੂੰ ਆਪਣੇ ਅਧੀਨ ਕਰਨਾ ਚਾਹੁੰਦੇ ਸਨ। ਉਹਨਾਂ ਦੀ ਜਿੱਤ ਦੇ ਰਸਤੇ ਵਿੱਚ ਮਰਾਠੇ ਵੱਡੀ ਰੁਕਾਵਟ ਸਨ। ਪਾਨੀਪਤ ਦੀ ਹਾਰ ਕਾਰਨ ਮਰਾਠਿਆਂ ਦੀ ਸ਼ਕਤੀ ਖਤਮ ਹੋ ਗਈ ਅੰਗਰੇਜਾਂ ਨੂੰ ਭਾਰਤ ਵਿੱਚ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ।

**5) ਅਹਿਮਦਸ਼ਾਹ ਅਬਦਾਲੀ ਸਿੱਖਾਂ ਦੀ ਸ਼ਕਤੀ ਨੂੰ ਕਿਉਂ ਨਾ ਕੁਚਲ ਸਕਿਆ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੀ ਸਿੱਖਾਂ ਖਿਲਾਫ਼ ਅਸਫ਼ਲਤਾ ਦੇ ਕਾਰਨ:

I. **ਸਿੱਖਾਂ ਦਾ ਮਜਬੂਤ ਇਰਾਦਾ:** ਸਿੱਖਾਂ ਦਾ ਇਰਾਦਾ ਬਹੁਤ ਮਜਬੂਤ ਸੀ। ਇਸ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਜਾਨ ਗਵਾਉਣ ਅਤੇ ਜੁਲਮ ਸਹਿਣ ਦੇ ਬਾਵਜੂਦ ਵੀ ਉਹ ਅਬਦਾਲੀ ਖਿਲਾਫ਼ ਡਟੇ ਰਹੇ।

II. **ਗੁੱਰੀਲਾ ਯੁੱਧ ਨੀਤੀ:** ਸਿੱਖਾਂ ਨੇ ਗੁੱਰੀਲਾ ਯੁੱਧ ਨੀਤੀ ਦੀ ਵਰਤੋਂ ਕੀਤੀ। ਅਬਦਾਲੀ ਆਹਮਣੇ-ਸਾਹਮਣੇ ਦੀ ਲੜਾਈ ਵਿੱਚ ਤਾਂ ਮਾਹਿਰ ਸੀ ਪਰ ਉਸਨੂੰ ਗੁੱਰੀਲਾ ਲੜਾਈ ਦਾ ਤਜ਼ਰਬਾ ਨਹੀਂ ਸੀ।

III. **ਅਬਦਾਲੀ ਦੁਆਰਾ ਘੱਟ ਸੈਨਿਕਾਂ ਨੂੰ ਛੱਡਣਾ:** ਅਬਦਾਲੀ ਪੰਜਾਬ ਦਾ ਜਿਹੜਾ ਖੇਤਰ ਜਿੱਤਦਾ ਸੀ, ਉੱਥੇ ਕੁਝ ਸੈਨਿਕ ਛੱਡ ਕੇ ਆਪ ਹੋਰ ਇਲਾਕੇ ਜਿੱਤਣ ਲਈ ਅੱਗੇ ਚਲਾ ਜਾਂਦਾ ਸੀ। ਸਿੱਖ ਛੇਤੀ ਹੀ ਉਸ ਇਲਾਕੇ ਤੇ ਦੁਬਾਰਾ ਕਬਜਾ ਕਰ ਲੈਂਦੇ ਸਨ।


Download Free Study Material From SIKHYA APP

IV. **ਅਬਦਾਲੀ ਦੇ ਅਯੋਗ ਪ੍ਰਤੀਨਿਧੀ:** ਅਬਦਾਲੀ ਆਪ ਯੋਗ ਸੈਨਿਕ ਅਤੇ ਤਜ਼ਰਬੇਕਾਰ ਜਰਨੈਲ ਸੀ ਪਰ ਉਸਦੇ ਪ੍ਰਤੀਨਿਧੀ ਤੈਮੂਰ ਖਾਂ, ਜੈਨ ਖਾਂ, ਜਹਾਨ ਖਾਂ ਆਦਿ ਅਯੋਗ ਸਨ।

V. **ਆਮ ਲੋਕਾਂ ਦਾ ਸਿੱਖਾਂ ਨੂੰ ਸਹਿਯੋਗ:** ਪੰਜਾਬ ਦੇ ਲੋਕ ਅਹਿਮਦ ਸ਼ਾਹ ਅਬਦਾਲੀ ਨਾਲ ਨਫ਼ਰਤ ਕਰਦੇ ਸਨ। ਇਹੋ ਕਾਰਨ ਸੀ ਕਿ ਪੰਜਾਬ ਦੇ ਲੋਕਾਂ ਨੇ ਸਿੱਖਾਂ ਨੂੰ ਪੂਰਾ ਸਹਿਯੋਗ ਦਿੱਤਾ।

VI. **ਸਿੱਖਾਂ ਦਾ ਚਰਿੱਤਰ:** ਸਿੱਖਾਂ ਦਾ ਚਰਿੱਤਰ ਬਹੁਤ ਕਮਾਲ ਦਾ ਸੀ। ਉਹਨਾਂ ਵਿੱਚ ਹੌਸਲਾ, ਬਹਾਦਰੀ ਅਤੇ ਸਹਿਣਸ਼ੀਲਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਯੁੱਧ ਵਿੱਚ ਵੀ ਨੈਤਿਕਤਾ ਦਾ ਪੱਲਾ ਨਹੀਂ ਛੱਡਦੇ ਸਨ। ਦੁਸ਼ਮਣਾਂ ਦੀਆਂ ਇਸਤਰੀਆਂ, ਬੱਚਿਆਂ ਦੀ ਰਾਖੀ ਲਈ ਆਪਣੀ ਜਾਨ ਵੀ ਦਾਅ ਤੇ ਲਗਾ ਦਿੰਦੇ ਸਨ। ਉਹ ਕਮਜ਼ੋਰ ਅਤੇ ਨਿਹੱਥੇ ਦੁਸ਼ਮਣ ਤੇ ਵਾਰ ਨਹੀਂ ਕਰਦੇ ਸਨ। ਉਹ ਅਣਗਿਣਤ ਮੁਸੀਬਤਾਂ ਦੇ ਬਾਵਜੂਦ ਖੁਸ਼ ਰਹਿੰਦੇ ਸਨ।

VII. **ਸਿੱਖਾਂ ਦੇ ਯੋਗ ਨੇਤਾ:** ਸਿੱਖਾਂ ਦੇ ਨੇਤਾ ਜਿਵੇਂ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸ਼ੁੱਕਰਚੱਕੀਆ, ਲਹਿਣਾ ਸਿੰਘ ਆਦਿ ਬਹੁਤ ਯੋਗ ਅਤੇ ਬਹਾਦਰ ਸਨ। ਉਹਨਾਂ ਦੀ ਅਗਵਾਈ ਸਦਕਾ ਸਿੱਖ ਲੰਮੇ ਸਮੇਂ ਤੱਕ ਅਬਦਾਲੀ ਦਾ ਮੁਕਾਬਲਾ ਕਰ ਸਕੇ।

VIII. **ਅਬਦਾਲੀ ਦੀ ਕਮਜ਼ੋਰ ਆਰਥਿਕ ਹਾਲਤ:** ਅਬਦਾਲੀ ਦੀ ਵਿਸ਼ਾਲ ਸੈਨਾ ਦੇ ਖਰਚੇ ਲਈ ਬਹੁਤ ਸਾਰੇ ਧਨ ਦੀ ਲੋੜ ਸੀ। ਜਦੋਂ ਲੁੱਟਮਾਰ ਰਾਹੀਂ ਧਨ ਪ੍ਰਾਪਤ ਹੋਣਾ ਬੰਦ ਹੋ ਗਿਆ ਤਾਂ ਅਬਦਾਲੀ ਦੀ ਆਰਥਿਕ ਹਾਲਤ ਵਿਗੜ ਗਈ। ਉਹ ਲੰਮਾਂ ਸਮਾਂ ਸੈਨਿਕਾਂ ਨੂੰ ਤਨਖਾਹਾਂ ਨਾ ਦੇ ਸਕਿਆ। ਇਸ ਲਈ ਉਸਦੇ ਸੈਨਿਕਾਂ ਨੇ ਵਿਦਰੋਹ ਕਰ ਦਿੱਤਾ। ਅਜਿਹੀ ਹਾਲਤ ਵਿੱਚ ਸਿੱਖਾਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ।

IX. **ਅਫ਼ਗਾਨਿਸਤਾਨ ਵਿੱਚ ਵਿਦਰੋਹ:** ਅਫ਼ਗਾਨਿਸਤਾਨ ਵਿੱਚ ਵਾਰ ਵਾਰ ਹੋਣ ਵਾਲੇ ਵਿਦਰੋਹਾਂ ਕਾਰਨ ਅਬਦਾਲੀ ਪੰਜਾਬ ਵੱਲ ਪੂਰਾ ਧਿਆਨ ਨਾ ਦੇ ਸਕਿਆ।


Download Free Study Material From SIKHYA APP

**6) ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪੰਜਾਬ ਤੇ ਕੀ ਪ੍ਰਭਾਵ ਪਏ ?**

ਉੱਤਰ: ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੇ ਪ੍ਰਭਾਵ:

**I. ਰਾਜਨੀਤਕ ਪ੍ਰਭਾਵ:**

1. ਪੰਜਾਬ ਨੂੰ ਅਫ਼ਗਾਨਿਸਤਾਨ ਦੇ ਅਧੀਨ ਕਰ ਲਿਆ ਗਿਆ।
2. ਪੰਜਾਬ ਵਿੱਚੋਂ ਮੁਗ਼ਲ ਸ਼ਾਸਨ ਖਤਮ ਹੋ ਗਿਆ।
3. ਪੰਜਾਬ ਵਿੱਚੋਂ ਮਰਾਠਿਆਂ ਸ਼ਕਤੀ ਦਾ ਖਾਤਮਾ ਹੋ ਗਿਆ।
4. ਪੰਜਾਬ ਵਿੱਚ ਅਰਾਜਕਤਾ ਫੈਲ ਗਈ।
5. ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲਿਆ।

**II. ਸਮਾਜਿਕ ਪ੍ਰਭਾਵ :**

1. ਪੰਜਾਬੀਆਂ ਦਾ ਸੁਭਾਅ ਖਰਚੀਲਾ ਬਣ ਗਿਆ।
2. ਪੰਜਾਬ ਵਿੱਚ ਅਨੇਕਾਂ ਬੁਰਾਈਆਂ ਨੂੰ ਉਤਸ਼ਾਹ ਮਿਲਿਆ।
3. ਵਾਰ ਵਾਰ ਹਮਲਿਆਂ ਕਾਰਨ ਪੰਜਾਬ ਦੇ ਲੋਕ ਬਹਾਦਰ ਅਤੇ ਨਿਡਰ ਬਣੇ।
4. ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਦੁਸ਼ਮਣੀ ਵਧ ਗਈ।

**III. ਆਰਥਿਕ ਪ੍ਰਭਾਵ:**

1. ਅਬਦਾਲੀ ਪੰਜਾਬ ਵਿੱਚੋਂ ਬਹੁਤ ਸਾਰੀ ਧਨ-ਦੌਲਤ ਲੁੱਟ ਕੇ ਲੈ ਗਿਆ।
2. ਅਫ਼ਗਾਨ ਸੈਨਾਵਾਂ ਦੀ ਆਵਾਜਾਈ ਕਾਰਨ ਖੇਤੀਬਾੜੀ ਦਾ ਬਹੁਤ ਨੁਕਸਾਨ ਹੋਇਆ।
3. ਅਬਦਾਲੀ ਦੇ ਨਿਯੁਕਤ ਕੀਤੇ ਭ੍ਰਿਸ਼ਟ ਕਰਮਚਾਰੀਆਂ ਨੇ ਲੋਕਾਂ ਦਾ ਆਰਥਿਕ ਸ਼ੋਸ਼ਣ ਕੀਤਾ।
4. ਪੰਜਾਬ ਦੇ ਵਪਾਰ ਨੂੰ ਭਾਰੀ ਧੱਕਾ ਲੱਗਿਆ।
5. ਅਨੇਕਾਂ ਸਾਹਿਤਕ ਲਿਖਤਾਂ ਅਤੇ ਇਤਿਹਾਸਕ ਇਮਾਰਤਾਂ ਤਬਾਹ ਹੋ ਗਈਆਂ।



Download Free Study Material From SIKHYA APP

## ਪਾਠ 15

# ਸਿੱਖ ਮਿਸਲਾਂ ਦੀ ਉਤਪੱਤੀ ਤੇ ਵਿਕਾਸ ਅਤੇ ਉਹਨਾਂ ਦੇ ਸੰਗਠਨ ਦਾ ਸਰੂਪ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਮਿਸਲ ਸ਼ਬਦ ਤੋਂ ਕੀ ਭਾਵ ਹੈ ? | ਬਰਾਬਰ ਜਾਂ ਫਾਈਲ |
| 2) ਮਿਸਲਾਂ ਦੀ ਕੁੱਲ ਗਿਣਤੀ ਕਿੰਨੀ ਸੀ ? | 12 |
| 3) ਫ਼ੈਜ਼ਲਪੁਰੀਆ ਮਿਸਲ ਦਾ ਸੰਸਥਾਪਕ ਕੌਣ ਸੀ ? | ਨਵਾਬ ਕਪੂਰ ਸਿੰਘ |
| 4) ਫੈਜ਼ਲਪੁਰੀਆ ਮਿਸਲ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? | ਸਿੰਘਪੁਰੀਆ ਮਿਸਲ |
| 5) ਨਵਾਬ ਕਪੂਰ ਸਿੰਘ ਨੂੰ ਨਵਾਬੀ ਕਿਸ ਕੋਲੋਂ ਮਿਲੀ ਸੀ ? | ਜ਼ਕਰੀਆ ਖਾਂ ਕੋਲੋਂ |
| 6) ਆਹਲੂਵਾਲੀਆ ਮਿਸਲ ਦਾ ਮੋਢੀ ਕੌਣ ਸੀ ? | ਜੱਸਾ ਸਿੰਘ ਆਹਲੂਵਾਲੀਆ |
| 7) ਦਲ ਖ਼ਾਲਸਾ ਵਿੱਚ ਜੱਸਾ ਸਿੰਘ ਆਹਲੂਵਾਲੀਆ ਦਾ ਕੀ ਅਹੁਦਾ ਸੀ ? | ਪ੍ਰਧਾਨ ਸੈਨਾਪਤੀ |
| 8) ਜੱਸਾ ਸਿੰਘ ਨੇ ਕਿਸ ਸ਼ਹਿਰ ਨੂੰ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਬਣਾਇਆ ? | ਕਪੂਰਥਲਾ |
| 9) ਰਾਮਗੜ੍ਹੀਆ ਮਿਸਲ ਦੀ ਸਥਾਪਨਾ ਕਿਸਨੇ ਕੀਤੀ ? | ਖੁਸ਼ਹਾਲ ਸਿੰਘ ਨੇ |
| 10) ਖੁਸ਼ਹਾਲ ਸਿੰਘ ਨੇ ਕਿਸਤੋਂ ਅੰਮ੍ਰਿਤ ਛਕਿਆ ਸੀ ? | ਬੰਦਾ ਸਿੰਘ ਬਹਾਦਰ ਤੋਂ |
| 11) ਰਾਮਗੜ੍ਹੀਆ ਮਿਸਲ ਦਾ ਸਭ ਤੋਂ ਪ੍ਰਸਿੱਧ ਨੇਤਾ ਕੌਣ ਸੀ ? | ਜੱਸਾ ਸਿੰਘ ਰਾਮਗੜ੍ਹੀਆ |
| 12) ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹੜੇ ਕਿਲ੍ਹੇ ਵਿੱਚੋਂ ਸਿੱਖਾਂ ਨੂੰ ਬਚਾਇਆ ? | ਰਾਮਰੌਣੀ ਦੇ ਕਿਲ੍ਹੇ ਵਿੱਚੋਂ |
| 13) ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਰੌਣੀ ਦੇ ਕਿਲ੍ਹੇ ਦਾ ਕੀ ਨਾਂ ਰੱਖਿਆ ? | ਰਾਮਗੜ੍ਹ |
| 14) ਜੱਸਾ ਸਿੰਘ ਰਾਮਗੜ੍ਹੀਆ ਨੇ ਕਿਸ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾਇਆ ? | ਸ਼੍ਰੀ ਹਰਗੋਬਿੰਦਪੁਰ ਨੂੰ |
| 15) ਭੰਗੀ ਮਿਸਲ ਦੀ ਸਥਾਪਨਾ ਕਿਸਨੇ ਕੀਤੀ ? | ਛੱਜਾ ਸਿੰਘ ਨੇ |



Download Free Study Material From SIKHYA APP

| | |
|---|---|
| 16) ਝੰਡਾ ਸਿੰਘ ਭੰਗੀ ਨੇ ਜ਼ਮਜਮਾ ਤੋਪ ਕਿੱਥੋਂ ਦੇ ਸ਼ਾਸਕ ਕੋਲੋਂ ਪ੍ਰਾਪਤ ਕੀਤੀ ਸੀ ? | ਰਾਮਨਗਰ ਦੇ |
| 17) ਸ਼ੁਕਰਚੱਕੀਆ ਮਿਸਲ ਦਾ ਮੋਢੀ ਕੌਣ ਸੀ ? | ਚੜ੍ਹਤ ਸਿੰਘ ਸ਼ੁੱਕਰਚੱਕੀਆ |
| 18) ਸ਼ੁਕਰਚੱਕੀਆ ਮਿਸਲ ਦੀ ਰਾਜਧਾਨੀ ਕਿਹੜਾ ਸ਼ਹਿਰ ਸੀ ? | ਗੁਜ਼ਰਾਂਵਾਲਾ |
| 19) ਰਣਜੀਤ ਸਿੰਘ ਦੇ ਪਿਤਾ ਦਾ ਨਾਂ ਕੀ ਸੀ ? | ਮਹਾਂ ਸਿੰਘ |
| 20) ਚੜ੍ਹਤ ਸਿੰਘ ਸ਼ੁੱਕਰਚੱਕੀਆ ਰਣਜੀਤ ਸਿੰਘ ਦਾ ਕੀ ਲੱਗਦਾ ਸੀ ? | ਦਾਦਾ |
| 21) ਗੱਦੀ ਤੇ ਬੈਠਣ ਸਮੇਂ ਰਣਜੀਤ ਸਿੰਘ ਦੀ ਉਮਰ ਕਿੰਨੀ ਸੀ ? | 12 ਸਾਲ |
| 22) ਕਨੱਈਆ ਮਿਸਲ ਦਾ ਸੰਸਥਾਪਕ ਕੌਣ ਸੀ ? | ਜੈ ਸਿੰਘ |
| 23) ਜੈ ਸਿੰਘ ਨੇ ਆਪਣੀ ਪੋਤਰੀ ਮਹਿਤਾਬ ਕੌਰ ਦਾ ਰਿਸ਼ਤਾ ਕਿਸ ਨਾਲ ਕੀਤਾ ? | ਰਣਜੀਤ ਸਿੰਘ ਨਾਲ |
| 24) ਫੂਲਕੀਆ ਮਿਸਲ ਦਾ ਮੋਢੀ ਕੌਣ ਸੀ ? | ਚੌਧਰੀ ਫੂਲ |
| 25) ਚੌਧਰੀ ਫੂਲ ਨੂੰ ਰਾਜ ਕਰਨ ਦਾ ਆਸ਼ੀਰਵਾਦ ਕਿਹੜੇ ਗੁਰੂ ਸਾਹਿਬ ਨੇ ਦਿੱਤਾ ਸੀ ? | ਗੁਰੂ ਹਰਿ ਰਾਏ ਜੀ ਨੇ |
| 26) ਪਟਿਆਲਾ ਵਿਖੇ ਫੂਲਕੀਆ ਮਿਸਲ ਦਾ ਸੰਸਥਾਪਕ ਕੌਣ ਸੀ ? | ਆਲਾ ਸਿੰਘ |
| 27) ਆਲਾ ਸਿੰਘ ਨੂੰ ਰਾਜਾ ਦੀ ਉਪਾਧੀ ਕਿਸਨੇ ਦਿੱਤੀ ? | ਅਹਿਮਦ ਸ਼ਾਹ ਅਬਦਾਲੀ ਨੇ |
| 28) ਨਿਸ਼ਾਨਵਾਲੀਆ ਮਿਸਲ ਦਾ ਮੋਢੀ ਕੌਣ ਸੀ ? | ਸਰਦਾਰ ਸੰਗਤ ਸਿੰਘ |
| 29) ਡੱਲ੍ਹੇਵਾਲੀਆ ਮਿਸਲ ਦਾ ਮੋਢੀ ਕੌਣ ਸੀ ? | ਗੁਲਾਬ ਸਿੰਘ |
| 30) ਡੱਲ੍ਹੇਵਾਲੀਆ ਮਿਸਲ ਦਾ ਸਭ ਤੋਂ ਪ੍ਰਸਿੱਧ ਸਰਦਾਰ ਕਿਹੜਾ ਸੀ ? | ਤਾਰਾ ਸਿੰਘ ਘੇਬਾ |
| 31) ਸ਼ਹੀਦ ਮਿਸਲ ਦਾ ਸਭ ਤੋਂ ਪ੍ਰਸਿੱਧ ਨੇਤਾ ਕੌਣ ਸੀ ? | ਬਾਬਾ ਦੀਪ ਸਿੰਘ ਜੀ |
| 32) ਸਿੱਖ ਮਿਸਲਾਂ ਦੀ ਕੇਂਦਰੀ ਸੰਸਥਾ ਦਾ ਨਾਂ ਕੀ ਸੀ ? | ਗੁਰਮਤਾ |
| 33) ਗੁਰਮਤਾ ਤੋਂ ਕੀ ਭਾਵ ਹੈ ? | ਗੁਰੂ ਦਾ ਮਤ ਜਾਂ ਫੈਸਲਾ |


Download Free Study Material From SIKHYA APP

| | |
|---|---|
| 34) ਗੁਰਮਤਾ ਕਿੱਥੇ ਬੁਲਾਇਆ ਜਾਂਦਾ ਸੀ ? | ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ |
| 35) ਗੁਰਮਤਾ ਸਾਲ ਵਿੱਚ ਕਿੰਨੀ ਵਾਰ ਬੁਲਾਇਆ ਜਾਂਦਾ ਸੀ ? | ਦੋ ਵਾਰ |
| 36) ਗੁਰਮਤਾ ਕਿਹੜੇ ਮੌਕਿਆਂ ਤੇ ਬੁਲਾਇਆ ਜਾਂਦਾ ਸੀ ? | ਦੀਵਾਲੀ ਅਤੇ ਵਿਸਾਖੀ ਦੇ ਮੌਕੇ |
| 37) ਮਿਸਲ ਦੇ ਮੁਖੀ ਨੂੰ ਕੀ ਕਿਹਾ ਜਾਂਦਾ ਸੀ ? | ਸਰਦਾਰ |
| 38) ਸਰਦਾਰ ਤੋਂ ਬਾਅਦ ਕਿਸਦਾ ਅਹੁਦਾ ਆਉਂਦਾ ਸੀ ? | ਮਿਸਲਦਾਰ ਦਾ |
| 39) ਮਿਸਲਾਂ ਦੇ ਸਮੇਂ ਜਿਲ੍ਹੇ ਦੇ ਮੁੱਖੀ ਨੂੰ ਕੀ ਕਿਹਾ ਜਾਂਦਾ ਸੀ ? | ਕਾਰਦਾਰ |
| 40) ਮਿਸਲ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਸੀ ? | ਪਿੰਡ |
| 41) ਪਿੰਡ ਦਾ ਪ੍ਰਬੰਧ ਕੌਣ ਚਲਾਉਂਦਾ ਸੀ ? | ਪੰਚਾਇਤ |
| 42) ਮਿਸਲਾਂ ਦੇ ਸਮੇਂ ਆਮਦਨ ਦਾ ਮੁੱਖ ਸੋਮਾ ਕੀ ਸੀ ? | ਲਗਾਨ |
| 43) ਭੂਮੀ ਲਗਾਨ ਕਿਸ ਅਧਾਰ ਤੇ ਨਿਸਚਿਤ ਕੀਤਾ ਜਾਂਦਾ ਸੀ ? | ਉਪਜਾਊ ਸ਼ਕਤੀ ਦੇ ਅਧਾਰ ਤੇ |
| 44) ਲਗਾਨ ਸਾਲ ਵਿੱਚ ਕਿੰਨੀ ਵਾਰ ਇਕੱਠਾ ਕੀਤਾ ਜਾਂਦਾ ਸੀ ? | ਦੋ ਵਾਰ |
| 45) ਰਾਖੀ ਪ੍ਰਥਾ ਅਧੀਨ ਉਪਜ ਦਾ ਕਿੰਨਾ ਭਾਗ ਮਿਸਲਾਂ ਨੂੰ ਦਿੱਤਾ ਜਾਂਦਾ ਸੀ ? | ਪੰਜਵਾਂ ਭਾਗ |
| 46) ਮਿਸਲ ਪ੍ਰਸ਼ਾਸਨ ਵਿੱਚ ਸਭ ਤੋਂ ਉੱਚੀ ਅਦਾਲਤ ਕਿਹੜੀ ਹੁੰਦੀ ਸੀ ? | ਸਰਬੱਤ ਖ਼ਾਲਸਾ |
| 47) 1800 ਈ: ਵਿੱਚ ਸਿੱਖਾਂ ਕੋਲ ਕਿੰਨੀਆਂ ਤੋਪਾਂ ਸਨ ? | 40 |
| 48) ਕਿਹੜੀ ਸੈਨਾ ਨੂੰ ਸਿੱਖ ਫੌਜ਼ ਵਿੱਚ ਸਭ ਤੋਂ ਘੱਟ ਮਹੱਤਵਪੂਰਨ ਮੰਨਿਆ ਜਾਂਦਾ ਸੀ ? | ਪੈਦਲ ਸੈਨਾ ਨੂੰ |


Download Free Study Material From SIKHYA APP

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਮਿਸਲ ਸ਼ਬਦ ਤੋਂ ਕੀ ਭਾਵ ਹੈ ? ਮਿਸਲਾਂ ਦੀ ਉਤਪਤੀ ਕਿਵੇਂ ਹੋਈ ?**

ਉੱਤਰ: ਮਿਸਲ ਸ਼ਬਦ ਤੋਂ ਭਾਵ ਹੈ ਫਾਇਲ ਜਿਸ ਵਿੱਚ ਮਿਸਲਾਂ ਦੇ ਵੇਰਵੇ ਦਰਜ ਕੀਤੇ ਜਾਂਦੇ ਸਨ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਤੇ ਮੁਗਲਾਂ ਦੇ ਜੁਲਮ ਬਹੁਤ ਵਧ ਗਏ। ਮੁਗਲਾਂ ਤੋਂ ਬਚਣ ਲਈ ਸਿੱਖਾਂ ਨੇ ਜੰਗਲਾਂ ਅਤੇ ਪਹਾੜਾਂ ਵਿੱਚ ਸ਼ਰਨ ਲੈ ਲਈ ਅਤੇ ਛੋਟੇ-ਛੋਟੇ ਜੱਥੇ ਬਣਾ ਲਏ। 29 ਮਾਰਚ 1748 ਈ: ਨੂੰ ਨਵਾਬ ਕਪੂਰ ਸਿੰਘ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਲ ਖਾਲਸਾ ਦੀ ਸਥਾਪਨਾ ਕੀਤੀ। ਦਲ ਖਾਲਸਾ ਅਧੀਨ 12 ਜੱਥੇ ਬਣਾਏ ਗਏ। ਇਹ ਜੱਥੇ ਬਾਅਦ ਵਿੱਚ ਮਿਸਲਾਂ ਦੇ ਰੂਪ ਵਿੱਚ ਪ੍ਰਸਿੱਧ ਹੋਏ।

**2) ਮਿਸਲਾਂ ਦੇ ਸੰਗਠਨ ਅਤੇ ਸਰੂਪ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸਿੱਖ ਮਿਸਲਾਂ ਦਾ ਸੰਗਠਨ ਅਤੇ ਸਰੂਪ ਕਿਸੇ ਨਿਸਚਿਤ ਨਿਯਮ ਅਧੀਨ ਨਹੀਂ ਚਲਾਇਆ ਜਾਂਦਾ ਸੀ। ਹਰ ਮਿਸਲ ਦਾ ਆਪਣਾ ਸਰੂਪ ਅਤੇ ਸੰਗਠਨ ਹੁੰਦਾ ਸੀ। ਕੁਝ ਮਿਸਲਾਂ ਧਰਮ ਤੇ ਅਧਾਰਿਤ ਸਨ, ਕੁਝ ਸਾਮੰਤਵਾਦ ਤੇ। ਕੁਝ ਵਿਦਵਾਨਾਂ ਅਨੁਸਾਰ ਮਿਸਲਾਂ ਦਾ ਸੰਗਠਨ ਧਰਮਤੰਤਰ, ਪਰਜਾਤੰਤਰ ਅਤੇ ਇਕਤੰਤਰ ਦਾ ਸੁਮੇਲ ਸੀ।

**3) ਨਵਾਬ ਕਪੂਰ ਸਿੰਘ ਦੇ ਜੀਵਨ ਸਬੰਧੀ ਜਾਣਕਾਰੀ ਦਿਓ।**

ਉੱਤਰ: ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਮਿਸਲ ਦੇ ਸੰਸਥਾਪਕ ਸਨ। ਉਹ ਬਹੁਤ ਨਿਡਰ ਅਤੇ ਬਹਾਦਰ ਸਨ। ਉਹਨਾਂ ਦਾ ਸਬੰਧ ਜੱਟ ਪਰਿਵਾਰ ਨਾਲ ਸੀ। ਉਹਨਾਂ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਉਹ ਗੁਰੂ ਘਰ ਵਿੱਚ ਸੇਵਾ ਕਰਦੇ ਸਨ। ਜਦੋਂ ਜ਼ਕਰੀਆ ਖਾਂ ਨੂੰ ਮਹਿਸੂਸ ਹੋਇਆ ਕਿ ਸਿੱਖਾਂ ਨੂੰ ਖਤਮ ਕਰਨਾ ਸੰਭਵ ਨਹੀਂ ਹੈ ਤਾਂ ਉਸਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਸਿੱਖਾਂ ਨੂੰ ਇੱਕ ਜ਼ਾਗੀਰ ਅਤੇ ਨਵਾਬੀ ਦੇਣ ਦੀ ਪੇਸ਼ਕਸ਼ ਕੀਤੀ। ਸਿੱਖ ਜ਼ਾਗੀਰ ਅਤੇ ਨਵਾਬੀ ਨਹੀਂ ਲੈਣਾ ਚਾਹੁੰਦੇ ਸਨ ਪਰ ਸਮੇਂ ਦੀ ਮੰਗ ਅਨੁਸਾਰ ਉਹਨਾਂ ਨੂੰ ਜ਼ਾਗੀਰ ਅਤੇ ਨਵਾਬੀ ਸਵੀਕਾਰ ਕਰਨੀ ਪਈ। ਸਿੱਖਾਂ ਨੇ ਬਹੁਮਤ ਨਾਲ ਫੈਸਲਾ ਕਰਕੇ ਨਵਾਬੀ ਕਪੂਰ ਸਿੰਘ ਨੂੰ ਦੇ ਦਿੱਤੀ। 1734 ਈ: ਨਵਾਬ ਕਪੂਰ ਸਿੰਘ ਨੇ


Download Free Study Material From SIKHYA APP

ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ ਕੀਤੀ। 29 ਮਾਰਚ 1748 ਈ: ਨੂੰ ਨਵਾਬ ਕਪੂਰ ਸਿੰਘ ਨੇ ਦਲ ਖਾਲਸਾ ਦੀ ਸਥਾਪਨਾ ਕੀਤੀ।

**4) ਜੱਸਾ ਸਿੰਘ ਆਹਲੂਵਾਲੀਆ ਤੇ ਇੱਕ ਨੋਟ ਲਿਖੋ।**

ਉੱਤਰ: ਜੱਸਾ ਸਿੰਘ ਆਹਲੂਵਾਲੀਆ, ਆਹਲੂਵਾਲੀਆ ਮਿਸਲ ਦੇ ਸੰਸਥਾਪਕ ਸਨ। ਉਹ ਬਹੁਤ ਨਿਡਰ ਅਤੇ ਬਹਾਦਰ ਸਨ। 1739 ਈ: ਵਿੱਚ ਜੱਸਾ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਨਾਦਰਸ਼ਾਹ ਦੀ ਫੌਜ਼ ਤੇ ਹਮਲਾ ਕਰਕੇ ਬਹੁਤ ਸਾਰਾ ਧੰਨ ਲੁੱਟ ਲਿਆ। 1746 ਈ: ਵਿੱਚ ਛੋਟੇ ਘੱਲੂਘਾਰੇ ਸਮੇਂ ਜੱਸਾ ਸਿੰਘ ਨੇ ਬਹਾਦਰੀ ਦੇ ਜੌਹਰ ਵਿਖਾਏ। 1748 ਈ: ਵਿੱਚ ਦਲ ਖਾਲਸਾ ਦੀ ਸਥਾਪਨਾ ਸਮੇਂ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਬਣਾਇਆ ਗਿਆ। 1762 ਈ: ਵਿੱਚ ਵੱਡੇ ਘੱਲੂਘਾਰੇ ਸਮੇਂ ਵੀ ਜੱਸਾ ਸਿੰਘ ਆਹਲੂਵਾਲੀਆ ਨੇ ਬੜੀ ਬਹਾਦਰੀ ਨਾਲ ਅਹਿਮਦਸ਼ਾਹ ਅਬਦਾਲੀ ਦਾ ਮੁਕਾਬਲਾ ਕੀਤਾ। 1783 ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ।

**5) ਜੱਸਾ ਸਿੰਘ ਰਾਮਗੜ੍ਹੀਆ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਜੱਸਾ ਸਿੰਘ ਰਾਮਗੜ੍ਹੀਆ, ਰਾਮਗੜ੍ਹੀਆ ਮਿਸਲ ਦਾ ਸਭ ਤੋਂ ਪ੍ਰਸਿੱਧ ਨੇਤਾ ਸੀ। ਜੱਸਾ ਸਿੰਘ ਰਾਮਗੜ੍ਹੀਆ ਪਹਿਲਾਂ ਅਦੀਨਾ ਬੇਗ ਕੋਲ ਨੌਕਰੀ ਕਰਦਾ ਸੀ। 1748 ਈ: ਵਿੱਚ ਮੀਰ ਮਨੂੰ ਅਤੇ ਅਦੀਨਾ ਬੇਗ ਦੀ ਸਾਂਝੀ ਫੌਜ ਨੇ 500 ਦੇ ਕਰੀਬ ਸਿੱਖਾਂ ਨੂੰ ਰਾਮ ਰੌਣੀ ਦੇ ਕਿਲ੍ਹੇ ਵਿੱਚ ਘੇਰ ਲਿਆ। ਸਿੱਖਾਂ ਤੇ ਆਈ ਮੁਸੀਬਤ ਨੂੰ ਵੇਖ ਕੇ ਜੱਸਾ ਸਿੰਘ ਨੇ ਅਦੀਨਾ ਬੇਗ ਦੀ ਨੌਕਰੀ ਛੱਡ ਦਿੱਤੀ ਅਤੇ 300 ਸਿੱਖਾਂ ਨੂੰ ਕਿਲ੍ਹੇ ਵਿੱਚੋਂ ਬਚਾ ਲਿਆ। ਜੱਸਾ ਸਿੰਘ ਦੀ ਬਹਾਦਰੀ ਤੋਂ ਖੁਸ਼ ਹੋ ਕੇ ਸਿੱਖਾਂ ਨੇ ਰਾਮਰੌਣੀ ਦਾ ਕਿਲ੍ਹਾ ਜੱਸਾ ਸਿੰਘ ਨੂੰ ਦੇ ਦਿੱਤਾ। ਜੱਸਾ ਸਿੰਘ ਨੇ ਕਿਲ੍ਹੇ ਦਾ ਨਾਂ ਰਾਮਗੜ੍ਹ ਰੱਖ ਦਿੱਤਾ। ਇਸ ਤੋਂ ਹੀ ਜੱਸਾ ਸਿੰਘ ਦੀ ਮਿਸਲਦਾ ਨਾਂ ਰਾਮਗੜ੍ਹੀਆ ਮਿਸਲ ਪੈ ਗਿਆ। ਜੱਸਾ ਸਿੰਘ ਦੀ ਅਗਵਾਈ ਹੇਠ ਇਸ ਮਿਸਲਦਾ ਬਹੁਤ ਵਿਕਾਸ ਹੋਇਆ। 1803 ਈ: ਵਿੱਚ ਜੱਸਾ ਸਿੰਘ ਰਾਮਗੜ੍ਹੀਆ ਦੀ ਮੌਤ ਹੋ ਗਈ।


Download Free Study Material From SIKHYA APP

**6) ਮਹਾਂ ਸਿੰਘ ਤੇ ਇੱਕ ਨੋਟ ਲਿਖੋ।**

ਉੱਤਰ: ਮਹਾਂ ਸਿੰਘ ਸ਼ੁੱਕਰਚੱਕੀਆ ਮਿਸਲ ਦਾ ਆਗੂ ਸੀ। ਅਜੇ ਉਹ 10 ਸਾਲਦਾ ਹੀ ਸੀ ਕਿ ਉਸਦੇ ਪਿਤਾ ਚੜ੍ਹਤ ਸਿੰਘ ਦੀ ਮੌਤ ਹੋ ਗਈ ਅਤੇ ਉਸਨੂੰ ਮਿਸਲ ਦੀ ਅਗਵਾਈ ਕਰਨੀ ਪਈ। ਉਸਨੇ ਰੋਹਤਾਸ਼, ਰਸੂਲਨਗਰ ਅਤੇ ਅਲੀਪੁਰ ਤੇ ਕਬਜ਼ਾ ਕਰ ਲਿਆ। ਉਸਨੇ ਰਸੂਲ ਨਗਰ ਦਾ ਨਾਂ ਬਦਲ ਕੇ ਰਾਮਨਗਰ ਅਤੇ ਅਲੀਪੁਰ ਦਾ ਨਾਂ ਬਦਲ ਕੇ ਅਕਾਲਗੜ੍ਹ ਰੱਖ ਦਿੱਤਾ। ਫਿਰ ਉਸਨੇ ਮੁਲਤਾਨ, ਬਹਾਵਲਪੁਰ, ਸਾਹੀਵਾਲ ਆਦਿ ਪ੍ਰਦੇਸ਼ਾਂ ਤੇ ਕਬਜ਼ਾ ਕਰ ਲਿਆ। ਉਸਦੀ ਵਧਦੀ ਸ਼ਕਤੀ ਕਾਰਨ ਕਨ੍ਹਈਆ ਮਿਸਲ ਦਾ ਆਗੂ ਜੈ ਸਿੰਘ ਉਸ ਨਾਲ ਈਰਖਾ ਕਰਨ ਲੱਗ ਪਿਆ। ਉਹਨਾਂ ਦਾ ਆਪਸ ਵਿੱਚ ਯੁੱਧ ਵੀ ਹੋਇਆ। ਪਰ ਬਾਅਦ ਵਿੱਚ ਜੈ ਸਿੰਘ ਨੇ ਆਪਣੀ ਪੋਤਰੀ ਮਹਿਤਾਬ ਕੌਰ ਦਾ ਰਿਸ਼ਤਾ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤਾ। ਇਸ ਨਾਲ ਦੋਹਾਂ ਮਿਸਲਾਂ ਵਿੱਚ ਦੋਸਤੀ ਹੋ ਗਈ। 1792 ਈ: ਵਿੱਚ ਮਹਾਂ ਸਿੰਘ ਦੀ ਮੌਤ ਹੋ ਗਈ।

**7) ਫੂਲਕੀਆ ਮਿਸਲ ਸਬੰਧੀ ਤੁਸੀਂ ਕੀ ਜਾਣਦੇ ਹੋ ?**

ਉੱਤਰ: ਫੂਲਕੀਆ ਮਿਸਲ ਦਾ ਮੋਢੀ ਚੌਧਰੀ ਫੂਲ ਸੀ। ਇਸ ਮਿਸਲ ਨੇ ਨਾਭਾ, ਪਟਿਆਲਾ ਅਤੇ ਜੀਂਦ ਦੇ ਇਲਾਕਿਆਂ ਤੇ ਰਾਜ ਕੀਤਾ। ਪਟਿਆਲਾਵਿਖੇ ਫੂਲਕੀਆ ਮਿਸਲ ਦੀ ਸਥਾਪਨਾ ਆਲਾ ਸਿੰਘ ਦੁਆਰਾ ਕੀਤੀ ਗਈ। ਨਾਭਾ ਵਿਖੇ ਫੂਲਕੀਆ ਮਿਸਲ ਦੀ ਸਥਾਪਨਾ ਹਮੀਰ ਸਿੰਘ ਨੇ ਕੀਤੀ। ਜੀਂਦ ਵਿਖੇ ਫੂਲਕੀਆ ਮਿਸਲ ਦੀ ਸਥਾਪਨਾ ਗਜਪਤ ਸਿੰਘ ਨੇ ਕੀਤੀ। 1809 ਈ: ਵਿੱਚ ਇਹ ਮਿਸਲ ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਚਲੀ ਗਈ।

**8) ਆਲਾ ਸਿੰਘ ਤੇ ਇੱਕ ਨੋਟ ਲਿਖੋ।**

ਉੱਤਰ: ਪਟਿਆਲਾ ਵਿਖੇ ਫੂਲਕੀਆ ਮਿਸਲ ਦੀ ਸਥਾਪਨਾ ਆਲਾ ਸਿੰਘ ਦੁਆਰਾ ਕੀਤੀ ਗਈ। ਉਹ ਬਹੁਤ ਬਹਾਦਰ ਸੀ। ਉਸਨੇ ਬਰਨਾਲਾ ਨੂੰ ਆਪਣੀ ਰਾਜਧਾਨੀ ਬਣਾਇਆ। 1748 ਈ: ਵਿੱਚ ਅਹਿਮਦਸ਼ਾਹ ਅਬਦਾਲੀ ਦੇ ਪਹਿਲੇ ਹਮਲੇ ਸਮੇਂ ਉਸਨੇ ਮੁਗਲਾਂ ਦੀ ਸਹਾਇਤਾਕੀਤੀ। ਇਸ ਲਈ ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਨੇ ਉਸਨੂੰ ਇੱਕ ਖਿੱਲਤ ਭੇਟ


Download Free Study Material From SIKHYA APP

ਕੀਤੀ। 1764 ਈ: ਵਿੱਚ ਆਲਾ ਸਿੰਘ ਨੇ ਅਹਿਮਦਸ਼ਾਹ ਅਬਦਾਲੀਨਾਲ ਸਮਝੌਤਾ ਕੀਤਾ। ਆਲਾ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਕਰਕੇ ਦਲ ਖਾਲਸਾ ਦੇ ਮੈਂਬਰ ਆਲਾ ਸਿੰਘ ਨਾਲ ਨਰਾਜ਼ ਹੋ ਗਏ। ਉਹਨਾਂ ਨੇ ਆਲਾ ਸਿੰਘ ਨੂੰ ਅਬਦਾਲੀ ਨਾਲੋਂ ਸਬੰਧ ਤੋੜਣ ਲਈ ਕਿਹਾ ਪਰ ਛੇਤੀ ਹੀ ਆਲਾ ਸਿੰਘ ਦੀ ਮੌਤ ਹੋ ਗਈ।

**9) ਸਰਬੱਤ ਖਾਲਸਾ ਸਬੰਧੀ ਜਾਣਕਾਰੀ ਦਿਓ।**

ਉੱਤਰ: ਸਿੱਖ ਕੌਮ ਨਾਲ ਸਬੰਧਤ ਵਿਸ਼ਿਆਂ ਅਤੇ ਸਮੱਸਿਆਵਾਂ ਤੇ ਵਿਚਾਰ ਕਰਨ ਲਈ ਹਰ ਸਾਲ ਦੀਵਾਲੀ ਅਤੇ ਵਿਸਾਖੀ ਦੇ ਮੌਕੇ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਸਮਾਗਮ ਬੁਲਾਇਆ ਜਾਂਦਾ ਸੀ। ਇਸ ਸਮਾਗਮ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਸੀ। ਇਸ ਵਿੱਚ ਸਾਰੀਆਂ ਮਿਸਲਾਂ ਦੇ ਸਰਦਾਰ ਅਤੇ ਭਾਰੀ ਗਿਣਤੀ ਵਿੱਚ ਸਿੱਖ ਇਕੱਠੇ ਹੁੰਦੇ ਸਨ। ਸਾਰੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਬੈਠ ਜਾਂਦੇ ਸਨ। ਇਸਤੋਂ ਬਾਅਦ ਕੀਰਤਨ ਹੁੰਦਾ ਸੀ। ਇਸ ਤੋਂ ਬਾਅਦ ਇੱਕ ਸਿੱਖ ਖੜ੍ਹਾ ਹੋ ਕੇ ਸਬੰਧਤ ਸਮੱਸਿਆ ਬਾਰੇ ਗੱਲਬਾਤ ਸ਼ੁਰੂ ਕਰਦਾ ਸੀ। ਇਸਤੋਂ ਬਾਅਦ ਹਾਜ਼ਰ ਸੰਗਤ ਦੁਆਰਾ ਸਮੱਸਿਆ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਸੀ। ਇਸ ਤੋਂ ਬਾਅਦ ਸਮੱਸਿਆ ਹੱਲ ਕਰਨ ਲਈ ਸੁਝਾਅ ਦਿੱਤੇ ਜਾਂਦੇ ਸਨਅਤੇ ਫੈਸਲੇ ਲਏ ਜਾਂਦੇ ਸਨ। ਸਾਰੇ ਫੈਸਲੇ ਸਰਵਸੰਮਤੀ ਨਾਲ ਹੁੰਦੇ ਸਨ।

10) **ਗੁਰਮਤਾ ਕੀ ਸੀ ?**

ਉੱਤਰ: ਗੁਰਮਤਾ ਸਿੱਖ ਮਿਸਲਾਂ ਦੀ ਕੇਂਦਰੀ ਸੰਸਥਾ ਸੀ। ਗੁਰਮਤਾ ਪੰਜਾਬੀ ਦੇ ਦੋ ਸ਼ਬਦਾਂ ਗੁਰੂ ਅਤੇ ਮਤਾ ਤੋਂ ਬਣਿਆਹੈ। ਇਸਦਾ ਅਰਥ ਹੈ ਗੁਰੂ ਦਾ ਮਤ ਜਾਂ ਫੈਸਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸਰਬੱਤ ਖ਼ਾਲਸਾ ਦੁਆਰਾ ਲਏ ਗਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਸੀ। ਸਿੱਖ ਗੁਰਮਤਿਆਂ ਦਾ ਪਾਲਣ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਕਰਦੇ ਸਨ।

**11) ਗੁਰਮੱਤਾ ਦੇ ਕੋਈ ਤਿੰਨ ਵਿਸ਼ੇਸ਼ ਕਾਰਜ ਦੱਸੋ।**

ਉੱਤਰ: ਗੁਰਮੱਤਾ ਦੇ ਕਾਰਜ਼:

1. ਗੁਰਮਤਾ ਦੁਆਰਾ ਦਲ ਖਾਲਸਾ ਦੇ ਪ੍ਰਧਾਨ ਸੈਨਾਪਤੀ ਦੀ ਨਿਯੁਕਤੀ ਕੀਤੀ ਜਾਂਦੀ ਸੀ।


Download Free Study Material From SIKHYA APP

2. ਸਿੱਖਾਂ ਦੀ ਵਿਦੇਸ਼ ਨੀਤੀ ਤਿਆਰ ਕੀਤੀ ਜਾਂਦੀ ਸੀ।

3. ਮਿਸਲਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਸੀ।

4. ਸਿੱਖ ਧਰਮ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਕੱਢੇ ਜਾਂਦੇ ਸਨ।

5. ਮਿਸਲ ਸਰਦਾਰਾਂ ਜਾਂ ਸਿੱਖਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਸੀ।

**12) ਮਿਸਲਾਂ ਦੇ ਅੰਦਰੂਨੀ ਸੰਗਠਨ ਦੀਆਂ ਕੀ ਵਿਸ਼ੇਸ਼ਤਾਵਾਂ ਸਨ?**

ਉੱਤਰ: ਮਿਸਲਾਂ ਦੇ ਅੰਦਰੂਨੀ ਸੰਗਠਨ ਦੀਆਂ ਵਿਸ਼ੇਸ਼ਤਾਵਾਂ:

1. ਮਿਸਲ ਦੇ ਮੁੱਖੀ ਨੂੰ ਸਰਦਾਰ ਕਿਹਾ ਜਾਂਦਾ ਸੀ। ਸਰਦਾਰ ਦੇ ਅਧੀਨ ਮਿਸਲਦਾਰ ਹੁੰਦੇ ਸਨ।

2. ਮਿਸਲ ਪ੍ਰਸ਼ਾਸਨ ਦੀ ਮੁੱਢਲੀ ਇਕਾਈ ਪਿੰਡ ਸੀ। ਇਸਦਾ ਪ੍ਰਬੰਧ ਪੰਚਾਇਤ ਦੁਆਰਾ ਚਲਾਇਆ ਜਾਂਦਾ ਸੀ।

3. ਨਿਆਂ ਪ੍ਰਬੰਧ ਬਿਲਕੁਲ ਸਧਾਰਨ ਸੀ। ਕਾਨੂੰਨ ਲਿਖਤੀ ਨਹੀਂ ਸਨ।

4. ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆ ਸਨ।

5. ਆਮਦਨੀ ਦਾ ਮੁੱਖ ਸੋਮਾ ਭੂਮੀ ਲਗਾਨ ਸੀ।

**13) ਰਾਖੀ ਪ੍ਰਣਾਲੀ ਤੇ ਇੱਕ ਨੋਟ ਲਿਖੋ।**

ਉੱਤਰ: ਰਾਖੀ ਸ਼ਬਦ ਦਾ ਭਾਵ ਹੈ ਰੱਖਿਆ ਕਰਨਾ। ਇਹ ਪ੍ਰਣਾਲੀ ਦਲ ਖਾਲਸਾ ਦੁਆਰਾ ਸ਼ੁਰੂ ਕੀਤੀ ਗਈ। ਮੁਗ਼ਲਾਂ ਅਤੇ ਅਫ਼ਗਾਨਾਂ ਦੀ ਦਮਨਕਾਰੀ ਨੀਤੀ ਅਤੇ ਆਪਸੀ ਝਗੜਿਆਂ ਕਾਰਨ ਪੰਜਾਬ ਵਿੱਚ ਅਰਾਜਕਤਾ ਦਾ ਮਾਹੌਲ ਸੀ। ਸਰਕਾਰੀ ਕਰਮਚਾਰੀ, ਚੋਰ, ਡਾਕੂ, ਜ਼ਿੰਮੀਦਾਰ ਆਦਿ ਲੋਕਾਂ ਨੂੰ ਲੁੱਟਦੇ ਅਤੇ ਉਹਨਾਂ ਤੇ ਜੁਲਮ ਕਰਦੇ ਸਨ। ਇਸ ਲਈ ਲੋਕ ਦਲ ਖਾਲਸਾ ਦੀ ਸਰਪ੍ਰਸਤੀ ਹੇਠ ਆ ਜਾਂਦੇ ਸਨ। ਇਸ ਪ੍ਰਥਾ ਅਧੀਨ ਲੋਕ ਆਪਣੀ ਉਪਜ ਦਾ ਪੰਜਵਾਂ ਹਿੱਸਾ ਸਿੱਖਾਂ ਨੂੰ ਦਿੰਦੇ ਸਨ। ਬਦਲੇ ਵਿੱਚ ਸਿੱਖ ਉਹਨਾਂ ਦੀ ਰਾਖੀ ਕਰਦੇ ਸਨ।


Download Free Study Material From SIKHYA APP

ਇਸ ਪ੍ਰਥਾ ਕਾਰਨ ਪੰਜਾਬ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਸਿੱਖ ਇੱਕ ਰਾਜਨੀਤਕ ਸ਼ਕਤੀ ਦੇ ਤੌਰ ਤੇ ਸਥਾਪਿਤ ਹੋਏ। ਪੰਜਾਬ ਦੇ ਲੋਕਾਂ ਨੂੰ ਵਿਦੇਸ਼ੀ ਹਮਲਿਆਂ ਤੋਂ ਛੁਟਕਾਰਾ ਮਿਲਿਆ। ਇਸ ਨਾਲ ਵਪਾਰ ਅਤੇ ਖੇਤੀਬਾੜੀ ਦਾ ਵਿਕਾਸ ਹੋਇਆ।

**14) ਮਿਸਲ ਸ਼ਾਸਨ ਦੀ ਅਰਥ ਵਿਵਸਥਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਿਸਲਾਂ ਦੀ ਅਰਥ ਵਿਵਸਥਾ:

1. ਮਿਸਲਾਂ ਦੀ ਆਮਦਨ ਦਾ ਮੁੱਖ ਸੋਮਾ ਭੂਮੀ ਲਗਾਨ ਹੁੰਦਾ ਸੀ।
2. ਰਾਖੀ ਪ੍ਰਥਾ ਵੀ ਮਿਸਲਾਂ ਦੀ ਆਮਦਨ ਦਾ ਇੱਕ ਵੱਡਾ ਸੋਮਾ ਸੀ।
3. ਮਿਸਲਦਾਰਾਂ ਨੂੰ ਚੁੰਗੀ ਕਰ, ਨਜ਼ਰਾਨਿਆਂ ਅਤੇ ਲੁੱਟਮਾਰ ਆਦਿ ਤੋਂ ਵੀ ਆਮਦਨ ਹੁੰਦੀ ਸੀ।
4. ਮਿਸਲਦਾਰ ਆਪਣੀ ਆਮਦਨ ਦਾ ਵੱਡਾ ਹਿੱਸਾ ਸੈਨਾ, ਘੋੜਿਆਂ, ਹਥਿਆਰਾਂ, ਕਿਲ੍ਹਿਆਂ ਦੇ ਨਿਰਮਾਣ ਆਦਿ ਤੇ ਖਰਚ ਕਰਦੇ ਸਨ।
5. ਆਮਦਨ ਦਾ ਇੱਕ ਹਿੱਸਾ ਧਾਰਮਿਕ ਅਤੇ ਸਮਾਜਿਕ ਕੰਮਾਂ ਤੇ ਵੀ ਖਰਚ ਕੀਤਾ ਜਾਂਦਾ ਸੀ।

**15) ਮਿਸਲਾਂ ਦੀ ਨਿਆਂ ਵਿਵਸਥਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਿਸਲਾਂ ਦੀ ਨਿਆਂ ਵਿਵਸਥਾ:

1. ਨਿਆਂ ਪ੍ਰਬੰਧ ਬਿਲਕੁਲ ਸਧਾਰਨ ਸੀ। ਕਾਨੂੰਨ ਲਿਖਤੀ ਨਹੀਂ ਸਨ।
2. ਮੁਕੱਦਮਿਆਂ ਦੇ ਫੈਸਲੇ ਪ੍ਰਚਲਿਤ ਰੀਤੀ-ਰਿਵਾਜਾਂ ਅਨੁਸਾਰ ਕੀਤੇ ਜਾਂਦੇ ਸਨ।
3. ਸਜ਼ਾਵਾਂ ਸਖ਼ਤ ਨਹੀਂ ਸਨ। ਆਮ ਤੌਰ ਤੇ ਜੁਰਮਾਨੇ ਹੀ ਲਗਾਏ ਜਾਂਦੇ ਸਨ।
4. ਸਭ ਤੋਂ ਛੋਟੀ ਅਦਾਲਤ ਪੰਚਾਇਤ ਦੀ ਹੁੰਦੀ ਸੀ। ਲੋਕ ਪੰਚਾਇਤ ਨੂੰ ਰੱਬ ਦਾ ਰੂਪ ਸਮਝਦੇ ਸਨ।
5. ਹਰੇਕ ਮਿਸਲ ਦੇ ਸਰਦਾਰ ਦੀ ਆਪਣੀ ਅਦਾਲਤ ਹੁੰਦੀ ਸੀ।


Download Free Study Material From SIKHYA APP

6. ਸਿੱਖਾਂ ਦੀ ਸਭ ਤੋਂ ਵੱਡੀ ਅਦਾਲਤ ਸਰਬੱਤ ਖਾਲਸਾ ਹੁੰਦੀ ਸੀ।

**16) ਮਿਸਲਾਂ ਦੇ ਸੈਨਿਕ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਦੱਸੋ।**

ਉੱਤਰ: ਮਿਸਲਾਂ ਦੇ ਸੈਨਿਕ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ:

1. ਮਿਸਲ ਸੈਨਾ ਦਾ ਮੁੱਖ ਅੰਗ ਘੋੜਸਵਾਰ ਸੈਨਾ ਸੀ। ਸਿੱਖ ਨਿਪੁੰਨ ਘੋੜਸਵਾਰ ਸਨ।
2. ਪੈਦਲ ਸੈਨਾ ਨੂੰ ਜਿਆਦਾ ਮਹੱਤਵ ਨਹੀਂ ਦਿੱਤਾ ਜਾਂਦਾ ਸੀ।
3. ਸਿੱਖ ਆਪਣੀ ਮਰਜੀ ਨਾਲ ਸੈਨਾ ਵਿੱਚ ਸ਼ਾਮਿਲ ਹੁੰਦੇ ਸਨ।
4. ਸਿਖਲਾਈ ਦਾ ਕੋਈ ਬਕਾਇਦਾ ਪ੍ਰਬੰਧ ਨਹੀਂ ਸੀ।
5. ਸੈਨਿਕਾਂ ਨੂੰ ਕੋਈ ਨਿਸਚਿਤ ਤਨਖਾਹ ਵੀ ਨਹੀਂ ਦਿੱਤੀ ਜਾਂਦੀ ਸੀ।
6. ਸਿੱਖ ਲੜਾਈ ਵਿੱਚ ਤੀਰਾਂ, ਤਲਵਾਰਾਂ, ਖੰਜਰਾਂ, ਢਾਲਾਂ, ਬਰਛਿਆਂ ਅਤੇ ਛੋਟੀਆਂ ਬੰਦੂਕਾਂ ਦੀ ਵਰਤੋਂ ਕਰਦੇ ਸਨ।
7. ਸਿੱਖ ਗੁੁਰੀਲਾ ਯੁੱਧ ਪ੍ਰਣਾਲੀ ਦੀ ਵਰਤੋਂ ਕਰਦੇ ਸਨ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਮਿਸਲ ਸ਼ਬਦ ਤੋਂ ਕੀ ਭਾਵ ਹੈ ? ਮਿਸਲਾਂ ਦੀ ਉਤਪਤੀ ਬਾਰੇ ਜਾਣਕਾਰੀ ਦਿਓ।**

ਉੱਤਰ: **ਮਿਸਲ ਤੋਂ ਭਾਵ:** ਮਿਸਲ ਸ਼ਬਦ ਤੋਂ ਭਾਵ ਹੈ ਫਾਇਲ ਜਿਸ ਵਿੱਚ ਮਿਸਲਾਂ ਦੇ ਵੇਰਵੇ ਦਰਜ ਕੀਤੇ ਜਾਂਦੇ ਸਨ। ਕੁਝ ਇਤਿਹਾਸਕਾਰ ਮੰਨਦੇ ਹਨ ਕਿ ਮਿਸਲ ਅਰਬੀ ਭਾਸ਼ਾ ਦਾ ਅਰਥ ਹੈ ਜਿਸਦਾ ਅਰਥ ਹੁੰਦਾ ਹੈ ਬਰਾਬਰ। ਡੇਵਿਡ ਆਕਟਰਲੋਨੀ ਅਨੁਸਾਰ ਮਿਸਲ ਤੋਂ ਭਾਵ ਕੋਈ ਅਜਿਹਾ ਕਬੀਲਾ ਜਿਸਨੇ ਕਿਸੇ ਖੇਤਰ ਤੇ ਸੁਤੰਤਰ ਸ਼ਾਸਨ ਸਥਾਪਿਤ ਕਰ ਲਿਆ ਹੋਵੇ, ਮਿਸਲ ਅਖਵਾਉਂਦਾ ਹੈ।

**ਮਿਸਲਾਂ ਦੀ ਉਤਪੱਤੀ:** ਮਿਸਲਾਂ ਦੀ ਉਤਪੱਤੀ ਹੇਠ ਲਿਖੇ ਅਨੁਸਾਰ ਹੋਈ:


Download Free Study Material From SIKHYA APP

VI. **ਸਿੱਖਾਂ ਲਈ ਅਗਵਾਈ ਦੀ ਘਾਟ:** ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਯੋਗ ਅਗਵਾਈ ਮਿਲਣੀ ਬੰਦ ਹੋ ਗਈ। ਸਿੱਖਾਂ ਨੂੰ ਅਜਿਹਾ ਕੋਈ ਯੋਗ ਨੇਤਾ ਨਾ ਲੱਭਿਆ ਜਿਹੜਾ ਉਹਨਾਂ ਨੂੰ ਰਸਤਾ ਵਿਖਾ ਸਕੇ।

VII. **ਸਿੱਖਾਂ ਵਿੱਚ ਫੁੱਟ:** ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਸਥਾਪਨਾ ਕਰਕੇ ਸਾਰੇ ਸਿੱਖਾਂ ਨੂੰ ਇੱਕ ਕਰ ਦਿੱਤਾ ਸੀ। ਇਸੇ ਪ੍ਰਕਾਰ ਬੰਦਾ ਸਿੰਘ ਬਹਾਦਰ ਨੇ ਵੀ ਫੌਜ ਦੀ ਸਥਾਪਨਾ ਕਰਕੇ ਸਾਰੇ ਸਿੱਖਾਂ ਨੂੰ ਇਕੱਠਿਆਂ ਕਰੀ ਰੱਖਿਆ। ਬੰਦਾ ਸਿੰਘ ਬਹਾਦਰ ਤੋਂ ਬਾਅਦ ਕੋਈ ਸਿੱਖ ਨੇਤਾ ਸਿੱਖਾਂ ਨੂੰ ਇਕੱਠੇ ਕਰਕੇ ਨਾ ਰੱਖ ਸਕਿਆ।

VIII. **ਮੁਗ਼ਲਾਂ ਦੇ ਅੱਤਿਆਚਾਰ:** ਮੁਗ਼ਲਾਂ ਨੇ ਸਿੱਖਾਂ ਦੀ ਫੁੱਟ ਦਾ ਫਾਇਦਾ ਉਠਾ ਕੇ ਉਹਨਾਂ ਤੇ ਜੁਲਮਾਂ ਵਿੱਚ ਵਾਧਾ ਕਰ ਦਿੱਤਾ। ਅਬਦੁਸ ਸਮਦ ਖਾਂ ਅਤੇ ਜ਼ਕਰੀਆ ਖਾਂ ਨੇ ਸਿੱਖਾਂ ਤੇ ਭਾਰੀ ਜੁਲਮ ਕੀਤੇ। ਉਹਨਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦ ਕੀਤਾ ਜਾਣ ਲੱਗਿਆ। ਮਜ਼ਬੂਰ ਹੋ ਕੇ ਸਿੱਖਾਂ ਨੂੰ ਪਹਾੜਾਂ ਅਤੇ ਜੰਗਲਾਂ ਵਿੱਚ ਜਾ ਕੇ ਸ਼ਰਨ ਲੈਣੀ ਪਈ।

IX. **ਬੁੱਢਾ ਦਲ ਅਤੇ ਤਰੁਣਾ ਦਲ ਦੀ ਸਥਾਪਨਾ:** 1734 ਈ: ਵਿੱਚ ਨਵਾਬ ਕਪੂਰ ਸਿੰਘ ਨੇ ਸਿੱਖਾਂ ਦੇ ਛੋਟੇ ਛੋਟੇ ਜੱਥਿਆਂ ਨੂੰ ਇਕੱਠਾ ਕਰਕੇ ਦੋ ਵੱਡੇ ਜੱਥੇ ਬਣਾਏ ਜਿਹਨਾਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਦਾ ਨਾਂ ਦਿੱਤਾ ਗਿਆ। ਬੁੱਢਾ ਦਲ ਵਿੱਚ 40 ਸਾਲ ਤੋਂ ਵਧ ਉਮਰ ਦੇ ਅਤੇ ਤਰੁਣਾ ਦਲ ਵਿੱਚ 40 ਸਾਲ ਤੋਂ ਘੱਟ ਉਮਰ ਦੇ ਸਿੱਖ ਸਨ। ਉਹਨਾਂ ਵਿੱਚ ਕੰਮਾਂ ਦੀ ਵੰਡ ਕੀਤੀ ਗਈ। ਇਹਨਾਂ ਦਲਾਂ ਦੀ ਸਥਾਪਨਾ ਦਲ ਖ਼ਾਲਸਾ ਦੀ ਸਥਾਪਨਾ ਵੱਲ ਪਹਿਲਾ ਕਦਮ ਬਣੀ।

X. **ਦਲਾਂ ਦਾ ਪੁਨਰਗਠਨ:** 1745 ਈ: ਵਿੱਚ ਦੀਵਾਲੀ ਵਾਲੇ ਦਿਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿੱਚ ਇੱਕ ਗੁਰਮੱਤਾ ਪਾਸ ਕੀਤਾ ਗਿਆ। ਇਸ ਗੁਰਮੱਤੇ ਰਾਹੀਂ 100-100 ਸਿੱਖਾਂ ਦੇ 25 ਜੱਥੇ ਬਣਾਏ ਗਏ। ਹਰ ਜੱਥੇ ਦਾ ਆਪਣਾ ਵੱਖਰਾ ਝੰਡਾ ਅਤੇ ਨਿਸ਼ਾਨ ਹੁੰਦਾ ਸੀ। ਹੌਲੀ ਹੌਲੀ ਇਹਨਾਂ ਜੱਥਿਆਂ ਦੀ ਗਿਣਤੀ 65 ਹੋ ਗਈ। ਬਾਅਦ ਵਿੱਚ


Download Free Study Material From SIKHYA APP

ਇਹਨਾਂ 65 ਜਿਲ੍ਹਿਆਂ ਨੂੰ 12 ਜੱਥਿਆਂ ਵਿੱਚ ਸੰਗਠਤ ਕੀਤਾ ਗਿਆ। ਇਹ 12 ਜੱਥੇ ਬਾਅਦ ਵਿੱਚ 12 ਮਿਸਲਾਂ ਦਾ ਰੂਪ ਧਾਰਨ ਕਰ ਗਏ।

**2) ਮਿਸਲਾਂ ਦੇ ਅੰਦਰੂਨੀ ਸੰਗਠਨ ਬਾਰੇ ਜਾਣਕਾਰੀ ਦਿਓ।**

ਉੱਤਰ: ਮਿਸਲਾਂ ਦਾ ਅੰਦਰੂਨੀ ਸੰਗਠਨ:

I. **ਸਰਦਾਰ**: ਮਿਸਲ ਦੇ ਮੁੱਖੀ ਨੂੰ ਸਰਦਾਰ ਕਹਿੰਦੇ ਸਨ। ਸਰਦਾਰ ਪੂਰੀ ਮਿਸਲ ਸਰਦਾਰ ਦੇ ਅਧੀਨ ਹੁੰਦੀ ਸੀ। ਸਰਦਾਰ ਨੂੰ ਉਸਦਾ ਅਹੁਦਾ ਉਸਦੇ ਗੁਣਾਂ ਅਤੇ ਬਹਾਦਰੀ ਕਾਰਨ ਪ੍ਰਾਪਤ ਹੁੰਦਾ ਸੀ। ਹੌਲੀ-ਹੌਲੀ ਸਰਦਾਰ ਦਾ ਅਹੁਦਾ ਜੱਦੀ ਹੋ ਗਿਆ। ਭਾਵੇਂ ਸਰਦਾਰ ਨਿਰੰਕੁਸ਼ ਸਨ ਪਰ ਉਹ ਆਪਣੀਆਂ ਸ਼ਕਤੀਆਂ ਦੀ ਨਜਾਇਜ਼ ਵਰਤੋਂ ਨਹੀਂ ਕਰਦੇ ਸਨ।

II. **ਮਿਸਲਦਾਰ**: ਇੱਕ ਸਰਦਾਰ ਦੇ ਅਧੀਨ ਕਈ ਮਿਸਲਦਾਰ ਹੁੰਦੇ ਸਨ। ਸਰਦਾਰ ਆਪਣੇ ਜਿੱਤੇ ਹੋਏ ਇਲਾਕਿਆਂ ਵਿੱਚੋਂ ਕੁਝ ਭਾਗ ਮਿਸਲਦਾਰ ਨੂੰ ਦੇ ਦਿੰਦਾ ਸੀ। ਮਿਸਲਦਾਰ ਇਸ ਇਲਾਕੇ ਦਾ ਪ੍ਰਬੰਧ ਚਲਾਉਂਦਾ ਅਤੇ ਸਰਦਾਰ ਲਈ ਸੈਨਿਕ ਤਿਆਰ ਕਰਦਾ ਸੀ।

III. **ਜਿਲ੍ਹੇ**: ਹਰੇਕ ਮਿਸਲ ਨੂੰ ਕਈ ਜਿਲ੍ਹਿਆਂ ਵਿੱਚ ਵੰਡਿਆ ਜਾਂਦਾ ਸੀ। ਹਰੇਕ ਜਿਲ੍ਹੇ ਦੇ ਮੁੱਖੀ ਨੂੰ ਕਾਰਦਾਰ ਕਿਹਾ ਜਾਂਦਾ ਸੀ। ਕਾਰਦਾਰ ਜਿਲ੍ਹੇ ਦੀ ਸ਼ਾਸਨ ਵਿਵਸਥਾ ਚਲਾਉਂਦਾ ਸੀ। ਆਮ ਤੌਰ ਤੇ ਸਰਦਾਰ ਕਾਰਦਾਰਾਂ ਦੇ ਕੰਮਾਂ ਵਿੱਚ ਦਖ਼ਲ ਨਹੀਂ ਦਿੰਦੇ ਸਨ।

IV. **ਪਿੰਡ**: ਪਿੰਡ ਮਿਸਲ ਸ਼ਾਸਨ ਪ੍ਰਬੰਧ ਦੀ ਸਭ ਤੋਂ ਛੋਟੀ ਪਰ ਸਭ ਤੋਂ ਮਹੱਤਵਪੂਰਨ ਇਕਾਈ ਹੁੰਦੀ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਦੁਆਰਾ ਚਲਾਇਆ ਜਾਂਦਾ ਸੀ। ਲੋਕ ਪੰਚਾਇਤ ਨੂੰ ਰੱਬ ਦਾ ਰੂਪ ਮੰਨਦੇ ਸਨ। ਪੰਚਾਇਤ ਦੇ ਹੁਕਮਾਂ ਦੀ ਹਰ ਵਿਅਕਤੀ ਪਾਲਣਾ ਕਰਦਾ ਸੀ। ਜੇ ਕੋਈ ਵਿਅਕਤੀ ਪੰਚਾਇਤ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ


Download Free Study Material From SIKHYA APP

ਕਰਦਾ ਸੀ ਤਾਂ ਉਸਦਾ ਸਮਾਜਿਕ ਬਾਈਕਾਟ ਕੀਤਾ ਜਾਂਦਾ ਸੀ। ਸਰਦਾਰ ਵੀ ਪੰਚਾਇਤ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਦੇ ਸਨ।

**3) ਮਿਸਲਾਂ ਦੇ ਸੰਗਠਨ ਦਾ ਸਰੂਪ ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ:** ਮਿਸਲਾਂ ਦੇ ਸੰਗਠਨ ਦੇ ਸਰੂਪਬਾਰੇ ਵੱਖੋ-ਵੱਖ ਇਤਿਹਾਸਕਾਰਾਂ ਦੇ ਵੱਖੋ-ਵੱਖ ਵਿਚਾਰਹਨ। ਮੁੱਖ ਰੂਪ ਵਿੱਚ ਮਿਸਲਾਂ ਦੇ ਸੰਗਠਨ ਦੇ ਸਰੂਪ ਵਿੱਚ ਹੇਠਲਿਖੇ ਗੁਣ ਸਨ:

I. **ਧਰਮ ਤੇ ਅਧਾਰਿਤ:** ਮਿਸਲਾਂ ਦਾ ਸੰਗਠਨ ਧਰਮ ਤੇ ਅਧਾਰਤ ਸੀ। ਮਿਸਲਾਂ ਦੇ ਸਰਦਾਰ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਸੰਸਥਾਵਾਂ ਵਿੱਚ ਵਿਸ਼ਵਾਸ ਰੱਖਦੇ ਸਨ। ਮਿਸਲਾਂ ਦੇ ਸਾਰੇ ਕੰਮਾਂ ਤੇ ਧਰਮ ਦਾ ਪ੍ਰਭਾਵ ਸਾਫ਼ ਨਜ਼ਰ ਆਉਂਦਾ ਸੀ। ਮਿਸਲਾਂ ਦੇ ਸਾਰੇ ਫੈਸਲੇ ਸਰਬੱਤ ਖ਼ਾਲਸਾ ਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਲਏ ਜਾਂਦੇ ਸਨ।

II. **ਸੰਘੀ ਸ਼ਾਸਨ ਪ੍ਰਣਾਲੀ:** ਮਿਸਲਾਂ ਨਾ ਹੀ ਇੱਕ-ਦੂਜੇ ਦੇ ਅਧੀਨ ਸਨ ਨਾ ਹੀ ਪੂਰੀ ਤਰ੍ਹਾਂ ਸੁਤੰਤਰ ਸਨ। ਇਹ ਗੁਰਮੱਤਾ ਨਾਮਕ ਕੇਂਦਰੀ ਸੰਸਥਾ ਦੇ ਅਧੀਨ ਸਨ ਜਿਸਨੇ ਇਹਨਾਂ ਸਾਰੀਆਂ ਮਿਸਲਾਂ ਨੂੰ ਜੋੜ ਕੇ ਰੱਖਿਆ ਹੋਇਆ ਸੀ। ਇਹਨਾਂ ਵਿੱਚ ਅੰਦਰੂਨੀ ਪ੍ਰਭੂਸੱਤਾ ਪਾਈ ਜਾਂਦੀ ਸੀ।

III. **ਸਾਮੰਤਵਾਦੀ ਪ੍ਰਣਾਲੀ:** ਮਿਸਲਾਂ ਦੇ ਸੰਗਠਨ ਵਿੱਚ ਸਾਮੰਤਵਾਦੀ ਪ੍ਰਣਾਲੀ ਦੇ ਗੁਣ ਪਾਏ ਜਾਂਦੇ ਸਨ। ਮਿਸਲ ਦਾ ਸਰਦਾਰ ਆਪਣੇ ਅਧੀਨ ਮਿਸਲਦਾਰਾਂ ਨੂੰ ਕੁਝ ਜਮੀਨ ਦੇ ਦਿੰਦਾ ਸੀ। ਮਿਸਲਦਾਰ ਉਸ ਭੂਮੀ ਤੋਂ ਲਗਾਨ ਇਕੱਠਾ ਕਰਦੇ ਸਨ। ਲੁੱਟ ਦੇ ਮਾਲ ਨੂੰ ਵੀ ਸਰਦਾਰ ਅਤੇ ਮਿਸਲਦਾਰਾਂ ਵਿਚਕਾਰ ਵੰਡਿਆ ਜਾਂਦਾ ਸੀ।

IV. **ਲੋਕਤੰਤਰੀ ਪ੍ਰਣਾਲੀ:** ਮਿਸਲਾਂ ਲੋਕਤੰਤਰ ਦੇ ਅਧਾਰਿਤ ਸਨ। ਕੋਈ ਵੀ ਵਿਅਕਤੀ ਕਿਸੇ ਦੇ ਅਧੀਨ ਨਹੀਂ ਸੀ।ਹਰੇਕ ਮਿਸਲ ਨੂੰ ਬਰਾਬਰ ਦਾ ਅਧਿਕਾਰ ਸੀ। ਕੋਈ ਵੀ ਮੈਂਬਰ ਜਦੋਂ ਮਰਜੀ ਚਾਹੇ ਇੱਕ ਮਿਸਲ ਤੋਂ ਦੂਜੀ


Download Free Study Material From SIKHYA APP

ਮਿਸਲ ਵਿੱਚ ਜਾ ਸਕਦਾ ਸੀ। ਸਰਬੱਤ ਖ਼ਾਲਸਾ ਵਿੱਚ ਸੰਗਤ ਨੂੰ ਸਭ ਤੋਂ ਉੱਚਾ ਮੰਨਿਆ ਜਾਂਦਾ ਸੀ। ਹਰ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਸੀ।

V. **ਨਿਰੰਕੁਸ਼ਤਾ:** ਮਿਸਲਾਂ ਅੰਦਰ ਅੰਦਰੂਨੀ ਨਿਰੰਕੁਸ਼ਤਾ ਵੀ ਪਾਈ ਜਾਂਦੀ ਸੀ। ਮਿਸਲ ਦੀਆਂ ਸਾਰੀਆਂ ਸ਼ਕਤੀਆਂ ਸਰਦਾਰ ਦੇ ਅਧੀਨ ਸਨ। ਉਹ ਆਪਣੇ ਮਿਸਲਦਾਰਾਂ ਅਤੇ ਸੈਨਿਕਾਂ ਤੇ ਆਪਣੀ ਮਰਜੀ ਨਾਲ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਸਨ। ਗੁਰਮੱਤਾ ਦੁਆਰਾ ਲਏ ਗਏ ਫੈਸਲਿਆਂ ਦਾ ਪਾਲਣ ਹਰੇਕ ਸਰਦਾਰ ਅਤੇ ਮਿਸਲਦਾਰ ਨੂੰ ਕਰਨਾ ਪੈਂਦਾ ਸੀ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਮਿਸਲਾਂ ਦੇ ਸੰਗਠਨ ਲਈ ਕੋਈ ਨਿਸਚਿਤ ਪ੍ਰਣਾਲੀਨਹੀਂ ਸੀ। ਇਸ ਵਿੱਚ ਅਨੇਕਾਂ ਪ੍ਰਣਾਲੀਆਂ ਦੇ ਗੁਣ ਪਾਏ ਜਾਂਦੇ ਸਨ।

**4) ਮਿਸਲਾਂ ਦੀ ਅਰਥ ਵਿਵਸਥਾ, ਨਿਆਂ ਵਿਵਸਥਾ ਅਤੇ ਸੈਨਿਕ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਵਰਣਨ ਕਰੋ।**

ਉੱਤਰ:

I. **ਮਿਸਲ ਸ਼ਾਸਨ ਦੀ ਅਰਥਵਿਵਸਥਾ:**

1. ਮਿਸਲਾਂ ਦੀ ਆਮਦਨ ਦਾ ਮੁੱਖ ਸੋਮਾ ਭੂਮੀ ਲਗਾਨ ਹੁੰਦਾ ਸੀ।
2. ਰਾਖੀ ਪ੍ਰਥਾ ਵੀ ਮਿਸਲਾਂ ਦੀ ਆਮਦਨ ਦਾ ਇੱਕ ਵੱਡਾ ਸੋਮਾ ਸੀ।
3. ਮਿਸਲਦਾਰਾਂ ਨੂੰ ਚੁੰਗੀ ਕਰ, ਨਜ਼ਰਾਨਿਆਂ ਅਤੇ ਲੁੱਟਮਾਰ ਆਦਿ ਤੋਂ ਵੀ ਆਮਦਨ ਹੁੰਦੀ ਸੀ।
4. ਮਿਸਲਦਾਰ ਆਮਦਨ ਦਾ ਵੱਡਾ ਭਾਗ ਸੈਨਾ, ਘੋੜਿਆਂ, ਹਥਿਆਰਾਂ, ਕਿਲ੍ਹਿਆਂ ਆਦਿ ਤੇ ਖਰਚ ਕਰਦੇ ਸਨ।
5. ਆਮਦਨ ਦਾ ਇੱਕ ਹਿੱਸਾ ਧਾਰਮਿਕ ਅਤੇ ਸਮਾਜਿਕ ਕੰਮਾਂ ਤੇ ਵੀ ਖਰਚ ਕੀਤਾ ਜਾਂਦਾ ਸੀ।

II. **ਮਿਸਲਾਂ ਦੀ ਨਿਆਂ ਵਿਵਸਥਾ:**

1. ਨਿਆਂ ਪ੍ਰਬੰਧ ਬਿਲਕੁਲ ਸਧਾਰਨ ਸੀ। ਕਾਨੂੰਨ ਲਿਖਤੀ ਨਹੀਂ ਸਨ।


Download Free Study Material From SIKHYA APP

2. ਮੁਕੱਦਮਿਆਂ ਦੇ ਫੈਸਲੇ ਪ੍ਰਚਲਿਤ ਰੀਤੀ-ਰਿਵਾਜਾਂ ਅਨੁਸਾਰ ਕੀਤੇ ਜਾਂਦੇ ਸਨ।

3. ਸਜ਼ਾਵਾਂ ਸਖ਼ਤ ਨਹੀਂ ਸਨ। ਆਮ ਤੌਰ ਤੇ ਜੁਰਮਾਨੇ ਹੀ ਲਗਾਏ ਜਾਂਦੇ ਸਨ।

4. ਸਭ ਤੋਂ ਛੋਟੀ ਅਦਾਲਤ ਪੰਚਾਇਤ ਦੀ ਹੁੰਦੀ ਸੀ। ਲੋਕ ਪੰਚਾਇਤ ਨੂੰ ਰੱਬ ਦਾ ਰੂਪ ਸਮਝਦੇ ਸਨ।

5. ਹਰੇਕ ਮਿਸਲ ਦੇ ਸਰਦਾਰ ਦੀ ਆਪਣੀ ਅਦਾਲਤ ਹੁੰਦੀ ਸੀ।

6. ਸਿੱਖਾਂ ਦੀ ਸਭ ਤੋਂ ਵੱਡੀ ਅਦਾਲਤ ਸਰਬੱਤ ਖਾਲਸਾ ਹੁੰਦੀ ਸੀ।

III. **ਸੈਨਿਕ ਪ੍ਰਬੰਧ:**

1. ਮਿਸਲ ਸੈਨਾ ਦਾ ਮੁੱਖ ਅੰਗ ਘੋੜਸਵਾਰ ਸੈਨਾ ਸੀ। ਸਿੱਖ ਨਿਪੁੰਨ ਘੋੜਸਵਾਰ ਸਨ।

2. ਪੈਦਲ ਸੈਨਾ ਨੂੰ ਜਿਆਦਾ ਮਹੱਤਵ ਨਹੀਂ ਦਿੱਤਾ ਜਾਂਦਾ ਸੀ।

3. ਸਿੱਖ ਆਪਣੀ ਮਰਜੀ ਨਾਲ ਸੈਨਾ ਵਿੱਚ ਸ਼ਾਮਿਲ ਹੁੰਦੇ ਸਨ।

4. ਸਿਖਲਾਈ ਦਾ ਕੋਈ ਬਕਾਇਦਾ ਪ੍ਰਬੰਧ ਨਹੀਂ ਸੀ।

5. ਸੈਨਿਕਾਂ ਨੂੰ ਕੋਈ ਨਿਸਚਿਤ ਤਨਖਾਹ ਵੀ ਨਹੀਂ ਦਿੱਤੀ ਜਾਂਦੀ ਸੀ।

6. ਸਿੱਖ ਲੜਾਈ ਵਿੱਚ ਤੀਰਾਂ, ਤਲਵਾਰਾਂ, ਖੰਜਰਾਂ, ਢਾਲਾਂ, ਬਰਛਿਆਂ ਅਤੇ ਛੋਟੀਆਂ ਬੰਦੂਕਾਂ ਦੀ ਵਰਤੋਂ ਕਰਦੇ ਸਨ।

7. ਸਿੱਖ ਗੁੱਰੀਲਾ ਯੁੱਧ ਪ੍ਰਣਾਲੀ ਦੀ ਵਰਤੋਂ ਕਰਦੇ ਸਨ।


Download Free Study Material From SIKHYA APP

# ਪਾਠ 16

# ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ ? — 1780 ਈ:

2) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਿੱਥੇ ਹੋਇਆ ? — ਬਡਰੁੱਖਾ ਜਾਂ ਗੁਜ਼ਰਾਂਵਾਲਾ

3) ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦਾ ਨਾਂ ਕੀ ਸੀ ? — ਮਹਾਂ ਸਿੰਘ

4) ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਦਾ ਨਾਂ ਕੀ ਸੀ ? — ਚੜ੍ਹਤ ਸਿੰਘ

5) ਮਹਾਰਾਜਾ ਰਣਜੀਤ ਸਿੰਘ ਕਿਸ ਮਿਸਲ ਨਾਲ ਸਬੰਧ ਰੱਖਦਾ ਸੀ ? — ਸ਼ੁਕਰਚੱਕੀਆ

6) ਮਹਾਰਾਜਾ ਰਣਜੀਤ ਸਿੰਘ ਦੀ ਮਾਂ ਦਾ ਨਾਂ ਕੀ ਸੀ ? — ਰਾਜ ਕੌਰ

7) ਮਹਾਰਾਜਾ ਰਣਜੀਤ ਸਿੰਘ ਦੀ ਮਾਂ ਕਿਸ ਨਾਂ ਨਾਲ ਪ੍ਰਸਿੱਧ ਸੀ ? — ਮਾਈ ਮਲਵੈਣ

8) ਮਹਾਰਾਜਾ ਰਣਜੀਤ ਸਿੰਘ ਦਾ ਬਚਪਨ ਦਾ ਨਾਂ ਕੀ ਸੀ ? — ਬੁੱਧ ਸਿੰਘ

9) ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾ ਯੁੱਧ ਕਿੰਨੀ ਉਮਰ ਵਿੱਚ ਲੜਿਆ ? — 11/12 ਸਾਲ ਦੀ ਉਮਰ ਵਿੱਚ

10) ਮਹਾਰਾਜਾ ਰਣਜੀਤ ਸਿੰਘ ਨੂੰ ਗੱਦੀ ਕਿੰਨੀ ਉਮਰ ਵਿੱਚ ਮਿਲੀ ? — 12 ਸਾਲ ਦੀ ਉਮਰ ਵਿੱਚ

11) ਤਿਕੜੀ ਦੀ ਸਰਪ੍ਰਸਤੀ ਦਾ ਕਾਲ ਕਿਸ ਸਮੇਂ ਨੂੰ ਮੰਨਿਆ ਜਾਂਦਾ ਹੈ ? — 1792 ਈ: ਤੋਂ 1797 ਈ:

12) ਤਿਕੜੀ ਤੋਂ ਕੀ ਭਾਵ ਹੈ ? — ਰਾਜ ਕੌਰ, ਸਦਾ ਕੌਰ ਅਤੇ ਲਖਪਤ ਰਾਏ

13) ਸਦਾ ਕੌਰ ਕੌਣ ਸੀ ? — ਮਹਾਰਾਜਾ ਰਣਜੀਤ ਸਿੰਘ ਦੀ ਸੱਸ

14) ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਵਿਆਹ ਕਿਸ ਨਾਲ ਹੋਇਆ ? — ਮਹਿਤਾਬ ਕੌਰ ਨਾਲ



Download Free Study Material From SIKHYA APP

| | |
|---|---|
| 15) ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਵਿਆਹ ਕਦੋਂ ਹੋਇਆ ? | 1796 ਈ: |
| 16) ਮਹਰਾਜਾ ਰਣਜੀਤ ਸਿੰਘ ਨੇ ਰਾਜ ਪ੍ਰਬੰਧ ਕਦੋਂ ਸੰਭਾਲਿਆ ? | 1797 ਈ: |
| 17) ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਦਾ ਨਾਂ ਕੀ ਸੀ ? | ਲਾਹੌਰ |
| 18) ਮਹਾਰਾਜਾ ਰਣਜੀਤ ਸਿੰਘ ਦੀ ਪਹਿਲੀ ਜਿੱਤ ਕਿਹੜੀ ਸੀ ? | ਲਾਹੌਰ ਦੀ |
| 19) ਲਾਹੌਰ ਤੇ ਕਿਸਦਾ ਸ਼ਾਸਨ ਸੀ ? | ਭੰਗੀ ਸਰਦਾਰਾਂ ਦਾ |
| 20) ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜਾ ਕਦੋਂ ਕੀਤਾ ? | 1799 ਈ: |
| 21) ਭਸੀਨ ਦੀ ਲੜਾਈ ਕਦੋਂ ਹੋਈ ? | 1800 ਈ: |
| 22) ਮਹਾਰਾਜਾ ਰਣਜੀਤ ਸਿੰਘ ਨੂੰ ਮਹਾਰਾਜਾ ਦਾ ਤਿਲਕ ਕਿਸਨੇ ਲਗਾਇਆ ? | ਬਾਬਾ ਸਾਹਿਬ ਸਿੰਘ ਬੇਦੀ |
| 23) ਮਹਾਰਾਜਾ ਬਣਨ ਤੋਂ ਬਾਅਦ ਰਣਜੀਤ ਸਿੰਘ ਨੇ ਕਿਹੜੀ ਉਪਾਧੀ ਧਾਰਨ ਕੀਤੀ ? | ਸਰਕਾਰ-ਏ-ਖਾਲਸਾ |
| 24) ਆਪਣੇ ਰਾਜਤਿਲਕ ਮੌਕੇ ਮਹਾਰਾਜਾ ਰਣਜੀਤ ਸਿੰਘ ਨੇ ਕਿਹੜਾ ਸਿੱਕਾ ਚਲਾਇਆ ? | ਨਾਨਕ ਸ਼ਾਹੀ |
| 25) ਮਹਾਰਾਜਾ ਰਣਜੀਤ ਸਿੰਘ ਨੇ ਜਮਜਮਾ ਤੋਪ ਕਿਸਤੋਂ ਪ੍ਰਾਪਤ ਕੀਤੀ ? | ਮਾਈ ਸੁੱਖਾਂ |
| 26) ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਨੂੰ ਜਿੱਤਣ ਲਈ ਕਿੰਨੀ ਵਾਰ ਫੌਜ਼ ਭੇਜੀ ? | 7 |
| 27) ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਤੇ ਕਦੋਂ ਜਿੱਤ ਪ੍ਰਾਪਤ ਕੀਤੀ ? | 1807 ਈ: |
| 28) ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਤੇ ਕਦੋਂ ਜਿੱਤ ਪ੍ਰਾਪਤ ਕੀਤੀ ? | 1809 ਈ: |
| 29) ਮਹਾਰਾਜਾ ਰਣਜੀਤ ਸਿੰਘ ਨੇ ਅਟਕ ਕਦੋਂ ਜਿੱਤਿਆ ? | 1813 ਈ: |


Download Free Study Material From SIKHYA APP

| | |
|---|---|
| 30) ਮਹਾਰਾਜਾ ਰਣਜੀਤ ਸਿੰਘ ਨੇ ਅਟਕ ਨੂੰ ਕਿਸ ਕੋਲੋਂ ਜਿੱਤਿਆ ? | ਜਹਾਂਦਾਦ ਖਾਂ |
| 31) ਮਹਾਰਾਜਾ ਰਣਜੀਤ ਸਿੰਘ ਲਈ ਮੁਲਤਾਨ ਕਿਸਨੇ ਜਿੱਤਿਆ ? | ਮਿਸਰ ਦੀਵਾਨ ਚੰਦ |
| 32) ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਕਿਸ ਕੋਲੋਂ ਜਿੱਤਿਆ ? | ਨਵਾਬ ਮੁਜੱਫਰ ਖ਼ਾਂ ਕੋਲੋਂ |
| 33) ਮੁਲਤਾਨ ਦੀ ਜਿੱਤ ਦੀ ਖੁਸ਼ੀ ਵਿੱਚ ਮਿਸਰ ਦੀਵਾਨ ਚੰਦ ਨੂੰ ਕਿਹੜਾ ਖਿਤਾਬ ਮਿਲਿਆ ? | ਜ਼ਫਰ ਜੰਗ |
| 34) ਮੁਲਤਾਨ ਤੋਂ ਮਹਾਰਾਜਾ ਰਣਜੀਤ ਸਿੰਘ ਨੂੰ ਕਿੰਨੀ ਸਲਾਨਾ ਆਮਦਨ ਹੁੰਦੀ ਸੀ ? | 7 ਲੱਖ |
| 35) ਕਸ਼ਮੀਰ ਤੋਂ ਮਹਾਰਾਜਾ ਰਣਜੀਤ ਸਿੰਘ ਨੂੰ ਕਿੰਨੀ ਸਲਾਨਾ ਆਮਦਨ ਹੁੰਦੀ ਸੀ ? | 40 ਲੱਖ |
| 36) ਮਹਾਰਾਜਾ ਰਣਜੀਤ ਸਿੰਘ ਨੇ ਕਿਸਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਬਣਾਇਆ ? | ਦੀਵਾਨ ਮੋਤੀ ਰਾਮ |
| 37) ਦੀਵਾਨ ਮੋਤੀ ਰਾਮ ਤੋਂ ਬਾਅਦ ਕਿਸਨੂੰ ਕਸ਼ਮੀਰ ਦਾ ਗਵਰਨਰ ਬਣਾਇਆ ਗਿਆ ? | ਹਰੀ ਸਿੰਘ ਨਲਵਾ ਨੂੰ |
| 38) ਨੌਸ਼ਹਿਰਾ ਦੀ ਲੜਾਈ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਟਿੱਬਾ ਟੇਹਰੀ ਦੀ ਲੜਾਈ |
| 39) ਨੌਸ਼ਹਿਰਾ ਦੀ ਲੜਾਈ ਕਦੋਂ ਹੋਈ ? | 14 ਮਾਰਚ 1823 ਈ: |
| 40) ਜ਼ਮਰੌਦ ਦੀ ਲੜਾਈ ਕਦੋਂ ਹੋਈ ? | 1837 ਈ: |
| 41) ਜਮਰੌਦ ਦੀ ਲੜਾਈ ਵਿੱਚ ਕਿਹੜਾ ਪ੍ਰਸਿੱਧ ਸਿੱਖ ਜਰਨੈਲ ਸ਼ਹੀਦ ਹੋਇਆ ? | ਹਰੀ ਸਿੰਘ ਨਲਵਾ |
| 42) ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਨੇ ਕਿੱਥੇ ਪੱਗਾਂ ਵਟਾਈਆਂ ? | ਤਰਨਤਾਰਨ ਵਿਖੇ |


Download Free Study Material From SIKHYA APP

| | |
|---|---|
| 43) ਮਹਾਰਾਜਾ ਰਣਜੀਤ ਸਿੰਘ ਨੇ ਕਿਹੜੀ ਪ੍ਰਸਿੱਧ ਸੰਸਥਾ ਦਾ ਖਾਤਮਾ ਕਰ ਦਿੱਤਾ ? | ਗੁਰਮਤਾ ਦਾ |
| 44) ਗੁਰਮਤਾ ਦਾ ਖਾਤਮਾ ਕਦੋਂ ਕੀਤਾ ਗਿਆ ? | 1805 ਈ: |
| 45) ਅਕਾਲੀ ਫੂਲਾ ਸਿੰਘ ਨੇ ਕਿਹੜੀ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕੀਤੀ ? | ਨੌਸ਼ਹਿਰਾ |
| 46) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਦੋਂ ਹੋਈ ? | 1839 ਈ: |
| 47) ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਗੱਦੀ ਕਿਸਨੂੰ ਮਿਲੀ ? | ਖੜਕ ਸਿੰਘ ਨੂੰ |
| 48) ਖੜਕ ਸਿੰਘ ਕੌਣ ਸੀ ? | ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ |
| 49) ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਜਿੱਤਣ ਲਈ ਫ਼ਤਿਹ ਖਾਂ ਨਾਲ ਨਾਲ ਸਮਝੌਤਾ ਕਦੋਂ ਕੀਤਾ ? | 1813 ਈ: |
| 50) ਵਫ਼ਾ ਬੇਗਮ ਕੌਣ ਸੀ ? | ਸ਼ਾਹ ਸ਼ੁਜਾਹ ਦੀ ਪਤਨੀ |
| 51) ਮਹਾਰਾਜਾ ਰਣਜੀਤ ਸਿੰਘ ਨੇ ਕੋਹਿਨੂਰ ਹੀਰਾ ਕਿੱਥੋਂ ਪ੍ਰਾਪਤ ਕੀਤਾ ? | ਵਫ਼ਾ ਬੇਗਮ ਤੋਂ |
| 52) ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ਾਵਰ ਤੋਂ ਕਿੰਨੀ ਸਲਾਨਾ ਆਮਦਨ ਹੁੰਦੀ ਸੀ ? | ਸਾਢੇ ਬਾਰ੍ਹਾਂ ਲੱਖ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦਾ ਸੰਖੇਪ ਵਰਣਨ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ: ਨੂੰ ਗੁਜ਼ਰਾਂਵਾਲਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਮਹਾਂ ਸਿੰਘ ਅਤੇ ਮਾਤਾ ਦਾ ਨਾਂ ਰਾਜ ਕੌਰ ਸੀ। ਉਹਨਾਂ ਦੇ ਪਿਤਾ ਮਹਾਂ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਮੁੱਖੀ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਬਚਪਨ ਵਿੱਚ ਪੜ੍ਹਾਈ ਲਿਖਾਈ ਵਿੱਚ ਦਿਲਚਸਪੀ ਨਹੀਂ ਸੀ। ਉਹਨਾਂ ਨੂੰ ਘੋੜਸਵਾਰੀ, ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਨੇ 1839 ਈ: ਤੱਕ ਸ਼ਾਸਨ


Download Free Study Material From SIKHYA APP

ਕੀਤਾ। ਉਹਨਾਂ ਨੇ ਇੱਕ ਸ਼ਕਤੀਸ਼ਾਲੀ ਸੈਨਾ ਅਤੇ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ। ਅੰਗਰੇਜ਼ ਵੀ ਉਹਨਾਂ ਨਾਲ ਯੁੱਧ ਕਰਨ ਤੋਂ ਡਰਦੇ ਸਨ। ਮਹਾਰਾਜਾ ਰਣਜੀਤ ਸਿੰਘ ਆਪਣੀ ਪਰਜਾ ਪ੍ਰਤੀ ਬਹੁਤ ਦਿਆਲੂ ਸਨ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ।

**2) ਮਹਾਰਾਜਾ ਰਣਜੀਤ ਸਿੰਘ ਦੇ ਗੱਦੀ ਤੇ ਬੈਠਣ ਸਮੇਂ ਪੰਜਾਬ ਦੀ ਰਾਜਨੀਤਕ ਹਾਲਤ ਕਿਹੋ ਜਿਹੀ ਸੀ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਗੱਦੀ ਤੇ ਬੈਠਣ ਸਮੇਂ ਪੰਜਾਬ ਦੀ ਰਾਜਨੀਤਕ ਹਾਲਤ:

1. ਪੰਜਾਬ ਵਿੱਚ ਹਰ ਪਾਸੇ ਅਸ਼ਾਂਤੀ ਦਾ ਬੋਲਬਾਲਾ ਸੀ।
2. ਮੁਗ਼ਲ ਸਾਮਰਾਜ ਦਾ ਪ੍ਰਭਾਵ ਖਤਮ ਹੋ ਚੁੱਕਿਆ ਸੀ।
3. ਅਨੇਕਾਂ ਸੁਤੰਤਰ ਰਾਜ ਬਣ ਚੁੱਕੇ ਸਨ।
4. ਪੰਜਾਬ ਵਿੱਚ 12 ਮਿਸਲਾਂ ਸਥਾਪਿਤ ਹੋ ਚੁੱਕੀਆਂ ਸਨ।
5. ਕਾਬਲ,ਕਾਂਗੜਾ ਤੇ ਨੇਪਾਲ ਦੇ ਸ਼ਾਸਕ ਪੰਜਾਬ ਤੇ ਕਬਜ਼ਾ ਕਰਨਾ ਚਾਹੁੰਦੇ ਸਨ।
6. ਮਰਾਠਿਆਂ ਅਤੇ ਅੰਗਰੇਜਾਂ ਦੀਆਂ ਨਜ਼ਰਾਂ ਵੀ ਪੰਜਾਬ ਤੇ ਸਨ।

**3) ਸ਼ਾਹ ਜ਼ਮਾਨ ਤੇ ਇੱਕ ਨੋਟ ਲਿਖੋ।**

ਉੱਤਰ: ਸ਼ਾਹ ਜਮਾਨ ਤੈਮੂਰ ਸ਼ਾਹ ਦਾ ਪੁੱਤਰ ਸੀ। ਉਹ 1793 ਈ: ਵਿੱਚ ਅਫ਼ਗਾਨਿਸਤਾਨ ਦਾ ਸ਼ਾਸਕ ਬਣਿਆ। ਉਸਨੇ ਪੰਜਾਬ ਤੇ ਦੋ ਵਾਰ ਹਮਲਾ ਕੀਤਾ ਪਰ ਉਸਨੂੰ ਹਮਲਿਆਂ ਨੂੰ ਵਿੱਚੇ ਛੱਡ ਕੇ ਕਾਬਲ ਵਾਪਸ ਜਾਣਾ ਪਿਆ। 1797 ਈ: ਵਿੱਚ ਉਸਨੇ ਪੰਜਾਬ ਤੇ ਤੀਜਾ ਹਮਲਾ ਕੀਤਾ। ਲਾਹੌਰ ਦੇ ਭੰਗੀ ਸਰਦਾਰ ਲਹਿਣਾ ਸਿੰਘ ਅਤੇ ਗੁੱਜ਼ਰ ਸਿੰਘ ਹਮਲੇ ਦੀ ਖਬਰ ਸੁਣਕੇ ਲਾਹੌਰ ਛੱਡ ਕੇ ਨੱਸ ਗਏ। ਇਸੇ ਸਮੇਂ ਕਾਬਲ ਵਿੱਚ ਬਗਾਵਤ ਹੋ ਗਈ ਅਤੇ ਸ਼ਾਹ ਜਮਾਨ ਨੂੰ ਵਾਪਸ ਜਾਣਾ ਪਿਆ। ਭੰਗੀ ਸਰਦਾਰਾਂ ਨੇ ਦੁਬਾਰਾ ਲਾਹੌਰ ਤੇ ਕਬਜ਼ਾ ਕਰ ਲਿਆ। 1798 ਈ: ਵਿੱਚ ਉਸਨੇ ਫਿਰ ਲਾਹੌਰ ਤੇ ਕਬਜ਼ਾ ਕਰ


Download Free Study Material From SIKHYA APP

ਲਿਆ। ਪਰ ਇਸ ਵਾਰ ਉਸਨੂੰ ਫਿਰ ਵਾਪਸ ਕਾਬਲ ਜਾਣਾ ਪਿਆ। 1800 ਈ: ਵਿੱਚ ਕਾਬਲ ਵਿੱਚ ਸ਼ਾਹ ਜ਼ਮਾਨ ਦਾ ਤਖ਼ਤਾ ਉਲਟਾ ਦਿੱਤਾ ਗਿਆ।

**4) ਮਹਾਰਾਜਾ ਰਣਜੀਤ ਦੀ ਲਾਹੌਰ ਦੀ ਜਿੱਤ ਦਾ ਸੰਖੇਪ ਵਰਣਨ ਕਰੋ।**

ਉੱਤਰ: ਲਾਹੌਰ ਤੇ ਤਿੰਨ ਭੰਗੀ ਸਰਦਾਰਾਂ ਸਾਹਿਬ ਸਿੰਘ, ਮੋਹਰ ਸਿੰਘ ਅਤੇ ਚੇਤ ਸਿੰਘ ਦਾ ਰਾਜ ਸੀ। ਰਾਜ ਦੀ ਜਨਤਾ ਉਹਨਾਂ ਦੇ ਸ਼ਾਸਨ ਤੋਂ ਦੁੱਖੀ ਸੀ। ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤੇ ਹਮਲਾ ਕਰਨ ਲਈ ਸੱਦਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਦੀ ਸਹਾਇਤਾ ਨਾਲ ਲਾਹੌਰ ਤੇ ਹਮਲਾ ਕਰ ਦਿੱਤਾ। ਹਮਲੇ ਦੀ ਖਬਰ ਸੁਣਦਿਆਂ ਹੀ ਸਾਹਿਬ ਸਿੰਘ ਅਤੇ ਮੋਹਰ ਸਿੰਘ ਨੱਸ ਗਏ। ਚੇਤ ਸਿੰਘ ਨੇ ਥੋੜ੍ਹਾ ਜਿਹਾ ਮੁਕਾਬਲਾ ਕੀਤਾ ਪਰ ਛੇਤੀ ਹੀ ਹਾਰ ਮੰਨ ਲਈ। 7 ਜੁਲਾਈ 1799 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਲਿਆ।

**5) ਭਸੀਨ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਜਿੱਤ ਕਾਰਨ ਬਹੁਤ ਸਾਰੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ਼ ਹੋ ਗਏ। ਅੰਮ੍ਰਿਤਸਰ ਦੇ ਸਰਦਾਰ ਗੁਲਾਬ ਸਿੰਘ ਭੰਗੀ ਅਤੇ ਕਸੂਰ ਦੇ ਨਿਜ਼ਾਮ-ਉਦ-ਦੀਨ ਨੇ ਮਹਾਰਾਜਾ ਵਿਰੁੱਧ ਗਠਜੋੜ ਤਿਆਰ ਕਰ ਲਿਆ। ਉਹ ਆਪਣੀਆਂ ਫੌਜਾਂ ਲੈ ਕੇ ਭਸੀਨ ਨਾਂ ਦੇ ਪਿੰਡ ਵਿੱਚ ਪਹੁੰਚ ਗਏ। ਰਣਜੀਤ ਸਿੰਘ ਵੀ ਫੌਜਾਂ ਲੈ ਕੇ ਉੱਥੇ ਪਹੁੰਚ ਗਿਆ। 2 ਮਹੀਨਿਆਂ ਤੱਕ ਦੋਹਾਂ ਹੀ ਫੌਜਾਂ ਨੇ ਇੱਕ ਦੂਜੇ ਤੇ ਹਮਲਾ ਨਾ ਕੀਤਾ। ਅਚਾਨਕ ਇੱਕ ਦਿਨ ਗੁਲਾਬ ਸਿੰਘ ਭੰਗੀ ਜਿਆਦਾ ਸ਼ਰਾਬ ਪੀਣ ਕਾਰਨ ਮਰ ਗਿਆ। ਬਾਕੀ ਫੌਜ ਵਿੱਚ ਭਾਜੜ ਪੈ ਗਈ। ਮਹਾਰਾਜਾ ਰਣਜੀਤ ਸਿੰਘ ਬਿਨਾਂ ਯੁੱਧ ਕੀਤੇ ਹੀ ਜਿੱਤ ਗਿਆ।

**6) ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਜਿੱਤ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਅੰਮ੍ਰਿਤਸਰ ਤੇ ਗੁਲਾਬ ਸਿੰਘ ਭੰਗੀ ਦੀ ਵਿਧਵਾ ਮਾਈ ਸੁੱਖਾਂ ਸ਼ਾਸਨ ਕਰ ਰਹੀ ਸੀ। 1805 ਈ: ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਲੋਹਗੜ੍ਹ ਦਾ ਕਿਲ੍ਹਾ ਅਤੇ ਜਮਜਮਾ ਤੋਪ ਆਪਣੇ ਹਵਾਲੇ ਕਰਨ ਲਈ ਕਿਹਾ। ਮਾਈ ਸੁੱਖਾਂ ਨੇ


Download Free Study Material From SIKHYA APP

ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਥੋੜ੍ਹੇ ਜਿਹੇ ਵਿਰੋਧ ਤੋਂ ਬਾਅਦ ਮਾਈ ਸੁੱਖਾਂ ਨੇ ਹਾਰ ਮੰਨ ਲਈ। ਇਸ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿੱਧੀ ਵਿੱਚ ਵਾਧਾ ਹੋਇਆ ਅਤੇ ਉਸਨੂੰ ਬਹੁਤ ਸਾਰਾ ਆਰਥਿਕ ਲਾਭ ਵੀ ਹੋਇਆ।

**7) ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿੱਤ ਦਾ ਵਰਣਨ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਮੁਲਤਾਨ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਉਸਨੇ 1802 ਈ: ਤੋਂ 1817 ਈ: ਤੱਕ ਛੇ ਸੈਨਿਕ ਮੁਹਿੰਮਾਂ ਭੇਜੀਆਂ ਪਰ ਅਫ਼ਗਾਨ ਗਵਰਨਰ ਨਵਾਬ ਮੁਜ਼ੱਫਰ ਖਾਂ ਹਰ ਵਾਰ ਨਜ਼ਰਾਨਾ ਦੇ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਨੂੰ ਵਾਪਿਸ ਭੇਜ ਦਿੰਦਾ ਸੀ। 1818 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮਿਸਰ ਦੀਵਾਨ ਚੰਦ ਦੀ ਅਗਵਾਈ ਹੇਠ ਭਾਰੀ ਫੌਜ਼ ਮੁਲਤਾਨ ਤੇ ਕਬਜ਼ਾ ਕਰਨ ਲਈ ਭੇਜੀ। ਫੌਜ਼ ਨੇ ਮੁਲਤਾਨ ਨੂੰ ਘੇਰਾ ਪਾ ਲਿਆ। ਘੇਰਾ ਚਾਰ ਮਹੀਨੇ ਤੱਕ ਚੱਲਦਾ ਰਿਹਾ।ਅੰਤ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅਕਾਲੀ ਟੁੱਕੜੀ ਕਿਲ੍ਹੇ ਅੰਦਰ ਦਾਖਲ ਹੋ ਗਈ। ਨਵਾਬ ਮੁਜ਼ੱਫਰ ਖਾਂ ਅਤੇ ਉਸਦੇ ਪੰਜ ਪੁੱਤਰ ਮਾਰੇ ਗਏ। ਮਹਾਰਾਜਾ ਰਣਜੀਤ ਸਿੰਘ ਦਾ ਮੁਲਤਾਨ ਤੇ ਕਬਜ਼ਾ ਹੋ ਗਿਆ।

**8) ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿੱਤ ਦਾ ਮਹੱਤਵ ਦੱਸੋ।**

ਉੱਤਰ:ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿੱਤ ਦਾ ਮਹੱਤਵ:

1. ਇਸ ਜਿੱਤ ਕਾਰਨ ਪੰਜਾਬ ਵਿੱਚ ਅਫ਼ਗਾਨ ਸ਼ਕਤੀ ਨੂੰ ਭਾਰੀ ਸੱਟ ਵੱਜੀ।
2. ਮੁਲਤਾਨ ਸਿੰਧ ਅਤੇ ਬਹਾਵਲਪੁਰ ਦੇ ਮੁਸਲਮਾਨਾਂ ਵਿਚਕਾਰ ਇੱਕ ਦੀਵਾਰ ਬਣ ਗਿਆ।
3. ਮੁਲਤਾਨ ਦੇ ਨੇੜੇ ਦੀਆਂ ਅਨੇਕਾਂ ਛੋਟੀਆਂ ਰਿਆਸਤਾਂ ਨੇ ਮਹਾਰਾਜੇ ਦੀ ਅਧੀਨਤਾ ਸਵੀਕਾਰ ਕਰ ਲਈ।
4. ਮੁਲਤਾਨ ਮਹਾਰਾਜੇ ਲਈ ਆਰਥਿਕ ਤੌਰ ਤੇ ਬਹੁਤ ਫਾਇਦੇਮੰਦ ਸਿੱਧ ਹੋਇਆ।
5. ਮੁਲਤਾਨ ਦੀ ਸਥਿਤੀ ਕਾਰਨ ਮਹਾਰਾਜੇ ਨੂੰ ਭਾਰੀ ਵਪਾਰਕ ਅਤੇ ਸੈਨਿਕ ਲਾਭ ਹੋਇਆ।


Download Free Study Material From SIKHYA APP

**9) ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਕਿਵੇਂ ਆਪਣੇ ਅਧੀਨ ਕੀਤਾ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਅਤੇ ਅਫ਼ਗਾਨਿਸਤਾਨ ਦਾ ਵਜੀਰ ਫ਼ਤਿਹ ਖਾਂ ਦੋਵੇਂ ਹੀ ਕਸ਼ਮੀਰ ਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਦੋਵੇਂ ਹੀ ਇਕੱਲਿਆਂ ਕਸ਼ਮੀਰ ਤੇ ਹਮਲਾ ਕਰਨ ਦੀ ਸਥਿਤੀ ਵਿੱਚ ਨਹੀਂ ਸਨ। ਦੋਹਾਂ ਨੇ ਰੋਹਤਾਸ ਵਿਖੇ ਇੱਕ ਸਮਝੌਤਾ ਕੀਤਾ। ਇਸ ਸਮਝੌਤੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਖਾਂ ਨੂੰ ਕਸ਼ਮੀਰ ਤੇ ਹਮਲਾ ਕਰਨ ਲਈ 12000 ਸੈਨਿਕ ਦੇਣੇ ਸਨ। ਬਦਲੇ ਵਿੱਚ ਫ਼ਤਿਹ ਖਾਂ ਨੇ ਕਸ਼ਮੀਰ ਦੇ ਜਿੱਤੇ ਹੋਏ ਇਲਾਕੇ ਅਤੇ ਲੁੱਟਮਾਰ ਵਿੱਚੋਂ ਤੀਜਾ ਹਿੱਸਾ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਾ ਸੀ। ਜਿੱਤ ਪ੍ਰਾਪਤ ਕਰਨ ਤੇ ਫ਼ਤਿਹ ਖਾਂ ਨੇ ਸਿੱਖਾਂ ਨੂੰ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਤੇ ਜਿੱਤ ਪ੍ਰਾਪਤ ਕਰਨ ਲਈ ਦੋ ਹੋਰ ਸੈਨਿਕ ਮੁਹਿੰਮਾਂ ਭੇਜੀਆਂ। ਅੰਤ 1819 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਦੇ ਗਵਰਨਰ ਜ਼ਬਰ ਖਾਂ ਨੂੰ ਹਰਾ ਦਿੱਤਾ ਅਤੇ ਕਸ਼ਮੀਰ ਤੇ ਕਬਜ਼ਾ ਕਰ ਲਿਆ।

**10) ਮਹਾਰਾਜਾ ਰਣਜੀਤ ਸਿੰਘ ਦੀ ਕਸ਼ਮੀਰ ਜਿੱਤ ਦਾ ਮਹੱਤਵ ਦੱਸੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਕਸ਼ਮੀਰ ਜਿੱਤ ਦਾ ਮਹੱਤਵ:

1. ਇਸ ਜਿੱਤ ਨਾਲ ਮਹਾਰਾਜੇ ਦੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਇਆ।
2. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਉੱਤਰ ਵੱਲ ਕੁਦਰਤੀ ਹੱਦ ਮਿਲੀ।
3. ਅਫ਼ਗਾਨ ਸ਼ਕਤੀ ਨੂੰ ਕਰਾਰੀ ਸੱਟ ਵੱਜੀ।
4. ਮਹਾਰਾਜਾ ਨੂੰ ਆਰਥਿਕ ਅਤੇ ਉਦਯੋਗਿਕ ਪੱਖ ਤੋਂ ਬਹੁਤ ਲਾਭ ਹੋਇਆ।

**11) ਨੌਸ਼ਹਿਰਾ ਜਾਂ ਟਿੱਬੀ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: 1823 ਈ: ਵਿੱਚ ਕਾਬਲ ਦੇ ਸ਼ਾਸਕ ਆਜ਼ਿਮ ਖਾਂ ਨੇ ਪਿਸ਼ਾਵਰ ਤੇ ਕਬਜ਼ਾ ਕਰ ਲਿਆ। ਉਸਨੇ ਸਿੱਖਾਂ ਵਿਰੁੱਧ ਜੇਹਾਦ ਦਾ ਨਾਅਰਾ ਲਗਾਇਆ। ਹਜ਼ਾਰਾਂ ਅਫ਼ਗਾਨ ਉਸਦੇ ਝੰਡੇ ਹੇਠ ਇਕੱਠੇ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ



Download Free Study Material From SIKHYA APP

ਆਜ਼ਿਮ ਖਾਂ ਦਾ ਮੁਕਾਬਲਾ ਕਰਨ ਲਈ 20000 ਸੈਨਿਕਾਂ ਦੀਭਾਰੀ ਫੌਜ ਭੇਜੀ। ਫੌਜ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਆਪ ਕਰ ਰਿਹਾ ਸੀ। ਫੌਜ ਵਿੱਚ ਹਰੀ ਸਿੰਘ ਨਲੂਆ, ਜਨਰਲ ਐਲਾਰਡ, ਜਨਰਲ ਵੈਂਤੂਰਾ, ਅਕਾਲੀ ਫੂਲਾ ਸਿੰਘ, ਫ਼ਤਹਿ ਸਿੰਘ ਆਹਲੂਵਾਲੀਆ ਅਤੇ ਖੜਕ ਸਿੰਘ ਵਰਗੇ ਬਹਾਦਰ ਸੈਨਾਪਤੀ ਸਨ। ਦੋਹਾਂ ਫੌਜਾਂ ਵਿਚਕਾਰ ਨੌਸ਼ਹਿਰਾ ਜਾਂ ਟਿੱਬਾ ਟੇਹਰੀ ਨਾਂ ਦੇ ਸਥਾਨ ਤੇ ਭਿਆਨਕ ਲੜਾਈ ਹੋਈ। ਇਸ ਲੜਾਈ ਵਿੱਚ ਸਿੱਖਾਂ ਦੀ ਜਿੱਤ ਹੋਈ। ਇਸ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਅਤੇ ਕੁਝ ਹੋਰ ਸਿੱਖ ਯੋਧਾ ਸ਼ਹੀਦ ਹੋਏ। ਇਸ ਹਾਰ ਕਾਰਨ ਹੋਈ ਬੇਇੱਜਤੀ ਕਾਰਨ ਆਜ਼ਿਮ ਖਾਂ ਦੀ ਵੀ ਛੇਤੀ ਹੀ ਮੌਤ ਹੋ ਗਈ।

**12) ਮਹਾਰਾਜਾ ਰਣਜੀਤ ਸਿੰਘ ਦੀ ਪੇਸ਼ਾਵਰ ਜਿੱਤ ਅਤੇ ਇਸਦੇ ਮਹੱਤਵ ਤੇ ਇੱਕ ਨੋਟ ਲਿਖੋ।**

ਉੱਤਰ: ਪੇਸ਼ਾਵਰ ਦੇ ਰਸਤੇ ਤੋਂ ਹੀ ਵਿਦੇਸ਼ੀ ਹਮਲਾਵਰ ਪੰਜਾਬ ਅਤੇ ਭਾਰਤ ਤੇ ਹਮਲਾ ਕਰਦੇ ਸਨ। ਇਹ ਇਲਾਕਾ ਪੰਜਾਬ ਲਈ ਵਪਾਰਕ ਅਤੇ ਉਦਯੋਗਿਕ ਪੱਖ ਤੋਂ ਬਹੁਤ ਮਹੱਤਵਪੂਰਨ ਸੀ। ਇਸ ਤੇ ਕਬਜ਼ਾ ਕਰਨ ਲਈਮਹਾਰਾਜਾ ਰਣਜੀਤ ਸਿੰਘ ਨੇ 1818 ਈ: ਤੋਂ 1834 ਈ: ਤੱਕ ਪੰਜ ਸੈਨਿਕ ਮੁਹਿੰਮਾਂ ਭੇਜੀਆਂ। ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ 1823 ਈ: ਵਿੱਚ ਹੀ ਪੇਸ਼ਾਵਰ ਤੇ ਜਿੱਤ ਪ੍ਰਾਪਤ ਕਰ ਲਈ ਸੀ ਪਰ ਅਸਲ ਵਿੱਚ ਉਸਨੇ 1834 ਈ: ਵਿੱਚ ਪੇਸ਼ਾਵਰ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕੀਤਾ। ਪੇਸ਼ਾਵਰ ਜਿੱਤ ਨਾਲ ਮਹਾਰਾਜਾ ਨੂੰ ਬਹੁਤ ਆਰਥਿਕ ਲਾਭ ਹੋਇਆ।

**13) ਮਹਾਰਾਜਾ ਰਣਜੀਤ ਸਿੰਘ ਨੇ ਹਾਰੇ ਹੋਏ ਸ਼ਾਸਕਾਂ ਪ੍ਰਤੀ ਕੀ ਨੀਤੀ ਅਪਣਾਈ ?**

ਉੱਤਰ:ਮਹਾਰਾਜਾ ਰਣਜੀਤ ਸਿੰਘ ਦੀ ਹਾਰੇ ਹੋਏ ਸ਼ਾਸਕਾਂ ਪ੍ਰਤੀ ਨੀਤੀ:

1. ਜਿਹੜੇ ਸ਼ਾਸਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ, ਉਹਨਾਂ ਨੂੰ ਉਹਨਾਂ ਦੇ ਇਲਾਕੇ ਵਾਪਸ ਕਰ ਦਿੱਤੇ ਗਏ।
2. ਜਿਹੜੇ ਸ਼ਾਸਕਾਂ ਦੇ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਸ਼ਾਮਿਲ ਕੀਤੇ, ਉਹਨਾਂ ਨੂੰ ਆਪਣੇ ਦਰਬਾਰ ਵਿੱਚ ਵੱਡੇ ਅਹੁਦੇ ਅਤੇ ਉੱਚੀਆਂ ਨੌਕਰੀਆਂ ਦਿੱਤੀਆਂ।


Download Free Study Material From SIKHYA APP

3. ਕਈ ਸ਼ਾਸਕਾਂ ਨੂੰ ਗੁਜ਼ਾਰੇ ਲਈ ਜ਼ਾਗੀਰਾਂ ਦਿੱਤੀਆਂ ਗਈਆਂ।

4. ਜਿਹੜੇ ਸ਼ਾਸਕਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਵਿਰੋਧ ਕੀਤਾ, ਉਹਨਾਂ ਨਾਲ ਸਖ਼ਤੀ ਨਾਲ ਨਿਪਟਿਆ ਗਿਆ।

**14) ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਪ੍ਰਤੀ ਕਿਹੋ ਜਿਹੀ ਨੀਤੀ ਅਪਣਾਈ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਮਿਸਲਾਂ ਪ੍ਰਤੀ ਹੇਠ ਲਿਖੀ ਨੀਤੀ ਅਪਣਾਈ:

1. ਆਪਣੇ ਰਾਜ ਵਿਸਥਾਰ ਲਈ ਮਹਾਰਾਜਾ ਰਣਜੀਤ ਸਿੰਘ ਨੇ ਨਾ ਕਿਸੇ ਰਿਸ਼ਤੇਦਾਰੀ ਵੱਲ ਧਿਆਨ ਦਿੱਤਾ ਨਾ ਹੀ ਕਿਸੇ ਹੋਰ ਭਾਵਨਾ ਦਾ।
2. ਉਸਨੇ ਸ਼ਕਤੀਸ਼ਾਲੀ ਮਿਸਲਾਂ ਨਾਲ ਮਿੱਤਰਤਾ ਕਰ ਲਈ ਜਾਂ ਫਿਰ ਵਿਆਹ ਸਬੰਧ ਸਥਾਪਿਤ ਕਰ ਲਏ।
3. ਮੌਕਾ ਵੇਖ ਕੇ ਮਹਾਰਾਜਾ ਨੇ ਮਿੱਤਰ ਮਿਸਲਾਂ ਦੇ ਸਰਦਾਰਾਂ ਨਾਲ ਵਿਸ਼ਵਾਸ਼ਘਾਤ ਵੀ ਕੀਤਾ ਅਤੇ ਉਹਨਾਂ ਦੇ ਪ੍ਰਦੇਸ਼ਾਂ ਨੂੰ ਆਪਣੇ ਅਧੀਨ ਕਰ ਲਿਆ।
4. ਮਹਾਰਾਜਾ ਰਣਜੀਤ ਸਿੰਘ ਨੇ ਕਮਜੋਰ ਮਿਸਲਾਂ ਤੇ ਹਮਲਾ ਕਰਕੇ ਉਹਨਾਂ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦਾ ਸੰਖੇਪ ਵਰਣਨ ਕਰੋ।**

ਉੱਤਰ:

I. **ਜਨਮ ਅਤੇ ਮਾਤਾ-ਪਿਤਾ:** ਮਹਾਰਾਜਾ ਰਣਜੀਤ ਸਿੰਘ ਦਾ ਜਨਮ ਨਵੰਬਰ 1780 ਈ: ਵਿੱਚ ਗੁਜ਼ਰਾਂਵਾਲਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਮਹਾਂ ਸਿੰਘ ਅਤੇ ਮਾਤਾ ਦਾ ਨਾਂ ਰਾਜ ਕੌਰ ਸੀ। ਉਹਨਾਂ ਦੇ ਪਿਤਾ ਮਹਾਂ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਮੁੱਖੀ ਸਨ। ਮਹਾਰਾਜਾ ਰਣਜੀਤ ਸਿੰਘ ਦਾ ਬਚਪਨ ਦਾ ਨਾਂ ਬੁੱਧ ਸਿੰਘ ਸੀ।


Download Free Study Material From SIKHYA APP

II. **ਸਿੱਖਿਆ**: ਮਹਾਰਾਜਾ ਰਣਜੀਤ ਸਿੰਘ ਨੂੰ ਬਚਪਨ ਵਿੱਚ ਪੜ੍ਹਾਈ ਲਿਖਾਈ ਵਿੱਚ ਦਿਲਚਸਪੀ ਨਹੀਂ ਸੀ। ਇਸ ਲਈ ਉਹ ਪੜ੍ਹ-ਲਿਖ ਨਾ ਸਕੇ। ਉਹਨਾਂ ਨੂੰ ਘੋੜਸਵਾਰੀ, ਤੀਰ ਅੰਦਾਜ਼ੀ ਅਤੇ ਤਲਵਾਰਬਾਜ਼ੀ ਦੀ ਸਿਖਲਾਈ ਦਿੱਤੀ ਗਈ। ਉਹ ਇੱਕ ਵਧੀਆ ਘੋੜਸਵਾਰ, ਤਲਵਾਰਬਾਜ ਅਤੇ ਨਿਸ਼ਾਨੇਬਾਜ ਬਣ ਗਏ।

III. **ਚੇਚਕ ਦੀ ਬਿਮਾਰੀ**:ਬਚਪਨ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਚੇਚਕ ਦੀ ਬਿਮਾਰੀ ਹੋ ਗਈ। ਉਹ ਠੀਕ ਤਾਂ ਹੋ ਗਏ ਪਰ ਇਸ ਬਿਮਾਰੀ ਕਾਰਨ ਉਹਨਾਂ ਦੀ ਇੱਕ ਅੱਖ ਦੀ ਰੌਸ਼ਨੀ ਚਲੀ ਗਈ ਅਤੇ ਚਿਹਰੇ ਤੇ ਚੇਚਕ ਦੇ ਦਾਗ ਰਹਿ ਗਏ।

IV. **ਪਹਿਲਾ ਯੁੱਧ**: ਮਹਾਰਾਜਾ ਰਣਜੀਤ ਸਿੰਘ ਨੂੰ 12 ਕੁ ਸਾਲ ਦੀ ਉਮਰ ਵਿੱਚ ਪਹਿਲੀ ਵਾਰ ਆਪਣੇ ਪਿਤਾ ਨਾਲ ਯੁੱਧ ਵਿੱਚ ਜਾਣ ਦਾ ਮੌਕਾ ਮਿਲਿਆ। ਯੁੱਧ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਬਿਮਾਰ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਯੁੱਧ ਦੀ ਕਮਾਨ ਸੰਭਾਲ ਲਈ ਅਤੇ ਬਹਾਦਰੀ ਨਾਲ ਲੜੇ। ਉਹਨਾਂ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਪਿਤਾ ਨੇ ਉਹਨਾਂ ਦਾ ਨਾਂ ਬੁੱਧ ਸਿੰਘ ਤੋਂ ਰਣਜੀਤ ਸਿੰਘ ਕਰ ਦਿੱਤਾ।

V. **ਵਿਆਹ**: 6 ਸਾਲ ਦੀ ਉਮਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੰਗਣੀ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਮਹਿਤਾਬ ਕੌਰ ਨਾਲ ਹੋਇਆ। 16 ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਕੀਤਾ ਗਿਆ। 1798 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਨੱਕਈ ਮਿਸਲ ਦੇ ਸਰਦਾਰ ਖਜ਼ਾਨ ਸਿੰਘ ਦੀ ਪੁੱਤਰੀ ਰਾਜ ਕੌਰ ਨਾਲ ਦੂਜਾ ਵਿਆਹ ਕੀਤਾ। ਇਤਿਹਾਸਕਾਰ ਗ੍ਰਿਫ਼ਿਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀਆਂ 18 ਰਾਣੀਆਂ ਸਨ।

VI. **ਤਿੱਕੜੀ ਦੀ ਸਰਪ੍ਰਸਤੀ**: ਜਦੋਂ ਰਣਜੀਤ ਸਿੰਘ ਅਜੇ 12 ਸਾਲ ਦੇ ਹੀ ਸਨ ਤਾਂ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਮਹਾਰਾਜਾ ਦੇ ਨਾਬਾਲਿਗ ਹੋਣ ਕਾਰਨ 1792 ਈ: ਤੋਂ 1797 ਈ: ਤੱਕ ਰਾਜ ਦਾ ਪ੍ਰਬੰਧ ਉਹਨਾਂ ਦੀ ਮਾਤਾ ਰਾਜ ਕੌਰ, ਸੱਸ ਸਦਾ ਕੌਰ ਅਤੇ ਦੀਵਾਨ ਲੱਖਪਤ ਰਾਏ ਦੁਆਰਾ ਚਲਾਇਆ ਗਿਆ। ਇਸ ਸਮੇਂ ਨੂੰ ਤਿੱਕੜੀ ਦੀ


Download Free Study Material From SIKHYA APP

ਸਰਪ੍ਰਸਤੀ ਦਾ ਕਾਲ ਕਿਹਾ ਜਾਂਦਾ ਹੈ। 1797 ਈ: ਵਿੱਚ ਮਹਾਰਾਜਾ ਨੇ ਰਾਜ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ।

VII. **ਸ਼ਕਤੀਸ਼ਾਲੀ ਸੈਨਾ ਅਤੇ ਵਿਸ਼ਾਲ ਸਾਮਰਾਜ ਦੀ ਸਥਾਪਨਾ:** ਮਹਾਰਾਜਾ ਰਣਜੀਤ ਸਿੰਘ ਨੇ 1839 ਈ: ਤੱਕ ਸ਼ਾਸਨ ਕੀਤਾ। ਉਹਨਾਂ ਨੇ ਇੱਕ ਸ਼ਕਤੀਸ਼ਾਲੀ ਸੈਨਾ ਤਿਆਰ ਕੀਤੀ। ਉਹਨਾਂ ਨੇ ਪੰਜਾਬ ਤੇ ਰਾਜ ਕਰਦੀਆਂ ਮਿਸਲਾਂ, ਰਿਆਸਤਾਂ, ਰਾਜਾਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਇੱਕ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ। ਅੰਗਰੇਜ਼ ਵੀ ਉਹਨਾਂ ਨਾਲ ਯੁੱਧ ਕਰਨ ਤੋਂ ਡਰਦੇ ਸਨ। ਮਹਾਰਾਜਾ ਰਣਜੀਤ ਸਿੰਘ ਆਪਣੀ ਪਰਜਾ ਪ੍ਰਤੀ ਬਹੁਤ ਦਿਆਲੂ ਸਨ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ। 1839 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ।

**2) ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿੱਤ ਦਾ ਵਰਣਨ ਕਰੋ। ਮਹਾਰਾਜਾ ਲਈ ਇਸ ਜਿੱਤ ਦਾ ਕੀ ਮਹੱਤਵ ਸੀ ?**

ਉੱਤਰ:

I. **ਮੁਲਤਾਨ ਦੀ ਜਿੱਤ**:ਮਹਾਰਾਜਾਰਣਜੀਤ ਸਿੰਘ ਮੁਲਤਾਨ ਤੇ ਕਬਜ਼ਾਕਰਨਾ ਚਾਹੁੰਦਾ ਸੀ। ਉਸਨੇ 1802 ਈ: ਤੋਂ 1817 ਈ: ਤੱਕ ਛੇ ਸੈਨਿਕ ਮੁਹਿੰਮਾਂ ਭੇਜੀਆਂ ਪਰ ਅਫ਼ਗਾਨ ਗਵਰਨਰ ਨਵਾਬ ਮੁਜ਼ੱਫਰ ਖਾਂ ਹਰ ਵਾਰ ਨਜ਼ਰਾਨਾ ਦੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਨੂੰ ਵਾਪਿਸ ਭੇਜ ਦਿੰਦਾ ਸੀ। 1818 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮਿਸਰ ਦੀਵਾਨ ਚੰਦ ਦੀ ਅਗਵਾਈ ਹੇਠਭਾਰੀ ਫੌਜ਼ ਮੁਲਤਾਨ ਤੇ ਕਬਜ਼ਾ ਕਰਨ ਲਈ ਭੇਜੀ। ਫੌਜ਼ ਨੇ ਮੁਲਤਾਨ ਨੂੰ ਘੇਰਾ ਪਾ ਲਿਆ। ਘੇਰਾ ਚਾਰ ਮਹੀਨੇ ਤੱਕ ਚੱਲਦਾ ਰਿਹਾ। ਅੰਤ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅਕਾਲੀ ਟੁੱਕੜੀ ਕਿਲ੍ਹੇ ਅੰਦਰ ਦਾਖਲ ਹੋ ਗਈ। ਨਵਾਬ ਮੁਜ਼ੱਫਰ ਖਾਂ ਅਤੇ ਉਸਦੇ ਪੰਜ ਪੁੱਤਰ ਮਾਰੇ ਗਏ। ਮਹਾਰਾਜਾ ਰਣਜੀਤ ਸਿੰਘ ਦਾ ਮੁਲਤਾਨ ਤੇ ਕਬਜ਼ਾ ਹੋ ਗਿਆ।


Download Free Study Material From SIKHYA APP

II. **ਮੁਲਤਾਨ ਜਿੱਤ ਦਾ ਮਹੱਤਵ:**

1) ਇਸ ਜਿੱਤ ਕਾਰਨ ਪੰਜਾਬ ਵਿੱਚ ਅਫ਼ਗਾਨ ਸ਼ਕਤੀ ਨੂੰ ਭਾਰੀ ਸੱਟ ਵੱਜੀ।

2) ਮੁਲਤਾਨ ਸਿੰਧ ਅਤੇ ਬਹਾਵਲਪੁਰ ਦੇ ਮੁਸਲਮਾਨਾਂ ਵਿਚਕਾਰ ਇੱਕ ਦੀਵਾਰ ਬਣ ਗਿਆ।

3) ਮੁਲਤਾਨ ਦੇ ਨੇੜੇ ਦੀਆਂ ਅਨੇਕਾਂ ਛੋਟੀਆਂ ਰਿਆਸਤਾਂ ਨੇ ਮਹਾਰਾਜੇ ਦੀ ਅਧੀਨਤਾ ਸਵੀਕਾਰ ਕਰ ਲਈ।

4) ਮੁਲਤਾਨ ਮਹਾਰਾਜੇ ਲਈ ਆਰਥਿਕ ਤੌਰ ਤੇ ਬਹੁਤ ਫਾਇਦੇਮੰਦ ਸਿੱਧ ਹੋਇਆ।

5) ਮੁਲਤਾਨ ਦੀ ਸਥਿਤੀ ਕਾਰਨ ਮਹਾਰਾਜੇ ਨੂੰ ਭਾਰੀ ਵਪਾਰਕ ਅਤੇ ਸੈਨਿਕ ਲਾਭ ਹੋਇਆ।

**3) ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਕਿਵੇਂ ਆਪਣੇ ਅਧੀਨ ਕੀਤਾ ? ਕਸ਼ਮੀਰ ਮਹਾਰਾਜਾ ਰਣਜੀਤ ਸਿੰਘ ਲਈ ਕਿਉਂ ਮਹੱਤਵਪੂਰਨ ਸੀ ?**

ਉੱਤਰ:

I. **ਕਸ਼ਮੀਰ ਦੀ ਜਿੱਤ:** ਮਹਾਰਾਜਾ ਰਣਜੀਤ ਸਿੰਘ ਅਤੇ ਅਫ਼ਗਾਨਿਸਤਾਨ ਦਾ ਵਜੀਰ ਫ਼ਤਿਹ ਖਾਂ ਦੋਵੇਂ ਹੀ ਕਸ਼ਮੀਰ ਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਦੋਵੇਂ ਹੀ ਇਕੱਲਿਆਂ ਕਸ਼ਮੀਰ ਤੇ ਹਮਲਾ ਕਰਨ ਦੀ ਸਥਿਤੀ ਵਿੱਚ ਨਹੀਂ ਸਨ। ਦੋਹਾਂ ਨੇ ਰੋਹਤਾਸ ਵਿਖੇ ਇੱਕ ਸਮਝੌਤਾ ਕੀਤਾ। ਇਸ ਸਮਝੌਤੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਖਾਂ ਨੂੰ ਕਸ਼ਮੀਰ ਤੇ ਹਮਲਾ ਕਰਨ ਲਈ 12000 ਸੈਨਿਕ ਦੇਣੇ ਸਨ। ਬਦਲੇ ਵਿੱਚ ਫ਼ਤਿਹ ਖਾਂ ਨੇ ਕਸ਼ਮੀਰ ਦੇ ਜਿੱਤੇ ਹੋਏ ਇਲਾਕੇ ਅਤੇ ਲੁੱਟਮਾਰ ਵਿੱਚੋਂ ਤੀਜਾ ਹਿੱਸਾ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਾ ਸੀ। ਜਿੱਤ ਪ੍ਰਾਪਤ ਕਰਨ ਤੇ ਫ਼ਤਿਹ ਖਾਂ ਨੇ ਸਿੱਖਾਂ ਨੂੰ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਤੇ ਜਿੱਤ ਪ੍ਰਾਪਤ ਕਰਨ ਲਈ ਦੋ ਹੋਰ ਸੈਨਿਕ ਮੁਹਿੰਮਾਂ ਭੇਜੀਆਂ। ਅੰਤ 1819 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਦੇ ਗਵਰਨਰ ਜ਼ਬਰ ਖਾਂ ਨੂੰ ਹਰਾ ਦਿੱਤਾ ਅਤੇ ਕਸ਼ਮੀਰ ਤੇ ਕਬਜ਼ਾ ਕਰ ਲਿਆ।


Download Free Study Material From SIKHYA APP

**II. ਕਸ਼ਮੀਰ ਜਿੱਤ ਦਾ ਮਹੱਤਵ:**

1. ਇਸ ਜਿੱਤ ਨਾਲ ਮਹਾਰਾਜੇ ਦੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਇਆ।
2. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਉੱਤਰ ਵੱਲ ਕੁਦਰਤੀ ਹੱਦ ਮਿਲੀ।
3. ਅਫ਼ਗਾਨ ਸ਼ਕਤੀ ਨੂੰ ਕਰਾਰੀ ਸੱਟ ਵੱਜੀ।
4. ਮਹਾਰਾਜਾ ਨੂੰ ਆਰਥਿਕ ਅਤੇ ਉਦਯੋਗਿਕ ਪੱਖ ਤੋਂ ਬਹੁਤ ਲਾਭ ਹੋਇਆ।

**4) ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਮੁੱਖ ਜਿੱਤਾਂ ਦਾ ਵਰਣਨ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਮੁੱਖ ਜਿੱਤਾਂ:

**I. ਲਾਹੌਰ ਦੀ ਜਿੱਤ:** ਲਾਹੌਰ ਤੇ ਤਿੰਨ ਭੰਗੀ ਸਰਦਾਰਾਂ ਸਾਹਿਬ ਸਿੰਘ, ਮੋਹਰ ਸਿੰਘ ਅਤੇ ਚੇਤ ਸਿੰਘ ਦਾ ਰਾਜ ਸੀ। ਰਾਜ ਦੀ ਜਨਤਾ ਉਹਨਾਂ ਦੇ ਸ਼ਾਸਨ ਤੋਂ ਦੁੱਖੀ ਸੀ। ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤੇ ਹਮਲਾ ਕਰਨ ਲਈ ਸੱਦਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਦੀ ਸਹਾਇਤਾ ਨਾਲ ਲਾਹੌਰ ਤੇ ਹਮਲਾ ਕਰ ਦਿੱਤਾ। ਹਮਲੇ ਦੀ ਖਬਰ ਸੁਣਦਿਆਂ ਹੀ ਸਾਹਿਬ ਸਿੰਘ ਅਤੇ ਮੋਹਰ ਸਿੰਘ ਨੱਸ ਗਏ। ਚੇਤ ਸਿੰਘ ਨੇ ਥੋੜ੍ਹਾ ਜਿਹਾ ਮੁਕਾਬਲਾ ਕੀਤਾ ਪਰ ਛੇਤੀ ਹੀ ਹਾਰ ਮੰਨ ਲਈ। 7 ਜੁਲਾਈ 1799 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਲਿਆ।

**II. ਭਸੀਨ ਦੀ ਲੜਾਈ:** ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਜਿੱਤ ਕਾਰਨ ਬਹੁਤ ਸਾਰੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ਼ ਹੋ ਗਏ। ਅੰਮ੍ਰਿਤਸਰ ਦੇ ਸਰਦਾਰ ਗੁਲਾਬ ਸਿੰਘ ਭੰਗੀ ਅਤੇ ਕਸੂਰ ਦੇ ਨਿਜ਼ਾਮ-ਉਦ-ਦੀਨ ਨੇ ਮਹਾਰਾਜਾ ਵਿਰੁੱਧ ਗਠਜੋੜ ਤਿਆਰ ਕਰ ਲਿਆ। ਉਹ ਆਪਣੀਆਂ ਫੌਜਾਂ ਲੈ ਕੇ ਭਸੀਨ ਨਾਂ ਦੇ ਪਿੰਡ ਵਿੱਚ ਪਹੁੰਚ ਗਏ। ਰਣਜੀਤ ਸਿੰਘ ਵੀ ਫੌਜਾਂ ਲੈ ਕੇ ਉੱਥੇ ਪਹੁੰਚ ਗਿਆ। 2 ਮਹੀਨਿਆਂ ਤੱਕ ਦੋਹਾਂ ਹੀ ਫੌਜਾਂ ਨੇ


Download Free Study Material From SIKHYA APP

ਇੱਕ ਦੂਜੇ ਤੇ ਹਮਲਾ ਨਾ ਕੀਤਾ। ਅਚਾਨਕ ਇੱਕ ਦਿਨ ਗੁਲਾਬ ਸਿੰਘ ਭੰਗੀ ਜਿਆਦਾ ਸ਼ਰਾਬ ਪੀਣ ਕਾਰਨ ਮਰ ਗਿਆ। ਬਾਕੀ ਫੌਜ ਵਿੱਚ ਭਾਜੜ ਪੈ ਗਈ। ਮਹਾਰਾਜਾ ਰਣਜੀਤ ਸਿੰਘ ਬਿਨਾਂ ਯੁੱਧ ਕੀਤੇ ਹੀ ਜਿੱਤ ਗਿਆ।

III. **ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਜਿੱਤ**: ਸ਼੍ਰੀ ਅੰਮ੍ਰਿਤਸਰ ਸਾਹਿਬ ਤੇ ਗੁਲਾਬ ਸਿੰਘ ਭੰਗੀ ਦੀ ਵਿਧਵਾ ਮਾਈ ਸੁੱਖਾਂ ਸ਼ਾਸਨ ਕਰ ਰਹੀ ਸੀ। 1805 ਈ: ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਲੋਹਗੜ੍ਹ ਦਾ ਕਿਲ੍ਹਾ ਅਤੇ ਜਮਜਮਾ ਤੋਪ ਆਪਣੇ ਹਵਾਲੇ ਕਰਨ ਲਈ ਕਿਹਾ। ਮਾਈ ਸੁੱਖਾਂ ਨੇ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਨੂੰ ਨਾਲ ਲੈ ਕੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਥੋੜ੍ਹੇ ਜਿਹੇ ਵਿਰੋਧ ਤੋਂ ਬਾਅਦ ਮਾਈ ਸੁੱਖਾਂ ਨੇ ਹਾਰ ਮੰਨ ਲਈ। ਇਸ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿੱਧੀ ਵਿੱਚ ਵਾਧਾ ਹੋਇਆ ਅਤੇ ਉਸਨੂੰ ਬਹੁਤ ਸਾਰਾ ਆਰਥਿਕ ਲਾਭ ਵੀ ਹੋਇਆ।

IV. **ਮੁਲਤਾਨ ਦੀ ਜਿੱਤ**: ਮਹਾਰਾਜਾ ਰਣਜੀਤ ਸਿੰਘ ਮੁਲਤਾਨ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਉਸਨੇ 1802 ਈ: ਤੋਂ 1817 ਈ: ਤੱਕ ਛੇ ਸੈਨਿਕ ਮੁਹਿੰਮਾਂ ਭੇਜੀਆਂ ਪਰ ਅਫ਼ਗਾਨ ਗਵਰਨਰ ਨਵਾਬ ਮੁਜ਼ੱਫਰ ਖਾਂ ਹਰ ਵਾਰ ਨਜ਼ਰਾਨਾ ਦੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਨੂੰ ਵਾਪਿਸ ਭੇਜ ਦਿੰਦਾ ਸੀ। 1818 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮਿਸਰ ਦੀਵਾਨ ਚੰਦ ਦੀ ਅਗਵਾਈ ਹੇਠ ਭਾਰੀ ਫੌਜ਼ ਮੁਲਤਾਨ ਤੇ ਕਬਜ਼ਾ ਕਰਨ ਲਈ ਭੇਜੀ। ਫੌਜ਼ ਨੇ ਮੁਲਤਾਨ ਨੂੰ ਘੇਰਾ ਪਾ ਲਿਆ। ਘੇਰਾ ਚਾਰ ਮਹੀਨੇ ਤੱਕ ਚੱਲਦਾ ਰਿਹਾ। ਅੰਤ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅਕਾਲੀ ਟੁੱਕੜੀ ਕਿਲ੍ਹੇ ਅੰਦਰ ਦਾਖਲ ਹੋ ਗਈ। ਨਵਾਬ ਮੁਜ਼ੱਫਰ ਖਾਂ ਅਤੇ ਉਸਦੇ ਪੰਜ ਪੁੱਤਰ ਮਾਰੇ ਗਏ। ਮਹਾਰਾਜਾ ਰਣਜੀਤ ਸਿੰਘ ਦਾ ਮੁਲਤਾਨ ਤੇ ਕਬਜ਼ਾ ਹੋ ਗਿਆ।

V. **ਕਸ਼ਮੀਰ ਦੀ ਜਿੱਤ**: ਮਹਾਰਾਜਾ ਰਣਜੀਤ ਸਿੰਘ ਅਤੇ ਅਫ਼ਗਾਨਿਸਤਾਨ ਦਾ ਵਜੀਰ ਫ਼ਤਿਹ ਖਾਂ ਦੋਵੇਂ ਹੀ ਕਸ਼ਮੀਰ ਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਦੋਵੇਂ ਹੀ ਇਕੱਲਿਆਂ ਕਸ਼ਮੀਰ ਤੇ ਹਮਲਾ ਕਰਨ ਦੀ ਸਥਿਤੀ ਵਿੱਚ ਨਹੀਂ ਸਨ। ਦੋਹਾਂ ਨੇ ਰੋਹਤਾਸ ਵਿਖੇ ਇੱਕ ਸਮਝੌਤਾ ਕੀਤਾ। ਇਸ ਸਮਝੌਤੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਖਾਂ


Download Free Study Material From SIKHYA APP

ਨੂੰ ਕਸ਼ਮੀਰ ਤੇ ਹਮਲਾ ਕਰਨ ਲਈ 12000 ਸੈਨਿਕ ਦੇਣੇ ਸਨ। ਬਦਲੇ ਵਿੱਚ ਫ਼ਤਿਹ ਖਾਂ ਨੇ ਕਸ਼ਮੀਰ ਦੇ ਜਿੱਤੇ ਹੋਏ ਇਲਾਕੇ ਅਤੇ ਲੁੱਟਮਾਰ ਦਾ ਤੀਜਾ ਹਿੱਸਾ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਾ ਸੀ। ਜਿੱਤ ਪ੍ਰਾਪਤ ਕਰਨ ਤੇ ਫ਼ਤਿਹ ਖਾਂ ਨੇ ਸਿੱਖਾਂ ਨੂੰ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਤੇ ਜਿੱਤ ਪ੍ਰਾਪਤ ਕਰਨ ਲਈ ਦੋ ਹੋਰ ਸੈਨਿਕ ਮੁਹਿੰਮਾਂ ਭੇਜੀਆਂ। ਅੰਤ 1819 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਦੇ ਗਵਰਨਰ ਜ਼ਬਰ ਖਾਂ ਨੂੰ ਹਰਾ ਦਿੱਤਾ ਅਤੇ ਕਸ਼ਮੀਰ ਤੇ ਕਬਜ਼ਾ ਕਰ ਲਿਆ।

VI. **ਪੇਸ਼ਾਵਰ ਦੀ ਜਿੱਤ:** ਪੇਸ਼ਾਵਰ ਦੇ ਰਸਤੇ ਤੋਂ ਹੀ ਵਿਦੇਸ਼ੀ ਹਮਲਾਵਰ ਪੰਜਾਬ ਅਤੇ ਭਾਰਤ ਤੇ ਹਮਲਾ ਕਰਦੇ ਸਨ। ਇਹ ਇਲਾਕਾ ਪੰਜਾਬ ਲਈ ਵਪਾਰਕ ਅਤੇ ਉਦਯੋਗਿਕ ਪੱਖ ਤੋਂ ਬਹੁਤ ਮਹੱਤਵਪੂਰਨ ਸੀ। ਇਸ ਤੇ ਕਬਜ਼ਾ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ 1818 ਈ: ਤੋਂ 1834 ਈ: ਤੱਕ ਪੰਜ ਸੈਨਿਕ ਮੁਹਿੰਮਾਂ ਭੇਜੀਆਂ। ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ 1823 ਈ: ਵਿੱਚ ਹੀ ਪੇਸ਼ਾਵਰ ਤੇ ਜਿੱਤ ਪ੍ਰਾਪਤ ਕਰ ਲਈ ਸੀ ਪਰ ਅਸਲ ਵਿੱਚ ਉਸਨੇ 1834 ਈ: ਵਿੱਚ ਪੇਸ਼ਾਵਰ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕੀਤਾ। ਪੇਸ਼ਾਵਰ ਜਿੱਤ ਨਾਲ ਮਹਾਰਾਜਾ ਨੂੰ ਬਹੁਤ ਆਰਥਿਕ ਲਾਭ ਹੋਇਆ।

VII. **ਨੌਸ਼ਹਿਰਾ ਜਾਂ ਟਿੱਬੀ ਦੀ ਲੜਾਈ:** 1823 ਈ: ਵਿੱਚ ਕਾਬਲ ਦੇ ਸ਼ਾਸਕ ਆਜ਼ਿਮ ਖਾਂ ਨੇ ਪਿਸ਼ਾਵਰ ਤੇ ਕਬਜ਼ਾ ਕਰ ਲਿਆ। ਉਸਨੇ ਸਿੱਖਾਂ ਵਿਰੁੱਧ ਜੇਹਾਦ ਦਾ ਨਾਅਰਾ ਲਗਾਇਆ। ਹਜ਼ਾਰਾਂ ਅਫ਼ਗਾਨ ਉਸਦੇ ਝੰਡੇ ਹੇਠ ਇਕੱਠੇ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਆਜ਼ਿਮ ਖਾਂ ਦਾ ਮੁਕਾਬਲਾ ਕਰਨ ਲਈ 20000 ਸੈਨਿਕਾਂ ਦੀ ਭਾਰੀ ਫੌਜ ਭੇਜੀ। ਫੌਜ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਆਪ ਕਰ ਰਿਹਾ ਸੀ। ਫੌਜ ਵਿੱਚ ਹਰੀ ਸਿੰਘ ਨਲੂਆ, ਜਨਰਲ ਐਲਾਰਡ, ਜਨਰਲ ਵੈਂਤੂਰਾ, ਅਕਾਲੀ ਫੂਲਾ ਸਿੰਘ, ਫ਼ਤਹਿ ਸਿੰਘ ਆਹਲੂਵਾਲੀਆ ਅਤੇ ਖੜਕ ਸਿੰਘ ਵਰਗੇ ਬਹਾਦਰ ਸੈਨਾਪਤੀ ਸਨ। ਦੋਹਾਂ ਫੌਜਾਂ ਵਿਚਕਾਰ ਨੌਸ਼ਹਿਰਾ ਜਾਂ ਟਿੱਬਾ ਟੇਹਰੀ ਨਾਂ ਦੇ ਸਥਾਨ ਤੇ ਭਿਆਨਕ ਲੜਾਈ ਹੋਈ। ਇਸ ਲੜਾਈ ਵਿੱਚ ਸਿੱਖਾਂ ਦੀ ਜਿੱਤ ਹੋਈ। ਇਸ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਅਤੇ ਕੁਝ


Download Free Study Material From SIKHYA APP

ਹੋਰ ਸਿੱਖ ਯੋਧਾ ਮਾਰੇ ਗਏ। ਇਸ ਹਾਰ ਕਾਰਨ ਹੋਈ ਬੇਇੱਜਤੀ ਕਾਰਨ ਆਜ਼ਿਮ ਖਾਂ ਦੀ ਵੀ ਛੇਤੀ ਹੀ ਮੌਤ ਹੋ ਗਈ।


Download Free Study Material From SIKHYA APP

# ਪਾਠ 17

# ਐਂਗਲੋ–ਸਿੱਖ ਸਬੰਧ 1800–1839

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਯੂਸਫ਼ ਅਲੀ ਮਿਸ਼ਨ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਕਦੋਂ ਭੇਜਿਆ ਗਿਆ ? | 1800 ਈ: |
| 2) ਜਸਵੰਤ ਰਾਓ ਹੋਲਕਰ ਅੰਗਰੇਜਾਂ ਖਿਲਾਫ਼ ਸਹਾਇਤਾ ਲੈਣ ਪੰਜਾਬ ਕਦੋਂ ਆਇਆ ? | 1805 ਈ: |
| 3) ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜਾਂ ਵਿਚਕਾਰ ਪਹਿਲੀ ਸੰਧੀ ਕਦੋਂ / ਕਿੱਥੇ ਹੋਈ ? | 1 ਜਨਵਰੀ 1806 ਈ: ਲਾਹੌਰ |
| 4) ਲਾਹੌਰ ਦੀ ਸੰਧੀ ਤੇ ਅੰਗਰੇਜਾਂ ਵੱਲੋਂ ਕਿਸਨੇ ਹਸਤਾਖਰ ਕੀਤੇ ? | ਜਾਹਨ ਮੈਲਕਮ ਨੇ |
| 5) ਲਾਹੌਰ ਦੀ ਸੰਧੀ ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਿਸਨੇ ਹਸਤਾਖਰ ਕੀਤੇ ? | ਫ਼ਤਿਹ ਸਿੰਘ ਆਹਲੂਵਾਲੀਆ ਨੇ |
| 6) ਮਹਾਰਾਜਾ ਰਣਜੀਤ ਸਿੰਘ ਨੇ ਮਾਲਵਾ ਰਿਆਸਤਾਂ ਤੇ ਕਿੰਨੇ ਹਮਲੇ ਕੀਤੇ ? | 3 |
| 7) ਅੰਮ੍ਰਿਤਸਰ ਸਾਹਿਬ ਦੀ ਸੰਧੀ ਕਦੋਂ ਹੋਈ ? | 25 ਅਪ੍ਰੈਲ 1809 ਈ: |
| 8) ਅੰਮ੍ਰਿਤਸਰ ਸਾਹਿਬ ਦੀ ਸੰਧੀ ਅਨੁਸਾਰ ਕਿਹੜੇ ਦਰਿਆ ਨੂੰ ਮਹਾਰਾਜਾ ਰਣਜੀਤ ਦੇ ਰਾਜ ਦੀ ਹੱਦ ਮੰਨਿਆ ਗਿਆ ? | ਸਤਲੁਜ਼ |
| 9) ਮਹਾਰਾਜਾ ਰਣਜੀਤ ਸਿੰਘ ਨੇ ਕਿਹੜੇ ਅੰਗਰੇਜ ਅਧਿਕਾਰੀ ਨੂੰ ਕੁੰਵਰ ਖੜਕ ਸਿੰਘ ਦੇ ਵਿਆਹ ਤੇ ਸੱਦਾ ਭੇਜਿਆ ? | ਡੇਵਿਡ ਆਕਟਰਲੋਨੀ |
| 10) ਮਹਾਰਾਜਾ ਰਣਜੀਤ ਸਿੰਘ ਨੇ ਵਦਨੀ ਪਿੰਡ ਕਿਸਨੂੰ ਦਿੱਤਾ ਸੀ ? | ਸਦਾ ਕੌਰ ਨੂੰ |



Download Free Study Material From SIKHYA APP

| | |
|---|---|
| 11) ਮਹਾਰਾਜਾ ਰਣਜੀਤ ਸਿੰਘ ਅੰਗਰੇਜਾਂ ਵਿਚਕਾਰ ਵਦਨੀ ਦਾ ਝਗੜਾ ਕਦੋਂ ਹੋਇਆ ? | 1822 ਈ: |
| 12) 1823 ਈ: ਵਿੱਚ ਕਿਸਨੂੰ ਲੁਧਿਆਣਾ ਦਾ ਪੁਲੀਟੀਕਲ ਏਜੰਟ ਨਿਯੁਕਤ ਕੀਤਾ ਗਿਆ ? | ਕੈਪਟਨ ਵੇਡ |
| 13) ਮਹਾਰਾਜਾ ਰਣਜੀਤ ਸਿੰਘ ਦੀ ਬਿਮਾਰੀ ਸਮੇਂ ਅੰਗਰੇਜਾਂ ਨੇ ਕਿਹੜੇ ਡਾਕਟਰ ਨੂੰ ਮਹਾਰਾਜਾ ਦਾ ਇਲਾਜ਼ ਕਰਨ ਲਈ ਭੇਜਿਆ ? | ਡਾਕਟਰ ਮੱਰੇ |
| 14) ਸ਼ਿਕਾਰਪੁਰ ਪਿੰਡ ਮਹਾਰਾਜਾ ਰਣਜੀਤ ਸਿੰਘ ਨੇ ਕਿਸ ਕਬੀਲੇ ਨੂੰ ਹਰਾ ਕੇ ਜਿੱਤਿਆ ਸੀ ? | ਮਜਾਰਿਸ |
| 15) ਮਹਾਰਾਜਾ ਰਣਜੀਤ ਸਿੰਘ ਅਤੇ ਵਿਲੀਅਮ ਬੈਂਟਿਕ ਵਿੱਚ ਕਦੋਂ ਮੁਲਾਕਾਤ ਹੋਈ ? | 26 ਅਕਤੂਬਰ, 1831 ਈ: |
| 16) ਤ੍ਰੈ-ਪੱਖੀ ਸੰਧੀ ਕਦੋਂ ਹੋਈ ? | 26 ਜੂਨ 1838 ਈ: |
| 17) ਤ੍ਰੈ-ਪੱਖੀ ਸੰਧੀ ਵਿੱਚ ਕਿਹੜੀਆਂ ਤਿੰਨ ਧਿਰਾਂ ਸ਼ਾਮਿਲ ਸਨ ? | ਮਹਾਰਾਜਾ ਰਣਜੀਤ ਸਿੰਘ, ਅੰਗਰੇਜ ਅਤੇ ਸ਼ਾਹ ਸ਼ੁਜਾਹ |
| 18) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਦੋਂ ਹੋਈ ? | 27 ਜੂਨ 1839 ਈ: |

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**1) ਜਸਵੰਤ ਰਾਓ ਹੋਲਕਰ ਕੌਣ ਸੀ ?**

ਉੱਤਰ: ਜਸਵੰਤ ਰਾਏ ਹੋਲਕਰ ਇੱਕ ਮਰਾਠਾ ਸਰਦਾਰ ਸੀ। ਉਹ 1805 ਈ: ਵਿੱਚ ਅੰਗਰੇਜ਼ਾਂ ਤੋਂ ਹਾਰ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਅੰਗਰੇਜਾਂ ਖਿਲਾਫ਼ ਸਹਾਇਤਾ ਲੈਣ ਲਈ ਉਹ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸਦਾ ਨਿੱਘਾ ਸਵਾਗਤ ਕੀਤਾ ਪਰ ਸਹਾਇਤਾ ਨਾ ਕੀਤੀ। ਜਸਵੰਤ ਰਾਓ ਹੋਲਕਰ ਨੂੰ ਬਾਅਦ ਵਿੱਚ ਅੰਗਰੇਜਾਂ ਨਾਲ ਸਮਝੌਤਾ ਕਰਨਾ ਪਿਆ।


Download Free Study Material From SIKHYA APP

**2) ਮਹਾਰਾਜਾ ਰਣਜੀਤ ਸਿੰਘ ਨੇ ਜਸਵੰਤ ਰਾਓ ਹੋਲਕਰ ਦੀ ਸਹਾਇਤਾ ਕਿਉਂ ਨਹੀਂ ਕੀਤੀ ?**

ਉੱਤਰ:

1. ਮਹਾਰਾਜਾ ਰਣਜੀਤ ਸਿੰਘ ਅੰਗਰੇਜਾਂ ਦੇ ਅਨੁਸ਼ਾਸਨ ਤੋਂ ਬਹੁਤ ਪ੍ਰਭਾਵਿਤ ਸੀ।
2. ਮਹਾਰਾਜਾ ਅੰਗਰੇਜਾਂ ਨਾਲ ਦੁਸ਼ਮਣੀ ਨਹੀਂ ਲੈਣਾ ਚਾਹੁੰਦਾ ਸੀ।
3. ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਜੇ ਛੋਟਾ ਸੀ। ਮਹਾਰਾਜਾ ਕਿਸੇ ਪ੍ਰਕਾਰ ਦਾ ਜੋਖ਼ਮ ਨਹੀਂ ਲੈਣਾ ਚਾਹੁੰਦਾ ਸੀ।
4. ਬਾਕੀ ਸਿੱਖ ਸਰਦਾਰ ਜਸਵੰਤ ਰਾਏ ਹੋਲਕਰ ਦੀ ਸਹਾਇਤਾ ਕਰਨ ਦੇ ਹੱਕ ਵਿੱਚ ਨਹੀਂ ਸਨ।
5. ਮਹਾਰਾਜਾ ਰਣਜੀਤ ਸਿੰਘ ਪੰਜਾਬ ਨੂੰ ਜੰਗ ਦਾ ਅਖਾੜਾ ਨਹੀਂ ਬਣਾਉਣਾ ਚਾਹੁੰਦਾ ਸੀ।

**3) ਲਾਹੌਰ ਦੀ ਸੰਧੀ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਜਸਵੰਤ ਰਾਓ ਹੋਲਕਰ ਦੀ ਸਹਾਇਤਾ ਨਹੀਂ ਕੀਤੀ ਸੀ। ਇਸ ਲਈ ਅੰਗਰੇਜ਼ ਉਸ ਨਾਲ ਬਹੁਤ ਖੁਸ਼ ਸਨ। ਇਸ ਲਈ ਅੰਗਰੇਜਾਂ ਨੇ 1 ਜਨਵਰੀ 1806 ਈ: ਵਿੱਚ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਨਾਲ ਇੱਕ ਸੰਧੀ ਕੀਤੀ। ਸੰਧੀ ਦੀਆਂ ਸ਼ਰਤਾਂ ਹੇਠ ਲਿਖੀਆਂ ਸਨ:

1. ਰਣਜੀਤ ਸਿੰਘ ਜਸਵੰਤ ਰਾਓ ਹੋਲਕਰ ਅਤੇ ਉਸਦੇ ਸਾਥੀਆਂ ਦੀ ਮੱਦਦ ਨਹੀਂ ਕਰੇਗਾ ਅਤੇ ਉਹਨਾਂ ਨੂੰ ਸ਼ਾਂਤੀਪੂਰਵਕ ਅੰਮ੍ਰਿਤਸਰ ਸਾਹਿਬ ਤੋਂ 30 ਮੀਲ ਦੂਰ ਜਾਣ ਦੇਵੇਗਾ।
2. ਭਵਿੱਖ ਵਿੱਚ ਵੀ ਮਹਾਰਾਜਾ ਹੋਲਕਰ ਨਾਲ ਕੋਈ ਸੰਬੰਧ ਨਹੀਂ ਰੱਖੇਗਾ।
3. ਜਦੋਂ ਤੱਕ ਸਿੱਖ ਅੰਗਰੇਜਾਂ ਦੇ ਦੁਸ਼ਮਣਾਂ ਨਾਲ ਕੋਈ ਸੰਬੰਧ ਨਹੀਂ ਰੱਖਣਗੇ, ਅੰਗਰੇਜ਼ ਉਹਨਾਂ ਦੇ ਇਲਾਕਿਆਂ ਵਿੱਚ ਦਖ਼ਲ ਨਹੀਂ ਦੇਣਗੇ।


Download Free Study Material From SIKHYA APP

**4) 1800 ਤੋਂ 1809 ਈ: ਤੱਕ ਅੰਗਰੇਜ਼ ਸਿੱਖ ਸੰਬੰਧਾਂ ਦਾ ਵਰਣਨ ਕਰੋ। ਜਾਂ**

**ਅੰਮ੍ਰਿਤਸਰ ਦੀ ਸੰਧੀ ਦੀਆਂ ਪਰਿਸਥਿਤੀਆਂ ਦਾ ਵਰਣਨ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਸਾਰੀਆਂ ਸਿੱਖ ਰਿਆਸਤਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਉਸਨੇ ਮਾਲਵਾ ਦੀਆਂ ਕਈ ਰਿਆਸਤਾਂ ਤੇ ਹਮਲੇ ਕੀਤੇ। ਇਹਨਾਂ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜਾਂ ਤੋਂ ਸਹਾਇਤਾ ਮੰਗੀ। ਇਸ ਸਮੇਂ ਭਾਰਤ ਤੇ ਨੈਪੋਲੀਅਨ ਦੇ ਹਮਲੇ ਦਾ ਖਤਰਾ ਵਧ ਗਿਆ ਸੀ। ਇਸ ਲਈ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨਾ ਚਾਹੁੰਦੇ ਸਨ। 1808 ਈ: ਵਿੱਚ ਅੰਗਰੇਜਾਂ ਨੇ ਚਾਰਲਸ ਮੈਟਕਾਫ਼ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਗੱਲਬਾਤ ਕਰਨ ਲਈ ਭੇਜਿਆ ਪਰ ਇਹ ਗੱਲਬਾਤ ਅਸਫ਼ਲ ਰਹੀ। ਜਦੋਂ ਭਾਰਤ ਤੋ ਨੈਪੋਲੀਅਨ ਦੇ ਹਮਲੇ ਦਾ ਖ਼ਤਰਾ ਦੂਰ ਹੋ ਗਿਆ ਤਾਂ ਅੰਗਰੇਜਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਆਪਣੀਆਂ ਸ਼ਰਤਾਂ ਪੂਰੀਆਂ ਕਰਵਾਉਣ ਲਈ ਯੁੱਧ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। 25 ਅਪਰੈਲ, 1809 ਈ: ਵਿੱਚ ਰਣਜੀਤ ਸਿੰਘ ਅੰਗਰੇਜਾਂ ਵਿਚਕਾਰ ਅੰਮ੍ਰਿਤਸਰ ਸਾਹਿਬ ਵਿਖੇ ਸੰਧੀ ਹੋਈ।

**5) ਅੰਮ੍ਰਿਤਸਰ ਦੀ ਸੰਧੀ ਦਾ ਕੀ ਮਹੱਤਵ ਸੀ ?**

ਉੱਤਰ: ਅੰਮ੍ਰਿਤਸਰ ਸਾਹਿਬ ਦੀ ਸੰਧੀ ਦਾ ਮਹੱਤਵ:

1. ਇਸ ਸੰਧੀ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਸਾਮਰਾਜ ਬਣਾਉਣ ਦਾ ਸੁਪਨਾ ਤਬਾਹ ਹੋ ਗਿਆ।
2. ਮਹਾਰਾਜਾ ਰਣਜੀਤ ਸਿੰਘ ਦੇ ਗੌਰਵ ਨੂੰ ਭਾਰੀ ਸੱਟ ਵੱਜੀ।
3. ਅੰਗਰੇਜ਼ ਪੰਜਾਬ ਦੇ ਬਹੁਤ ਨੇੜੇ ਆ ਗਏ।
4. ਮਹਾਰਾਜਾ ਰਣਜੀਤ ਸਿੰਘ ਲਈ ਸਤਲੁਜ਼ ਪਾਰ ਦੇ ਇਲਾਕਿਆਂ ਤੇ ਕਬਜ਼ਾ ਕਰਨਾ ਸੰਭਵ ਨਾ ਰਿਹਾ।
5. ਇਸ ਸੰਧੀ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਨਸ਼ਟ ਹੋਣ ਤੋਂ ਬਚਾ ਲਿਆ।
6. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਪੂਰਬੀ ਸੀਮਾ ਸੁਰੱਖਿਅਤ ਹੋ ਗਈ।


Download Free Study Material From SIKHYA APP

**6) ਅੰਮ੍ਰਿਤਸਰ ਦੀ ਸੰਧੀ ਕਾਰਨ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਹਾਨੀਆਂ ਹੋਈਆਂ ?**

ਉੱਤਰ:ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਸਾਹਿਬ ਦੀ ਸੰਧੀ ਦੀਆਂ ਹਾਨੀਆਂ:

1. ਇਸ ਸੰਧੀ ਨੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਸਾਮਰਾਜ ਬਣਾਉਣ ਦਾ ਸੁਫ਼ਨਾ ਤਬਾਹ ਕਰ ਦਿੱਤਾ।
2. ਇਸ ਸੰਧੀ ਨੇ ਮਹਾਰਾਜੇ ਦੇ ਮਾਣ ਨੂੰ ਬਹੁਤ ਹਾਨੀ ਪਹੁੰਚਾਈ।
3. ਅੰਗਰੇਜ ਪੰਜਾਬ ਦੇ ਹੋਰ ਨੇੜੇ ਪਹੁੰਚ ਗਏ।
4. ਮਹਾਰਾਜਾ ਨੂੰ ਬਹੁਤ ਆਰਥਿਕ ਅਤੇ ਵਪਾਰਕ ਹਾਨੀ ਹੋਈ।

**7) ਅੰਮ੍ਰਿਤਸਰ ਦੀ ਸੰਧੀ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਲਾਭ ਹੋਇਆ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਸਾਹਿਬ ਦੀ ਸੰਧੀ ਦੇ ਲਾਭ:

1. ਇਸ ਸੰਧੀ ਨਾਲ ਮਹਾਰਾਜਾ ਨੇ ਆਪਣਾ ਰਾਜ ਨਸ਼ਟ ਹੋਣ ਤੋਂ ਬਚਾ ਲਿਆ।
2. ਇਸ ਸੰਧੀ ਕਾਰਨ ਮਹਾਰਾਜੇ ਦੇ ਰਾਜ ਦੀ ਪੂਰਬੀ ਸੀਮਾ ਨਿਸਚਿਤ ਹੋ ਗਈ।
3. ਉਸਨੂੰ ਹੁਣ ਪੂਰਬੀ ਇਲਾਕਿਆਂ ਵਿੱਚ ਫੌਜ਼ ਨਾ ਰੱਖਣੀ ਪਈ।
4. ਮਹਾਰਾਜੇ ਨੂੰ ਹੋਰ ਦਿਸ਼ਾਵਾਂ ਵੱਲ ਵਧਣ ਦਾ ਮੌਕਾ ਮਿਲਿਆ।

**8) ਅੰਮ੍ਰਿਤਸਰ ਸਾਹਿਬ ਦੀ ਸੰਧੀ ਦਾ ਅੰਗਰੇਜਾਂ ਨੂੰ ਕੀ ਲਾਭ ਹੋਇਆ ?**

ਉੱਤਰ: ਅੰਮ੍ਰਿਤਸਰ ਸਾਹਿਬ ਦੀ ਸੰਧੀ ਦੇ ਅੰਗਰੇਜਾਂ ਨੂੰ ਲਾਭ:

1. ਅੰਗਰੇਜਾਂ ਨੂੰ ਭਾਰੀ ਇਲਾਕਾਈ ਲਾਭ ਹੋਇਆ।
2. ਅੰਗਰੇਜਾਂ ਦੇ ਮਾਨ-ਸਨਮਾਣ ਵਿੱਚ ਵਾਧਾ ਹੋਇਆ।
3. ਅੰਗਰੇਜਾਂ ਨੂੰ ਮਾਲਵਾ ਦੇ ਸਰਦਾਰਾਂ ਦਾ ਸਾਥ ਮਿਲਿਆ।
4. ਅੰਗਰੇਜਾਂ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਯੁੱਧ ਦਾ ਖਤਰਾ ਟਲ ਗਿਆ।


Download Free Study Material From SIKHYA APP

5. ਪੰਜਾਬ ਅੰਗਰੇਜਾਂ ਅਤੇ ਅਫ਼ਗਾਨਿਸਤਾਨ ਵਿਚਕਾਰ ਮੱਧਵਰਤੀ ਰਾਜ ਬਣ ਗਿਆ।

**9) ਸਿੰਧ ਦੇ ਮਾਮਲੇ ਤੇ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜਾਂ ਵਿਚਕਾਰ ਤਨਾਅ ਦਾ ਕੀ ਕਾਰਨ ਸੀ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਦੋਵੇਂ ਹੀ ਸਿੰਧ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਮਹਾਰਾਜੇ ਨੂੰ ਗੱਲਬਾਤ ਵਿੱਚ ਵਿਅਸਤ ਰੱਖ ਕੇ 1832 ਈ: ਵਿੱਚ ਅੰਗਰੇਜਾਂ ਨੇ ਸਿੰਧ ਨਾਲ ਵਪਾਰਿਕ ਸੰਧੀ ਕਰ ਲਈ। ਮਹਾਰਾਜੇ ਨੂੰ ਗੁੱਸਾ ਤਾਂ ਆਇਆ ਪਰ ਉਸਨੇ ਕੋਈ ਕਦਮ ਨਾ ਚੁੱਕਿਆ। 1838 ਈ: ਵਿੱਚ ਅੰਗਰੇਜਾਂ ਨੇ ਸਿੰਧ ਦੇ ਅਮੀਰਾਂ ਨਾਲ ਇੱਕ ਹੋਰ ਸੰਧੀ ਕਰ ਲਈ। ਇਸ ਨਾਲ ਸਿੰਧ ਅੰਗਰੇਜਾਂ ਦੇ ਅਧੀਨ ਆ ਗਿਆ। ਇਸ ਗੱਲ ਕਰਕੇ ਮਹਾਰਾਜਾ ਅੰਗਰੇਜਾਂ ਖਿਲਾਫ਼ ਗੁੱਸੇ ਵਿੱਚ ਆ ਗਿਆ।

**10) ਫਿਰੋਜਪੁਰ ਦੇ ਪ੍ਰਸ਼ਨ ਤੇ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜਾਂ ਵਿਚਕਾਰ ਤਨਾਅ ਪੈਦਾ ਕਿਉਂ ਹੋਇਆ ?**

ਉੱਤਰ: ਫਿਰੋਜਪੁਰ ਲਾਹੌਰ ਤੋਂ ਸਿਰਫ਼ 40 ਮੀਲ ਦੂਰ ਸੀ। ਇੱਥੇ ਰਹਿ ਕੇ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੇ ਪੂਰੀ ਤਰ੍ਹਾਂ ਨਜ਼ਰ ਰੱਖ ਸਕਦੇ ਸਨ। ਇਸ ਲਈ 1835 ਈ: ਵਿੱਚ ਅੰਗਰੇਜਾਂ ਨੇ ਫਿਰੋਜਪੁਰ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ। 1838 ਈ: ਵਿੱਚ ਉਹਨਾਂ ਨੇ ਫਿਰੋਜਪੁਰ ਵਿਖੇ ਇੱਕ ਸੈਨਿਕ ਛਾਉਣੀ ਬਣਾ ਲਈ। ਮਹਾਰਾਜੇ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਪਰ ਅੰਗਰੇਜਾਂ ਨੇ ਬਿਲਕੁੱਲ ਪ੍ਰਵਾਹ ਨਾ ਕੀਤੀ।

**11) ਤ੍ਰੈ-ਪੱਖੀ ਸੰਧੀ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: 1837 ਈ: ਵਿੱਚ ਰੂਸ ਤੇਜ਼ੀ ਨਾਲ ਏਸ਼ੀਆ ਵੱਲ ਵੱਧ ਰਿਹਾ ਸੀ। ਅੰਗਰੇਜਾਂ ਨੂੰ ਖਤਰਾ ਪੈ ਗਿਆ ਕਿ ਕਿਤੇ ਰੂਸ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਤੇ ਹਮਲਾ ਨਾ ਕਰ ਦੇਵੇ। ਇਸ ਲਈ ਉਹਨਾਂ ਨੇ ਅਫ਼ਗਾਨਿਸਤਾਨ ਦੇ ਸਾਬਕਾ ਸ਼ਾਸਕ ਸ਼ਾਹ ਸ਼ੁਜਾਹ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਨਾਲ ਲੈ ਕੇ ਤ੍ਰੈ-ਪੱਖੀ ਸੰਧੀ ਕੀਤੀ। ਇਸ ਸੰਧੀ ਅਨੁਸਾਰ ਅਫ਼ਗਾਨਿਸਤਾਨ ਦੇ ਸ਼ਾਸਕ ਦੋਸਤ ਮੁਹੰਮਦ ਨੂੰ ਗੱਦੀ ਤੋਂ ਉਤਾਰ ਕੇ ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਨਵਾਂ ਸ਼ਾਸਕ ਬਣਾਉਣ ਦਾ ਫੈਸਲਾ ਕੀਤਾ ਗਿਆ। ਇਹ ਸੰਧੀ 26 ਜੂਨ 1838 ਈ: ਨੂੰ ਹੋਈ।


Download Free Study Material From SIKHYA APP

**12) ਤ੍ਰੈ-ਪੱਖੀ ਸੰਧੀ ਦੀਆਂ ਸ਼ਰਤਾਂ ਕੀ ਸਨ ?**

ਉੱਤਰ: ਤ੍ਰੈ-ਪੱਖੀ ਸੰਧੀ ਦੀਆਂ ਸ਼ਰਤਾਂ:

1. ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾਇਆ ਜਾਵੇਗਾ।
2. ਸ਼ਾਹ ਸ਼ੁਜਾਹ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਅਫ਼ਗਾਨ ਇਲਾਕਿਆਂ ਤੇ ਮਹਾਰਾਜੇ ਦਾ ਅਧਿਕਾਰ ਸਵੀਕਾਰ ਕਰ ਲਵੇਗਾ।
3. ਸਿੰਧ ਦੇ ਸਬੰਧ ਵਿੱਚ ਸ਼ਾਹ ਸ਼ੁਜਾਹ ਮਹਾਰਾਜੇ ਅਤੇ ਅੰਗਰੇਜਾਂ ਵਿਚਕਾਰ ਹੋਣ ਵਾਲੇ ਫੈਸਲੇ ਨੂੰ ਮੰਨੇਗਾ।
4. ਅੰਗਰੇਜ਼ਾਂ ਅਤੇ ਸਿੱਖਾਂ ਦੀ ਸਹਾਇਤਾ ਤੋਂ ਬਿਨਾਂ ਸ਼ਾਹ ਸੁਜਾਹ ਕਿਸੇ ਹੋਰ ਸ਼ਕਤੀ ਨਾਲ ਸਬੰਧ ਨਹੀਂ ਬਣਾਵੇਗਾ।
5. ਇੱਕ ਦੇਸ਼ ਦਾ ਦੁਸ਼ਮਣ ਦੂਜੇ ਦੋ ਦੇਸ਼ਾਂ ਦਾ ਵੀ ਦੁਸ਼ਮਣ ਸਮਝਿਆ ਜਾਵੇਗਾ।
6. ਸ਼ਾਹ ਸ਼ੁਜਾਹ ਨੂੰ ਗੱਦੀ ਤੇ ਬਿਠਾਉਣ ਲਈ ਮਹਾਰਾਜਾ ਰਣਜੀਤ ਸਿੰਘ 5000 ਸੈਨਿਕ ਭੇਜੇਗਾ।

**13) 1809 ਤੋਂ 1839 ਈ: ਵਿੱਚ ਅੰਗਰੇਜ਼-ਸਿੱਖ ਸਬੰਧਾਂ ਦਾ ਵਰਣਨ ਕਰੋ।**

ਉੱਤਰ: 1809 ਈ: ਤੋਂ 1830 ਈ: ਤੱਕ ਅੰਗਰੇਜਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਸਬੰਧ ਬਦਲਦੇ ਰਹੇ। 1809 ਈ: ਵਿੱਚ ਮਹਾਰਾਜਾ ਅਤੇ ਅੰਗਰੇਜਾਂ ਵਿਚਕਾਰ ਅੰਮ੍ਰਿਤਸਰ ਸਾਹਿਬ ਦੀ ਸੰਧੀ ਹੋਈ ਜਿਹੜੀ ਮਹਾਰਾਜਾ ਲਈ ਨੁਕਸਾਨਦਾਇਕ ਅਤੇ ਅੰਗਰੇਜ਼ਾਂ ਲਈ ਲਾਭਦਾਇਕ ਸਿੱਧ ਹੋਈ। ਇਸ ਤੋਂ ਬਾਅਦ ਕੁਝ ਸਮੇਂ ਲਈ ਮਹਾਰਾਜਾ ਅਤੇ ਅੰਗਰੇਜਾਂ ਵਿੱਚਕਾਰ ਮਿੱਤਰਤਾ ਸਥਾਪਿਤ ਹੋ ਗਈ। ਜਦੋਂ ਮਹਾਰਾਜਾ ਬਿਮਾਰ ਹੋਇਆ ਤਾਂ ਅੰਗਰੇਜਾਂ ਨੇ ਡਾਕਟਰ ਮੱਰੇ ਨੂੰ ਇਲਾਜ ਲਈ ਭੇਜਿਆ। 1830 ਤੋਂ 1839 ਈ: ਤੱਕ ਦੇ ਸਮੇਂ ਦੌਰਾਨ ਸਿੰਧ, ਸ਼ਿਕਾਰਪੁਰ ਅਤੇ ਫਿਰੋਜ਼ਪੁਰ ਦੇ ਮਸਲੇ ਤੇ ਮਹਾਰਾਜਾ ਅਤੇ ਅੰਗਰੇਜਾਂ ਵਿਚਕਾਰ ਤਨਾਅ ਪੈਦਾ ਹੋ ਗਿਆ।


Download Free Study Material From SIKHYA APP

**14) ਮਹਾਰਾਜਾ ਰਣਜੀਤ ਸਿੰਘ ਨੇ ਹਮੇਸ਼ਾ ਅੰਗਰੇਜਾਂ ਸਾਹਮਣੇ ਝੁਕਣ ਦੀ ਨੀਤੀ ਅਪਣਾਈ। ਸਪਸ਼ਟ ਕਰੋ।**

ਉੱਤਰ: ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਹਮੇਸ਼ਾਂ ਅੰਗਰੇਜਾਂ ਸਾਹਮਣੇ ਝੁਕਣ ਦੀ ਨੀਤੀ ਅਪਣਾਈ। 1809 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜਾਂ ਨਾਲ ਅੰਮ੍ਰਿਤਸਰ ਸਾਹਿਬ ਦੀ ਸੰਧੀਕੀਤੀ। ਇਸ ਸੰਧੀ ਕਾਰਨ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਸਾਮਰਾਜ ਸਥਾਪਿਤ ਕਰਨ ਦਾ ਸੁਫ਼ਨਾ ਮਿੱਟੀ ਵਿੱਚ ਮਿਲ ਗਿਆ। ਵਦਨੀ ਪਿੰਡ, ਸ਼ਿਕਾਰਪੁਰ ਅਤੇ ਫ਼ਿਰੋਜ਼ਪੁਰ ਦੇ ਮਸਲੇ ਤੇ ਵੀ ਮਹਾਰਾਜੇ ਨੂੰ ਪਿੱਛੇ ਹਟਣਾ ਪਿਆ ਪਰ ਉਸਨੇ ਅੰਗਰੇਜਾਂ ਖਿਲਾਫ਼ ਕੋਈ ਕਾਰਵਾਈ ਨਾ ਕੀਤੀ। ਮਹਾਰਾਜੇ ਨੂੰ ਧੋਖੇ ਵਿੱਚ ਰੱਖ ਕੇ ਅੰਗਰੇਜਾਂ ਨੇ ਸਿੰਧ ਨਾਲ ਵਪਾਰਕ ਸੰਧੀ ਕਰ ਲਈ ਪਰ ਮਹਾਰਾਜਾ ਨੇ ਕੁਝ ਨਾ ਕੀਤਾ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਅੰਮ੍ਰਿਤਸਰ ਦੀ ਸੰਧੀ ਕਿਹਨਾਂ ਹਾਲਤਾਂ ਵਿੱਚ ਹੋਈ? ਇਸ ਸੰਧੀ ਕਾਰਨ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਲਾਭ ਅਤੇ ਕੀ ਹਾਨੀਆਂ ਹੋਈਆਂ? ਅੰਗਰੇਜਾਂ ਨੂੰ ਇਸਦਾ ਕੀ ਲਾਭ ਹੋਇਆ?**

ਉੱਤਰ:

I. **ਅੰਮ੍ਰਿਤਸਰ ਦੀ ਸੰਧੀ:** ਮਹਾਰਾਜਾ ਰਣਜੀਤ ਸਿੰਘ ਸਾਰੀਆਂ ਸਿੱਖ ਰਿਆਸਤਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਉਸਨੇ ਮਾਲਵਾ ਦੀਆਂ ਕਈ ਰਿਆਸਤਾਂ ਤੇ ਹਮਲੇ ਕੀਤੇ। ਇਹਨਾਂ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜਾਂ ਤੋਂ ਸਹਾਇਤਾ ਮੰਗੀ। ਇਸ ਸਮੇਂ ਭਾਰਤ ਤੇ ਨੈਪੋਲੀਅਨ ਦੇ ਹਮਲੇ ਦਾ ਖਤਰਾ ਵਧ ਗਿਆ ਸੀ। ਇਸ ਲਈ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨਾ ਚਾਹੁੰਦੇ ਸਨ। 1808 ਈ: ਵਿੱਚ ਅੰਗਰੇਜਾਂ ਨੇ ਚਾਰਲਸ ਮੈਟਕਾਫ਼ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਗੱਲਬਾਤ ਕਰਨ ਲਈ ਭੇਜਿਆ ਪਰ ਇਹ ਗੱਲਬਾਤ ਅਸਫ਼ਲ ਰਹੀ। ਜਦੋਂ ਭਾਰਤ ਤੋ ਨੈਪੋਲੀਅਨ ਦੇ ਹਮਲੇ ਦਾ ਖ਼ਤਰਾ ਦੂਰ ਹੋ ਗਿਆ ਤਾਂ ਅੰਗਰੇਜਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ


Download Free Study Material From SIKHYA APP

ਆਪਣੀਆਂ ਸ਼ਰਤਾਂ ਪੂਰੀਆਂ ਕਰਵਾਉਣ ਲਈ ਯੁੱਧ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। 25 ਅਪਰੈਲ, 1809 ਈ: ਵਿੱਚ ਰਣਜੀਤ ਸਿੰਘ ਅੰਗਰੇਜਾਂ ਵਿਚਕਾਰ ਅੰਮ੍ਰਿਤਸਰ ਸਾਹਿਬ ਵਿਖੇ ਸੰਧੀ ਹੋਈ।

**II. ਮਹਾਰਾਜਾ ਰਣਜੀਤ ਸਿੰਘ ਨੂੰ ਹਾਨੀਆਂ:**

1. ਇਸ ਸੰਧੀ ਨੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਸਾਮਰਾਜ ਬਣਾਉਣ ਦਾ ਸੁਫ਼ਨਾ ਤਬਾਹ ਕਰ ਦਿੱਤਾ।
2. ਇਸ ਸੰਧੀ ਨੇ ਮਹਾਰਾਜੇ ਦੇ ਮਾਣ ਨੂੰ ਬਹੁਤ ਹਾਨੀ ਪਹੁੰਚਾਈ।
3. ਅੰਗਰੇਜ ਪੰਜਾਬ ਦੇ ਹੋਰ ਨੇੜੇ ਪਹੁੰਚ ਗਏ।
4. ਮਹਾਰਾਜਾ ਨੂੰ ਬਹੁਤ ਆਰਥਿਕ ਅਤੇ ਵਪਾਰਕ ਹਾਨੀ ਹੋਈ।

**III. ਮਹਾਰਾਜਾ ਰਣਜੀਤ ਸਿੰਘ ਨੂੰ ਲਾਭ:**

1. ਇਸ ਸੰਧੀ ਨਾਲ ਮਹਾਰਾਜਾ ਨੇ ਆਪਣਾ ਰਾਜ ਨਸ਼ਟ ਹੋਣ ਤੋਂ ਬਚਾ ਲਿਆ।
2. ਇਸ ਸੰਧੀ ਕਾਰਨ ਮਹਾਰਾਜੇ ਦੇ ਰਾਜ ਦੀ ਪੂਰਬੀ ਸੀਮਾ ਨਿਸਚਿਤ ਹੋ ਗਈ।
3. ਉਸਨੂੰ ਹੁਣ ਪੂਰਬੀ ਇਲਾਕਿਆਂ ਵਿੱਚ ਫੌਜ਼ ਨਾ ਰੱਖਣੀ ਪਈ।
4. ਮਹਾਰਾਜੇ ਨੂੰ ਹੋਰ ਦਿਸ਼ਾਵਾਂ ਵੱਲ ਵਧਣ ਦਾ ਮੌਕਾ ਮਿਲਿਆ।

**IV. ਅੰਗਰੇਜਾਂ ਨੂੰ ਲਾਭ:**

1. ਅੰਗਰੇਜਾਂ ਨੂੰ ਭਾਰੀ ਇਲਾਕਾਈ ਲਾਭ ਹੋਇਆ।
2. ਅੰਗਰੇਜਾਂ ਦੇ ਮਾਨ-ਸਨਮਾਣ ਵਿੱਚ ਵਾਧਾ ਹੋਇਆ।
3. ਅੰਗਰੇਜਾਂ ਨੂੰ ਮਾਲਵਾ ਦੇ ਸਰਦਾਰਾਂ ਦਾ ਸਾਥ ਮਿਲਿਆ।
4. ਅੰਗਰੇਜਾਂ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਯੁੱਧ ਦਾ ਖਤਰਾ ਟਲ ਗਿਆ।
5. ਪੰਜਾਬ ਅੰਗਰੇਜਾਂ ਅਤੇ ਅਫ਼ਗਾਨਿਸਤਾਨ ਵਿਚਕਾਰ ਮੱਧਵਰਤੀ ਰਾਜ ਬਣ ਗਿਆ।


Download Free Study Material From SIKHYA APP

**2) ਤ੍ਰੈ-ਪੱਖੀ ਸੰਧੀ ਤੇ ਇੱਕ ਸੰਖੇਪ ਨੋਟ ਲਿਖੋ। ਤ੍ਰੈ-ਪੱਖੀ ਸੰਧੀ ਦੀਆਂ ਸ਼ਰਤਾਂ ਕੀ ਸਨ ?**

ਉੱਤਰ:

I. **ਤ੍ਰੈ-ਪੱਖੀ ਸੰਧੀ:** 1837 ਈ: ਵਿੱਚ ਰੂਸ ਤੇਜ਼ੀ ਨਾਲ ਏਸ਼ੀਆ ਵੱਲ ਵੱਧ ਰਿਹਾ ਸੀ। ਅੰਗਰੇਜਾਂ ਨੂੰ ਖਤਰਾ ਪੈ ਗਿਆ ਕਿ ਕਿਤੇ ਰੂਸ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਤੇ ਹਮਲਾ ਨਾ ਕਰ ਦੇਵੇ। ਇਸ ਲਈ ਉਹਨਾਂ ਨੇ ਅਫ਼ਗਾਨਿਸਤਾਨ ਦੇ ਸਾਬਕਾ ਸ਼ਾਸਕ ਸ਼ਾਹ ਸ਼ੁਜਾਹ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਨਾਲ ਲੈ ਕੇ ਤ੍ਰੈ-ਪੱਖੀ ਸੰਧੀ ਕੀਤੀ। ਇਸ ਸੰਧੀ ਅਨੁਸਾਰ ਅਫ਼ਗਾਨਿਸਤਾਨ ਦੇ ਸ਼ਾਸਕ ਦੋਸਤ ਮੁਹੰਮਦ ਨੂੰ ਗੱਦੀ ਤੋਂ ਉਤਾਰ ਕੇ ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਨਵਾਂ ਸ਼ਾਸਕ ਬਣਾਉਣ ਦਾ ਫੈਸਲਾ ਕੀਤਾ ਗਿਆ। ਇਹ ਸੰਧੀ 26 ਜੂਨ 1838 ਈ: ਨੂੰ ਹੋਈ।

II. **ਤ੍ਰੈ-ਪੱਖੀ ਸੰਧੀ ਦੀਆਂ ਸ਼ਰਤਾਂ:**

1. ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾਇਆ ਜਾਵੇਗਾ।
2. ਸ਼ਾਹ ਸ਼ੁਜਾਹ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਅਫ਼ਗਾਨ ਇਲਾਕਿਆਂ ਤੇ ਮਹਾਰਾਜੇ ਦਾ ਅਧਿਕਾਰ ਸਵੀਕਾਰ ਕਰ ਲਵੇਗਾ।
3. ਸਿੰਧ ਦੇ ਸਬੰਧ ਵਿੱਚ ਸ਼ਾਹ ਸ਼ੁਜਾਹ ਮਹਾਰਾਜੇ ਅਤੇ ਅੰਗਰੇਜਾਂ ਵਿਚਕਾਰ ਹੋਣ ਵਾਲੇ ਫੈਸਲੇ ਨੂੰ ਮੰਨੇਗਾ।
4. ਅੰਗਰੇਜ਼ਾਂ ਅਤੇ ਸਿੱਖਾਂ ਦੀ ਸਹਾਇਤਾ ਤੋਂ ਬਿਨਾਂ ਸ਼ਾਹ ਸੁਜਾਹ ਕਿਸੇ ਹੋਰ ਸ਼ਕਤੀ ਨਾਲ ਸਬੰਧ ਨਹੀਂ ਬਣਾਵੇਗਾ।
5. ਇੱਕ ਦੇਸ਼ ਦਾ ਦੁਸ਼ਮਣ ਦੂਜੇ ਦੋ ਦੇਸ਼ਾਂ ਦਾ ਵੀ ਦੁਸ਼ਮਣ ਸਮਝਿਆ ਜਾਵੇਗਾ।
6. ਸ਼ਾਹ ਸ਼ੁਜਾਹ ਨੂੰ ਗੱਦੀ ਤੇ ਬਿਠਾਉਣ ਲਈ ਮਹਾਰਾਜਾ ਰਣਜੀਤ ਸਿੰਘ 5000 ਸੈਨਿਕ ਭੇਜੇਗਾ।


Download Free Study Material From SIKHYA APP

**3) 1800 ਤੋਂ 1809 ਈ: ਤੱਕ ਅੰਗਰੇਜ਼ ਸਿੱਖ ਸੰਬੰਧਾਂ ਦਾ ਵਰਣਨ ਕਰੋ।**

ਉੱਤਰ: 1800 ਈ: ਤੋਂ 1809 ਈ: ਤੱਕ ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜਾਂ ਨਾਲ ਸੰਬੰਧ ਸ਼ਾਂਤੀਪੂਰਨ ਰਹੇ। ਇਸ ਦੌਰਾਨ ਹੇਠ ਲਿਖੀਆਂ ਘਟਨਾਵਾਂ ਹੋਈਆਂ:

I. **ਯੂਸਫ਼ ਅਲੀ ਮਿਸ਼ਨ:** ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਸ਼ਾਸਕ ਨਾਲ ਮਿੱਤਰਤਾ ਕਰ ਲਈ। ਇਸ ਨਾਲ ਅੰਗਰੇਜਾਂ ਨੂੰ ਡਰ ਪੈ ਗਿਆ ਕਿ ਕਿਤੇ ਮਹਾਰਾਜਾ ਅਫ਼ਗਾਨਿਸਤਾਨ ਨਾਲ ਲੜ ਕੇ ਅੰਗਰੇਜਾਂ ਤੇ ਹਮਲਾ ਨਾ ਕਰ ਦੇਵੇ। ਇਸ ਲਈ 1800 ਈ: ਵਿੱਚ ਅੰਗਰੇਜਾਂ ਨੇ ਯੂਸਫ਼ ਅਲੀ ਨੂੰ ਆਪਣਾ ਪ੍ਰਤੀਨਿਧੀ ਬਣਾ ਕੇ ਮਹਾਰਾਜਾ ਕੋਲ ਭੇਜਿਆ। ਇਸ ਨਾਲ ਅੰਗਰੇਜਾਂ ਅਤੇ ਮਹਾਰਾਜਾ ਵਿਚਕਾਰ ਪਹਿਲੀ ਵਾਰ ਸੰਪਰਕ ਸਥਾਪਿਤ ਹੋਇਆ।

II. **ਹੋਲਕਰ ਦਾ ਪੰਜਾਬ ਆਉਣਾ:** ਜਸਵੰਤ ਰਾਏ ਹੋਲਕਰ ਮਰਾਠਾ ਸਰਦਾਰ ਸੀ। ਉਹ 1805 ਈ: ਵਿੱਚ ਅੰਗਰੇਜ਼ਾਂ ਤੋਂ ਹਾਰ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਅੰਗਰੇਜਾਂ ਖਿਲਾਫ਼ ਸਹਾਇਤਾ ਲੈਣ ਲਈ ਉਹ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸਦਾ ਨਿੱਘਾ ਸਵਾਗਤ ਕੀਤਾ ਪਰ ਸਹਾਇਤਾ ਨਾ ਕੀਤੀ। ਇਸ ਨਾਲ ਅੰਗਰੇਜਾਂ ਅਤੇ ਮਹਾਰਾਜਾ ਵਿਚਕਾਰ ਸੁਖਾਵੇਂ ਸੰਬੰਧਾਂ ਦਾ ਆਰੰਭ ਹੋਇਆ।

III. **ਲਾਹੌਰ ਦੀ ਸੰਧੀ:** ਮਹਾਰਾਜਾ ਰਣਜੀਤ ਸਿੰਘ ਨੇ ਜਸਵੰਤ ਰਾਓ ਹੋਲਕਰ ਦੀ ਸਹਾਇਤਾ ਨਹੀਂ ਕੀਤੀ ਸੀ। ਇਸ ਲਈ ਅੰਗਰੇਜ਼ ਉਸ ਨਾਲ ਬਹੁਤ ਖੁਸ਼ ਸਨ। ਇਸ ਲਈ ਅੰਗਰੇਜਾਂ ਨੇ 1 ਜਨਵਰੀ 1806 ਈ: ਵਿੱਚ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਨਾਲ ਇੱਕ ਸੰਧੀ ਕੀਤੀ। ਇਸ ਸੰਧੀ ਅਨੁਸਾਰ ਇਹ ਫੈਸਲਾ ਹੋਇਆ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ ਇੱਕ ਦੂਜੇ ਦੇ ਦੁਸ਼ਮਨਾਂ ਨਾਲ ਸੰਬੰਧ ਨਹੀਂ ਰੱਖਣਗੇ।

IV. **ਅੰਮ੍ਰਿਤਸਰ ਦੀ ਸੰਧੀ:** ਮਹਾਰਾਜਾ ਰਣਜੀਤ ਸਿੰਘ ਸਾਰੀਆਂ ਸਿੱਖ ਰਿਆਸਤਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਉਸਨੇ ਮਾਲਵਾ ਦੀਆਂ ਕਈ ਰਿਆਸਤਾਂ ਤੇ ਹਮਲੇ ਕੀਤੇ। ਇਹਨਾਂ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜਾਂ ਤੋਂ ਸਹਾਇਤਾ ਮੰਗੀ। ਇਸ ਸਮੇਂ ਭਾਰਤ ਤੇ ਨੈਪੋਲੀਅਨ ਦੇ ਹਮਲੇ ਦਾ ਖਤਰਾ ਵਧ ਗਿਆ ਸੀ। ਇਸ ਲਈ ਅੰਗਰੇਜ਼


Download Free Study Material From SIKHYA APP

ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨਾ ਚਾਹੁੰਦੇ ਸਨ। 1808 ਈ: ਵਿੱਚ ਅੰਗਰੇਜਾਂ ਨੇ ਚਾਰਲਸ ਮੈਟਕਾਫ਼ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਗੱਲਬਾਤ ਕਰਨ ਲਈ ਭੇਜਿਆ ਪਰ ਇਹ ਗੱਲਬਾਤ ਅਸਫ਼ਲ ਰਹੀ। ਜਦੋਂ ਭਾਰਤ ਤੋ ਨੈਪੋਲੀਅਨ ਦੇ ਹਮਲੇ ਦਾ ਖ਼ਤਰਾ ਦੂਰ ਹੋ ਗਿਆ ਤਾਂ ਅੰਗਰੇਜਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਆਪਣੀਆਂ ਸ਼ਰਤਾਂ ਪੂਰੀਆਂ ਕਰਵਾਉਣ ਲਈ ਯੁੱਧ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। 25 ਅਪਰੈਲ, 1809 ਈ: ਵਿੱਚ ਰਣਜੀਤ ਸਿੰਘ ਅੰਗਰੇਜਾਂ ਵਿਚਕਾਰ ਅੰਮ੍ਰਿਤਸਰ ਸਾਹਿਬ ਵਿਖੇ ਸੰਧੀ ਹੋਈ।ਇਸ ਸੰਧੀ ਅਨੁਸਾਰ ਸਤਲੁਜ਼ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੀ ਪੂਰਬੀ ਹੱਦ ਮੰਨ ਲਿਆ ਗਿਆ।

**4) 1809 ਤੋਂ 1839 ਈ: ਤੱਕ ਅੰਗਰੇਜ਼-ਸਿੱਖ ਸੰਬੰਧਾਂ ਦਾ ਵਰਣਨ ਕਰੋ।**

ਉੱਤਰ: 1809 ਤੋਂ 1839 ਈ: ਤੱਕ ਅੰਗਰੇਜ-ਸਿੱਖ ਸੰਬੰਧ:

I. **ਸ਼ਕ ਦਾ ਮਾਹੌਲ:** 1809 ਈ: ਤੋਂ 1812 ਈ: ਤੱਕ ਮਹਾਰਾਜਾ ਅਤੇ ਅੰਗਰੇਜ਼ ਦੋਹਾਂ ਵਿਚਕਾਰ ਸ਼ੱਕ ਦਾ ਮਾਹੌਲ ਬਣਿਆ ਰਿਹਾ। ਦੋਹਾਂ ਨੇ ਇੱਕ ਦੂਜੇ ਦੀਆਂ ਗਤੀਵਿਧੀਆਂ ਨੇ ਨਜ਼ਰ ਰੱਖੀ ਅਤੇ ਆਪਣੀ ਆਪਣੀ ਸ਼ਕਤੀ ਵਧਾਉਣ ਦਾ ਯਤਨ ਕੀਤਾ।

II. **ਖੜਕ ਸਿੰਘ ਦਾ ਵਿਆਹ:** 1812 ਈ: ਵਿੱਚ ਕੰਵਰ ਖੜਕ ਸਿੰਘ ਦੇ ਵਿਆਹ ਦੇ ਮੌਕੇ ਤੇ ਮਹਾਰਾਜਾ ਰਣਜੀਤ ਸਿੰਘ ਨੇ ਡੇਵਿਡ ਆਕਟਰਲੋਨੀ ਨੂੰ ਸੱਦਾ ਭੇਜਿਆ। ਡੇਵਿਡ ਆਕਟਰਲੋਨੀ ਨੇ ਇਹ ਸੱਦਾ ਸਵੀਕਾਰ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿੱਚ ਉਸਦਾ ਨਿੱਘਾ ਸਵਾਗਤ ਕੀਤਾ। ਇਸਤੋਂ ਬਾਅਦ ਇਹਨਾਂ ਦੇ ਸੰਬੰਧਾਂ ਵਿੱਚ ਕਾਫ਼ੀ ਸੁਧਾਰ ਆਇਆ ਅਤੇ ਅਗਲੇ ਕੁਝ ਸਾਲ ਉਹਨਾਂ ਨੇ ਇੱਕ ਦੂਜੇ ਦੇ ਮਾਮਲਿਆਂ ਵਿੱਚ ਕੋਈ ਦਖ਼ਲ ਨਾ ਦਿੱਤਾ।

III. **ਵਦਨੀ ਪਿੰਡ ਦਾ ਮਸਲਾ:** ਮਹਾਰਾਜਾ ਰਣਜੀਤ ਸਿੰਘ ਨੇ ਵਦਨੀ ਪਿੰਡ ਆਪਣੀ ਸੱਸ ਸਦਾ ਕੌਰ ਨੂੰ ਦਿੱਤਾ ਸੀ। 1821 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਸਦਾ ਕੌਰ ਵਿਚਕਾਰ ਝਗੜਾ ਹੋ ਗਿਆ। ਮਹਾਰਾਜਾ ਨੇ ਸਦਾ


Download Free Study Material From SIKHYA APP

ਕੌਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਵਦਨੀ ਪਿੰਡ ਤੇ ਕਬਜਾ ਕਰ ਲਿਆ। ਸਦਾ ਕੌਰ ਨੇ ਅੰਗਰੇਜਾਂ ਤੋਂ ਸਹਾਇਤਾ ਮੰਗੀ। ਅੰਗਰੇਜਾਂ ਨੇ ਵਦਨੀ ਪਿੰਡ ਵਿੱਚੋਂ ਮਹਾਰਾਜਾ ਦੇ ਸੈਨਿਕਾਂ ਨੂੰ ਕੱਢ ਦਿੱਤਾ।

IV. **ਦੁਬਾਰਾ ਮਿੱਤਰਤਾ:** 1823 ਈ: ਵਿੱਚ ਕੈਪਟਨ ਵੇਡ ਲੁਧਿਆਣੇ ਦਾ ਪੁਲੀਟੀਕਲ ਏਜੰਟ ਨਿਯੁਕਤ ਹੋਇਆ। ਉਸਨੇ ਵਦਨੀ ਅਤੇ ਕੁਝ ਹੋਰ ਇਲਾਕਿਆਂ ਤੇ ਮਹਾਰਾਜੇ ਦਾ ਅਧਿਕਾਰ ਸਵੀਕਾਰ ਕਰ ਲਿਆ। ਇਸ ਨਾਲ ਮਹਾਰਾਜਾ ਦੇ ਅੰਗਰੇਜਾਂ ਨਾਲ ਸੰਬੰਧਾਂ ਵਿੱਚ ਸੁਧਾਰ ਹੋਇਆ। 1824 ਈ: ਵਿੱਚ ਮਹਾਰਾਜਾ ਨੇ ਅੰਗਰੇਜਾਂ ਵਿਰੁੱਧ ਨੇਪਾਲ ਨੂੰ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ। 1825 ਈ: ਵਿੱਚ ਮਹਾਰਾਜਾ ਨੇ ਭਰਤਪੁਰ ਦੇ ਰਾਜੇ ਨੂੰ ਅੰਗਰੇਜਾਂ ਵਿਰੁੰਧ ਸਹਿਯੋਗ ਨਾ ਦਿੱਤਾ।

1826 ਈ: ਵਿੱਚ ਮਹਾਰਾਜਾਬਿਮਾਰ ਹੋ ਗਿਆ। ਅੰਗਰੇਜਾਂ ਨੇ ਉਸਦੇ ਇਲਾਜ ਲਈ ਡਾਕਟਰ ਮੱਰੇ ਨੂੰ ਭੇਜਿਆ।1828 ਈ: ਵਿੱਚ ਮਹਾਰਾਜਾ ਨੇ ਅੰਗਰੇਜ ਗਵਰਨਰ ਜਨਰਲ ਦੇ ਹੱਥ ਇੰਗਲੈਂਡ ਦੇ ਬਾਦਸ਼ਾਹ ਲਈ ਤੋਹਫ਼ੇ ਭੇਜੇ।

V. **ਸਿੰਧ ਦਾ ਮਸਲਾ:** ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਦੋਵੇਂ ਹੀ ਸਿੰਧ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਮਹਾਰਾਜੇ ਨੂੰ ਗੱਲਬਾਤ ਵਿੱਚ ਵਿਅਸਤ ਰੱਖ ਕੇ 1832 ਈ: ਵਿੱਚ ਅੰਗਰੇਜਾਂ ਨੇ ਸਿੰਧ ਨਾਲ ਵਪਾਰਿਕ ਸੰਧੀ ਕਰ ਲਈ। ਮਹਾਰਾਜੇ ਨੂੰ ਗੁੱਸਾ ਤਾਂ ਆਇਆ ਪਰ ਉਸਨੇ ਕੋਈ ਕਦਮ ਨਾ ਚੁੱਕਿਆ।

VI. **ਸ਼ਿਕਾਰਪੁਰ ਦਾ ਮਸਲਾ:** ਸ਼ਿਕਾਰਪੁਰ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਮਜਾਰਿਸ ਨਾਂ ਦੇ ਇੱਕ ਕਬੀਲੇ ਨੂੰ ਹਰਾ ਕੇ ਪ੍ਰਾਪਤ ਕੀਤਾ ਸੀ। ਅੰਗਰੇਜੀ ਫੌਜ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨੂੰ ਉੱਥੋਂ ਕੱਢ ਦਿੱਤਾ ਅਤੇ ਸ਼ਿਕਾਰਪੁਰ ਨੂੰ ਖਾਲੀ ਕਰਵਾ ਲਿਆ।

VII. **ਫਿਰੋਜਪੁਰ ਦਾ ਮਸਲਾ:** ਫਿਰੋਜਪੁਰ ਲਾਹੌਰ ਤੋਂ ਸਿਰਫ਼ 40 ਮੀਲ ਦੂਰ ਸੀ। ਇੱਥੇ ਰਹਿ ਕੇ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੇ ਪੂਰੀ ਤਰ੍ਹਾਂ ਨਜ਼ਰ ਰੱਖ ਸਕਦੇ ਸਨ। ਇਸ ਲਈ 1835 ਈ: ਵਿੱਚ ਅੰਗਰੇਜਾਂ ਨੇ


Download Free Study Material From SIKHYA APP

ਫਿਰੋਜਪੁਰ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ। 1838 ਈ: ਵਿੱਚ ਉਹਨਾਂ ਨੇ ਫਿਰੋਜਪੁਰ ਵਿਖੇ ਇੱਕ ਸੈਨਿਕ ਛਾਉਣੀ ਬਣਾ ਲਈ। ਮਹਾਰਾਜੇ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਪਰ ਅੰਗਰੇਜਾਂ ਨੇ ਬਿਲਕੁੱਲ ਪ੍ਰਵਾਹ ਨਾ ਕੀਤੀ।


Download Free Study Material From SIKHYA APP

# ਪਾਠ 18

# ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਿਸਤਾਨ ਨਾਲ ਸੰਬੰਧ ਅਤੇ ਉਸਦੀ ਉੱਤਰ-ਪੱਛਮੀ ਸੀਮਾ ਨੀਤੀ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਮਹਾਰਾਜਾ ਰਣਜੀਤ ਸਿੰਘ ਨੇ ਸ਼ੁੱਕਰਚੱਕੀਆ ਮਿਸਲ ਦੀ ਵਾਗਡੋਰ ਕਦੋਂ ਸੰਭਾਲੀ ? | 1797 ਈ: ਵਿੱਚ |
| 2) ਅਫ਼ਗਾਨਿਸਤਾਨ ਦੇ ਕਿਹੜੇ ਸ਼ਾਸਕ ਨੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਤੇ ਕੀਤੇ ਕਬਜ਼ੇ ਨੂੰ ਮਾਨਤਾ ਦਿੱਤੀ ? | ਸ਼ਾਹ ਜਮਾਨ ਨੇ |
| 3) ਸ਼ਾਹ ਜਮਾਨ ਕੌਣ ਸੀ ? | ਅਹਿਮਦ ਸ਼ਾਹ ਅਬਦਾਲੀ ਦਾ ਪੋਤਰਾ |
| 4) ਸ਼ਾਹ ਜਮਾਨ ਨੇ ਲਾਹੌਰ ਤੇ ਕਬਜਾ ਕਦੋਂ ਕੀਤਾ ਸੀ ? | 1798 ਈ: ਵਿੱਚ |
| 5) ਮਹਾਰਾਜਾ ਰਣਜੀਤ ਸਿੰਘ ਨੇ ਕਿਸ ਨਾਲ ਮਿਲਕੇ ਕਸ਼ਮੀਰ ਜਿੱਤਣ ਦੀ ਯੋਜਨਾ ਬਣਾਈ ? | ਫ਼ਤਿਹ ਖਾਂ |
| 6) ਫ਼ਤਿਹ ਖਾਂ ਕੌਣ ਸੀ ? | ਅਫ਼ਗਾਨਿਸਤਾਨ ਦੇ ਬਾਦਸ਼ਾਹ ਮਹਿਮੂਦ ਦਾ ਵਜ਼ੀਰ |
| 7) ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਿਹ ਖਾਂ ਵਿਚਕਾਰ ਕਿੱਥੇ ਅਤੇ ਕਦੋਂ ਕਸ਼ਮੀਰ ਹਮਲੇ ਸਬੰਧੀ ਸਮਝੌਤਾ ਹੋਇਆ ? | 1813 ਈ: ਰੋਹਤਾਸ਼ ਦੇ ਕਿਲ੍ਹੇ ਵਿੱਚ |
| 8) ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਤੇ ਕਬਜ਼ਾ ਕਰਨ ਲਈ ਕਿਸਨੂੰ ਭੇਜਿਆ ? | ਫ਼ਕੀਰ ਅਜੀਜੁਦੀਨ ਨੂੰ |
| 9) ਹਜ਼ਰੋ/ਹੈਦਰੋ/ਛੱਛ ਦੀ ਲੜਾਈ ਕਦੋਂ ਹੋਈ ? | 13 ਜੁਲਾਈ 1813 ਈ: |



Download Free Study Material From SIKHYA APP

| | |
|---|---|
| 10) ਹਜ਼ਰੋ/ਹੈਦਰੋ/ਛੱਛ ਦੀ ਲੜਾਈ ਕਿਹੜੀਆਂ ਧਿਰਾਂ ਵਿਚਕਾਰ ਹੋਈ ? | ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਿਹ ਖਾਂ |
| 11) ਹਜ਼ਰੋ/ਹੈਦਰੋ/ਛੱਛ ਦੀ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਸਿੱਖਾਂ ਦੀ |
| 12) ਮਹਾਰਾਜਾ ਰਣਜੀਤ ਸਿੰਘ ਦਾ ਕਸ਼ਮੀਰ ਨੂੰ ਜਿੱਤਣ ਦਾ ਸੁਫ਼ਨਾ ਕਿਸਨੇ ਪੂਰਾ ਕੀਤਾ ? | ਮਿਸਰ ਦੀਵਾਨ ਚੰਦ ਨੇ |
| 13) ਨੌਸ਼ਹਿਰਾ ਦੀ ਲੜਾਈ ਕਦੋਂ ਹੋਈ ? | 14 ਮਾਰਚ 1823 ਈ: |
| 14) ਨੌਸ਼ਹਿਰਾ ਦੀ ਲੜਾਈ ਕਿਹੜੀਆਂ ਦੋ ਧਿਰਾਂ ਵਿਚਕਾਰ ਹੋਈ ? | ਮਹਾਰਾਜਾ ਰਣਜੀਤ ਸਿੰਘ ਅਤੇ ਆਜ਼ਿਮ ਖਾਂ ਦੀ ਅਗਵਾਈ ਹੇਠ ਇਕੱਠੇ ਹੋਏ ਅਫ਼ਗਾਨਾਂ ਵਿਚਕਾਰ |
| 15) ਨੌਸ਼ਹਿਰਾ ਦੀ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਸਿੱਖਾਂ ਦੀ |
| 16) ਨੌਸ਼ਹਿਰਾ ਦੀ ਲੜਾਈ ਵਿੱਚ ਕਿਹੜੇ ਪ੍ਰਸਿੱਧ ਸਿੱਖ ਜਰਨੈਲ ਨੇ ਸ਼ਹੀਦੀ ਪ੍ਰਾਪਤ ਕੀਤੀ ? | ਅਕਾਲੀ ਫੂਲਾ ਸਿੰਘ |
| 17) ਕਿਸਨੇ ਕਿਹਾ, "ਅੱਲ੍ਹਾ ਨੇ ਮੈਨੂੰ ਪੰਜਾਬ ਅਤੇ ਹਿੰਦੁਸਤਾਨ ਜਿੱਤਣ ਅਤੇ ਅਫ਼ਗਾਨ ਇਲਾਕਿਆਂ ਵਿੱਚੋਂ ਸਿੱਖਾਂ ਨੂੰ ਕੱਢ ਕੇ ਖਤਮ ਕਰਨ ਲਈ ਭੇਜਿਆ ਹੈ" ? | ਸੱਯਦ ਅਹਿਮਦ |
| 18) ਸੱਯਦ ਅਹਿਮਦ ਆਪਣੇ ਆਪ ਨੂੰ ਕਿਸਦਾ ਦੂਤ ਦੱਸਦਾ ਸੀ ? | ਹਜ਼ਰਤ ਮੁਹੰਮਦ ਸਾਹਿਬ ਦਾ |
| 19) ਸੱਯਦ ਅਹਿਮਦ ਖਾਂ ਕਿੱਥੋਂ ਦਾ ਰਹਿਣ ਵਾਲਾ ਸੀ ? | ਬਰੇਲੀ ਦਾ |
| 20) ਸੱਯਦ ਅਹਿਮਦ ਖਾਂ ਕਿਹੜੇ ਸਥਾਨ ਤੇ ਮਾਰਿਆ ਗਿਆ ? | ਬਾਲਾਕੋਟ ਵਿਖੇ |
| 21) ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਸ਼ੁਜਾਹ ਵਿਚਕਾਰ ਸੰਧੀ ਕਦੋਂ ਹੋਈ ? | 12 ਮਾਰਚ 1833 |
| 22) ਮਹਾਰਾਜਾ ਰਣਜੀਤ ਸਿੰਘ ਨੇ ਪੇਸ਼ਾਵਰ ਨੂੰ ਸਿੱਖ ਸਾਮਰਾਜ ਵਿੱਚ ਕਦੋਂ ਸ਼ਾਮਿਲ ਕੀਤਾ ? | 1834 ਈ: ਵਿੱਚ |


Download Free Study Material From SIKHYA APP

| | |
|---|---|
| 23) ਪੇਸ਼ਾਵਰ ਨੂੰ ਸਿੱਖ ਸਾਮਰਾਜ ਵਿੱਚ ਸ਼ਾਮਿਲ ਕਰਨ ਤੋਂ ਬਾਅਦ ਇਸਦਾ ਗਵਰਨਰ ਕਿਸਨੂੰ ਬਣਾਇਆ ਗਿਆ ? | ਹਰੀ ਸਿੰਘ ਨਲੂਆ ਨੂੰ |
| 24) ਜਮਰੌਦ ਦੀ ਲੜਾਈ ਕਦੋਂ ਸ਼ੁਰੂ ਹੋਈ ? | 28 ਅਪ੍ਰੈਲ 1837 ਈ: |
| 25) ਜਮਰੌਦ ਦੀ ਲੜਾਈ ਵਿੱਚ ਕਿਹੜੇ ਪ੍ਰਸਿੱਧ ਸਿੱਖ ਜਰਨੈਲ ਨੇ ਸ਼ਹੀਦੀ ਪ੍ਰਾਪਤ ਕੀਤੀ ? | ਹਰੀ ਸਿੰਘ ਨਲੂਆ |
| 26) ਤ੍ਰੈ-ਪੱਖੀ ਸੰਧੀ ਕਦੋਂ ਹੋਈ ? | 26 ਜੂਨ 1838 ਈ: |
| 27) ਤ੍ਰੈ-ਪੱਖੀ ਸੰਧੀ ਕਿਹੜੀਆਂ ਤਿੰਨ ਧਿਰਾਂ ਵਿਚਕਾਰ ਹੋਈ ? | ਮਹਾਰਾਜਾ ਰਣਜੀਤ ਸਿੰਘ, ਅੰਗਰੇਜਾਂ ਅਤੇ ਸ਼ਾਹ ਸ਼ੁਜਾਹ ਵਿਚਕਾਰ |
| 28) ਉੱਤਰੀ-ਪੱਛਮੀ ਪ੍ਰਦੇਸ਼ਾਂ ਵਿੱਚ ਕਿਹੜੇ ਖ਼ੂੰਖਾਰ ਕਬੀਲੇ ਰਹਿੰਦੇ ਸਨ ? | ਯੂਸਫ਼ਜਈ, ਮੁਹੰਮਦਜਈ, ਅਫ਼ਰੀਦੀ, ਖਟਕ ਆਦਿ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਹਜ਼ਰੋ ਜਾਂ ਹੈਦਰੋ ਜਾਂ ਛੱਛ ਦੀ ਲੜਾਈ ਸੰਬੰਧੀ ਜਾਣਕਾਰੀ ਦਿਓ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਇੱਕ ਲੱਖ ਰੁਪਏ ਸਲਾਨਾ ਜਾਗੀਰ ਬਦਲੇ ਅਟਕ ਦਾ ਕਿਲ੍ਹਾ ਉੱਥੋਂ ਦੇ ਗਵਰਨਰ ਜਹਾਂਦਾਦ ਕੋਲੋਂ ਪ੍ਰਾਪਤ ਕਰ ਲਿਆ। ਜਦੋਂ ਇਸਦਾ ਪਤਾ ਫ਼ਤਹਿ ਖਾਂ ਨੂੰ ਲੱਗਿਆ ਤਾਂ ਉਸਨੂੰ ਬਹੁਤ ਗੁੱਸਾ ਆਇਆ। ਉਹ ਕਸ਼ਮੀਰ ਤੋਂ ਆਪਣੀ ਫੌਜ਼ ਲੈ ਕੇ ਅਟਕ ਵੱਲ ਚੱਲ ਪਿਆ। 13 ਜੁਲਾਈ 1813 ਈ: ਨੂੰ ਹੈਦਰੋ ਜਾਂ ਹਜ਼ਰੋ ਜਾਂ ਛੱਛ ਦੇ ਸਥਾਨ ਤੇ ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਿਹ ਖਾਂ ਦੀਆਂ ਫੌਜਾਂ ਵਿਚਕਾਰ ਲੜਾਈ ਹੋਈ। ਫ਼ਤਿਹ ਖਾਂ ਹਾਰ ਗਿਆ।

**2) ਸ਼ਾਹ ਸ਼ੁਜਾਹ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਸ਼ਾਹ ਸ਼ੁਜਾਹ 1803 ਈ: ਵਿੱਚ ਅਫ਼ਗਾਨਿਸਤਾਨ ਦਾ ਸ਼ਾਸਕ ਬਣਿਆ। 1809 ਈ: ਵਿੱਚ ਸ਼ਾਹ ਮਹਿਮੂਦ ਨੇ ਉਸਨੂੰ ਗੱਦੀ ਤੋਂ ਉਤਾਰ ਕੇ ਗੱਦੀ ਤੇ ਕਬਜ਼ਾ ਕਰ ਲਿਆ। 1812 ਈ: ਵਿੱਚ ਅਫ਼ਗਾਨਿਸਤਾਨ ਦੇ ਗਵਰਨਰ ਅੱਤਾ


Download Free Study Material From SIKHYA APP

ਮੁਹੰਮਦ ਖਾਂ ਨੇ ਉਸਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਪਾ ਦਿੱਤਾ। 1813 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਰਿਹਾਅ ਕਰਵਾ ਲਿਆ। 26 ਜੂਨ 1838 ਈ: ਨੂੰ ਅੰਗਰੇਜਾਂ, ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਸ਼ੁਜਾਹ ਵਿਚਕਾਰ ਹੋਈ ਤ੍ਰੈਪੱਖੀ ਸੰਧੀ ਅਨੁਸਾਰ ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾ ਦਿੱਤਾ ਗਿਆ। ਛੇਤੀ ਹੀ ਉਸ ਵਿਰੁੱਧ ਵਿਦਰੋਹ ਹੋ ਗਿਆ ਜਿਸ ਵਿੱਚ ਉਸਦੀ ਮੌਤ ਹੋ ਗਈ।

**3) ਮਹਾਰਾਜਾ ਰਣਜੀਤ ਸਿੰਘ ਅਤੇ ਦੋਸਤ ਮੁਹੰਮਦ ਖਾਂ ਵਿਚਕਾਰ ਕਿਹੋ ਜਿਹੇ ਸਬੰਧ ਸਨ ?**

ਉੱਤਰ: ਦੋਸਤ ਮੁਹੰਮਦ ਖਾਂ 1826 ਈ: ਵਿੱਚ ਅਫ਼ਗਾਨਿਸਤਾਨ ਦਾ ਸ਼ਾਸਕ ਬਣਿਆ। ਉਹ ਮਹਾਰਾਜਾ ਰਣਜੀਤ ਸਿੰਘ ਦੇ ਵਧਦੇ ਪ੍ਰਭਾਵ ਤੋਂ ਪ੍ਰੇਸ਼ਾਨ ਸੀ। ਮਹਾਰਾਜਾ ਰਣਜੀਤ ਸਿੰਘ ਨੇ 6 ਮਈ 1834 ਈ: ਨੂੰ ਪੇਸ਼ਾਵਰ ਤੇ ਕਬਜ਼ਾ ਕਰ ਲਿਆ।ਦੋਸਤ ਮੁਹੰਮਦ ਖਾਂ ਨੇ 1837 ਈ: ਵਿੱਚ ਆਪਣੇ ਪੁੱਤਰ ਅਕਬਰ ਖਾਂ ਅਧੀਨ ਇੱਕ ਵਿਸ਼ਾਲ ਫੌਜ ਪੇਸ਼ਾਵਰ ਤੇ ਕਬਜ਼ਾ ਕਰਨ ਲਈ ਭੇਜੀ। ਜਮਰੌਦ ਵਿਖੇ ਇੱਕ ਭਿਅੰਕਰ ਲੜਾਈ ਹੋਈ। ਇਸ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਮਹਾਨ ਜਰਨੈਲ ਹਰੀ ਸਿੰਘ ਨਲੂਆ ਸ਼ਹੀਦ ਹੋ ਗਿਆ ਪਰ ਜਿੱਤ ਸਿੱਖਾਂ ਦੀ ਹੀ ਹੋਈ। ਇਸਤੋਂ ਬਾਅਦ ਦੋਸਤ ਮੁਹੰਮਦ ਖਾਂ ਨੇ ਕਦੇ ਪੇਸ਼ਾਵਰ ਵੱਲ ਰੁਖ ਨਾਕੀਤਾ।

**4) ਸੱਯਦ ਅਹਿਮਦ ਦੇ ਜਿਹਾਦ (ਧਰਮਯੁੱਧ) ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸੱਯਦ ਅਹਿਮਦ ਖਾਂ ਬਰੇਲੀ ਦਾ ਰਹਿਣ ਵਾਲਾ ਸੀ। ਉਸਨੇ 1827 ਈ: ਤੋਂ 1831 ਈ: ਤੱਕ ਸਿੱਖਾਂ ਵਿਰੁੱਧ ਜਿਹਾਦ (ਧਰਮਯੁੱਧ) ਦੇ ਨਾਂ ਤੇ ਲੜਾਈ ਜਾਰੀ ਰੱਖੀ। ਉਸਦਾ ਕਹਿਣਾ ਸੀ ਕਿ ਅੱਲਾਹ ਨੇ ਮੈਨੂੰ ਪੰਜਾਬ ਅਤੇ ਹਿੰਦੂਸਤਾਨ ਜਿੱਤਣ ਅਤੇ ਅਫ਼ਗਾਨ ਪ੍ਰਦੇਸਾਂ ਵਿੱਚੋਂ ਸਿੱਖਾਂ ਨੂੰ ਕੱਢਣ ਲਈ ਭੇਜਿਆ ਹੈ। ਉਸਦੀਆਂ ਗੱਲਾਂ ਵਿੱਚ ਆ ਕੇ ਹਜ਼ਾਰਾਂ ਅਫ਼ਗਾਨ ਉਸ ਨਾਲ ਜੁੜ ਗਏ ਅਤੇ ਇੱਕ ਵੱਡੀ ਫੌਜ ਤਿਆਰ ਹੋ ਗਈ। ਉਸਨੂੰ ਸਿੱਖ ਫੌਜਾਂ ਨੇ ਪਹਿਲਾਂ ਸੈਦੂ ਅਤੇ ਫਿਰ ਪੇਸ਼ਾਵਰ ਵਿਖੇ ਹਰਾਇਆ ਪਰ ਉਹ ਬਚ ਗਿਆ ਅਤੇ ਸਿੱਖਾਂ ਖਿਲਾਫ਼ ਲੜਦਾ ਰਿਹਾ। 1831ਈ: ਵਿੱਚ ਬਾਲਾਕੋਟ ਵਿਖੇ


Download Free Study Material From SIKHYA APP

ਉਸਦਾ ਮੁਕਾਬਲਾ ਸ਼ਹਿਜ਼ਾਦਾ ਸ਼ੇਰ ਸਿੰਘ ਦੀਆਂ ਫੌਜਾਂ ਨਾਲ ਹੋਇਆ। ਇਸ ਲੜਾਈ ਵਿੱਚ ਸੱਯਦ ਅਹਿਮਦ ਮਾਰਿਆ ਗਿਆ।

**5) ਜ਼ਮਰੌਦ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਹਰੀ ਸਿੰਘ ਨਲੂਆ ਅਫ਼ਗਾਨਾਂ ਦੇ ਵਧਦੇ ਹਮਲਿਆਂ ਨੂੰ ਰੋਕਣ ਲਈ ਜ਼ਮਰੌਦ ਵਿਖੇ ਕਿਲ੍ਹੇ ਦਾ ਨਿਰਮਾਣ ਕਰ ਰਿਹਾ ਸੀ। ਦੋਸਤ ਮੁਹੰਮਦ ਖਾਂ ਨੇ ਆਪਣੇ ਪੁੱਤਰ ਮੁਹੰਮਦ ਅਕਬਰ ਅਤੇ ਸ਼ਮਸ-ਉਦ-ਦੀਨ ਅਧੀਨ 20000 ਸੈਨਿਕਾਂ ਨੂੰ ਜ਼ਮਰੌਦ ਤੇ ਹਮਲਾ ਕਰਨ ਲਈ ਭੇਜਿਆ। ਇਹ ਹਮਲਾ 28 ਅਪ੍ਰੈਲ 1837 ਈ: ਨੂੰ ਕੀਤਾ ਗਿਆ। ਹਰੀ ਸਿੰਘ ਨਲੂਆ ਪੇਸ਼ਾਵਰ ਵਿਖੇ ਬੀਮਾਰ ਪਿਆ ਸੀ। ਹਮਲੇ ਦੀ ਖਬਰ ਸੁਣਕੇ ਉਹ ਆਪਣੇ 10000 ਸੈਨਿਕਾਂ ਨੂੰ ਨਾਲ ਲੈ ਕੇ ਜਮਰੌਦ ਪੁੱਜਿਆ ਅਤੇ ਯੁੱਧ ਵਿੱਚ ਕੁੱਦ ਪਿਆ। ਅਚਾਨਕ ਦੋ ਗੋਲੇ ਲੱਗ ਜਾਣ ਕਾਰਨ 30 ਅਪ੍ਰੈਲ 1837 ਈ: ਨੂੰ ਹਰੀ ਸਿੰਘ ਨਲੂਏ ਨੇ ਸ਼ਹੀਦੀ ਪ੍ਰਾਪਤ ਕੀਤੀ। ਇਸ ਸ਼ਹੀਦੀ ਦਾ ਬਦਲਾ ਲੈਣ ਲਈ ਸਿੱਖ ਸੈਨਿਕਾਂ ਨੇ ਏਨੀ ਤੇਜ਼ੀ ਨਾਲ ਹਮਲਾ ਕੀਤਾ ਕਿ ਅਫ਼ਗਾਨ ਗਿੱਦੜਾਂ ਵਾਂਗ ਦੌੜ ਗਏ।

**6) ਅਕਾਲੀ ਫੂਲਾ ਸਿੰਘ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਅਕਾਲੀ ਫੂਲਾ ਸਿੰਘ ਬਹੁਤ ਸੂਰਬੀਰ, ਨਿਡਰ ਅਤੇ ਉੱਚੇ ਆਚਰਣ ਵਾਲੇ ਸਿੱਖ ਸਨ। 1807 ਈ: ਵਿੱਚ ਉਹਨਾਂ ਦੀ ਬਹਾਦਰੀ ਸਦਕਾ ਹੀ ਮਹਾਰਾਜਾ ਰਣਜੀਤ ਸਿੰਘ ਕਸੂਰ ਤੇ ਕਬਜ਼ਾ ਕਰਨ ਵਿੱਚ ਸਫ਼ਲ ਹੋ ਸਕਿਆ। ਇਸੇ ਵਰ੍ਹੇ ਹੀ ਅਕਾਲੀ ਫੂਲਾ ਸਿੰਘ ਨੇ ਝੰਗ ਤੇ ਕਬਜ਼ਾ ਕਰ ਲਿਆ। ਅਕਾਲੀ ਫੂਲਾ ਸਿੰਘ ਦੀ ਸਹਾਇਤਾ ਨਾਲ ਹੀ 1816 ਈ: ਵਿੱਚ ਮੁਲਤਾਨ, ਭੱਖਰ ਅਤੇ ਬਹਾਵਲਪੁਰ ਦੇ ਇਲਾਕਿਆਂ ਵਿੱਚ ਸਿੱਖਾਂ ਵਿਰੁੱਧ ਹੋਣ ਵਾਲੇ ਵਿਦਰੋਹਾਂ ਨੂੰ ਦਬਾਇਆ ਜਾ ਸਕਿਆ। 1818 ਈ: ਵਿੱਚ ਮੁਲਤਾਨ ਅਤੇ 1819 ਈ: ਵਿੱਚ ਕਸ਼ਮੀਰ ਦੀ ਜਿੱਤ ਵਿੱਚ ਵੀ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਹਿਯੋਗ ਦਿੱਤਾ। 14 ਮਾਰਚ 1823 ਈ: ਨੂੰ ਨੌਸ਼ਹਿਰਾ ਵਿਖੇ ਅਫ਼ਗਾਨ ਸੈਨਾ ਨਾਲ ਹੋਈ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ।


Download Free Study Material From SIKHYA APP

**7) ਹਰੀ ਸਿੰਘ ਨਲੂਆ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਹਰੀ ਸਿੰਘ ਨਲੂਆ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਸਿੱਧ ਸੈਨਾਪਤੀ ਸੀ। ਉਹ ਬਹੁਤ ਨਿਡਰ, ਬਹਾਦਰ ਅਤੇ ਉੱਚੇ ਆਚਰਨ ਵਾਲਾ ਸੀ। ਉਸਨੇ ਇੱਕ ਵਾਰ ਆਪਣੇ ਹੱਥਾਂ ਨਾਲ ਹੀ ਸ਼ੇਰ ਨੂੰ ਮਾਰ ਦਿੱਤਾ ਸੀ ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਨਲੂਆ ਦਾ ਖਿਤਾਬ ਦਿੱਤਾ। ਉਸਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਨੇਕਾ ਇਲਾਕੇ ਜਿੱਤ ਕੇ ਦਿੱਤੇ। ਉਸਨੇ ਕਸ਼ਮੀਰ ਅਤੇ ਪੇਸ਼ਾਵਰ ਦੇ ਨਾਜ਼ਿਮ ਦੇ ਅਹੁਦੇ ਤੇ ਵੀ ਕੰਮ ਕੀਤਾ ਅਤੇ ਇਹਨਾਂ ਇਲਾਕਿਆਂ ਵਿੱਚ ਬਹੁਤ ਮਹੱਤਵਪੂਰਨ ਸੁਧਾਰ ਕੀਤੇ। 30 ਅਪ੍ਰੈਲ 1837 ਈ: ਵਿੱਚ ਹਰੀ ਸਿੰਘ ਨਲੂਆ ਜ਼ਮਰੌਦ ਦੀ ਲੜਾਈ ਵਿੱਚ ਸ਼ਹੀਦ ਹੋਇਆ। ਉਸਦੀ ਸ਼ਹੀਦੀ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਬਹੁਤ ਦੁੱਖ ਹੋਇਆ ਅਤੇ ਕਈ ਦਿਨ ਉਸਦੀਆਂ ਅੱਖਾਂ ਵਿੱਚੋਂ ਹੰਝੂ ਡਿੱਗਦੇ ਰਹੇ।

**8) ਮਹਾਰਾਜਾ ਰਣਜੀਤ ਸਿੰਘ ਨੂੰ ਉੱਤਰੀ-ਪੱਛਮੀ ਸੀਮਾ ਪ੍ਰਦੇਸ਼ਾਂ ਵਿੱਚ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ?**

ਉੱਤਰ: ਉੱਤਰ-ਪੱਛਮੀ ਸੀਮਾ ਪ੍ਰਦੇਸ਼ਾਂ ਦੀਆਂ ਸਮੱਸਿਆਵਾਂ:

1. ਇਸ ਪਾਸੇ ਤੋਂ ਅਨੇਕਾਂ ਵਿਦੇਸ਼ੀ ਹਮਲਾਵਰ ਪੰਜਾਬ ਤੇ ਭਾਰਤ ਵਿੱਚ ਆ ਕੇ ਤਬਾਹੀ ਮਚਾਉਂਦੇ ਸਨ।
2. ਇਹਨਾਂ ਪ੍ਰਦੇਸਾਂ ਵਿੱਚ ਅਨੇਕਾਂ ਖੂੰਖਾਰ ਕਬੀਲੇ ਰਹਿੰਦੇ ਸਨ ਜਿਹਨਾਂ ਨੂੰ ਕਾਬੂ ਕਰਨਾ ਬਹੁਤ ਔਖਾ ਸੀ।
3. ਇਸ ਇਲਾਕੇ ਦੀ ਸੀਮਾ ਨੂੰ ਸੁਰੱਖਿਅਤ ਰੱਖਣ ਲਈ ਭਾਰੀ ਸੈਨਾ ਦੀ ਲੋੜ ਸੀ।
4. ਇਹਨਾਂ ਇਲਾਕਿਆਂ ਵਿੱਚ ਰਹਿੰਦੇ ਲੋਕ ਕੱਟੜਪੰਥੀ, ਅਨੁਸ਼ਾਸਨ ਵਿਰੋਧੀ ਅਤੇ ਲੜਾਕੇ ਸਨ।

**9) ਅਫ਼ਗਾਨਿਸਤਾਨ ਤੇ ਕਬਜ਼ਾ ਨਾ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਿਆਣਪ ਦਾ ਸਬੂਤ ਦਿੱਤਾ। ਸਪਸ਼ਟ ਕਰੋ।**

ਉੱਤਰ: ਜੇਕਰ ਮਹਾਰਾਜਾ ਰਣਜੀਤ ਸਿੰਘ ਚਾਹੁੰਦਾ ਤਾਂ ਉਹ ਕਿਸੇ ਵੀ ਸਮੇਂ ਅਫ਼ਗਾਨਿਸਤਾਨ ਤੇ ਕਬਜ਼ਾ ਕਰ ਸਕਦਾ ਸੀ ਪਰ ਹੇਠ ਲਿਖੇ ਕਾਰਨਾਂ ਕਰਕੇ ਉਸਨੇ ਕਦੇ ਵੀ ਅਫ਼ਗਾਨਿਸਤਾਨ ਤੇ ਕਬਜ਼ਾ ਕਰਨ ਦਾ ਯਤਨ ਨਹੀਂ ਕੀਤਾ:


Download Free Study Material From SIKHYA APP

1. ਉਸਨੂੰ ਉੱਤਰ-ਪੱਛਮੀ ਸੀਮਾ ਪ੍ਰਦੇਸਾਂ ਵਿੱਚ ਪਹਿਲਾਂ ਹੀ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹ ਅਫ਼ਗਾਨਿਸਤਾਨ ਤੇ ਕਬਜ਼ਾ ਕਰਕੇ ਹੋਰ ਸਿਰਦਰਦੀ ਨਹੀਂ ਲੈਣਾ ਚਾਹੁੰਦਾ ਸੀ।
2. ਕਸ਼ਮੀਰ ਦੀ ਦੂਜੀ ਮੁਹਿੰਮ ਦੀ ਅਸਫ਼ਲਤਾ ਤੋਂ ਉਸਨੇ ਸਬਕ ਲਿਆ ਸੀ ਕਿ ਪਹਾੜੀ ਪ੍ਰਦੇਸਾਂ ਦੀ ਭੂਗੋਲਿਕ ਜਾਣਕਾਰੀ ਤੋਂ ਬਿਨਾਂ ਉਹਨਾਂ ਤੇ ਸਫ਼ਲਤਾ ਪ੍ਰਾਪਤ ਕਰਨਾ ਬਹੁਤ ਔਖਾ ਹੈ।

**10) ਮਹਾਰਾਜਾ ਰਣਜੀਤ ਸਿੰਘ ਦੀ ਉੱਤਰ-ਪੱਛਮੀ ਸੀਮਾ ਨੀਤੀ ਦੀਆਂ ਵਿਸ਼ੇਸ਼ਤਾਵਾਂ ਦੱਸੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਉੱਤਰ-ਪੱਛਮੀ ਸੀਮਾ ਨੀਤੀ ਦੀਆਂ ਵਿਸ਼ੇਸ਼ਤਾਵਾਂ:

1. ਮਹਾਰਾਜਾ ਰਣਜੀਤ ਸਿੰਘ ਨੇ ਉੱਤਰ-ਪੱਛਮੀ ਇਲਾਕਿਆਂ ਨੂੰ ਜਿੱਤ ਤਾਂ ਲਿਆ ਪਰ ਅਫ਼ਗਾਨਿਸਤਾਨ ਤੇ ਕਬਜ਼ਾ ਨਹੀਂ ਕੀਤਾ।
2. ਉਸਨੇ ਉੱਤਰੀ-ਪੱਛਮੀ ਸੀਮਾ ਤੇ ਕਈ ਕਿਲ੍ਹੇ ਬਣਵਾਏ ਅਤੇ ਪੁਰਾਣੇ ਕਿਲ੍ਹਿਆਂ ਦੀ ਮੁਰੰਮਤ ਕਰਵਾਈ।
3. ਕਿਲ੍ਹਿਆਂ ਵਿੱਚ ਬੜੀ ਸਿੱਖਿਅਤ ਸੈਨਾ ਰੱਖੀ ਗਈ।
4. ਵਿਦਰੋਹੀਆਂ ਨੂੰ ਕੁਚਲਣ ਲਈ ਚਲਦੇ-ਫਿਰਦੇ ਦਸਤੇ ਤਿਆਰ ਕੀਤੇ ਗਏ।
5. ਮਹਾਰਾਜਾ ਨੇ ਇਹਨਾਂ ਪ੍ਰਦੇਸ਼ਾਂ ਦੇ ਰਸਮਾਂ-ਰਿਵਾਜਾਂ ਨੂੰ ਕਾਇਮ ਰੱਖਿਆ।
6. ਇਹਨਾਂ ਇਲਾਕਿਆਂ ਦੇ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਮਾਮਲਿਆਂ ਵਿੱਚ ਕੋਈ ਦਖ਼ਲ ਨਹੀਂ ਦਿੱਤਾ ਗਿਆ।
7. ਇਹਨਾਂ ਇਲਾਕਿਆਂ ਦੇ ਸ਼ਾਸਨ ਪ੍ਰਬੰਧ ਦੀ ਦੇਖਭਾਲ ਲਈ ਸੈਨਿਕ ਗਵਰਨਰਾਂ ਨੂੰ ਨਿਯੁਕਤ ਕੀਤਾ ਗਿਆ।

**11) ਮਹਾਰਾਜਾ ਰਣਜੀਤ ਸਿੰਘ ਦੀ ਉੱਤਰ-ਪੱਛਮੀ ਸੀਮਾ ਨੀਤੀ ਦਾ ਕੀ ਮਹੱਤਵ ਹੈ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਉੱਤਰ-ਪੱਛਮੀ ਸੀਮਾ ਨੀਤੀ ਤੋਂ ਮਹਾਰਾਜੇ ਦੀ ਦੂਰ-ਦ੍ਰਿਸ਼ਟੀ, ਕੂਟਨੀਤੀ ਅਤੇ ਪ੍ਰਸ਼ਾਸਨਿਕ ਯੋਗਤਾ ਦਾ ਪਤਾ ਚੱਲਦਾ ਹੈ।


Download Free Study Material From SIKHYA APP

1. ਮਹਾਰਾਜੇ ਨੇ ਮੁਲਤਾਨ, ਕਸ਼ਮੀਰ, ਪੇਸ਼ਾਵਰ ਆਦਿ ਪ੍ਰਦੇਸ਼ਾਂ ਤੇ ਕਬਜ਼ਾ ਕਰਕੇ ਅਫ਼ਗਾਨਿਸਤਾਨ ਦਾ ਪ੍ਰਭਾਵ ਖਤਮ ਕਰ ਦਿੱਤਾ।
2. ਉਸਨੇ ਉੱਤਰੀ-ਪੱਛਮੀ ਸੀਮਾ ਖੇਤਰਾਂ ਵਿੱਚੋਂ ਵਿਦਰੋਹਾਂ ਨੂੰ ਦਬਾਇਆ ਅਤੇ ਸ਼ਾਂਤੀ ਦੀ ਸਥਾਪਨਾ ਕੀਤੀ।
3. ਮਹਾਰਾਜਾ ਨੇ ਉੱਤਰੀ-ਪੱਛਮੀ ਪ੍ਰਦੇਸ਼ਾਂ ਵਿੱਚ ਪ੍ਰਚਲਿਤ ਰਸਮਾਂ-ਰਿਵਾਜਾਂ ਨੂੰ ਕਾਇਮ ਰੱਖਿਆ।
4. ਉਸਨੇ ਇਹਨਾਂ ਇਲਾਕਿਆਂ ਦੇ ਲੋਕਾਂ ਦੇ ਮਾਮਲਿਆਂ ਵਿੱਚ ਕੋਈ ਦਖ਼ਲਅੰਦਾਜ਼ੀ ਨਹੀਂ ਕੀਤੀ।
5. ਉਸਨੇ ਇਹਨਾਂ ਖੇਤਰਾਂ ਵਿੱਚ ਆਵਾਜਾਈ ਅਤੇ ਖੇਤੀ ਦੇ ਵਿਕਾਸ ਤੇ ਵਿਸ਼ੇਸ਼ ਧਿਆਨ ਦਿੱਤਾ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਨੂੰ ਉੱਤਰੀ-ਪੱਛਮੀ ਸੀਮਾ ਪ੍ਰਦੇਸ਼ਾਂ ਵਿੱਚ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ? ਮਹਾਰਾਜਾ ਨੇ ਇਹਨਾਂ ਤੇ ਕਾਬੂ ਕਿਵੇਂ ਪਾਇਆ ?**

ਉੱਤਰ:

**ਉੱਤਰ-ਪੱਛਮੀ ਸੀਮਾ ਪ੍ਰਦੇਸ਼ਾਂ ਦੀਆਂ ਸਮੱਸਿਆਵਾਂ:**

1. ਇਸ ਪਾਸੇ ਤੋਂ ਅਨੇਕਾਂ ਵਿਦੇਸ਼ੀ ਹਮਲਾਵਰ ਪੰਜਾਬ ਤੇ ਭਾਰਤ ਵਿੱਚ ਆ ਕੇ ਤਬਾਹੀ ਮਚਾਉਂਦੇ ਸਨ।
2. ਇਹਨਾਂ ਪ੍ਰਦੇਸਾਂ ਵਿੱਚ ਅਨੇਕਾਂ ਖ਼ੂੰਖਾਰ ਕਬੀਲੇ ਰਹਿੰਦੇ ਸਨ ਜਿਹਨਾਂ ਨੂੰ ਕਾਬੂ ਕਰਨਾ ਬਹੁਤ ਔਖਾ ਸੀ।
3. ਇਸ ਇਲਾਕੇ ਦੀ ਸੀਮਾ ਨੂੰ ਸੁਰੱਖਿਅਤ ਰੱਖਣ ਲਈ ਭਾਰੀ ਸੈਨਾ ਦੀ ਲੋੜ ਸੀ।
4. ਇਹਨਾਂ ਇਲਾਕਿਆਂ ਵਿੱਚ ਰਹਿੰਦੇ ਲੋਕ ਕੱਟੜਪੰਥੀ, ਅਨੁਸ਼ਾਸਨ ਵਿਰੋਧੀ ਅਤੇ ਲੜਾਕੇ ਸਨ।

**ਮਹਾਰਾਜਾ ਨੇ ਇਹਨਾਂ ਤੇ ਕਿਵੇਂ ਕਾਬੂ ਪਾਇਆ:**

I. **ਸਬਰ ਅਤੇ ਕੂਟਨੀਤੀ ਦੀ ਵਰਤੋਂ:** ਮਹਾਰਾਜਾ ਰਣਜੀਤ ਸਿੰਘ ਨੇ 1813 ਈ: ਤੋਂ 1821 ਈ: ਤੱਕ ਉੱਤਰ-ਪੱਛਮ ਦੇ ਅਨੇਕਾਂ ਪ੍ਰਦੇਸ਼ਾਂ ਜਿਵੇਂ ਅਟਕ, ਮੁਲਤਾਨ, ਕਸ਼ਮੀਰ, ਪਿਸ਼ਾਵਰ, ਬਹਾਵਲਪੁਰ, ਡੇਰਾ ਇਸਮਾਈਲ ਖਾਂ, ਮਨਕੇਰਾ


Download Free Study Material From SIKHYA APP

ਆਦਿ ਤੇ ਜਿੱਤ ਤਾਂ ਪ੍ਰਾਪਤ ਕਰ ਲਈ ਪਰ ਸਿਰਫ ਅਟਕ, ਮੁਲਤਾਨ ਅਤੇ ਕਸ਼ਮੀਰ ਦੇ ਕੁਝ ਇਲਾਕਿਆਂ ਨੂੰ ਹੀ ਆਪਣੇ ਰਾਜ ਵਿੱਚ ਸ਼ਾਮਿਲ ਕੀਤਾ। ਬਾਕੀ ਇਲਾਕਿਆਂ ਨੂੰ ਸਲਾਨਾ ਖਿਰਾਜ ਬਦਲੇ ਉਹਨਾਂ ਦੇ ਸ਼ਾਸਕਾਂ ਅਧੀਨ ਹੀ ਰਹਿਣ ਦਿੱਤਾ। ਬਾਅਦ ਵਿੱਚ ਜਦੋਂ ਮਹਾਰਾਜਾ ਦੀ ਸ਼ਕਤੀ ਵਧ ਗਈ ਤਾਂ ਮਹਾਰਾਜਾ ਨੇ ਬਾਕੀ ਇਲਾਕਿਆਂ ਨੂੰ ਵੀ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ।

II. **ਅਫ਼ਗਾਨਿਸਤਾਨ ਤੇ ਕਬਜ਼ਾ ਨਾ ਕਰਨਾ:** ਆਪਣੇ ਸਰਦਾਰਾਂ ਅਤੇ ਅਧਿਕਾਰੀਆਂ ਦੀਆਂ ਸਲਾਹਾਂ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਿਸਤਾਨ ਤੇ ਕਬਜਾ ਨਾ ਕੀਤਾ। ਉਸਨੂੰ ਉੱਤਰ-ਪੱਛਮੀ ਸੀਮਾ ਪ੍ਰਦੇਸਾਂ ਵਿੱਚ ਪਹਿਲਾਂ ਹੀ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹ ਅਫ਼ਗਾਨਿਸਤਾਨ ਤੇ ਕਬਜ਼ਾ ਕਰਕੇ ਹੋਰ ਸਿਰਦਰਦੀ ਨਹੀਂ ਲੈਣਾ ਚਾਹੁੰਦਾ ਸੀ। ਕਸ਼ਮੀਰ ਦੀ ਦੂਜੀ ਮੁਹਿੰਮ ਦੀ ਅਸਫ਼ਲਤਾ ਤੋਂ ਉਸਨੇ ਸਬਕ ਲਿਆ ਸੀ ਕਿ ਪਹਾੜੀ ਪ੍ਰਦੇਸਾਂ ਦੀ ਭੂਗੋਲਿਕ ਜਾਣਕਾਰੀ ਤੋਂ ਬਿਨਾਂ ਉਹਨਾਂ ਤੇ ਸਫ਼ਲਤਾ ਪ੍ਰਾਪਤ ਕਰਨਾ ਬਹੁਤ ਔਖਾ ਹੈ।

III. **ਕਬੀਲਿਆਂ ਖਿਲਾਫ਼ ਸਖ਼ਤ ਨੀਤੀ:** ਉੱਤਰ-ਪੱਛਮ ਦੇ ਪ੍ਰਦੇਸਾਂ ਵਿੱਚ ਕੁਝ ਖੂੰਖਾਰ ਕਬੀਲੇ ਜਿਵੇਂ ਯੂਸਫ਼ਜਈ, ਮੁਹੰਮਦਜਈ, ਦਾਉਦਜਈ, ਅਫ਼ਰੀਦੀ ਆਦਿ ਰਹਿੰਦੇ ਸਨ। ਕਈ ਕਬੀਲੇ ਸਿੱਖ ਫੌਜਾਂ ਲਈ ਸਮੱਸਿਆਵਾਂ ਪੈਦਾ ਕਰਦੇ ਸਨ ਅਤੇ ਸਥਾਨਕ ਲੋਕਾਂ ਨੂੰ ਮਹਾਰਾਜਾ ਖਿਲਾਫ਼ ਭੜਕਾਉਂਦੇ ਸਨ। ਮਹਾਰਾਜਾ ਨੇ ਇਹਨਾਂ ਕਬੀਲਿਆਂ ਖਿਲਾਫ ਕਈ ਸੈਨਿਕ ਮੁਹਿੰਮਾਂ ਭੇਜੀਆਂ।

IV. **ਉੱਤਰ-ਪੱਛਮੀ ਸੀਮਾ ਦੀ ਮਜ਼ਬੂਤੀ:** ਮਹਾਰਾਜਾ ਨੇ ਉੱਤਰ-ਪੱਛਮੀ ਸੀਮਾ ਦੀ ਸੁਰੱਖਿਆ ਤੇ ਵਿਸ਼ੇਸ਼ ਧਿਆਨ ਦਿੱਤਾ। ਕਈ ਨਵੇਂ ਕਿਲ੍ਹਿਆਂ ਜਿਵੇਂ ਅਟਕ, ਖੈਰਾਬਾਦ, ਜਹਾਂਗੀਰਾ, ਜਮਰੌਦ, ਫ਼ਤਿਹਗੜ੍ਹ ਦੀ ਉਸਾਰੀ ਕਰਵਾਈ। ਪੁਰਾਣੇ ਕਿਲ੍ਹਿਆਂ ਨੂੰ ਮਜ਼ਬੂਤ ਕੀਤਾ ਗਿਆ। ਕਿਲ੍ਹਿਆਂ ਵਿੱਚ ਸਿੱਖਿਅਤ ਸੈਨਾ ਰੱਖੀ ਗਈ। ਸੈਨਾ ਦੇ ਚੱਲਦੇ-ਫਿਰਦੇ ਦਸਤੇ ਕਾਇਮ ਕੀਤੇ ਗਏ ਜਿਹੜੇ ਬਾਗੀਆਂ ਤੇ ਨਜ਼ਰ ਰੱਖਦੇ ਅਤੇ ਉਹਨਾਂ ਖਿਲਾਫ਼ ਕਾਰਵਾਈਆਂ ਕਰਦੇ ਸਨ।


Download Free Study Material From SIKHYA APP

V. **ਕਬਾਇਲੀ ਪ੍ਰਬੰਧ ਵਿੱਚ ਦਖ਼ਲ-ਅੰਦਾਜੀ ਨਾ ਕਰਨਾ**: ਮਹਾਰਾਜਾ ਨੇ ਉੱਤਰ-ਪੱਛਮੀ ਖੇਤਰਾਂ ਦਾ ਰਾਜ ਪ੍ਰਬੰਧ ਕਰਨ ਲਈ ਗਵਰਨਰ ਤਾਂ ਨਿਯੁਕਤ ਕਰ ਦਿੱਤੇ ਪਰ ਉਹਨਾਂ ਨੂੰ ਇਹ ਹਦਾਇਤਾਂ ਦਿੱਤੀਆਂ ਕਿ ਉਹ ਇਹਨਾਂ ਖੇਤਰਾਂ ਦੇ ਰਸਮਾਂ-ਰਿਵਾਜਾਂ, ਮਾਨਤਾਵਾਂ ਅਤੇ ਕਬੀਲਿਆਂ ਦੇ ਅੰਦਰੂਨੀ ਸ਼ਾਸਨ-ਪ੍ਰਬੰਧ ਵਿੱਚ ਦਖ਼ਲਅੰਦਾਜੀ ਨਾ ਕਰਨ।

VI. **ਵਿਕਾਸ ਦੇ ਕਾਰਜ**: ਮਹਾਰਾਜਾ ਨੇ ਉੱਤਰ-ਪੱਛਮੀ ਖੇਤਰਾਂ ਵਿੱਚ ਅਨੇਕਾਂ ਵਿਕਾਸ ਕਾਰਜ ਕਰਵਾਈ। ਖੇਤੀ ਦੇ ਵਿਕਾਸ ਲਈ ਖੂਹ ਅਤੇ ਨਹਿਰਾਂ ਬਣਵਾਈਆਂ ਗਈਆਂ। ਲਗਾਨ ਦੀ ਦਰ ਘਟਾ ਦਿੱਤੀ ਗਈ। ਆਵਾਜਾਈ ਦੇ ਸਾਧਨਾਂ ਦਾ ਵਿਕਾਸ ਕੀਤਾ ਗਿਆ। ਇਸ ਨਾਲ ਮਹਾਰਾਜਾ ਪ੍ਰਤੀ ਲੋਕਾਂ ਦੀ ਸੋਚ ਵਿੱਚ ਤਬਦੀਲੀ ਆਈ।

**2) ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਾਂ ਨਾਲ ਸਬੰਧਾਂ ਦਾ ਪੜਾਅ-ਵਾਰ ਵਰਣਨ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਾਂ ਨਾਲ ਸੰਬੰਧਾਂ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਜਾ ਸਕਦਾਹੈ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

I. **ਸਿੱਖ-ਅਫ਼ਗਾਨ ਸੰਬੰਧਾਂ ਦਾ ਪਹਿਲਾਂ ਪੜਾਅ 1797 ਈ: ਤੋਂ 1812 ਈ: ਤੱਕ:**

1) **ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਜਮਾਨ ਵਿਚਾਲੇ ਕੁੜੱਤਣ**: ਮਹਾਰਾਜਾ ਰਣਜੀਤ ਸਿੰਘ ਨੇ 1797 ਈ: ਵਿੱਚ ਸ਼ੁੱਕਰਚੱਕੀਆ ਮਿਸਲ ਦੀ ਕਮਾਨ ਸੰਭਾਲੀ। ਇਸ ਸਮੇਂ ਅਫ਼ਗਾਨਿਸਤਾਨ ਤੇ ਸ਼ਾਹ ਜਮਾਨ ਰਾਜ ਕਰ ਰਿਹਾ ਸੀ। ਉਹ ਅਹਿਮਦਸ਼ਾਹ ਅਬਦਾਲੀ ਦਾ ਪੋਤਰਾ ਅਤੇ ਤੈਮੂਰ ਸ਼ਾਹ ਦਾ ਪੁੱਤਰ ਸੀ। ਉਹ ਪੰਜਾਬ ਤੇ ਆਪਣਾ ਹੱਕ ਸਮਝਦਾ ਸੀ। ਉਸਨੇ 1798 ਈ: ਭੰਗੀ ਸਰਦਾਰਾਂ ਨੂੰ ਭਜਾ ਦਿੱਤਾ ਅਤੇ ਲਾਹੌਰ ਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸਨੂੰ ਯੁੱਧ ਲਈ ਵੰਗਾਰਿਆ। ਅਫ਼ਗਾਨਿਸਤਾਨ ਵਿੱਚ ਬਗਾਵਤ ਹੋ ਜਾਣ ਕਾਰਨ ਸ਼ਾਹ ਜਮਾਨ ਨੂੰ ਵਾਪਿਸ ਜਾਣਾ ਪਿਆ। ਭੰਗੀ ਸਰਦਾਰਾਂ ਨੇ ਲਾਹੌਰ ਤੇ ਦੁਬਾਰਾ ਕਬਜ਼ਾ ਕਰ ਲਿਆ। ਮਹਾਰਾਜਾ ਨੇ ਭੰਗੀ ਸਰਦਾਰਾਂ ਨੂੰ ਹਰਾ ਕੇ ਲਾਹੌਰ ਤੇ ਕਬਜ਼ਾ ਕਰ ਲਿਆ।


Download Free Study Material From SIKHYA APP

2) **ਸ਼ਾਹ ਜਮਾਨ ਦੁਆਰਾ ਲਾਹੌਰ ਕਬਜ਼ੇ ਨੂੰ ਮਾਨਤਾ:** ਜਦੋਂ ਸ਼ਾਹ ਜਮਾਨ ਅਫ਼ਗਾਨਿਸਤਾਨ ਜਾ ਰਿਹਾ ਸੀ ਤਾਂ ਉਸਦੀਆਂ 12 ਜਾਂ 15 ਤੋਪਾਂ ਜਿਹਲਮ ਦਰਿਆ ਵਿੱਚ ਡਿੱਗ ਪਈਆਂ ਸਨ। ਮਹਾਰਾਜਾ ਨੇ ਇਹ ਤੋਪਾਂ ਕਢਵਾ ਕੇ ਸ਼ਾਹ ਜਮਾਨ ਕੋਲ ਕਾਬਲ ਭੇਜ ਦਿੱਤੀਆਂ। ਇਸ ਨਾਲ ਸ਼ਾਹ ਜਮਾਨ ਬਹੁਤ ਖੁਸ਼ ਹੋਇਆ ਅਤੇ ਉਸਨੇ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਤੇ ਕਬਜੇ ਨੂੰ ਮਾਨਤਾ ਦੇ ਦਿੱਤੀ।

**ਅਫ਼ਗਾਨਿਸਤਾਨ ਵਿੱਚ ਰਾਜਨੀਤਕ ਅਸਥਿਤਰਤਾ:** 1800 ਈ: ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਰਾਜਨੀਤਕ ਅਸਥਿਰਤਾ ਫੈਲ ਗਈ। ਇਸ ਅਸਥਿਰਤਾ ਦਾ ਫਾਇਦਾ ਉਠਾ ਕੇ ਮਹਾਰਾਜਾ ਨੇ ਕਸੂਰ, ਝੰਗ, ਖੁਸ਼ਾਬ, ਸਾਹੀਵਾਲ ਅਤੇ ਕੁਝ ਹੋਰ ਇਲਾਕਿਆਂ ਤੇ ਕਬਜ਼ਾ ਕਰ ਲਿਆ।

II. **ਸਿੱਖ-ਅਫ਼ਗਾਨ ਸੰਬੰਧਾਂ ਦਾ ਦੂਜਾ ਪੜਾਅ 1813 ਈ: ਤੋਂ 1834 ਈ: ਤੱਕ:**

1) **ਫ਼ਤਿਹ ਖਾਂ ਦੁਆਰਾ ਮਹਾਰਾਜਾ ਰਣਜੀਤ ਸਿੰਘ ਨੂੰ ਧੋਖਾ:** 1813 ਈ: ਵਿੱਚ ਅਫ਼ਗਾਨਿਸਤਾਨ ਦੇ ਵਜੀਰ ਫ਼ਤਿਹ ਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਰੋਹਤਾਸ਼ ਦੇ ਕਿਲ੍ਹੇ ਵਿੱਚ ਇੱਕ ਸਮਝੌਤਾ ਕੀਤਾ। ਇਸ ਸਮਝੌਤੇ ਅਨੁਸਾਰ ਫ਼ਤਿਹ ਖਾਂ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਨਾਲ ਕਸ਼ਮੀਰ ਤੇ ਹਮਲਾ ਕਰੇਗਾ। ਜਿੱਤ ਪ੍ਰਾਪਤ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੂੰ ਕਸ਼ਮੀਰ ਦੇ ਜਿੱਤੇ ਹੋਏ ਇਲਾਕਿਆਂ ਅਤੇ ਲੁੱਟ ਦੇ ਮਾਲ ਵਿੱਚੋਂ ਤੀਜਾ ਹਿੱਸਾ ਦਿੱਤਾ ਜਾਵੇਗਾ। ਕਸ਼ਮੀਰ ਨੂੰ ਜਿੱਤ ਲਿਆ ਗਿਆ ਪਰ ਫ਼ਤਿਹ ਖਾਂ ਨੇ ਮਹਾਰਾਜਾ ਨੂੰ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

2) **ਹਜ਼ਰੋ ਦੀ ਲੜਾਈ:** ਮਹਾਰਾਜਾ ਰਣਜੀਤ ਸਿੰਘ ਨੇ ਇੱਕ ਲੱਖ ਰੁਪਏ ਸਲਾਨਾ ਜਾਗੀਰ ਬਦਲੇ ਅਟਕ ਦਾ ਕਿਲ੍ਹਾ ਉੱਥੋਂ ਦੇ ਗਵਰਨਰ ਜਹਾਂਦਾਦ ਕੋਲੋਂ ਪ੍ਰਾਪਤ ਕਰ ਲਿਆ। ਜਦੋਂ ਇਸਦਾ ਪਤਾ ਫ਼ਤਹਿ ਖਾਂ ਨੂੰ ਲੱਗਿਆ ਤਾਂ ਉਸਨੂੰ ਬਹੁਤ ਗੁੱਸਾ ਆਇਆ। ਉਹ ਕਸ਼ਮੀਰ ਤੋਂ ਆਪਣੀ ਫੌਜ਼ ਲੈ ਕੇ ਅਟਕ ਵੱਲ ਚੱਲ ਪਿਆ। 13 ਜੁਲਾਈ


Download Free Study Material From SIKHYA APP

1813 ਈ: ਨੂੰ ਹੈਦਰੋ ਜਾਂ ਹਜ਼ਰੋ ਜਾਂ ਛੱਛ ਦੇ ਸਥਾਨ ਤੇ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਖਾਂ ਨੂੰ ਬੁਰੀ ਤਰ੍ਹਾਂ ਹਰਾਇਆ।

3) **ਨੌਸ਼ਹਿਰਾ ਦੀ ਲੜਾਈ:** ਹਜ਼ਰੋ ਦੀ ਜਿੱਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦਾ ਹੌਸਲਾ ਬਹੁਤ ਵੱਧ ਗਿਆ। ਉਹਨਾਂ ਨੇ ਮੁਲਤਾਨ, ਕਸ਼ਮੀਰ ਅਤੇ ਹੋਰ ਅਨੇਕਾਂ ਖੇਤਰਾਂ ਤੇ ਜਿੱਤ ਪ੍ਰਾਪਤ ਕੀਤੀ। ਨੌਸ਼ਹਿਰਾ ਦੇ ਆਜ਼ਮ ਖਾਂ ਨੇ ਮਹਾਰਾਜਾ ਵਿਰੁੱਧ ਜੇਹਾਦ ਦਾ ਐਲਾਨ ਕਰ ਦਿੱਤਾ। 1823 ਈ: ਵਿੱਚ ਨੌਸ਼ਹਿਰਾ ਵਿਖੇ ਹੋਈ ਭਿਆਨਕ ਲੜਾਈ ਵਿੱਚ ਸਿੱਖਾਂ ਨੇ ਅਫ਼ਗਾਨਾਂ ਨੂੰ ਬੁਰੀ ਤਰ੍ਹਾਂ ਹਰਾਇਆ।

4) **ਸੱਯਦ ਅਹਿਮਦ ਬਰੇਲਵੀ ਦਾ ਵਿਦਰੋਹ:** 1827 ਈ: ਤੋਂ 1831 ਈ: ਤੱਕ ਸੱਯਦ ਅਹਿਮਦ ਬਰੇਲਵੀ ਨਾਮਕ ਵਿਅਕਤੀ ਨੇ ਸਿੱਖਾਂ ਖਿਲਾਫ਼ ਵਿਦਰੋਹ ਕੀਤਾ। ਉਸਨੇ ਅਨੇਕਾਂ ਅਫ਼ਗਾਨ ਸਰਦਾਰਾਂ ਨੂੰ ਆਪਣੇ ਨਾਲ ਰਲਾ ਲਿਆ ਅਤੇ ਬਹੁਤ ਵੱਡੀ ਫੌਜ ਸੰਗਠਤ ਕਰ ਲਈ। 1831 ਈ: ਨੂੰ ਬਾਲਾਕੋਟ ਵਿਖੇ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਉਸਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਮਾਰ ਦਿੱਤਾ।

5) **ਸ਼ਾਹ ਸ਼ੁਜਾਹ ਨਾਲ ਸੰਧੀ:** 1833 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਅਫ਼ਗਾਨਿਸਤਾਨ ਦੇ ਸ਼ਾਸਕ ਸ਼ਾਹ ਸੁਜਾਹ ਵਿਚਕਾਰ ਇੱਕ ਸੰਧੀ ਹੋਈ ਜਿਸ ਅਨੁਸਾਰ ਸਿੰਧ ਦੇ ਉੱਤਰ-ਪੱਛਮ ਦੇ ਇਲਾਕਿਆਂ ਤੇ ਮਹਾਰਾਜਾ ਰਣਜੀਤ ਸਿੰਘ ਦਾ ਅਧਿਕਾਰ ਸਵੀਕਾਰ ਕਰ ਲਿਆ ਗਿਆ। ਬਦਲੇ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਨੂੰ ਦੋਸਤ ਮੁਹੰਮਦ ਖਾਂ ਵਿਰੁੱਧ ਲੜਣ ਲਈ ਸਵਾ ਲੱਖ ਰੁਪਏ ਅਤੇ ਯੁੱਧ ਸਮੱਗਰੀ ਦਿੱਤੀ।

6) **ਪਿਸ਼ਾਵਰ ਦੀ ਜਿੱਤ:** 1834 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ ਅਤੇ ਹਰੀ ਸਿੰਘ ਨਲਵਾ ਨੂੰ ਪਿਸ਼ਾਵਰ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਗਿਆ।

**III. ਸਿੱਖ-ਅਫ਼ਗਾਨ ਸੰਬੰਧਾਂ ਦਾ ਤੀਜਾ ਪੜਾਅ 1834 ਈ: ਤੋਂ 1837 ਈ: ਤੱਕ:**


Download Free Study Material From SIKHYA APP

1) **ਦੋਸਤ ਮੁਹੰਮਦ ਖਾਂ ਦੁਆਰਾ ਪਿਸ਼ਾਵਰ ਜਿੱਤਣ ਦੇ ਯਤਨ:**ਸ਼ਾਹ ਸ਼ੁਜਾਹ ਨੂੰ ਹਰਾਉਣ ਤੋਂ ਬਾਅਦ ਅਫ਼ਗਾਨਿਸਤਾਨ ਦੇ ਸ਼ਾਸਕ ਦੋਸਤ ਮੁਹੰਮਦ ਖਾਂ ਨੇ ਪਿਸ਼ਾਵਰ ਨੂੰ ਵਾਪਸ ਲੈਣ ਦੇ ਯਤਨ ਕੀਤੇ। ਉਸਨੇ ਪਿਸ਼ਾਵਰ ਦੇ ਗਵਰਨਰ ਸੁਲਤਾਨ ਮੁਹੰਮਦ ਨੂੰ ਵੀਆਪਣੇ ਨਾਲ ਰਲਾ ਲਿਆ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਯੁੱਧ ਲਈ ਵੰਗਾਰਿਆ। ਮਹਾਰਾਜਾ ਰਣਜੀਤ ਸਿੰਘ ਨੇ ਦੋਸਤ ਮੁਹੰਮਦ ਖਾਂ ਅਤੇ ਸੁਲਤਾਨ ਮੁਹੰਮਦ ਖਾਂ ਵਿਚਕਾਰ ਫੁੱਟ ਪਵਾਉਣ ਲਈ ਫ਼ਕੀਰ ਅਜ਼ੀਜੁਦੀਨ ਦੀ ਅਗਵਾਈ ਹੇਠ ਇੱਕ ਮਿਸ਼ਨ ਕਾਬਲ ਭੇਜਿਆ। ਮਿਸ਼ਨ ਆਪਣੇ ਉਦੇਸ਼ ਵਿੱਚ ਸਫਲਰਿਹਾ। ਪਿਸ਼ਾਵਰ ਦੀ ਲੜਾਈ ਸ਼ੁਰੂ ਹੋਣ ਸਮੇਂ ਸੁਲਤਾਨ ਮੁਹੰਮਦ ਆਪਣੀ ਫੌਜ ਲੈ ਕੇ ਸਿੱਖਾਂ ਨਾਲ ਰਲ ਗਿਆ। ਦੋਸਤ ਮੁਹੰਮਦ ਬਿਨਾਂ ਲੜੇ ਹੀ ਕਾਬਲ ਦੌੜ ਗਿਆ।

2) **ਜਮਰੌਦ ਦੀ ਲੜਾਈ:** ਆਪਣੀ ਬੇਇੱਜਤੀ ਦਾ ਬਦਲਾ ਲੈਣ ਲਈ ਦੋਸਤ ਮੁਹੰਮਦ ਖਾਂ ਨੇ ਆਪਣੇ ਪੁੱਤਰ ਦੀ ਅਗਵਾਈ ਹੇਠ 20000 ਸੈਨਿਕਾਂ ਦੀ ਫੌਜ ਨੂੰ ਜਮਰੌਦ ਦੇ ਕਿਲ੍ਹੇ ਤੇ ਹਮਲਾ ਕਰਨ ਲਈ ਭੇਜਿਆ। ਭਿਆਨਕ ਲੜਾਈ ਵਿੱਚ ਸਿੱਖਾਂ ਨੇ ਅਫ਼ਗਾਨਾਂ ਦੇ ਛੱਕੇ ਛੁਡਾ ਦਿੱਤੇ। ਹਰੀ ਸਿੰਘ ਨਲਵਾ ਇਸ ਲੜਾਈ ਵਿੱਚ ਸ਼ਹੀਦ ਹੋ ਗਿਆ।

**IV. ਸਿੱਖ-ਅਫ਼ਗਾਨ ਸੰਬੰਧਾਂ ਦਾ ਚੌਥਾ ਪੜਾਅ 1838 ਈ: ਤੋਂ 1839 ਈ: ਤੱਕ:**

**ਤ੍ਰੈ-ਪੱਖੀ ਸੰਧੀ:** 26 ਜੂਨ 1838 ਈ: ਨੂੰ ਅੰਗਰੇਜਾਂ, ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਸ਼ੁਜਾਹ ਵਿਚਕਾਰ ਇੱਕ ਸੰਧੀ ਹੋਈ ਜਿਹੜੀ ਇਤਿਹਾਸ ਵਿੱਚ ਤ੍ਰੈ-ਪੱਖੀ ਸੰਧੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਸੰਧੀ ਦੀਆਂ ਸ਼ਰਤਾਂ ਹੇਠ ਲਿਖੀਆਂ ਸਨ:

1. ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾਇਆ ਜਾਵੇਗਾ।
2. ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਗਏ ਅਫ਼ਗਾਨ ਇਲਾਕਿਆਂ ਤੇ ਮਹਾਰਾਜਾ ਦਾ ਅਧਿਕਾਰ ਮੰਨ ਲਿਆ ਜਾਵੇਗਾ।


Download Free Study Material From SIKHYA APP

3. ਸ਼ਾਹ ਸੁਜਾਹ ਸਿੰਧ ਦੇ ਮਸਲੇ ਵਿੱਚ ਅੰਗਰੇਜਾਂ ਅਤੇ ਮਹਾਰਾਜਾ ਵਿਚਕਾਰ ਹੋਏ ਫੈਸਲਿਆਂ ਨੂੰ ਮੰਨਣ ਲਈ ਪਾਬੰਦ ਹੋਵੇਗਾ।
4. ਸਿੱਖਾਂ ਅਤੇ ਅੰਗਰੇਜਾਂ ਦੀ ਮਰਜੀ ਤੋਂ ਬਿਨਾਂ ਸ਼ਾਹ ਸੁਜਾਹ ਕਿਸੇ ਹੋਰ ਸ਼ਕਤੀ ਨਾਲ ਸੰਬੰਧ ਕਾਇਮ ਨਹੀਂ ਕਰੇਗਾ।
5. ਸੰਧੀ ਵਿੱਚ ਸ਼ਾਮਿਲ ਇੱਕ ਧਿਰ ਦਾ ਦੁਸ਼ਮਣ ਦੂਜੀਆਂ ਦੋਹਾਂ ਧਿਰਾਂ ਦਾ ਵੀ ਦੁਸ਼ਮਣ ਮੰਨਿਆ ਜਾਵੇਗਾ।
6. ਸ਼ਾਹ ਸੁਜਾਹ ਨੂੰ ਗੱਦੀ ਤੇ ਬਿਠਾਉਣ ਲਈ ਮਹਾਰਾਜਾ 5000 ਸੈਨਿਕਾਂ ਨਾਲ ਮੱਦਦ ਕਰੇਗਾ। ਬਦਲੇ ਵਿੱਚ ਸ਼ਾਹ ਸੁਜਾਹ ਮਹਾਰਾਜਾ ਰਣਜੀਤ ਸਿੰਘ ਨੂੰ 2 ਲੱਖ ਰੁਪਏ ਦੇਵੇਗਾ।

27 ਜੂਨ 1839 ਈ: ਨੂੰ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ।


Download Free Study Material From SIKHYA APP

# ਪਾਠ 19
# ਮਹਾਰਾਜਾ ਰਣਜੀਤ ਸਿੰਘ ਦਾ ਸਿਵਲ ਅਤੇ ਸੈਨਿਕ ਪ੍ਰਬੰਧ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਮਹਾਰਾਜਾ ਰਣਜੀਤ ਸਿੰਘ ਦੇ ਇੱਕ ਪ੍ਰਸਿੱਧ ਪ੍ਰਧਾਨ ਮੰਤਰੀ ਦਾ ਨਾਂ ਲਿਖੋ। | ਰਾਜਾ ਧਿਆਨ ਸਿੰਘ |
| 2) ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਦਾ ਨਾਂ ਕੀ ਸੀ ? | ਫ਼ਕੀਰ ਅਜ਼ੀਜ-ਉਦ-ਦੀਨ |
| 3) ਮਹਾਰਾਜਾ ਰਣਜੀਤ ਸਿੰਘ ਦੇ ਕੋਈ ਦੋ ਪ੍ਰਸਿੱਧ ਵਿੱਤ ਮੰਤਰੀਆਂ ਦੇ ਨਾਂ ਲਿਖੋ। | ਦੀਵਾਨ ਭਵਾਨੀ ਦਾਸ, ਦੀਵਾਨ ਗੰਗਾ ਰਾਮ, ਦੀਵਾਨ ਦੀਨਾ ਨਾਥ |
| 4) ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਮੁੱਖ ਸੈਨਾਪਤੀ ਕੌਣ ਸੀ ? | ਮਹਾਰਾਜਾ ਰਣਜੀਤ ਸਿੰਘ |
| 5) ਮਹਾਰਾਜਾ ਰਣਜੀਤ ਸਿੰਘ ਦੇ ਦੋ ਪ੍ਰਸਿੱਧ ਸੈਨਾਪਤੀਆਂ ਦੇ ਨਾਂ ਲਿਖੋ। | ਦੀਵਾਨ ਮੋਹਕਮ ਚੰਦ, ਮਿਸਰ ਦੀਵਾਨ ਚੰਦ, ਸਰਦਾਰ ਹਰੀ ਸਿੰਘ ਨਲੂਆ |
| 6) ਆਪਣੇ ਕਿਹੜੇ ਸੈਨਾਪਤੀ ਦੀ ਮੌਤ ਤੇ ਮਹਾਰਾਜਾ ਰਣਜੀਤ ਸਿੰਘ ਕਈ ਦਿਨ ਰੋਂਦਾ ਰਿਹਾ ? | ਸਰਦਾਰ ਹਰੀ ਸਿੰਘ ਨਲੂਆ |
| 7) ਸ਼ਾਹੀ ਘਰਾਣੇ ਅਤੇ ਰਾਜ ਦਰਬਾਰ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਕਿਹੜੇ ਰਾਜ ਅਧਿਕਾਰੀ ਦੀ ਸੀ ? | ਡਿਉੜ੍ਹੀਵਾਲਾ |
| 8) ਮਹਾਰਾਜਾ ਰਣਜੀਤ ਸਿੰਘ ਨੇ ਭੂਮੀ ਲਗਾਨ ਦਾ ਹਿਸਾਬ ਰੱਖਣ ਲਈ ਕਿਹੜਾ ਦਫ਼ਤਰ ਬਣਾਇਆ ਸੀ ? | ਦਫ਼ਤਰ-ਏ-ਮਾਲ |
| 9) ਦਫ਼ਤਰ-ਏ-ਤੋਸ਼ਾਖਾਨਾ ਵਿੱਚ ਕੀ ਰੱਖਿਆ ਜਾਂਦਾ ਸੀ ? | ਬਹੁਮੁੱਲੀਆਂ ਵਸਤੂਆਂ ਅਤੇ ਮਹਾਰਾਜਾ ਨੂੰ ਮਿਲੇ ਹੋਏ ਤੋਹਫ਼ੇ |


Download Free Study Material From SIKHYA APP

| | |
|---|---|
| 10) ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਕਿੰਨੇ ਸੂਬਿਆਂ ਵਿੱਚ ਵੰਡਿਆ ? | 4 (ਲਾਹੌਰ, ਮੁਲਤਾਨ, ਕਸ਼ਮੀਰ,ਪਿਸ਼ਾਵਰ) |
| 11) ਸੂਬੇ ਦਾ ਪ੍ਰਬੰਧ ਚਲਾਉਣਾ ਕਿਸਦੀ ਜਿੰਮੇਵਾਰੀ ਸੀ ? | ਨਾਜ਼ਿਮ ਦੀ |
| 12) ਪਰਗਨੇ ਦਾ ਪ੍ਰਬੰਧ ਕੌਣ ਚਲਾਉਂਦਾ ਸੀ ? | ਕਾਰਦਾਰ |
| 13) ਕਾਰਦਾਰ ਦੀ ਸਹਾਇਤਾ ਕਰਨ ਲਈ ਕਿਹੜੇ ਅਧਿਕਾਰੀ ਹੁੰਦੇ ਸਨ ? | ਕਾਨੂੰਨਗੋ ਅਤੇ ਮੁਕੱਦਮ |
| 14) ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਸੀ ? | ਪਿੰਡ |
| 15) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪਿੰਡ ਨੂੰ ਕੀ ਕਿਹਾ ਜਾਂਦਾ ਸੀ ? | ਮੌਜਾ |
| 16) ਪਿੰਡਾਂ ਦਾ ਪ੍ਰਬੰਧ ਕੌਣ ਚਲਾਉਂਦਾ ਸੀ ? | ਪੰਚਾਇਤ |
| 17) ਪਿੰਡ ਦੀ ਜਮੀਨ ਦਾ ਰਿਕਾਰਡ ਕੌਣ ਰੱਖਦਾ ਸੀ ? | ਪਟਵਾਰੀ |
| 18) ਭੂਮੀ ਲਗਾਨ ਇਕੱਠਾ ਕਰਨ ਵਿੱਚ ਸਰਕਾਰ ਦੀ ਸਹਾਇਤਾ ਕੌਣ ਕਰਦਾ ਸੀ ? | ਚੌਧਰੀ |
| 19) ਲਾਹੌਰ ਸ਼ਹਿਰ ਦਾ ਮੁੱਖ ਅਧਿਕਾਰੀ ਕੌਣ ਸੀ ? | ਕੋਤਵਾਲ |
| 20) ਮਹਾਰਾਜਾ ਰਣਜੀਤ ਸਿਘ ਦੇ ਸਮੇਂ ਲਾਹੌਰ ਦਾ ਕੋਤਵਾਲ ਕੌਣ ਸੀ ? | ਇਮਾਮ ਬਖ਼ਸ਼ |
| 21) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਆਮਦਨ ਦਾ ਮੁੱਖ ਸੋਮਾ ਕੀ ਸੀ ? | ਭੂਮੀ ਲਗਾਨ |
| 22) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਕੁੱਲ ਸਲਾਨਾ ਆਮਦਨ ਕਿੰਨੀ ਸੀ ? | ਲੱਗਭਗ 3 ਕਰੋੜ ਰੁਪਏ |
| 23) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪ੍ਰਚਲਿਤ ਕੋਈ ਤਿੰਨ ਭੂਮੀ ਲਗਾਨ ਪ੍ਰਣਾਲੀਆਂ ਦੇ ਨਾਂ ਲਿਖੋ। | ਬਟਾਈ, ਕਨਕੂਤ, ਜ਼ਬਤ, ਬਿੱਘਾ |
| 24) ਜ਼ਬਤ ਪ੍ਰਣਾਲੀ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? | ਨਕਦ ਪ੍ਰਣਾਲੀ |
| 25) ਕਿਹੜੀ ਭੂਮੀ ਲਗਾਨ ਪ੍ਰਣਾਲੀ ਵਿੱਚ ਲਗਾਨ ਦੀ ਦਰ ਖੜ੍ਹੀ ਫਸਲ ਨੂੰ ਵੇਖ ਕੇ ਤੈਅ ਕੀਤੀ ਜਾਂਦੀ ਸੀ ? | ਕਨਕੂਤ |


Download Free Study Material From SIKHYA APP

| | |
|---|---|
| 26) ਇਜ਼ਾਰਾਦਾਰ ਕੌਣ ਸਨ ? | ਭੂਮੀ ਲਗਾਨ ਇਕੱਠਾ ਕਰਨ ਲਈ ਨਿਯੁਕਤ ਕੀਤੇ ਠੇਕੇਦਾਰ |
| 27) ਇਜਾਰਾਦਾਰ ਨੂੰ ਭੂਮੀ ਤੋਂ ਲਗਾਨ ਇਕੱਠਾ ਕਰਨ ਦਾ ਅਧਿਕਾਰ ਕਿੰਨੇ ਸਮੇਂ ਲਈ ਦਿੱਤਾ ਜਾਂਦਾ ਸੀ ? | 3 ਤੋਂ 6 ਸਾਲ ਲਈ |
| 28) ਭੂਮੀ ਲਗਾਨ ਤੋਂ ਬਾਅਦ ਰਾਜ ਦੀ ਆਮਦਨ ਦਾ ਦੂਜਾ ਮੁੱਖ ਸਾਧਨ ਕਿਹੜਾ ਸੀ ? | ਚੁੰਗੀ ਕਰ |
| 29) ਅਫ਼ੀਮ, ਭੰਗ, ਸ਼ਰਾਬ ਅਤੇ ਹੋਰ ਨਸ਼ੀਲੀਆਂ ਚੀਜਾਂ ਤੇ ਲਗਾਏ ਗਏ ਕਰ ਨੂੰ ਕੀ ਕਿਹਾ ਜਾਂਦਾ ਸੀ ? | ਆਬਕਾਰੀ |
| 30) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਿਹੜੀਆਂ ਜਾਗੀਰਾਂ ਦੀ ਗਿਣਤੀ ਸਭ ਤੋਂ ਵੱਧ ਸੀ ? | ਸੇਵਾ ਜਾਗੀਰਾਂ ਦੀ |
| 31) ਮਹਾਰਾਜਾ ਰਣਜੀਤ ਸਿੰਘ ਨੇ ਘੋੜਿਆਂ ਨੂੰ ਦਾਗਣ ਦੀ ਪ੍ਰੰਪਰਾ ਕਦੋਂ ਸ਼ੁਰੂ ਕੀਤੀ ? | 1830 ਈ: |
| 32) ਧਾਰਮਿਕ ਸੰਸਥਾਵਾਂ ਨੂੰ ਦਿੱਤੀਆਂ ਗਈਆਂ ਜਾਗੀਰਾਂ ਨੂੰ ਕੀ ਕਿਹਾ ਜਾਂਦਾ ਸੀ ? | ਧਰਮਾਰਥ ਜਾਗੀਰਾਂ |
| 33) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਭ ਤੋਂ ਉੱਚੀ ਅਦਾਲਤ ਕਿਹੜੀ ਹੁੰਦੀ ਸੀ ? | ਮਹਾਰਾਜਾ ਦੀ ਅਦਾਲਤ |
| 34) ਅਦਾਲਤ-ਏ-ਆਲਾ ਕਿੱਥੇ ਸਥਿਤ ਸੀ ? | ਲਾਹੌਰ ਵਿੱਚ |
| 35) ਪਿੰਡਾਂ ਵਿੱਚ ਝਗੜਿਆਂ ਦੇ ਫੈਸਲੇ ਕੌਣ ਕਰਦਾ ਸੀ ? | ਪੰਚਾਇਤ |
| 36) ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਸੀ ? | ਫੌਜ-ਏ-ਆਇਨ ਅਤੇ ਫੌਜ-ਏ-ਬੇਕਵਾਇਦ |


Download Free Study Material From SIKHYA APP

| | |
|---|---|
| 37) ਮਹਾਰਾਜਾ ਰਣਜੀਤ ਸਿੰਘ ਨੇਫੌਜ ਨੂੰ ਸਿਖ਼ਲਾਈ ਦੇਣ ਲਈ ਕਿਹੜੇ ਯੂਰਪੀ ਅਧਿਕਾਰੀ ਦੀ ਨਿਯੁਕਤੀ ਕੀਤੀ ? | ਜਨਰਲ ਵੈਂਤੁਰਾ |
| 38) ਮਹਾਰਾਜਾ ਰਣਜੀਤ ਸਿੰਘ ਦਾ ਤੋਪਖਾਨਾ ਕਿੰਨੇ ਵਰਗਾਂ ਵਿੱਚ ਵੰਡਿਆ ਹੋਇਆ ਸੀ ? | 4 |
| 39) ਫੌਜ–ਏ–ਕਿਲ੍ਹਾਜਾਤ ਦਾ ਮੁੱਖ ਕੰਮ ਕੀ ਸੀ ? | ਕਿਲ੍ਹਿਆਂ ਦੀ ਰੱਖਿਆ ਕਰਨਾ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਦੇ ਕੇਂਦਰੀ ਸ਼ਾਸਨ ਦੀ ਰੂਪ-ਰੇਖਾ ਬਿਆਨ ਕਰੋ। ਜਾਂ**

**ਮਹਾਰਾਜਾ ਰਣਜੀਤ ਸਿੰਘ ਦੇ ਕੇਂਦਰੀ ਸ਼ਾਸਨ ਵਿੱਚ ਮਹਾਰਾਜੇ ਦੀ ਸਥਿਤੀ ਕਿਹੋ ਜਿਹੀ ਸੀ ?**

ਉੱਤਰ: ਮਹਾਰਾਜਾ ਰਾਜ ਦਾ ਮੁਖੀ ਸੀ। ਉਹ ਰਾਜ ਦੇ ਸਾਰੇ ਮਾਮਲਿਆਂ ਦੀ ਅਗਵਾਈ ਕਰਦਾ ਸੀ। ਉਹ ਰਾਜ ਸਬੰਧੀ ਨੀਤੀਆਂ ਬਣਾਉਂਦਾ ਸੀ। ਉਹ ਮੰਤਰੀਆਂ, ਅਧਿਕਾਰੀਆਂ ਅਤੇ ਦਰਬਾਰੀਆਂ ਦੀਆਂ ਨਿਯੁਕਤੀਆਂ ਕਰਦਾ ਸੀ। ਉਹ ਰਾਜ ਦਾ ਮੁੱਖ ਜੱਜ ਸੀ। ਉਸਦੇ ਮੂਹੋਂ ਨਿਕਲਿਆ ਹਰ ਸ਼ਬਦ ਕਾਨੂੰਨ ਬਣ ਜਾਂਦਾ ਸੀ। ਉਸਦੀ ਸਹਾਇਤਾ ਲਈ ਮੰਤਰੀ ਪਰੀਸ਼ਦ ਸੀ। ਮੰਤਰੀਆਂ ਨੂੰ ਵੱਖੋ–ਵੱਖ ਮਹਿਕਮੇ ਦਿੱਤੇ ਗਏ ਸਨ। ਮੰਤਰੀਆਂ ਦੀ ਸਲਾਹ ਨੂੰ ਮੰਨਣਾ ਜਾਂ ਨਾ ਮੰਨਣਾ ਮਹਾਰਾਜੇ ਦੀ ਮਰਜ਼ੀ ਸੀ।

**2) ਮਹਾਰਾਜਾ ਰਣਜੀਤ ਸਿੰਘ ਦਾ ਪ੍ਰਾਂਤਕ ਪ੍ਰਬੰਧ ਕਿਹੋ ਜਿਹਾ ਸੀ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਨੂੰ ਚਾਰ ਸੂਬਿਆਂ ਵਿੱਚ ਵੰਡਿਆ ਹੋਇਆ ਸੀ:

1. ਸੂਬਾ–ਏ–ਲਾਹੌਰ
2. ਸੂਬਾ–ਏ–ਮੁਲਤਾਨ


Download Free Study Material From SIKHYA APP

3. ਸੂਬਾ-ਏ-ਕਸ਼ਮੀਰ

4. ਸੂਬਾ-ਏ-ਪੇਸ਼ਾਵਰ

ਸੂਬੇ ਦਾ ਪ੍ਰਬੰਧ ਚਲਾਉਣ ਦੀ ਜਿੰਮੇਵਾਰੀ ਨਾਜ਼ਿਮ ਦੀ ਹੁੰਦੀ ਸੀ। ਉਹ ਆਪਣੇ ਰਾਜ ਵਿੱਚ ਸ਼ਾਂਤੀ ਬਣਾ ਕੇ ਰੱਖਦਾ ਸੀ। ਉਹ ਬਾਕੀ ਕਰਮਚਾਰੀਆਂ ਦੇ ਕੰਮਾਂ ਦੀ ਨਿਗਰਾਨੀਕਰਦਾ ਸੀ। ਉਹ ਰਾਜ ਵਿੱਚ ਮਹਾਰਾਜਾ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਾ ਸੀ। ਉਹ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਦੇ ਫੈਸਲੇ ਕਰਦਾ ਸੀ। ਉਹ ਜਿਲ੍ਹਿਆਂ ਦੇ ਕਾਰਦਾਰਾਂ ਤੇ ਵੀ ਨਜ਼ਰ ਰੱਖਦਾ ਸੀ। ਭਾਵੇਂ ਉਸ ਕੋਲ ਅਸੀਮ ਸ਼ਕਤੀਆਂ ਸਨ ਪਰ ਫਿਰ ਵੀ ਰਾਜ ਸਬੰਧੀ ਅਹਿਮ ਫੈਸਲੇ ਲੈਣ ਸਮੇਂ ਮਹਾਰਾਜੇ ਦੀ ਸਲਾਹ ਲੈਣਾ ਜਰੂਰੀ ਸੀ। ਮਹਾਰਾਜਾ ਜਦੋਂ ਚਾਹੇ, ਨਾਜ਼ਿਮ ਨੂੰ ਤਬਦੀਲ ਕਰ ਸਕਦਾ ਸੀ।

**3) ਮਹਾਰਾਜਾ ਰਣਜੀਤ ਸਿੰਘ ਦੇ ਸਥਾਨਕ ਪ੍ਰਬੰਧ ਤੇ ਇੱਕ ਨੋਟ ਲਿਖੋ।**

ਉੱਤਰ: ਮਹਾਰਾਜਾ ਨੇ ਆਪਣੇ ਹਰੇਕ ਸੂਬੇ ਨੂੰ ਕਈ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ। ਪਰਗਨੇ ਦਾ ਮੁੱਖ ਅਧਿਕਾਰੀ ਕਾਰਦਾਰ ਹੁੰਦਾ ਸੀ। ਉਹ ਪਰਗਨੇ ਵਿੱਚ ਸ਼ਾਂਤੀ ਬਣਾ ਕੇ ਰੱਖਦਾ ਸੀ। ਉਹ ਮਹਾਰਾਜੇ ਦੇ ਹੁਕਮਾਂ ਦੀ ਪਾਲਣਾ ਕਰਵਾਉਂਦਾ ਸੀ ਅਤੇ ਲਗਾਨ ਇਕੱਠਾ ਕਰਦਾ ਸੀ। ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਪਿੰਡ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਦੇ ਹੱਥ ਵਿੱਚ ਹੁੰਦਾ ਸੀ। ਪੰਚਾਇਤਾਂ ਪਿੰਡ ਵਿੱਚ ਸ਼ਾਂਤੀ ਦਾਪ੍ਰਬੰਧ ਕਰਦੀਆ ਸਨ ਅਤੇ ਝਗੜਿਆਂ ਦੇ ਨਿਪਟਾਰੇ ਕਰਦੀਆਂ ਸਨ।

**4) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਰਦਾਰ ਦੀ ਕੀ ਸਥਿਤੀ ਸੀ?**

ਉੱਤਰ: ਕਾਰਦਾਰ ਪਰਗਨੇ ਦਾ ਮੁੱਖ ਅਧਿਕਾਰੀ ਸੀ। ਉਸ ਦੀ ਸਥਿਤੀ ਅੱਜਕੱਲ੍ਹ ਦੇ ਡਿਪਟੀ ਕਮਿਸ਼ਨਰ ਵਾਂਗ ਸੀ। ਉਹ ਪਰਗਨੇ ਵਿੱਚ ਸ਼ਾਂਤੀਬਣਾ ਕੇ ਰੱਖਦਾ ਸੀ। ਮਹਾਰਾਜੇ ਦੇ ਹੁਕਮਾਂ ਦੀਪਾਲਣਾ ਕਰਵਾਉਂਦਾ ਸੀ। ਲਗਾਨ ਇਕੱਠਾ ਕਰਦਾ ਸੀ। ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ ਸੀ। ਪਰਗਨੇ ਅਧੀਨ ਆਉਂਦੇ ਦੀਵਾਨੀ ਅਤੇ ਫੌਜ਼ਦਾਰੀ ਮੁਕੱਦਮਿਆਂ ਦੇ ਫੈਸਲੇ ਕਰਦਾ ਸੀ।


Download Free Study Material From SIKHYA APP

**5) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕੋਤਵਾਲ ਦੇ ਕੀ ਮੁੱਖ ਕੰਮ ਸਨ ?**

ਉੱਤਰ: ਲਾਹੌਰ ਸ਼ਹਿਰ ਦਾ ਪ੍ਰਬੰਧ ਕੋਤਵਾਲ ਅਧੀਨ ਸੀ। ਉਸਦੇ ਕੰਮ ਹੇਠ ਲਿਖੇ ਸਨ:

1. ਉਹ ਮਹਾਰਾਜਾ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਾ ਸੀ।
2. ਸ਼ਹਿਰ ਵਿੱਚ ਸ਼ਾਂਤੀ ਵਿਵਸਥਾ ਬਣਾ ਕੇ ਰੱਖਦਾ ਸੀ।
3. ਮੁਹੱਲੇਦਾਰਾਂ ਦੇ ਕੰਮਾਂ ਦੀ ਦੇਖ-ਭਾਲ ਕਰਦਾ ਸੀ।
4. ਸ਼ਹਿਰ ਵਿੱਚ ਸਫ਼ਾਈ ਦਾ ਪ੍ਰਬੰਧ ਕਰਦਾ ਸੀ।
5. ਸ਼ਹਿਰ ਵਿੱਚ ਆਉਣ ਵਾਲੇ ਵਿਦੇਸ਼ੀਆਂ ਦਾ ਵੇਰਵਾ ਰੱਖਦਾ ਸੀ।

**6) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਾਹੌਰ ਸ਼ਹਿਰ ਦੇ ਪ੍ਰਬੰਧ ਤੇ ਇੱਕ ਨੋਟ ਲਿਖੋ।**

ਉੱਤਰ: ਲਾਹੌਰ ਸ਼ਹਿਰ ਦਾ ਪ੍ਰਬੰਧ ਦੂਜੇ ਸ਼ਹਿਰਾਂ ਨਾਲੋਂ ਵੱਖਰੇ ਢੰਗ ਨਾਲ ਕੀਤਾ ਜਾਂਦਾ ਸੀ। ਸਾਰੇ ਸ਼ਹਿਰ ਨੂੰ ਮੁਹੱਲਿਆਂ ਵਿੱਚ ਵੰਡਿਆ ਗਿਆ ਸੀ। ਹਰੇਕ ਮੁਹੱਲਾ ਇੱਕ ਮੁਹੱਲੇਦਾਰ ਦੇ ਅਧੀਨ ਸੀ। ਮੁਹੱਲੇਦਾਰ ਆਪਣੇ ਅਧੀਨ ਮੁਹੱਲੇ ਵਿੱਚ ਸ਼ਾਂਤੀ ਵਿਵਸਥਾ ਕਾਇਮ ਰੱਖਦਾ ਸੀ। ਸਫ਼ਾਈ ਦਾ ਪ੍ਰਬੰਧ ਕਰਦਾ ਸੀ। ਸ਼ਹਿਰ ਦਾ ਮੁੱਖ ਅਧਿਕਾਰੀ ਕੋਤਵਾਲ ਸੀ। ਉਹ ਮੁਹੱਲਦੇਾਰਾਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਸੀ ਅਤੇ ਮਹਾਰਾਜਾ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਾ ਸੀ।

**7) ਮਹਾਰਾਜਾ ਰਣਜੀਤ ਸਿੰਘ ਦੇ ਲਗਾਨ ਪ੍ਰਬੰਧ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਲਗਾਨ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ:

1. ਆਮਦਨ ਦਾ ਮੁੱਖ ਸੋਮਾ ਭੂਮੀ ਲਗਾਨ ਸੀ।
2. ਲਗਾਨ ਭੂਮੀ ਦੀ ਉਪਜਾਊ ਸ਼ਕਤੀ ਦੇ ਅਧਾਰ ਤੇ ਨਿਸਚਿਤ ਕੀਤਾ ਜਾਂਦਾ ਸੀ।
3. ਭੂਮੀ ਲਗਾਨ ਸਾਲ ਵਿੱਚ ਦੋ ਵਾਰ ਇਕੱਠਾ ਕੀਤਾ ਜਾਂਦਾ ਸੀ।
4. ਲਗਾਨ ਇਕੱਠਾ ਕਰਨ ਲਈ ਬਟਾਈ, ਕਨਕੂਤ, ਬਿਘਾ ਆਦਿ ਪ੍ਰਣਾਲੀਆਂ ਦੀ ਵਰਤੋਂ ਕੀਤੀ ਜਾਂਦੀ ਸੀ।


Download Free Study Material From SIKHYA APP

5. ਲਗਾਨ ਕਾਰਦਾਰ, ਮੁਕੱਦਮ, ਪਟਵਾਰੀ, ਕਾਨੂੰਨਗੋ ਅਤੇ ਚੌਧਰੀ ਦੁਆਰਾ ਇਕੱਠਾ ਕੀਤਾ ਜਾਂਦਾ ਸੀ।

6. ਲਗਾਨ ਨਕਦ ਜਾਂ ਉਪਜ਼ ਦੇ ਰੂਪ ਵਿੱਚ ਲਿਆ ਜਾਂਦਾ ਸੀ।

**8) ਮਹਾਰਾਜਾ ਰਣਜੀਤ ਸਿੰਘ ਦੇ ਜ਼ਾਗੀਰਦਾਰੀ ਪ੍ਰਬੰਧ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਜਾਗੀਰਦਾਰੀ ਪ੍ਰਥਾ ਨੂੰ ਇੱਕ ਨਵਾਂ ਰੂਪ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਿੱਤੀਆਂ ਜਾਣ ਵਾਲੀਆਂ ਜਾਗੀਰਾਂ ਵਿੱਚ ਸੇਵਾ ਜਾਗੀਰਾਂ ਦੀ ਗਿਣਤੀ ਸਭ ਤੋਂ ਵੱਧ ਸੀ। ਜਾਗੀਰਾਂ ਦਾ ਆਕਾਰ ਨਿਸਚਿਤ ਨਹੀਂ ਸੀ। ਜਾਗੀਰਾਂ ਦਾ ਪ੍ਰਬੰਧ ਜਾਗੀਰਦਾਰ ਸਿੱਧੇ ਤੌਰ ਤੇ ਜਾਂ ਆਪਣੇ ਏਜੰਟਾਂ ਰਾਹੀਂ ਕਰਦੇ ਸਨ। ਜਾਗੀਰਦਾਰ ਆਪਣੇ ਅਧੀਨ ਜਾਗੀਰ ਵਿੱਚ ਲਗਾਨ ਇਕੱਠਾ ਕਰਦੇ ਅਤੇ ਨਿਆਂ ਸਬੰਧੀ ਫੈਸਲੇ ਵੀ ਕਰਦੇ ਸਨ। ਜਾਗੀਰਦਾਰਾਂ ਲਈ ਮਹਾਰਾਜੇ ਦੇ ਹੁਕਮਾਂ ਨੂੰ ਮੰਨਣਾ ਜਰੂਰੀ ਹੁੰਦਾ ਸੀ।

**9) ਮਹਾਰਾਜਾ ਰਣਜੀਤ ਸਿੰਘ ਦੀ ਨਿਆਂ ਪ੍ਰਣਾਲੀ ਦੀਆਂ ਕੀ ਮੁੱਖ ਵਿਸ਼ੇਸ਼ਤਾਵਾਂ ਸਨ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਨਿਆਂ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ:

1. ਨਿਆਂ ਪ੍ਰਣਾਲੀ ਸਾਦਾ ਸੀ। ਕਾਨੂੰਨ ਲਿਖਤੀ ਨਹੀਂ ਸਨ।

2. ਫੈਸਲੇ ਪ੍ਰਚਲਿਤ ਰਿਵਾਜਾਂ ਅਤੇ ਧਾਰਮਿਕ ਵਿਸ਼ਵਾਸਾਂ ਦੇ ਅਧਾਰ ਤੇ ਕੀਤੇ ਜਾਂਦੇ ਸਨ।

3. ਸਭ ਤੋਂ ਛੋਟੀ ਅਦਾਲਤ ਪੰਚਾਇਤ ਅਤੇ ਸਭ ਤੋਂ ਵੱਡੀ ਅਦਾਲਤ ਮਹਾਰਾਜਾ ਦੀ ਹੁੰਦੀ ਸੀ।

4. ਸ਼ਹਿਰਾਂ ਵਿੱਚ ਕਾਜ਼ੀ ਦੀਆਂ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ।

5. ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ।

6. ਆਮ ਤੌਰ ਤੇ ਜੁਰਮਾਨੇ ਹੀ ਕੀਤੇ ਜਾਂਦੇ ਸਨ।

**10) ਮਹਾਰਾਜਾ ਰਣਜੀਤ ਸਿੰਘ ਦੇ ਫ਼ੌਜੀ ਪ੍ਰਬੰਧ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ:


Download Free Study Material From SIKHYA APP

1. ਮਹਾਰਾਜਾ ਨੇ ਸੈਨਾ ਦੇ ਅਨੁਸ਼ਾਸਨ ਅਤੇ ਆਧੁਨਿਕੀਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ।

2. ਮਹਾਰਾਜਾ ਦੀ ਸੈਨਿਕ ਪ੍ਰਣਾਲੀ ਦੇਸੀ ਅਤੇ ਵਿਦੇਸ਼ੀ ਸੈਨਿਕ ਪ੍ਰਣਾਲੀ ਦਾ ਸੁਮੇਲ ਸੀ।

3. ਬਹੁਤੇ ਇਤਿਹਾਸਕਾਰਾਂ ਅਨੁਸਾਰ ਫੌਜ਼ ਦੀ ਗਿਣਤੀ 75000 ਤੋਂ ਇੱਕ ਲੱਖ ਦੇ ਵਿਚਕਾਰ ਸੀ।

4. ਲੋਕ ਆਪਣੀ ਮਰਜੀ ਨਾਲ ਫੌਜ਼ ਵਿੱਚ ਭਰਤੀ ਹੁੰਦੇ ਸਨ।

5. ਪੱਦਉਨਤੀਆਂ ਕਾਬਲੀਅਤ ਦੇ ਅਧਾਰ ਤੇ ਦਿੱਤੀਆਂ ਜਾਂਦੀਆਂ ਸਨ।

**11) ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਸੰਗਠਨ ਵਿੱਚ ਫ਼ੌਜ-ਏ-ਖ਼ਾਸ ਦੀ ਕੀ ਵਿਸ਼ੇਸ਼ਤਾ ਸੀ ?**

ਉੱਤਰ: ਇਸ ਫੌਜ਼ ਨੂੰ ਜਨਰਲ ਵੈਂਤੁਰਾ ਅਧੀਨ ਤਿਆਰ ਕੀਤਾ ਗਿਆ ਸੀ। ਇਸ ਵਿੱਚ ਪੈਦਲ ਸੈਨਾ ਦੀਆਂ ਚਾਰ ਬਟਾਲੀਅਨਾਂ, ਘੋੜਸਵਾਰ ਫੌਜ਼ ਦੀਆਂ ਦੋ ਰੈਜੀਮੈਂਟਅਤੇ 24 ਤੋਪਾਂ ਦਾ ਇੱਕ ਤੋਪਖਾਨਾ ਸ਼ਾਮਿਲ ਸੀ। ਤੋਪਖ਼ਾਨਾ ਜਨਰਲ ਇਲਾਹੀ ਬਖਸ਼ ਦੇ ਅਧੀਨ ਸੀ। ਫੌਜ਼ ਨੂੰ ਯੂਰਪੀ ਢੰਗ ਨਾਲ ਸਖ਼ਤ ਸਿਖਲਾਈ ਦਿੱਤੀ ਜਾਂਦੀ ਸੀ। ਇਸ ਫੌਜ਼ ਵਿੱਚ ਚੋਣਵੇਂ ਸੈਨਿਕ ਭਰਤੀ ਕੀਤੇ ਜਾਂਦੇ ਸਨ। ਉਹਨਾਂ ਦੇ ਹਥਿਆਰ ਅਤੇ ਘੋੜੇ ਵੀ ਵਧੀਆ ਕਿਸਮ ਦੇ ਹੁੰਦੇ ਸਨ। ਇਸ ਫੌਜ਼ ਦਾ ਆਪਣਾ ਝੰਡਾ ਅਤੇ ਨਿਸ਼ਾਨ ਸੀ।

**12) ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਪ੍ਰਤੀ ਵਤੀਰਾ ਕਿਹੋ ਜਿਹਾ ਸੀ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਇੱਕ ਦਿਆਲੂ ਸ਼ਾਸਕ ਸੀ। ਉਹ ਆਪਣੀ ਪ੍ਰਜਾ ਦਾ ਬਹੁਤ ਧਿਆਨ ਰੱਖਦਾ ਸੀ। ਉਸਨੇ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੀ ਕਿਹਾ ਹੋਇਆ ਸੀ ਕਿ ਉਹ ਪਰਜਾ ਦੀ ਭਲਾਈ ਦਾ ਪੂਰਾ ਧਿਆਨ ਰੱਖਣ। ਮਹਾਰਾਜਾ ਦੇ ਸ਼ਾਸਨ ਕਾਲ ਵਿੱਚ ਸਾਰੀਆਂ ਨੌਕਰੀਆਂ ਕਾਬਲੀਅਤ ਦੇ ਅਧਾਰ ਤੇ ਦਿੱਤੀਆਂ ਜਾਂਦੀਆਂ ਸਨ। ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਹੜ੍ਹ ਜਾਂ ਸੋਕੇ ਆਦਿ ਦੀ ਸਥਿਤੀ ਵਿੱਚ ਮਹਾਰਾਜਾ ਪਰਜਾ ਦਾ ਲਗਾਨ ਮਾਫ਼ ਕਰ ਦਿੰਦਾ ਸੀ।


Download Free Study Material From SIKHYA APP

**13) ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਦਾ ਲੋਕਾਂ ਦੇ ਜੀਵਨ ਤੇ ਕੀ ਪ੍ਰਭਾਵ ਪਿਆ ?**

ਉੱਤਰ: ਮਹਾਰਾਜਾਰਣਜੀਤ ਸਿੰਘ ਦੇ ਸ਼ਾਸਨ ਨੇ ਲੋਕਾਂ ਦੇ ਜੀਵਨ ਤੇ ਬਹੁਤ ਵਧੀਆ ਪ੍ਰਭਾਵ ਪਾਇਆ। ਉਹਨਾਂ ਨੂੰ ਬਾਹਰੀ ਹਮਲਾਵਰਾਂ ਦੇ ਹਮਲਿਆਂ ਤੋਂ ਮੁਕਤੀ ਮਿਲੀ। ਰਾਜ ਵਿੱਚ ਸ਼ਾਂਤੀ ਦੀ ਸਥਾਪਨਾ ਹੋਣ ਕਾਰਨ ਵਪਾਰ ਦਾ ਵੀ ਵਿਕਾਸ ਹੋਇਆ। ਪੰਜਾਬ ਦੇ ਲੋਕਾਂ ਨੂੰ ਮੁਗ਼ਲ ਅਤੇ ਅਫ਼ਗਾਨ ਅਧਿਕਾਰੀਆਂ ਤੇ ਜ਼ਿੰਮੀਦਾਰਾਂ ਦੇ ਅੱਤਿਆਚਾਰਾਂ ਤੋਂ ਛੁਟਕਾਰਾ ਮਿਲਿਆ। ਮਹਾਰਾਜੇ ਨੇ ਲੋਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤਾ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਪ੍ਰਬੰਧ ਦੀ ਜਾਣਕਾਰੀ ਦਿਓ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਪ੍ਰਬੰਧ ਹੇਠ ਲਿਖੇ ਅਨੁਸਾਰ ਸੀ:

**I. ਕੇਂਦਰੀ ਸ਼ਾਸਨ ਪ੍ਰਬੰਧ:**

**ਮਹਾਰਾਜਾ:** ਮਹਾਰਾਜਾ ਰਾਜ ਦਾ ਮੁਖੀ ਸੀ। ਉਹ ਰਾਜ ਦੇ ਸਾਰੇ ਮਾਮਲਿਆਂ ਦੀ ਅਗਵਾਈ ਕਰਦਾ ਸੀ। ਉਹ ਰਾਜ ਸਬੰਧੀ ਨੀਤੀਆਂ ਬਣਾਉਂਦਾ ਸੀ। ਉਹ ਮੰਤਰੀਆਂ, ਅਧਿਕਾਰੀਆਂ ਅਤੇ ਦਰਬਾਰੀਆਂ ਦੀਆਂ ਨਿਯੁਕਤੀਆਂ ਕਰਦਾ ਸੀ। ਉਹ ਰਾਜ ਦਾ ਮੁੱਖ ਜੱਜ ਸੀ। ਉਸਦੇ ਮੂਹੋਂ ਨਿਕਲਿਆ ਹਰ ਸ਼ਬਦ ਕਾਨੂੰਨ ਬਣ ਜਾਂਦਾ ਸੀ। ਉਸਦੀ ਸਹਾਇਤਾ ਲਈ ਮੰਤਰੀ ਪਰੀਸ਼ਦ ਸੀ।

**ਮੰਤਰੀ ਮੰਡਲ:** ਮਹਾਰਾਜੇ ਨੂੰ ਸਲਾਹ ਦੇਣ ਅਤੇ ਪ੍ਰਸ਼ਾਸਨ ਨੂੰ ਚਲਾਉਣ ਲਈ ਮੰਤਰੀ ਮੰਡਲ ਦੀ ਸਥਾਪਨਾ ਕੀਤੀ ਗਈ ਸੀ। ਮਹਾਰਾਜੇ ਤੋਂ ਬਾਅਦ ਰਾਜ ਦਾ ਸਭ ਤੋਂ ਮਹੱਤਵਪੂਰਨ ਵਿਅਕਤੀ ਪ੍ਰਧਾਨ ਮੰਤਰੀ ਨੂੰ ਮੰਨਿਆ ਜਾਂਦਾ ਸੀ। ਉਹ ਮਹਾਰਾਜਾ ਨੂੰ ਸਲਾਹ ਦਿੰਦਾ ਅਤੇ ਕੁਝ ਕੁ ਮਾਮਲਿਆਂ ਨੂੰ ਛੱਡ ਕੇ ਰਾਜ ਦੇ ਲੱਗਭਗ ਸਾਰੇ ਵਿਭਾਗਾਂ ਦੀ ਦੇਖਭਾਲ ਕਰਦਾ ਸੀ। ਵਿਦੇਸ਼ਾਂ ਨਾਲ ਸਬੰਧਤ ਮਾਮਲਿਆਂ ਲਈ ਵਿਦੇਸ਼ ਮੰਤਰੀ ਅਤੇ ਆਰਥਿਕ ਮਾਮਲਿਆਂ ਲਈ ਵਿੱਤ ਮੰਤਰੀ ਦੀ ਨਿਯੁਕਤੀ ਕੀਤੀ ਗਈ ਸੀ। ਸੈਨਾ ਵਿਭਾਗ ਦਾ ਮੁੱਖੀ ਮਹਾਰਾਜਾ ਆਪ ਸੀ। ਮਹਾਰਾਜਾ ਦੀ ਸਹਾਇਤਾ ਲਈ ਕਈ


Download Free Study Material From SIKHYA APP

ਪ੍ਰਸਿੱਧ ਸੈਨਾਪਤੀ ਸਨ। ਰਾਜ ਘਰਾਣੇ ਅਤੇ ਸ਼ਾਹੀ ਮਹਿਲਾਂ ਦੀ ਦੇਖਭਾਲ ਲਈ ਡਿਉਢੀਵਾਲਾ ਦੀ ਨਿਯੁਕਤੀ ਕੀਤੀ ਜਾਂਦੀ ਸੀ।

**ਕੇਂਦਰੀ ਵਿਭਾਗ ਜਾਂ ਦਫ਼ਤਰ:** ਸ਼ਾਸਨ ਪ੍ਰਬੰਧ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਲਈ ਮਹਾਰਾਜਾ ਨੇ ਕਈ ਵਿਭਾਗ ਬਣਾਏ ਸਨ ਜਿਹਨਾਂ ਨੂੰ ਦਫ਼ਤਰ ਕਿਹਾ ਜਾਂਦਾ ਸੀ। ਇਹਨਾਂ ਦਫ਼ਤਰਾਂ ਦੀ ਗਿਣਤੀ ਸਬੰਧੀ ਇਤਿਹਾਸਕਾਰਾਂ ਦੇ ਵਿਚਾਰਾਂ ਵਿੱਚ ਮਤਭੇਦ ਹਨ। ਇਹਨਾਂ ਦਫ਼ਤਰਾਂ ਦੁਆਰਾ ਰਾਜ ਦੀ ਸੰਪਤੀ, ਲਗਾਨ, ਫੀਸਾਂ, ਜੁਰਮਾਨਿਆਂ, ਤਨਖਾਹਾਂ, ਤੋਹਫ਼ਿਆਂ, ਖ਼ਰਚ ਆਦਿ ਦਾ ਹਿਸਾਬ ਰੱਖਿਆ ਜਾਂਦਾ ਸੀ।

**II. ਪ੍ਰਾਂਤੀ ਸ਼ਾਸਨ ਪ੍ਰਬੰਧ:**

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਨੂੰ ਚਾਰ ਸੂਬਿਆਂ ਵਿੱਚ ਵੰਡਿਆ ਹੋਇਆ ਸੀ: ਸੂਬਾ-ਏ-ਲਾਹੌਰ, ਸੂਬਾ-ਏ-ਮੁਲਤਾਨ, ਸੂਬਾ-ਏ-ਕਸ਼ਮੀਰ ਅਤੇ ਸੂਬਾ-ਏ-ਪੇਸ਼ਾਵਰ। ਸੂਬੇ ਦਾ ਪ੍ਰਬੰਧ ਚਲਾਉਣ ਦੀ ਜਿੰਮੇਵਾਰੀ ਨਾਜ਼ਿਮ ਦੀ ਹੁੰਦੀ ਸੀ। ਉਹ ਆਪਣੇ ਰਾਜ ਵਿੱਚ ਸ਼ਾਂਤੀ ਬਣਾ ਕੇ ਰੱਖਦਾ ਸੀ। ਉਹ ਬਾਕੀ ਕਰਮਚਾਰੀਆਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਸੀ। ਉਹ ਰਾਜ ਵਿੱਚ ਮਹਾਰਾਜਾ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਾ ਸੀ। ਉਹ ਦੀਵਾਨੀਅਤੇ ਫ਼ੌਜਦਾਰੀ ਮੁਕੱਦਮਿਆਂ ਦੇ ਫੈਸਲੇ ਕਰਦਾ ਸੀ। ਉਹ ਜਿਲ੍ਹਿਆਂ ਦੇ ਕਾਰਦਾਰਾਂ ਤੇ ਵੀ ਨਜ਼ਰ ਰੱਖਦਾ ਸੀ। ਭਾਵੇਂ ਉਸ ਕੋਲ ਅਸੀਮ ਸ਼ਕਤੀਆਂ ਸਨ ਪਰ ਫਿਰ ਵੀ ਰਾਜ ਸਬੰਧੀ ਅਹਿਮ ਫੈਸਲੇ ਲੈਣ ਸਮੇਂ ਮਹਾਰਾਜੇ ਦੀ ਸਲਾਹ ਲੈਣਾ ਜਰੂਰੀ ਸੀ। ਮਹਾਰਾਜਾ ਜਦੋਂ ਚਾਹੇ, ਨਾਜ਼ਿਮ ਨੂੰ ਤਬਦੀਲ ਕਰ ਸਕਦਾ ਸੀ।

**III. ਸਥਾਨਕ ਪ੍ਰਬੰਧ:**

ਮਹਾਰਾਜਾ ਨੇ ਆਪਣੇ ਹਰੇਕ ਸੂਬੇ ਨੂੰ ਕਈ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ। ਪਰਗਨੇ ਦਾ ਮੁੱਖ ਅਧਿਕਾਰੀ ਕਾਰਦਾਰ ਹੁੰਦਾ ਸੀ। ਉਹ ਪਰਗਨੇ ਵਿੱਚ ਸ਼ਾਂਤੀ ਬਣਾ ਕੇ ਰੱਖਦਾ ਸੀ। ਉਹ ਮਹਾਰਾਜੇ ਦੇ ਹੁਕਮਾਂ ਦੀ ਪਾਲਣਾ ਕਰਵਾਉਂਦਾ ਸੀ ਅਤੇ ਲਗਾਨ ਇਕੱਠਾ ਕਰਦਾ ਸੀ। ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਪਿੰਡ ਸੀ। ਪਿੰਡ ਨੂੰ ਮੌਜਾ


Download Free Study Material From SIKHYA APP

ਕਿਹਾ ਜਾਂਦਾ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਦੇ ਹੱਥ ਵਿੱਚ ਹੁੰਦਾ ਸੀ। ਪੰਚਾਇਤਾਂ ਪਿੰਡ ਵਿੱਚ ਸ਼ਾਂਤੀ ਦਾ ਪ੍ਰਬੰਧ ਕਰਦੀਆ ਸਨ ਅਤੇ ਝਗੜਿਆਂ ਦੇ ਨਿਪਟਾਰੇ ਕਰਦੀਆਂ ਸਨ।

**IV. ਲਾਹੌਰ ਸ਼ਹਿਰ ਦਾ ਪ੍ਰਬੰਧ:**

ਲਾਹੌਰ ਸ਼ਹਿਰ ਦਾ ਪ੍ਰਬੰਧ ਦੂਜੇ ਸ਼ਹਿਰਾਂ ਨਾਲੋਂ ਵੱਖਰੇ ਢੰਗ ਨਾਲ ਕੀਤਾਜਾਂਦਾ ਸੀ। ਸਾਰੇ ਸ਼ਹਿਰ ਨੂੰ ਮੁਹੱਲਿਆਂ ਵਿੱਚ ਵੰਡਿਆ ਗਿਆ ਸੀ। ਹਰੇਕ ਮੁਹੱਲਾ ਇੱਕ ਮੁਹੱਲੇਦਾਰ ਦੇ ਅਧੀਨ ਸੀ। ਮੁਹੱਲੇਦਾਰ ਆਪਣੇ ਅਧੀਨ ਮੁਹੱਲੇ ਵਿੱਚ ਸ਼ਾਂਤੀ ਵਿਵਸਥਾ ਕਾਇਮ ਰੱਖਦਾ ਸੀ। ਸਫ਼ਾਈ ਦਾ ਪ੍ਰਬੰਧ ਕਰਦਾ ਸੀ। ਸ਼ਹਿਰ ਦਾ ਮੁੱਖ ਅਧਿਕਾਰੀ ਕੋਤਵਾਲ ਸੀ। ਉਹ ਮੁਹੱਲਦੇਾਰਾਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਸੀ ਅਤੇ ਮਹਾਰਾਜਾ ਦੇ ਹੁਕਮਾਂ ਨੂੰ ਲਾਗੂ ਕਰਵਾਉਂਦਾ ਸੀ।

**2) ਮਹਾਰਾਜਾ ਰਣਜੀਤ ਸਿੰਘ ਦੇ ਲਗਾਨ ਪ੍ਰਬੰਧ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਲਗਾਨ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ:

I. **ਭੂਮੀ ਲਗਾਨ**: ਰਾਜ ਦੀ ਆਮਦਨ ਦਾ ਮੁੱਖ ਸੋਮਾ ਭੂਮੀ ਲਗਾਨ ਸੀ। ਇਤਿਹਾਸਕਾਰਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਲਾਨਾ ਆਮਦਨ ਲੱਗਭਗ 3 ਕਰੋੜ ਰੁਪਏ ਸੀ। ਇਸ ਵਿੱਚੋਂ ਲੱਗਭਗ 2 ਕਰੋੜ ਰੁਪਏ ਸਿਰਫ ਭੂਮੀ ਲਗਾਨ ਵਜੋਂ ਇਕੱਠੇ ਹੁੰਦੇ ਸਨ।

II. **ਭੂਮੀ ਦੀ ਉਪਜਾਊ ਸ਼ਕਤੀ ਦੇ ਅਧਾਰ ਤੇ**: ਲਗਾਨ ਦੀ ਦਰ ਭੂਮੀ ਦੀ ਉਪਜਾਊ ਸ਼ਕਤੀ ਦੇ ਅਧਾਰ ਤੇ ਨਿਸਚਿਤ ਕੀਤੀ ਜਾਂਦੀ ਸੀ। ਜਿਆਦਾ ਉਪਜਾਊ ਭੂਮੀ ਤੇ ਲਗਾਨ ਦੀ ਦਰ ਜਿਆਦਾ ਹੁੰਦੀ ਸੀ। ਘੱਟ ਉਪਜਾਊ ਭੂਮੀ ਤੇ ਲਗਾਨ ਦੀ ਦਰ ਵੀ ਘੱਟ ਹੁੰਦੀ ਸੀ।

III. **ਲਗਾਨ ਪ੍ਰਣਾਲੀਆਂ**: ਵੱਖ-ਵੱਖ ਇਲਾਕਿਆਂ ਵਿੱਚ ਵੱਖੋ-ਵੱਖ ਲਗਾਨ ਪ੍ਰਣਾਲੀਆਂ ਪ੍ਰਚਲਿਤ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਗਾਨ ਇਕੱਠਾ ਕਰਨ ਲਈ ਮੁੱਖ ਤੌਰ ਤੇ ਬਟਾਈ ਪ੍ਰਣਾਲੀ, ਕਨਕੂਤ ਪ੍ਰਣਾਲੀ, ਜ਼ਬਤ ਪ੍ਰਣਾਲੀ, ਬਿਘਾ ਪ੍ਰਣਾਲੀ, ਹਲ ਪ੍ਰਣਾਲੀ, ਖੂਹ ਪ੍ਰਣਾਲੀ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ।


Download Free Study Material From SIKHYA APP

IV. **ਲਗਾਨ ਦੀ ਦਰ**: ਲਗਾਨ ਦੀ ਦਰ ਆਮ ਤੌਰ ਤੇ 2/5 ਤੋਂ 1/3 ਤੱਕ ਹੁੰਦੀ ਸੀ। ਬਹੁਤ ਉਪਜਾਊ ਭੂਮੀ ਤੇ ਸਰਕਾਰ 50 ਫੀਸਦੀ ਤੱਕ ਲਗਾਨ ਇਕੱਠਾ ਕਰਦੀ ਸੀ। ਬੰਜਰ ਭੂਮੀ ਤੇ ਖੇਤੀ ਕਰਨ ਤੇ ਲਗਾਨ ਦੀ ਦਰ ਨਾਂ ਮਾਤਰ ਹੀ ਹੁੰਦੀ ਸੀ।

V. **ਲਗਾਨ ਦੀ ਉਗਰਾਹੀ**: ਲਗਾਨ ਸਾਲ ਵਿੱਚ ਦੋ ਵਾਰ ਇਕੱਠਾ ਕੀਤਾ ਜਾਂਦਾ ਸੀ। ਆਮ ਤੌਰ ਤੇ ਇਹ ਹਾੜੀ ਅਤੇ ਸਾਉਣੀ ਦੀ ਫ਼ਸਲ ਪੱਕਣ ਤੋਂ ਬਾਅਦ ਇਕੱਠਾ ਕੀਤਾ ਜਾਂਦਾ ਸੀ।

VI. **ਲਗਾਨ ਇਕੱਠਾ ਕਰਨ ਵਾਲੇ ਅਧਿਕਾਰੀ**: ਲਗਾਨ ਇਕੱਠਾ ਕਰਨ ਦੀ ਜਿੰਮੇਵਾਰੀ ਮੁੱਖ ਤੌਰ ਤੇ ਪਿੰਡ ਦੇ ਮੁਕੱਦਮ, ਚੌਧਰੀ ਅਤੇ ਪਟਵਾਰੀ ਦੀ ਹੁੰਦੀ ਸੀ। ਪਿੰਡਾਂ ਤੋਂ ਲਗਾਨ ਇਕੱਠਾ ਕਰਕੇ ਕਾਰਦਾਰ ਨੂੰ ਜਮ੍ਹਾਂ ਕਰਵਾਇਆ ਜਾਂਦਾ ਸੀ। ਕਾਰਦਾਰ ਲਗਾਨ ਨੂੰ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ ਸਨ।

VII. **ਠੇਕੇਦਾਰੀ ਪ੍ਰਣਾਲੀ**: ਕੁਝ ਖੇਤਰਾਂ ਵਿੱਚ ਠੇਕੇਦਾਰੀ ਪ੍ਰਣਾਲੀ ਵੀ ਪ੍ਰਚਲਿਤ ਸੀ। ਠੇਕੇਦਾਰਾਂ ਨੂੰ ਇਜ਼ਾਰੇਦਾਰ ਕਿਹਾ ਜਾਂਦਾ ਸੀ। ਇਜ਼ਾਰੇਦਾਰਾਂ ਨੂੰ ਇੱਕ ਨਿਸਚਿਤ ਖੇਤਰ ਤੋਂ ਨਿਸਚਿਤ ਰਕਮ ਦੇ ਬਦਲੇ 3 ਤੋਂ 6 ਸਾਲ ਤੱਕ ਲਗਾਨ ਇਕੱਠਾ ਕਰਨ ਦਾ ਅਧਿਕਾਰ ਦੇ ਦਿੱਤਾ ਜਾਂਦਾ ਸੀ।

VIII. **ਖੇਤੀਬਾੜੀ ਲਈ ਸਹੂਲਤਾਂ**: ਮਹਾਰਾਜਾ ਰਣਜੀਤ ਸਿੰਘ ਦੁਆਰਾ ਕਿਸਾਨਾਂ ਨੂੰ ਖੇਤੀਬਾੜੀ ਲਈ ਕਈ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਕੁਦਰਤੀ ਔਕੜਾਂ ਦੀ ਹਾਲਤ ਵਿੱਚ ਲਗਾਨ ਮਾਫ਼ ਕਰ ਦਿੱਤਾ ਜਾਂਦਾ ਸੀ। ਕਿਸਾਨਾਂ ਨੂੰ ਤੱਕਾਵੀ ਕਰਜੇ ਦਿੱਤੇ ਜਾਂਦੇ ਸਨ। ਕਿਸਾਨਾਂ ਤੋਂ ਵੱਧ ਲਗਾਨ ਵਸੂਲ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਂਦੀ ਸੀ।

**3) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕਿਹੜੀਆਂ ਲਗਾਨ ਪ੍ਰਣਾਲੀਆਂ ਪ੍ਰਚਲਿਤ ਸਨ ? ਕੋਈ 5 ਲਗਾਨ ਪ੍ਰਣਾਲੀਆਂ ਦੀ ਸੰਖੇਪ ਜਾਣਕਾਰੀ ਦਿਓ।**


Download Free Study Material From SIKHYA APP

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਗਾਨ ਇਕੱਠਾ ਕਰਨ ਲਈ ਮੁੱਖ ਤੌਰ ਤੇ ਬਟਾਈ ਪ੍ਰਣਾਲੀ, ਕਨਕੂਤ ਪ੍ਰਣਾਲੀ, ਜ਼ਬਤ ਪ੍ਰਣਾਲੀ, ਬਿਘਾ ਪ੍ਰਣਾਲੀ, ਹਲ ਪ੍ਰਣਾਲੀ, ਖੂਹ ਪ੍ਰਣਾਲੀ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ। ਇਹਨਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:

I. **ਬਟਾਈ ਪ੍ਰਣਾਲੀ**: ਇਸ ਪ੍ਰਣਾਲੀ ਅਨੁਸਾਰ ਫ਼ਸਲ ਦੇ ਪੱਕਣ ਤੋਂ ਬਾਅਦ ਉਪਜ ਦੀਆਂ ਬਰਾਬਰ ਢੇਰੀਆਂ ਬਣਾ ਲਈਆਂ ਜਾਂਦੀਆਂ ਸਨ। ਸਰਕਾਰ ਆਪਣਾ ਹਿੱਸਾ ਰੱਖਣ ਤੋਂ ਬਾਅਦ ਬਾਕੀ ਦੀ ਉਪਜ ਕਿਸਾਨ ਨੂੰ ਦੇ ਦਿੰਦੀ ਸੀ। ਇਹ ਪ੍ਰਣਾਲੀ ਬਹੁਤ ਔਖੀ ਅਤੇ ਖਰਚੀਲੀ ਸੀ। ਸਰਕਾਰ ਨੂੰ ਲਗਾਨ ਇਕੱਠਾ ਕਰਨ ਲਈ ਬਹੁਤ ਸਾਰੇ ਕਰਮਚਾਰੀ ਨਿਯੁਕਤ ਕਰਨੇ ਪੈਂਦੇ ਸਨ। ਕਈ ਕਿਸਾਨ ਆਪਣੀ ਫ਼ਸਲ ਛੁਪਾ ਵੀ ਲੈਂਦੇ ਸਨ।

II. **ਕਨਕੂਤ ਪ੍ਰਣਾਲੀ**: ਇਸ ਪ੍ਰਣਾਲੀ ਅਨੁਸਾਰ ਲਗਾਨ ਖੜ੍ਹੀ ਹੋਈ ਫ਼ਸਲ ਨੂੰ ਵੇਖ ਕੇ ਨਿਰਧਾਰਤ ਕੀਤਾ ਜਾਂਦਾ ਸੀ। ਨਿਸਚਿਤ ਲਗਾਨ ਨਕਦੀ ਦੇ ਰੂਪ ਵਿੱਚ ਲਿਆ ਜਾਂਦਾ ਸੀ। ਇਸ ਪ੍ਰਣਾਲੀ ਅਨੁਸਾਰ ਲਗਾਨ ਵਿੱਚ ਇਕਸਾਰਤਾ ਨਹੀਂ ਸੀ। ਕਿਸੇ ਕਿਸਾਨ ਤੋਂ ਜਿਆਦਾ ਲਗਾਨ ਵਸੂਲ ਕੀਤਾ ਜਾਂਦਾ ਸੀ ਅਤੇ ਕਿਸੇ ਤੋਂ ਘੱਟ।

III. **ਜ਼ਬਤ ਪ੍ਰਣਾਲੀ**: ਇਸਨੂੰ ਨਕਦ ਪ੍ਰਣਾਲੀ ਵੀ ਕਿਹਾ ਜਾਂਦਾ ਸੀ। ਇਹ ਪ੍ਰਣਾਲੀ ਨਕਦੀ ਫ਼ਸਲਾਂ ਜਿਵੇਂ ਗੰਨਾ, ਕਪਾਹ, ਤੰਬਾਕੂ, ਤੇਲ ਬੀਜਾਂ, ਸਬਜੀਆਂ, ਫਲਾਂ, ਦਾਲਾਂ ਆਦਿ ਤੇ ਲਾਗੂ ਹੁੰਦੀ ਸੀ। ਇਸ ਪ੍ਰਣਾਲੀ ਤਹਿਤ ਬਿਜਾਈ ਕੀਤੇ ਖੇਤਰ ਦੇ ਅਕਾਰ ਦੇ ਅਧਾਰ ਤੇ ਕਿਸਾਨਾਂ ਤੋਂ ਲਗਾਨ ਵਸੂਲ ਕੀਤਾ ਜਾਂਦਾ ਸੀ।

IV. **ਬਿਘਾ ਪ੍ਰਣਾਲੀ**: ਸਰਕਾਰ ਦੁਆਰਾ ਲਗਾਨ ਨਿਸਚਿਤ ਕਰਨ ਲਈ ਬਿਘੇ ਨੂੰ ਇਕਾਈ ਮੰਨ ਲਿਆ ਜਾਂਦਾ ਸੀ। ਕੋਈ ਵਿਅਕਤੀ ਜਿੰਨੇ ਬਿਘੇ ਖੇਤਰ ਵਿੱਚ ਫ਼ਸਲ ਬੀਜਦਾ ਸੀ, ਉਸਦੇ ਅਨੁਪਾਤ ਵਿੱਚ ਲਗਾਨ ਦੇਂਦਾ ਸੀ।

V. **ਹਲ ਪ੍ਰਣਾਲੀ**: ਇਸ ਪ੍ਰਣਾਲੀ ਵਿੱਚ ਬਲਦਾਂ ਦੀ ਇੱਕ ਜੋੜੀ ਦੁਆਰਾ ਜਿੰਨੀ ਭੂਮੀ ਤੇ ਹਲ ਚਲਾਇਆ ਜਾਂਦਾ ਹੈ, ਨੂੰ ਇਕਾਈ ਮੰਨ ਲਿਆ ਜਾਂਦਾ ਸੀ। ਇਸ ਅਧਾਰ ਤੇ ਲਗਾਨ ਦੀ ਦਰ ਨਿਸਚਿਤ ਕਰ ਦਿੱਤੀ ਜਾਂਦੀ ਸੀ। ਜਿਸ


Download Free Study Material From SIKHYA APP

ਕਿਸਾਨ ਕੋਲ ਜਿੰਨੇ ਜਿਆਦਾ ਬਲਦਾਂ ਦੀਆਂ ਜੋੜੀਆਂ ਹੁੰਦੀਆਂ ਸਨ, ਉਨਾ ਹੀ ਜਿਆਦਾ ਲਗਾਨ ਦੇਣਾ ਪੈਂਦਾ ਸੀ।

VI. **ਖੂਹ ਪ੍ਰਣਾਲੀ:** ਇਸ ਪ੍ਰਣਾਲੀ ਵਿੱਚ ਇੱਕ ਖੂਹ ਦੁਆਰਾ ਸਿੰਜੀ ਜਾ ਸਕਦੀ ਭੂਮੀ ਨੂੰ ਇੱਕ ਇਕਾਈ ਮੰਨ ਕੇ ਉਸਦੇ ਅਧਾਰ ਤੇ ਲਗਾਨ ਦੀ ਦਰ ਨਿਸਚਿਤ ਕਰ ਦਿੱਤੀ ਜਾਂਦੀ ਸੀ। ਜਿਸ ਕਿਸਾਨ ਕੋਲ ਜਿੰਨੇ ਵੀ ਖੂਹ ਹੁੰਦੇ ਸਨ, ਉਸ ਕਿਸਾਨ ਨੂੰ ਉਨੇ ਗੁਣਾ ਲਗਾਨ ਦੇਣਾ ਪੈਂਦਾ ਸੀ।

VII. **ਇਜ਼ਾਰਾਦਾਰੀ ਪ੍ਰਣਾਲੀ:** ਕੁਝ ਖੇਤਰਾਂ ਵਿੱਚ ਇਜ਼ਾਰਾਦਾਰੀ ਪ੍ਰਣਾਲੀ ਵੀ ਪ੍ਰਚਲਿਤ ਸੀ। ਇਜ਼ਾਰੇਦਾਰਾਂ ਨੂੰ ਇੱਕ ਨਿਸਚਿਤ ਖੇਤਰ ਤੋਂ ਨਿਸਚਿਤ ਰਕਮ ਦੇ ਬਦਲੇ 3 ਤੋਂ 6 ਸਾਲ ਤੱਕ ਲਗਾਨ ਇਕੱਠਾ ਕਰਨ ਦਾ ਅਧਿਕਾਰ ਦੇ ਦਿੱਤਾ ਜਾਂਦਾ ਸੀ। ਇਹ ਪ੍ਰਣਾਲੀ ਸਰਕਾਰ ਲਈ ਬਹੁਤ ਲਾਭਦਾਇਕ ਸੀ ਪਰ ਇਸ ਨਾਲ ਕਿਸਾਨਾਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

**4) ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਦੀ ਜਾਣਕਾਰੀ ਦਿਓ।**

**ਉੱਤਰ:** ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਸੀ; ਫੌਜ-ਏ-ਆਇਨ, ਫੌਜ-ਏ-ਖਾਸ ਅਤੇ ਫੌਜ਼-ਏ-ਬੇਕਵਾਇਦ। ਫੌਜ ਦੇ ਇਹਨਾਂ ਅੰਗਾਂ ਦਾ ਵੇਰਵਾ ਅੱਗੇ ਦਿੱਤੇ ਅਨੁਸਾਰ ਹੈ:

I. **ਫੌਜ-ਏ-ਆਇਨ:** ਫੌਜ-ਏ-ਆਇਨ ਮਹਾਰਾਜਾ ਰਣਜੀਤ ਸਿੰਘ ਦੀ ਨਿਯਮਿਤ ਫੌਜ਼ ਸੀ। ਇਸਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਸੀ:

1) **ਪੈਦਲ ਸੈਨਾ:** ਸ਼ੁਰੂ ਵਿੱਚ ਪੈਦਲ ਸੈਨਾ ਨੂੰ ਨੀਵਾਂ ਸਮਝਿਆ ਜਾਂਦਾ ਸੀ। ਸਿੱਖ ਇਸ ਵਿੱਚ ਭਰਤੀ ਹੋਣਾ ਚੰਗਾ ਨਹੀਂ ਸਮਝਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਬਹੁਤ ਸਾਰੇ ਸਿੱਖ, ਪਠਾਣ ਅਤੇ ਗੋਰਖ਼ੇ ਇਸ ਸੈਨਾ ਵਿੱਚ ਸ਼ਾਮਿਲ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸੈਨਾਂ ਨੂੰ ਸਿਖਲਾਈ ਦੇਣ ਲਈ ਜਨਰਲ ਵੈਂਤੁਰਾ


Download Free Study Material From SIKHYA APP

ਨੂੰ ਨਿਯੁਕਤ ਕੀਤਾ। ਛੇਤੀ ਹੀ ਇਹ ਸੈਨਾ ਬਹੁਤ ਸ਼ਕਤੀਸ਼ਾਲੀ ਬਣ ਗਈ। ਸੈਨਾ ਨੂੰ ਬਟਾਲੀਅਨਾਂ, ਕੰਪਨੀਆਂ ਅਤੇ ਸ਼ੈਕਸ਼ਨਾਂ ਵਿੱਚ ਵੰਡ ਦਿੱਤਾ ਗਿਆ।

2) **ਘੋੜਸਵਾਰ ਸੈਨਾ**: ਘੋੜਸਵਾਰ ਸੈਨਾ ਨੂੰ ਸਿਖਲਾਈ ਦੇਣ ਲਈ ਜਨਰਲ ਅਲਾਰਡ ਦੀ ਨਿਯੁਕਤੀ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਸਮੇਂ ਘੋੜਸਵਾਰ ਸੈਨਿਕਾਂ ਦੀ ਗਿਣਤੀ 4000 ਤੋਂ ਵੱਧ ਸੀ। ਇਸ ਨੂੰ ਘੋੜਸਵਾਰ ਰੈਜੀਮੈਂਟਾਂ ਅਤੇ ਰਸਾਲਿਆਂ ਵਿੱਚ ਵੰਡਿਆ ਹੋਇਆ ਸੀ।

3) **ਤੋਪਖ਼ਾਨਾ**: ਮਹਾਰਾਜਾ ਰਣਜੀਤ ਸਿੰਘ ਨੇ ਤੋਪਖਾਨੇ ਦੀ ਉੱਨਤੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਤੋਪਖਾਨੇ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਲਈ ਜਨਰਲ ਕੋਰਟ ਅਤੇ ਅਲੈਗਜ਼ੈਂਡਰ ਗਾਰਡਨਰ ਨੂੰ ਨਿਯੁਕਤ ਕੀਤਾ ਗਿਆ। ਤੋਪਾਂ ਦੇ ਅਕਾਰ ਅਤੇ ਉਹਨਾਂ ਨੂੰ ਖਿੱਚਣ ਲਈ ਵਰਤੇ ਜਾਣ ਵਾਲੇ ਪਸ਼ੂਆਂ ਦੇ ਅਧਾਰ ਤੇ ਤੋਪਖਾਨੇ ਨੂੰ ਚਾਰ ਵਰਗਾਂ ਵਿੱਚ ਵੰਡਿਆ ਗਿਆ। ਤੋਪਖਾਨੇ ਨੂੰ ਕਈ ਬੈਟਰੀਆਂ ਜਾਂ ਡੇਰਿਆਂ ਵਿੱਚ ਵੰਡਿਆ ਗਿਆ ਸੀ।

**II. ਫੌਜ-ਏ-ਖਾਸ**: ਫੌਜ-ਏ-ਖਾਸ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ੇਸ਼ ਸੈਨਾ ਸੀ। ਇਸ ਫੌਜ ਨੂੰ ਜਨਰਲ ਵੈਂਤੁਰਾ ਦੀ ਅਗਵਾਈ ਹੇਠ ਤਿਆਰ ਕੀਤਾ ਗਿਆ ਸੀ। ਇਸ ਫੌਜ਼ ਵਿੱਚ ਪੈਦਲ ਸੈਨਾ ਦੀਆਂ 4 ਬਟਾਲੀਅਨਾਂ, ਘੋੜਸਵਾਰ ਸੈਨਾ ਦੀਆਂ ਦੋ ਰੈਜੀਮੈਂਟਾਂ ਅਤੇ 24 ਤੋਪਾਂ ਸ਼ਾਮਿਲ ਸਨ। ਫੌਜ਼ ਨੂੰ ਯੂਰਪੀ ਤਰੀਕੇ ਨਾਲ ਸਖ਼ਤ ਸਿਖਲਾਈ ਦਿੱਤੀ ਗਈ ਸੀ। ਇਸ ਫੌਜ਼ ਦਾ ਆਪਣਾ ਵੱਖਰਾ ਝੰਡਾ ਅਤੇ ਚਿੰਨ੍ਹ ਸਨ।

**III. ਫੌਜ-ਏ-ਬੇਕਵਾਇਦ**: ਫੌਜ-ਏ-ਬੇਕਵਾਇਦ ਉਹ ਫੌਜ਼ ਸੀ ਜਿਹੜੀ ਨਿਸਚਿਤ ਨਿਯਮਾਂ ਦਾ ਪਾਲਣ ਨਹੀਂ ਕਰਦੀ ਸੀ। ਇਸਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਸੀ:

1) **ਘੋੜਚੜ੍ਹੇ**: ਇਸ ਫੌਜ਼ ਵਿੱਚ ਰਾਜ ਦਰਬਾਰੀਆਂ ਦੇ ਰਿਸ਼ਤੇਦਾਰ ਅਤੇ ਉੱਚ ਖਾਨਦਾਨਾਂ ਦੇ ਮੈਂਬਰ ਸ਼ਾਮਿਲ ਹੁੰਦੇ ਸਨ। ਇਹਨਾਂ ਦੇ ਲੜਣ ਦੇ ਢੰਗ ਪੁਰਾਣੇ ਸਨ।


Download Free Study Material From SIKHYA APP

2) **ਫੌਜ-ਏ-ਕਿਲ੍ਹਾਜਾਤ**: ਇਸ ਫੌਜ ਦੀ ਭਰਤੀ ਕਿਲ੍ਹਿਆਂ ਦੀ ਰਾਖੀ ਲਈ ਕੀਤੀ ਜਾਂਦੀ ਸੀ। ਕਿਲ੍ਹੇ ਦੇ ਮਹੱਤਵ ਅਨੁਸਾਰ ਉਸ ਵਿੱਚ ਸੈਨਿਕ ਰੱਖੇ ਜਾਂਦੇ ਸਨ। ਕਿਲ੍ਹੇ ਦੇ ਮੁੱਖ ਅਫ਼ਸਰ ਨੂੰ ਕਿਲ੍ਹੇਦਾਰ ਜਾਂ ਥਾਣੇਦਾਰ ਕਿਹਾ ਜਾਂਦਾ ਸੀ।

3) **ਅਕਾਲੀ**: ਅਕਾਲੀ ਸੈਨਾ ਆਪਣੀ ਬਹਾਦਰੀ ਕਾਰਨ ਬਹੁਤ ਪ੍ਰਸਿੱਧ ਸੀ। ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਲਾਡਲੇ ਆਖ਼ਦੇ ਸਨ ਅਤੇ ਹਮੇਸ਼ਾ ਹਥਿਆਰਬੰਦ ਹੋ ਕੇ ਘੁੰਮਦੇ ਸਨ। ਉਹ ਏਨੇ ਧਾਰਮਿਕ ਜੋਸ਼ ਨਾਲ ਲੜਦੇ ਸਨ ਕਿ ਦੁਸ਼ਮਣ ਕੰਬ ਜਾਂਦੇ ਸਨ। ਉਹਨਾਂ ਨੂੰ ਅਨੁਸ਼ਾਸਨ ਵਿੱਚ ਰੱਖਣਾ ਮਹਾਰਾਜਾ ਰਣਜੀਤ ਸਿੰਘ ਲਈ ਵੱਡੀ ਚੁਣੌਤੀ ਸੀ। ਅਕਾਲੀ ਫੂਲਾ ਸਿੰਘ ਅਤੇ ਅਕਾਲੀ ਸਾਧੂ ਸਿੰਘ ਦੋ ਪ੍ਰਸਿੱਧ ਅਕਾਲੀ ਆਗੂ ਸਨ।

4) **ਜ਼ਾਗੀਰਦਾਰੀ ਫ਼ੌਜ**: ਇਸ ਫ਼ੌਜ ਵਿੱਚ ਜਾਗੀਰਦਾਰਾਂ ਦੁਆਰਾ ਤਿਆਰ ਕੀਤੇ ਸੈਨਿਕ ਹੁੰਦੇ ਸਨ। ਇਹਨਾਂ ਸੈਨਿਕਾਂ ਦੀ ਭਰਤੀ, ਤਨਖਾਹ ਅਤੇ ਵੇਰਵਾ ਜ਼ਾਗੀਰਦਾਰਾਂ ਦੇ ਅਧੀਨ ਹੁੰਦਾ ਸੀ। ਸਮੇਂ ਸਮੇਂ ਤੇ ਮਹਾਰਾਜੇ ਦੁਆਰਾ ਇਹਨਾਂ ਸੈਨਿਕਾਂ ਦਾ ਨਿਰੀਖਣ ਕੀਤਾ ਜਾਂਦਾ ਸੀ।

**5) ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਦੀ ਜਾਣਕਾਰੀ ਦਿਓ।**

**ਉੱਤਰ**: ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ:

I. **ਫ਼ੌਜ ਦੀ ਗਿਣਤੀ**: ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੀ ਕੁੱਲ ਗਿਣਤੀ ਬਾਰੇ ਕੋਈ ਜਿਆਦਾ ਸਟੀਕ ਜਾਣਕਾਰੀ ਨਹੀਂ ਮਿਲਦੀ ਪਰ ਬਹੁਤ ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਫ਼ੌਜ ਦੀ ਗਿਣਤੀ 75000 ਤੋਂ 1,00,000 ਦੇ ਵਿਚਕਾਰ ਸੀ।

II. **ਫ਼ੌਜ ਦਾ ਵਰਗੀਕਰਨ**: ਮਹਾਰਾਜਾ ਨੇ ਆਪਣੀ ਫ਼ੌਜ ਨੂੰ ਕਿਸਮਾਂ ਅਤੇ ਕਾਰਜਾਂ ਦੇ ਅਧਾਰ ਤੇ ਦੋ ਵਰਗਾਂ ਫ਼ੌਜ-ਏ-ਆਇਨ ਅਤੇ ਫ਼ੌਜ-ਏ-ਬੇਕਵਾਇਦ ਵਿੱਚ ਵੰਡਿਆ ਹੋਇਆ ਸੀ। ਇਸਤੋਂ ਇਲਾਵਾ ਕੰਪਨੀਆਂ, ਸ਼ੈਕਸ਼ਨਾਂ, ਰਸਾਲਿਆਂ, ਬਟਾਲੀਅਨਾਂ ਆਦਿ ਦੇ ਰੂਪ ਵਿੱਚ ਫ਼ੌਜ ਦੀ ਅੰਦਰੂਨੀ ਵੰਡ ਵੀ ਕੀਤੀ ਗਈ ਸੀ।


Download Free Study Material From SIKHYA APP

III. **ਭਰਤੀ**: ਅਫ਼ਸਰਾਂ ਦੀ ਭਰਤੀ ਮਹਾਰਾਜਾ ਕਰਦਾ ਸੀ। ਅਫ਼ਸਰ ਸੈਨਿਕਾਂ ਦੀ ਭਰਤੀ ਕਰਦੇ ਸਨ। ਲੋਕ ਆਪਣੀ ਮਰਜੀ ਨਾਲ ਫੌਜ਼ ਵਿੱਚ ਭਰਤੀ ਹੁੰਦੇ ਸਨ। ਫੌਜ਼ ਵਿੱਚ ਭਰਤੀ ਕਰਦੇ ਸਮੇਂ ਤੰਦਰੁਸਤ ਅਤੇ ਤਾਕਤਵਰ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਂਦੀ ਸੀ। ਫ਼ੌਜ ਵਿੱਚ ਹਰੇਕ ਧਰਮ, ਜਾਤੀ ਦੇ ਲੋਕਾਂ ਨੂੰ ਸ਼ਾਮਿਲ ਕੀਤਾ ਜਾਂਦਾ ਸੀ।

IV. **ਸਿਖ਼ਲਾਈ**: ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਸੈਨਿਕਾਂ ਨੂੰ ਨਿਯਮਿਤ ਸਿਖ਼ਲਾਈ ਦੇਣ ਦਾ ਰਿਵਾਜ ਨਹੀਂ ਸੀ। ਮਹਾਰਾਜਾ ਨੇ ਆਪਣੀਆਂ ਸੈਨਾਵਾਂ ਨੂੰ ਪੱਛਮੀ ਤਰੀਕੇ ਨਾਲ ਸਿਖ਼ਲਾਈ ਦੇਣ ਦਾ ਪ੍ਰਬੰਧ ਕੀਤਾ। ਸਿਖ਼ਲਾਈ ਲਈ ਕੁਸ਼ਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ।

V. **ਤਨਖਾਹਾਂ**: ਸੈਨਿਕਾਂ ਨੂੰ ਤਨਖਾਹ ਜਾਗੀਰ ਜਾਂ ਜਿਣਸ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸੈਨਿਕਾਂ ਨੂੰ ਨਕਦ ਤਨਖਾਹਾਂ ਦੇਣ ਦਾ ਰਿਵਾਜ ਸ਼ੁਰੂ ਕੀਤਾ।

VI. **ਪਦਉੱਨਤੀਆਂ ਅਤੇ ਸਨਮਾਨ**: ਪਦਉੱਨਤੀਆਂ ਕਰਦੇ ਸਮੇਂ ਜਾਤੀ, ਧਰਮ, ਨਸਲ, ਖੇਤਰ ਆਦਿ ਦੇ ਅਧਾਰ ਤੇ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਚੰਗੀ ਕਾਰਗੁਜ਼ਾਰੀ ਅਤੇ ਯੁੱਧ ਵਿੱਚ ਬਹਾਦਰੀ ਵਿਖਾਉਣ ਵਾਲੇ ਸੈਨਿਕਾਂ ਨੂੰ ਖਿਤਾਬਾਂ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਂਦਾ ਸੀ।

VII. **ਸਜ਼ਾਵਾਂ**: ਮਹਾਰਾਜਾ ਰਣਜੀਤ ਸਿੰਘ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕਰਦਾ ਸੀ। ਗੱਦਾਰਾਂ, ਬਾਗੀਆਂ, ਆਗਿਆ ਦਾ ਉਲੰਘਣ ਕਰਨ ਵਾਲਿਆਂ, ਅਨੁਸ਼ਾਸਨ ਭੰਗ ਕਰਨ ਵਾਲੇ ਸੈਨਿਕਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ।

VIII. **ਸੈਨਿਕ ਭਲਾਈ ਦਾ ਪ੍ਰਬੰਧ**: ਮਹਾਰਾਜਾ ਰਣਜੀਤ ਸਿੰਘ ਸੈਨਿਕਾਂ ਦੀ ਭਲਾਈ ਦਾ ਪੂਰਾ ਖਿਆਲ ਰੱਖਦਾ ਸੀ। ਉਹਨਾਂ ਨੂੰ ਵਧੀਆ ਤਨਖਾਹਾਂ ਅਤੇ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਲੜਾਈਆਂ ਵਿੱਚ ਮਾਰੇ ਗਏ ਸੈਨਿਕਾਂ ਦੇ ਪਰਿਵਾਰਾਂ ਦਾ ਪੂਰਾ ਖਿਆਲ ਰੱਖਿਆ ਜਾਂਦਾ ਸੀ।


Download Free Study Material From SIKHYA APP

**6) ਮਹਾਰਾਜਾ ਰਣਜੀਤ ਸਿੰਘ ਦੇ ਨਿਆਂ ਪ੍ਰਬੰਧ ਦੀ ਜਾਣਕਾਰੀ ਦਿਓ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਦੇ ਨਿਆਂ ਪ੍ਰਬੰਧ ਦੀ ਜਾਣਕਾਰੀ:

I. **ਅਦਾਲਤਾਂ**: ਮਹਾਰਾਜਾ ਰਣਜੀਤ ਸਿੰਘ ਨੇ ਪ੍ਰਜਾ ਨੂੰ ਨਿਆਂ ਦੇਣ ਲਈ ਵੱਖੋ-ਵੱਖ ਅਦਾਲਤਾਂ ਦੀ ਸਥਾਪਨਾ ਕੀਤੀ ਸੀ। ਨਿਆਂ ਪ੍ਰਬੰਧ ਦੀ ਸਭ ਤੋਂ ਛੋਟੀ ਅਦਾਲਤ ਪੰਚਾਇਤ, ਪਰਗਨੇ ਵਿੱਚ ਕਾਰਦਾਰ ਦੀ ਅਦਾਲਤ, ਸੂਬੇ ਵਿੱਚ ਨਾਜ਼ਿਮ ਦੀ ਅਦਾਲਤ, ਸ਼ਹਿਰ ਵਿੱਚ ਕਾਜ਼ੀ ਦੀ ਅਦਾਲਤ ਹੁੰਦੀ ਸੀ। ਵੱਡੇ ਸ਼ਹਿਰਾਂ ਵਿੱਚ ਲੋਕਾਂ ਨੂੰ ਨਿਆਂ ਦੇਣ ਲਈ ਅਦਾਲਤੀ ਨਿਯੁਕਤ ਕੀਤੇ ਗਏ ਸਨ। ਲਾਹੌਰ ਵਿੱਚ ਅਦਾਲਤ-ਏ-ਆਲਾ ਦੀ ਸਥਾਪਨਾ ਕੀਤੀ ਗਈ ਜਿਹੜੀ ਅੱਜਕੱਲ੍ਹ ਦੀ ਹਾਈ ਕੋਰਟ ਵਾਂਗ ਸੀ। ਸਭ ਤੋਂ ਵੱਡੀ ਅਦਾਲਤ ਮਹਾਰਾਜਾ ਦੀ ਅਦਾਲਤ ਸੀ।

II. **ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ**: ਲੱਗਭਗ ਸਾਰੀਆਂ ਹੀ ਅਦਾਲਤਾਂ ਆਪਣੇ ਤੋਂ ਹੇਠਲੀਆਂ ਅਦਾਲਤਾਂ ਵਿਰੁਧ ਅਪੀਲਾਂ ਸੁਣ ਸਕਦੀਆਂ ਅਤੇ ਫੈਸਲਿਆਂ ਨੂੰ ਬਦਲ ਸਕਦੀਆਂ ਸਨ। ਮਹਾਰਾਜਾ ਦੀ ਅਦਾਲਤ ਦਾ ਫੈਸਲਾ ਅੰਤਮ ਹੁੰਦਾ ਸੀ। ਇਸਦੇ ਖਿਲਾਫ਼ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਸੀ।

III. **ਮੁਕੱਦਮਾ ਪੇਸ਼ ਦਾ ਤਰੀਕਾ**: ਮੁਦੱਈ ਕਿਸੇ ਵੀ ਅਦਾਲਤ ਵਿੱਚ ਜਾ ਕੇ ਆਪਣਾ ਮੁਕੱਦਮਾ ਪੇਸ਼ ਕਰ ਸਕਦਾ ਸੀ। ਇੱਥੋਂ ਤੱਕ ਕਿ ਲੋਕ ਸਿੱਧੇ ਜਾ ਕੇ ਮਹਾਰਾਜਾ ਦੀ ਅਦਾਲਤ ਵਿੱਚ ਵੀ ਪੇਸ਼ ਹੋ ਸਕਦੇ ਸਨ। ਸਬੰਧਤ ਧਿਰਾਂ ਨੇ ਆਪਣਾ ਪੱਖ ਆਪੇ ਹੀ ਪੇਸ਼ ਕਰਨਾ ਹੁੰਦੀ ਸੀ। ਵਕੀਲਾਂ ਦੀ ਲੋੜ ਨਹੀਂ ਹੁੰਦੀ ਸੀ। ਦੀਵਾਨੀ ਅਤੇ ਫੌਜ਼ਦਾਰੀ ਮੁਕੱਦਮੇ ਇੱਕੋ ਹੀ ਅਦਾਲਤ ਵਿੱਚ ਪੇਸ਼ ਕੀਤੇ ਜਾ ਸਕਦੇ ਸਨ। ਮੁਕੱਦਮਾ ਦਾਇਰ ਕਰਨ ਲਈ ਕੋਈ ਜਿਆਦਾ ਫੀਸਾਂ ਨਹੀਂ ਲਈਆਂ ਜਾਂਦੀਆਂ ਸਨ।

IV. **ਨਿਆਂ ਕਰਨ ਦਾ ਤਰੀਕਾ**: ਲਿਖਤੀ ਕਾਨੂੰਨ ਨਹੀਂ ਸਨ। ਜੱਜਾਂ ਦੁਆਰਾ ਫੈਸਲੇ ਪ੍ਰਚਲਿਤ ਕਾਨੂੰਨਾਂ ਜਾਂ ਧਾਰਮਿਕ ਰਿਵਾਜਾਂ ਦੇ ਅਧਾਰ ਤੇ ਕੀਤੇ ਜਾਂਦੇ ਸਨ। ਲੋਕ ਅਦਾਲਤਾਂ ਦੇ ਫੈਸਲੇ ਦਾ ਸਤਿਕਾਰ ਕਰਦੇ ਸਨ। ਨਿਆਂ ਤੇਜ਼ ਹੁੰਦਾ ਸੀ। ਅੱਜਕੱਲ੍ਹ ਵਾਂਗ ਜਿਆਦਾ ਤਰੀਕਾਂ ਨਹੀਂ ਪੈਂਦੀਆਂ ਸਨ। ਫੈਸਲੇ ਤੁਰੰਤ ਕੀਤੇ ਜਾਂਦੇ ਸਨ।


Download Free Study Material From SIKHYA APP

V. **ਸਜ਼ਾਵਾਂ**: ਸਜ਼ਾਵਾਂ ਸਖ਼ਤ ਨਹੀਂ ਸਨ। ਆਮ ਤੌਰ ਤੇ ਜੁਰਮਾਨੇ ਹੀ ਕੀਤੇ ਜਾਂਦੇ ਸਨ। ਵਾਰ-ਵਾਰ ਅਪਰਾਧ ਕਰਨ ਵਾਲੇ ਅਪਰਾਧੀਆਂ ਨਾਲ ਸਖ਼ਤ ਸਲੂਕ ਕੀਤਾ ਜਾਂਦਾ ਸੀ। ਕਈ ਵਾਰ ਉਹਨਾਂ ਦੇ ਅੰਗ ਵੀ ਕੱਟ ਦਿੱਤੇ ਜਾਂਦੇ ਸਨ।

VI. **ਅਦਾਲਤਾਂ ਦੇ ਕੰਮਾਂ ਦੀ ਨਿਗਰਾਨੀ**: ਮਹਾਰਾਜਾ ਅਦਾਲਤਾਂ ਦੇ ਕੰਮਾਂ ਅਤੇ ਜੱਜਾਂ ਤੇ ਨਜ਼ਰ ਰੱਖਦਾ ਸੀ। ਜੇਕਰ ਕੋਈ ਜੱਜ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਾ ਸੀ ਜਾਂ ਆਪਣੇ ਕਰਤੱਵ ਦੀ ਪਾਲਣਾ ਨਹੀਂ ਕਰਦਾ ਸੀ ਤਾਂ ਉਸ ਤੇ ਕਾਰਵਾਈ ਕੀਤੀ ਜਾਂਦੀ ਸੀ।


Download Free Study Material From SIKHYA APP

# ਪਾਠ 20

## ਮਹਾਰਾਜਾ ਰਣਜੀਤ ਸਿੰਘ ਦਾ ਆਚਰਣ ਅਤੇ ਸ਼ਖਸੀਅਤ

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

| | |
|---|---|
| 1) ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਸ਼ੇਰ–ਏ–ਪੰਜਾਬ |
| 2) ਮਹਾਰਾਜਾ ਰਣਜੀਤ ਸਿੰਘ ਆਪਣੀ ਸਰਕਾਰ ਨੂੰ ਕਿਸ ਨਾਂ ਹੇਠ ਚਲਾਉਂਦਾ ਸੀ ? | ਸਰਕਾਰ–ਏ–ਖ਼ਾਲਸਾ |
| 3) ਮਹਾਰਾਜਾ ਰਣਜੀਤ ਸਿੰਘ ਆਪਣੇ ਦਰਬਾਰ ਨੂੰ ਕਿਸ ਨਾਂ ਨਾਲ ਬੁਲਾਉਂਦਾ ਸੀ ? | ਦਰਬਾਰ–ਏ–ਖ਼ਾਲਸਾ |
| 4) ਮਹਾਰਾਜਾ ਰਣਜੀਤ ਸਿੰਘ ਆਪਣੇ ਆਪ ਨੂੰ ਕੀ ਕਹਿ ਕੇ ਬੁਲਾਉਂਦਾ ਸੀ ? | ਸਿੱਖ ਪੰਥ ਦਾ ਕੂਕਰ |
| 5) ਮਹਾਰਾਜਾ ਰਣਜੀਤ ਸਿੰਘ ਨੇ ਕਿਸਦੇ ਨਾਂ ਤੇ ਸਿੱਕੇ ਚਲਾਏ ? | ਗੁਰੂ ਨਾਨਕ ਦੇਵ ਜੀ ਅਤੇ ਗੁਰੂਗੋਬਿੰਦ ਸਿੰਘ ਜੀ ਦੇ |
| 6) ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਮੋਹਰ ਤੇ ਕਿਹੜੇ ਸ਼ਬਦ ਉੱਕਰੇ ਹੋਏ ਸਨ ? | ਅਕਾਲ ਸਹਾਇ |
| 7) ਮਹਾਰਾਜਾ ਰਣਜੀਤ ਸਿੰਘ ਕਿਸਤੋਂ ਹੁਕਮ ਲੈ ਕੇ ਯੁੱਧ ਕਰਨ ਲਈ ਜਾਂਦਾ ਸੀ ? | ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲੋਂ |
| 8) ਮਹਾਰਾਜਾ ਰਣਜੀਤ ਸਿਘ ਦੇ ਅਸਤਬਲ ਦੇ ਸਭ ਤੋਂ ਚੰਗੇ ਘੋੜੇ ਦਾ ਨਾਂ ਕੀ ਸੀ ? | ਲੈਲੀ |
| 9) ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਕੋਈ ਦੋ ਉੱਘੇ ਵਿਦਵਾਨਾਂ ਦੇ ਨਾਂ ਲਿਖੋ। | ਸੋਹਨ ਲਾਲ ਸੂਰੀ, ਦੀਵਾਨ ਅਮਰ ਨਾਥ |
| 10) ਸੋਹਨ ਲਾਲ ਸੂਰੀ ਨੇ ਕਿਹੜੀ ਪ੍ਰਸਿੱਧ ਪੁਸਤਕ ਦੀ ਰਚਨਾ ਕੀਤੀ ? | ਉਮਦਤ–ਉਤ–ਤਵਾਰੀਖ |
| 11) ਜ਼ਫ਼ਰਨਾਮਾ–ਏ–ਰਣਜੀਤ ਸਿੰਘ ਦੀ ਰਚਨਾ ਕਿਸਨੇ ਕੀਤੀ ? | ਦੀਵਾਨ ਅਮਰ ਨਾਥ ਨੇ |
| 12) ਗਣੇਸ਼ ਦਾਸ ਵਡੇਹਰਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਕਿਸ ਅਹੁਦੇ ਤੇ ਕੰਮ ਕਰਦਾ ਸੀ ? | ਕਾਨੂੰਨਗੋ ਦੇ ਅਹੁਦੇ ਤੇ |
| 13) ਗਣੇਸ਼ ਦਾਸ ਵਡੇਹਰਾ ਨੇ ਕਿਹੜੀ ਪੁਸਤਕ ਦੀ ਰਚਨਾ ਕੀਤੀ ? | ਚਾਰ ਬਾਗ਼–ਏ–ਪੰਜਾਬ |



Download Free Study Material From SIKHYA APP

14) ਮਹਾਰਾਜਾ ਰਣਜੀਤ ਸਿੰਘ ਆਪਣੇ ਤੋਸ਼ੇਖਾਨੇ ਵਿੱਚ ਰੱਖੀ ਹੋਈ ਕਿਹੜੀ ਚੀਜ ਦੀ ਛੋਹ ਨੂੰ ਆਪਣੇ ਲਈ ਵਡਭਾਗਾ ਮੰਨਦਾ ਸੀ ? — ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਨੂੰ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**17) ਮਹਾਰਾਜਾ ਰਣਜੀਤ ਸਿੰਘ ਦਾ ਇੱਕ ਵਿਅਕਤੀ ਦੇ ਰੂਪ ਵਿੱਚ ਤੁਸੀਂ ਕਿਵੇਂ ਵਰਣਨ ਕਰੋਗੇ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਭਾਵੇਂ ਅਨਪੜ੍ਹ ਸਨ ਪਰ ਉਹਨਾਂ ਦੀ ਯਾਦ ਸ਼ਕਤੀ ਕਮਾਲ ਦੀ ਸੀ। ਉਹ ਬਹੁਤ ਬਹਾਦਰ ਅਤੇ ਨਿਡਰ ਸਨ। ਉਹਨਾਂ ਦਾ ਸੁਭਾਅ ਬਹੁਤ ਦਿਆਲੂ ਸੀ। ਉਹ ਆਪਣੀ ਪਰਜਾ ਨੂੰ ਬਹੁਤ ਪਿਆਰ ਕਰਦੇ ਸਨ। ਮਹਾਰਾਜਾ ਨੇ ਆਪਣੇ ਸ਼ਾਸਨ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਦੇ ਸੱਚੇ ਸੇਵਕ ਸਨ। ਉਹ ਦੂਜੇ ਧਰਮਾਂ ਪ੍ਰਤੀ ਬਹੁਤ ਸਹਿਨਸ਼ੀਲ ਸਨ।

**18) ਮਹਰਾਜਾ ਰਣਜੀਤ ਸਿੰਘ ਇੱਕ ਦਿਆਲੂ ਸ਼ਾਸਕ ਸੀ। ਕਿਵੇਂ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਪਰਜਾ ਦਾ ਬਹੁਤ ਧਿਆਨ ਰੱਖਿਆ। ਉਹਨਾਂ ਨੇ ਜਨਤਾ ਦੀ ਭਲਾਈ ਲਈ ਅਨੇਕਾਂ ਕੰਮ ਕੀਤੇ। ਆਪਣੇ ਦੁਸ਼ਮਣਾਂ ਨਾਲ ਵੀ ਦਿਆਲੁਤਾ ਵਾਲਾ ਵਿਵਹਾਰ ਕੀਤਾ। ਮਹਾਰਾਜਾ ਨੇ ਆਪਣੇ ਸ਼ਾਸਨ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਉਹਨਾਂ ਨੇ ਸਾਰੇ ਧਰਮਾਂ ਨੂੰ ਸਰਪ੍ਰਸਤੀ ਦਿੱਤੀ। ਉਹ ਲੋੜਵੰਦਾਂ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਉਹਨਾਂ ਦੀ ਦਾਨਸ਼ੀਲਤਾ ਦੀਆਂ ਅਨੇਕਾਂ ਕਹਾਣੀਆਂ ਪ੍ਰਚਲਿਤ ਹਨ।

**19) ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਦਾ ਸ਼ਰਧਾਲੂ ਪੈਰੋਕਾਰ ਸੀ। ਕਿਵੇਂ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਆਪਣੇ ਦਿਨ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਕੇ ਕਰਦੇ ਸਨ। ਹਰੇਕ ਨਵਾਂ ਕੰਮ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਆਪਣੀਆਂ ਜਿੱਤਾਂ ਨੂੰ ਸੱਚੇ ਪਾਤਸ਼ਾਹ ਦੀ ਮਿਹਰ ਮੰਨਦੇ ਸਨ। ਉਹ ਆਪਣੇ ਆਪ ਨੂੰ ਗੁਰੂ ਘਰ ਦਾ 'ਕੂਕਰ' ਸਮਝਦੇ ਸਨ। ਉਹ ਆਪਣੀ ਸਰਕਾਰ ਨੂੰ ਸਰਕਾਰ-ਏ-ਖ਼ਾਲਸਾ ਕਹਿੰਦੇ ਸਨ। ਉਹ ਆਪਣੇ ਆਪ ਨੂੰ ਮਹਾਰਾਜਾ ਅਖਵਾਉਣ ਦੀ ਥਾਂ ਸਿੰਘ ਸਾਹਿਬ ਅਖਵਾਉਣਾ


Download Free Study Material From SIKHYA APP

ਪਸੰਦ ਕਰਦੇ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਜਾਰੀ ਕੀਤੇ। ਉਹਨਾਂ ਨੇ ਬਹੁਤ ਸਾਰੇ ਗੁਰਦੁਆਰਿਆਂ ਦਾ ਨਿਰਮਾਣ ਕਰਵਾਇਆ।

**20) ਮਹਾਰਾਜਾ ਰਣਜੀਤ ਸਿੰਘ ਇੱਕ ਧਰਮ-ਨਿਰਪੇਖ ਸ਼ਾਸਕ ਸੀ। ਕਿਵੇਂ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਭਾਵੇਂ ਸਿੱਖ ਧਰਮ ਦੇ ਪੱਕੇ ਸ਼ਰਧਾਲੂ ਸਨ ਪਰ ਉਹ ਬਾਕੀ ਧਰਮਾਂ ਦਾ ਵੀ ਬਹੁਤ ਸਤਿਕਾਰ ਕਰਦੇ ਸਨ। ਉਹਨਾਂ ਦੇ ਰਾਜ ਵਿੱਚ ਨੌਕਰੀਆਂ ਯੋਗਤਾ ਦੇ ਅਧਾਰ ਤੇ ਦਿੱਤੀਆਂ ਜਾਂਦੀਆਂ ਸਨ। ਧਰਮ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਮਹਾਰਾਜਾ ਦੇ ਦਰਬਾਰ ਵਿੱਚ ਉੱਚੇ ਅਹੁਦਿਆਂ ਤੇ ਸਿੱਖ, ਹਿੰਦੂ, ਮੁਸਲਮਾਨ, ਡੋਗਰੇ ਅਤੇ ਯੂਰਪੀਅਨ ਲੱਗੇ ਹੋਏ ਸਨ। ਹਰ ਧਰਮ ਦੇ ਲੋਕਾਂ ਨੂੰ ਆਪਣੇ ਰਸਮਾਂ-ਰਿਵਾਜ਼ ਮਨਾਉਣ ਦੀ ਅਜਾਦੀ ਸੀ। ਮਹਾਰਾਜਾ ਨੇ ਹਰੇਕ ਧਰਮ ਦੇ ਧਾਰਮਿਕ ਸਥਾਨਾਂ ਨੂੰ ਸਰਪ੍ਰਸਤੀ ਦਿੱਤੀ।

**21) ਇੱਕ ਪ੍ਰਸ਼ਾਸਕ ਦੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਇੱਕ ਉੱਚ ਕੋਟੀ ਦਾ ਸ਼ਾਸਨ ਪ੍ਰਬੰਧਕ ਸੀ। ਸ਼ਾਸਨ ਦਾ ਕੰਮ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਲਈ ਉਸਨੇ ਆਪਣੇ ਸਾਮਰਾਜ ਨੂੰ ਚਾਰ ਸੂਬਿਆਂ ਵਿੱਚ ਵੰਡਿਆ ਸੀ। ਸੂਬੇ ਅੱਗੇ ਪਰਗਨੇ ਅਤੇ ਪਰਗਨਿਆਂ ਨੂੰ ਪਿੰਡਾਂ ਵਿੱਚ ਵੰਡਿਆ ਹੋਇਆ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਦੁਆਰਾ, ਪਰਗਨੇ ਦਾ ਪ੍ਰਬੰਧ ਕਾਰਦਾਰਾਂ ਦੁਆਰਾ ਅਤੇ ਸੂਬਿਆਂ ਦਾ ਪ੍ਰਬੰਧ ਨਾਜ਼ਿਮ ਦੁਆਰਾ ਵੇਖਿਆ ਜਾਂਦਾ ਸੀ। ਕੇਂਦਰੀ ਸ਼ਾਸਨ ਨੂੰ ਵੱਖੋ-ਵੱਖਰੇ ਮਹਿਕਮਿਆਂ ਵਿੱਚ ਵੰਡਿਆ ਗਿਆ ਸੀ। ਹਰੇਕ ਮਹਿਕਮੇ ਦਾ ਇੰਚਾਰਜ਼ ਇੱਕ ਮੰਤਰੀ ਨੂੰ ਬਣਾਇਆ ਗਿਆ ਸੀ।

**22) ਮਹਾਰਾਜਾ ਰਣਜੀਤ ਸਿੰਘ ਇੱਕ ਮਹਾਨ ਜਰਨੈਲ ਅਤੇ ਜੇਤੂ ਸੀ। ਵਿਆਖਿਆ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਯੋਗਤਾ ਅਤੇ ਬਹਾਦਰੀ ਨਾਲ ਇੱਕ ਛੋਟੀ ਜਿਹੀ ਮਿਸਲ ਨੂੰ ਇੱਕ ਵਿਸ਼ਾਲ ਸਾਮਰਾਜ ਬਣਾ ਦਿੱਤਾ। ਉਸਨੇ ਆਪਣੇ ਸਾਮਰਾਜ ਵਿੱਚ ਲਾਹੌਰ, ਪੇਸ਼ਾਵਰ, ਮੁਲਤਾਨ, ਸਿਆਲਕੋਟ, ਗੁਜ਼ਰਾਤ, ਕਸ਼ਮੀਰ, ਜੰਮੂ ਆਦਿ ਵਰਗੇ ਬਹੁਤ ਮਹੱਤਵਪੂਰਨ ਇਲਾਕੇ ਸ਼ਾਮਿਲ ਕੀਤੇ। ਮਹਾਰਾਜਾ ਨੇ ਅਨੇਕਾਂ ਯੁੱਧ ਕੀਤੇ। ਉਸਨੂੰ ਕਿਸੇ ਵੀ


Download Free Study Material From SIKHYA APP

ਯੁੱਧ ਵਿੱਚ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਮਹਾਰਾਜਾ ਯੁੱਧ ਦੇ ਸਮੇਂ ਘਬਰਾਉਂਦਾ ਜਾਂ ਡਰਦਾ ਨਹੀਂ ਸੀ ਅਤੇ ਹਰ ਸਥਿਤੀ ਵਿੱਚ ਜਿੱਤ ਦੇ ਵਾਪਸ ਆਉਂਦਾ ਸੀ।

**23) ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਉਂ ਕਿਹਾ ਜਾਂਦਾ ਹੈ ?**

ਉੱਤਰ: ਮਹਾਰਾਜਾ ਰਣਜੀਤ ਸਿੰਘ ਇੱਕ ਸਫ਼ਲ ਜੇਤੂ ਅਤੇ ਕੁਸ਼ਲ ਪ੍ਰਸ਼ਾਸਕ ਸੀ। ਉਹ ਆਪਣੀ ਪਰਜਾ ਦੀ ਭਲਾਈ ਵੱਲ ਵਿਸ਼ੇਸ਼ ਧਿਆਨ ਦਿੰਦਾ ਸੀ। ਉਹ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲ ਸੀ। ਉਸਨੇ ਆਪਣੀ ਫੌਜ ਨੂੰ ਬਹੁਤ ਸ਼ਕਤੀਸ਼ਾਲੀ ਬਣਾਇਆ। ਉਸਨੇ ਆਪਣੀ ਕੂਟਨੀਤੀ ਦੁਆਰਾ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਸ਼ਾਮਿਲ ਹੋਣ ਤੋਂ ਬਚਾਈ ਰੱਖਿਆ। ਮਹਾਰਾਜਾ ਨੇ ਅਨੇਕਾਂ ਯੁੱਧ ਕੀਤੇ। ਉਸਨੂੰ ਕਿਸੇ ਵੀ ਯੁੱਧ ਵਿੱਚ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਮਹਾਰਾਜਾ ਯੁੱਧ ਦੇ ਸਮੇਂ ਘਬਰਾਉਂਦਾ ਜਾਂ ਡਰਦਾ ਨਹੀਂ ਸੀ ਅਤੇ ਹਰ ਸਥਿਤੀ ਵਿੱਚ ਜਿੱਤ ਦੇ ਵਾਪਸ ਆਉਂਦਾ ਸੀ। ਇਹਨਾਂ ਸਾਰੇ ਗੁਣਾਂ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਹਾ ਜਾਂਦਾ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਮਹਾਰਾਜਾ ਰਣਜੀਤ ਸਿੰਘ ਦੇ ਚਰਿੱਤਰ ਅਤੇ ਸ਼ਖਸੀਅਤ ਦਾ ਮੁਲਾਂਕਣ ਕਰੋ।**

ਉੱਤਰ: ਮਹਾਰਾਜਾ ਰਣਜੀਤ ਸਿੰਘ ਕੋਈ ਸਧਾਰਨ ਵਿਅਕਤੀ ਜਾਂ ਮਾਮੂਲੀ ਹਸਤੀ ਨਹੀਂ ਸੀ। ਉਸਦੀ ਸ਼ਖਸੀਅਤ ਵਿੱਚ ਅਨੇਕਾਂ ਗੁਣ ਸਨ ਜਿਹਨਾਂ ਦਾ ਵਰਣਨ ਅੱਗੇ ਕੀਤਾ ਗਿਆ ਹੈ:

I. **ਇੱਕ ਵਿਅਕਤੀ ਦੇ ਰੂਪ ਵਿੱਚ** : ਮਹਾਰਾਜਾ ਰਣਜੀਤ ਸਿੰਘ ਭਾਵੇਂ ਅਨਪੜ੍ਹ ਸਨ ਪਰ ਉਹਨਾਂ ਦੀ ਯਾਦ ਸ਼ਕਤੀ ਕਮਾਲ ਦੀ ਸੀ। ਉਹ ਬਹੁਤ ਬਹਾਦਰ ਅਤੇ ਨਿਡਰ ਸਨ। ਉਹਨਾਂ ਦਾ ਸੁਭਾਅ ਬਹੁਤ ਦਿਆਲੂ ਸੀ। ਉਹ ਆਪਣੀ ਪਰਜਾ ਨੂੰ ਬਹੁਤ ਪਿਆਰ ਕਰਦੇ ਸਨ। ਮਹਾਰਾਜਾ ਨੇ ਆਪਣੇ ਸ਼ਾਸਨ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਦੇ ਸੱਚੇ ਸੇਵਕ ਸਨ। ਉਹ ਦੂਜੇ ਧਰਮਾਂ ਪ੍ਰਤੀ ਬਹੁਤ ਸਹਿਨਸ਼ੀਲ ਸਨ।


Download Free Study Material From SIKHYA APP

II. **ਇੱਕ ਦਿਆਲੂ ਸ਼ਾਸਕ ਦੇ ਰੂਪ ਵਿੱਚ:** ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਪਰਜਾ ਦਾ ਬਹੁਤ ਧਿਆਨ ਰੱਖਿਆ। ਉਹਨਾਂ ਨੇ ਜਨਤਾ ਦੀ ਭਲਾਈ ਲਈ ਅਨੇਕਾਂ ਕੰਮ ਕੀਤੇ। ਆਪਣੇ ਦੁਸ਼ਮਣਾਂ ਨਾਲ ਵੀ ਦਿਆਲੁਤਾ ਵਾਲਾ ਵਿਵਹਾਰ ਕੀਤਾ। ਮਹਾਰਾਜਾ ਨੇ ਆਪਣੇ ਸ਼ਾਸਨ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਉਹਨਾਂ ਨੇ ਸਾਰੇ ਧਰਮਾਂ ਨੂੰ ਸਰਪ੍ਰਸਤੀ ਦਿੱਤੀ। ਉਹ ਲੋੜਵੰਦਾਂ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਉਹਨਾਂ ਦੀ ਦਾਨਸ਼ੀਲਤਾ ਦੀਆਂ ਅਨੇਕਾਂ ਕਹਾਣੀਆਂ ਪ੍ਰਚਲਿਤ ਹਨ।

III. **ਸਿੱਖ ਧਰਮ ਦਾ ਸ਼ਰਧਾਲੂ ਪੈਰੋਕਾਰ:** ਮਹਾਰਾਜਾ ਰਣਜੀਤ ਸਿੰਘ ਆਪਣੇ ਦਿਨ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਕੇ ਕਰਦੇ ਸਨ। ਹਰੇਕ ਨਵਾਂ ਕੰਮ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਆਪਣੀਆਂ ਜਿੱਤਾਂ ਨੂੰ ਸੱਚੇ ਪਾਤਸ਼ਾਹ ਦੀ ਮਿਹਰ ਮੰਨਦੇ ਸਨ। ਉਹ ਆਪਣੇ ਆਪ ਨੂੰ ਗੁਰੂ ਘਰ ਦਾ 'ਕੂਕਰ' ਸਮਝਦੇ ਸਨ। ਉਹ ਆਪਣੀ ਸਰਕਾਰ ਨੂੰ ਸਰਕਾਰ-ਏ-ਖ਼ਾਲਸਾ ਕਹਿੰਦੇ ਸਨ। ਉਹ ਆਪਣੇ ਆਪ ਨੂੰ ਮਹਾਰਾਜਾ ਅਖਵਾਉਣ ਦੀ ਥਾਂ ਸਿੰਘ ਸਾਹਿਬ ਅਖਵਾਉਣਾ ਪਸੰਦ ਕਰਦੇ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕੇ ਜਾਰੀ ਕੀਤੇ। ਉਹਨਾਂ ਨੇ ਬਹੁਤ ਸਾਰੇ ਗੁਰਦੁਆਰਿਆਂ ਦਾ ਨਿਰਮਾਣ ਕਰਵਾਇਆ।

IV. **ਇੱਕ ਧਰਮ-ਨਿਰਪੇਖ ਸ਼ਾਸਕ:** ਮਹਾਰਾਜਾ ਰਣਜੀਤ ਸਿੰਘ ਭਾਵੇਂ ਸਿੱਖ ਧਰਮ ਦੇ ਪੱਕੇ ਸ਼ਰਧਾਲੂ ਸਨ ਪਰ ਉਹ ਬਾਕੀ ਧਰਮਾਂ ਦਾ ਵੀ ਬਹੁਤ ਸਤਿਕਾਰ ਕਰਦੇ ਸਨ। ਉਹਨਾਂ ਦੇ ਰਾਜ ਵਿੱਚ ਨੌਕਰੀਆਂ ਯੋਗਤਾ ਦੇ ਅਧਾਰ ਤੇ ਦਿੱਤੀਆਂ ਜਾਂਦੀਆਂ ਸਨ। ਧਰਮ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਮਹਾਰਾਜਾ ਦੇ ਦਰਬਾਰ ਵਿੱਚ ਉੱਚੇ ਅਹੁਦਿਆਂ ਤੇ ਸਿੱਖ, ਹਿੰਦੂ, ਮੁਸਲਮਾਨ, ਡੋਗਰੇ ਅਤੇ ਯੂਰਪੀਅਨ ਲੱਗੇ ਹੋਏ ਸਨ। ਹਰ ਧਰਮ ਦੇ ਲੋਕਾਂ ਨੂੰ ਆਪਣੇ ਰਸਮਾਂ-ਰਿਵਾਜ਼ ਮਨਾਉਣ ਦੀ ਅਜਾਦੀ ਸੀ। ਮਹਾਰਾਜਾ ਨੇ ਹਰੇਕ ਧਰਮ ਦੇ ਧਾਰਮਿਕ ਸਥਾਨਾਂ ਨੂੰ ਸਰਪ੍ਰਸਤੀ ਦਿੱਤੀ।


Download Free Study Material From SIKHYA APP

V. **ਇੱਕ ਪ੍ਰਸ਼ਾਸਕ ਦੇ ਰੂਪ ਵਿੱਚ:** ਮਹਾਰਾਜਾ ਰਣਜੀਤ ਸਿੰਘ ਇੱਕ ਉੱਚ ਕੋਟੀ ਦਾ ਸ਼ਾਸਨ ਪ੍ਰਬੰਧਕ ਸੀ। ਸ਼ਾਸਨ ਦਾ ਕੰਮ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣ ਲਈ ਉਸਨੇ ਆਪਣੇ ਸਾਮਰਾਜਾ ਨੂੰ ਚਾਰ ਸੂਬਿਆਂ ਵਿੱਚ ਵੰਡਿਆ ਸੀ। ਸੂਬੇ ਅੱਗੇ ਪਰਗਨੇ ਅਤੇ ਪਰਗਨਿਆਂ ਨੂੰ ਪਿੰਡਾਂ ਵਿੱਚ ਵੰਡਿਆ ਹੋਇਆ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਦੁਆਰਾ, ਪਰਗਨੇ ਦਾ ਪ੍ਰਬੰਧ ਕਾਰਦਾਰਾਂ ਦੁਆਰਾ ਅਤੇ ਸੂਬਿਆਂ ਦਾ ਪ੍ਰਬੰਧ ਨਾਜ਼ਿਮ ਦੁਆਰਾ ਵੇਖਿਆ ਜਾਂਦਾ ਸੀ। ਕੇਂਦਰੀ ਸ਼ਾਸਨ ਨੂੰ ਵੱਖੋ-ਵੱਖਰੇ ਮਹਿਕਮਿਆਂ ਵਿੱਚ ਵੰਡਿਆ ਗਿਆ ਸੀ। ਹਰੇਕ ਮਹਿਕਮੇ ਦਾ ਇੰਚਾਰਜ਼ ਇੱਕ ਮੰਤਰੀ ਨੂੰ ਬਣਾਇਆ ਗਿਆ ਸੀ।

VI. **ਇੱਕ ਮਹਾਨ ਜਰਨੈਲ ਅਤੇ ਜੇਤੂ:** ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਯੋਗਤਾ ਅਤੇ ਬਹਾਦਰੀ ਨਾਲ ਇੱਕ ਛੋਟੀ ਜਿਹੀ ਮਿਸਲ ਨੂੰ ਇੱਕ ਵਿਸ਼ਾਲ ਸਾਮਰਾਜ ਬਣਾ ਦਿੱਤਾ। ਉਸਨੇ ਆਪਣੇ ਸਾਮਰਾਜ ਵਿੱਚ ਲਾਹੌਰ, ਪੇਸ਼ਾਵਰ, ਮੁਲਤਾਨ, ਸਿਆਲਕੋਟ, ਗੁਜ਼ਰਾਤ, ਕਸ਼ਮੀਰ, ਜੰਮੂ ਆਦਿ ਵਰਗੇ ਬਹੁਤ ਮਹੱਤਵਪੂਰਨ ਇਲਾਕੇ ਸ਼ਾਮਿਲ ਕੀਤੇ। ਮਹਾਰਾਜਾ ਨੇ ਅਨੇਕਾਂ ਯੁੱਧ ਕੀਤੇ। ਉਸਨੂੰ ਕਿਸੇ ਵੀ ਯੁੱਧ ਵਿੱਚ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਮਹਾਰਾਜਾ ਯੁੱਧ ਦੇ ਸਮੇਂ ਘਬਰਾਉਂਦਾ ਜਾਂ ਡਰਦਾ ਨਹੀਂ ਸੀ ਅਤੇ ਹਰ ਸਥਿਤੀ ਵਿੱਚ ਜਿੱਤ ਦੇ ਵਾਪਸ ਆਉਂਦਾ ਸੀ।

VII. **ਪੰਜਾਬ ਦੇ ਇਤਿਹਾਸ ਵਿੱਚ ਸਥਾਨ:** ਮਹਾਰਾਜਾ ਰਣਜੀਤ ਸਿੰਘ ਇੱਕ ਸਫ਼ਲ ਜੇਤੂ ਅਤੇ ਕੁਸ਼ਲ ਪ੍ਰਸ਼ਾਸਕ ਸੀ। ਉਹ ਆਪਣੀ ਪਰਜਾ ਦੀ ਭਲਾਈ ਵੱਲ ਵਿਸ਼ੇਸ਼ ਧਿਆਨ ਦਿੰਦਾ ਸੀ। ਉਹ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲ ਸੀ। ਉਸਨੇ ਆਪਣੀ ਫੌਜ ਨੂੰ ਬਹੁਤ ਸ਼ਕਤੀਸ਼ਾਲੀ ਬਣਾਇਆ। ਉਸਨੇ ਆਪਣੀ ਕੂਟਨੀਤੀ ਦੁਆਰਾ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਸ਼ਾਮਿਲ ਹੋਣ ਤੋਂ ਬਚਾਈ ਰੱਖਿਆ। ਮਹਾਰਾਜਾ ਨੇ ਅਨੇਕਾਂ ਯੁੱਧ ਕੀਤੇ। ਉਸਨੂੰ ਕਿਸੇ ਵੀ ਯੁੱਧ ਵਿੱਚ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਮਹਾਰਾਜਾ ਯੁੱਧ ਦੇ ਸਮੇਂ ਘਬਰਾਉਂਦਾ ਜਾਂ ਡਰਦਾ ਨਹੀਂ


Download Free Study Material From SIKHYA APP

ਸੀ ਅਤੇ ਹਰ ਸਥਿਤੀ ਵਿੱਚ ਜਿੱਤ ਦੇ ਵਾਪਸ ਆਉਂਦਾ ਸੀ। ਇਹਨਾਂ ਸਾਰੇ ਗੁਣਾਂ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਹਾ ਜਾਂਦਾ ਹੈ।


Download Free Study Material From SIKHYA APP

# ਪਾਠ 21

## ਪਹਿਲਾ ਐਂਗਲੋ-ਸਿੱਖ ਯੁੱਧ: ਕਾਰਨ ਅਤੇ ਸਿੱਟੇ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਦੋਂ ਹੋਈ ? | 1839 ਈ: |
| 2) ਪਹਿਲਾ ਐਂਗਲੋ-ਅਫ਼ਗਾਨ ਯੁੱਧ ਕਦੋਂ ਹੋਇਆ ? | 1839 ਈ: ਤੋਂ 1842 ਈ: ਤੱਕ |
| 3) ਪਹਿਲੇ ਐਂਗਲੋ-ਅਫ਼ਗਾਨ ਯੁੱਧ ਵਿੱਚ ਕਿਸਦੀ ਜਿੱਤ ਹੋਈ ? | ਅਫ਼ਗਾਨਾਂ ਦੀ |
| 4) ਅੰਗਰੇਜਾਂ ਨੇ ਸਿੰਧ ਤੇ ਕਬਜ਼ਾ ਕਦੋਂ ਕੀਤਾ ? | 1843 ਈ: |
| 5) ਮੇਜਰ ਬਰਾਡਫੁੱਟ ਕੌਣ ਸੀ ? | ਲੁਧਿਆਣਾ ਵਿਖੇ ਅੰਗਰੇਜਾਂ ਦਾ ਪੁਲੀਟੀਕਲ ਏਜੰਟ |
| 6) ਲਾਹੌਰ ਰਾਜ ਦੇ ਕਿਹੜੇ ਦੋ ਵੱਡੇ ਅਹੁਦੇਦਾਰ ਭਰਾ ਸਿੱਖ ਫੌਜ ਨੂੰ ਅੰਗਰੇਜਾਂ ਨਾਲ ਲੜਾ ਕੇ ਕਮਜੋਰ ਕਰਨਾ ਚਾਹੁੰਦੇ ਸਨ ? | ਲਾਲ ਸਿੰਘ, ਤੇਜਾ ਸਿੰਘ |
| 7) ਪਹਿਲੇ ਐਂਗਲੋ-ਸਿੱਖ ਯੁੱਧ ਦੀ ਘੋਸ਼ਣਾ ਕਿਸਨੇ ਕੀਤੀ ? | ਲਾਰਡ ਹਾਰਡਿੰਗ ਨੇ |
| 8) ਪਹਿਲੇ ਐਂਗਲੋ-ਸਿੱਖ ਯੁੱਧ ਦੀ ਘੋਸ਼ਣਾ ਕਦੋਂ ਕੀਤੀ ਗਈ ? | 13 ਦਸੰਬਰ 1845 ਈ: |
| 9) ਪਹਿਲੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਮਹੱਤਵਪੂਰਨ ਲੜਾਈ ਕਿਹੜੀ ਸੀ ? | ਮੁੱਦਕੀ ਦੀ ਲੜਾਈ |
| 10) ਮੁੱਦਕੀ ਦੀ ਲੜਾਈ ਕਦੋਂ ਹੋਈ ? | 18 ਦਸੰਬਰ 1845 ਈ: |
| 11) ਮੁੱਦਕੀ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਕਿਸਨੇ ਕੀਤੀ ? | ਲਾਲ ਸਿੰਘ ਨੇ |
| 12) ਮੁੱਦਕੀ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਲਾਰਡ ਹਿਊਗ ਗਫ਼ ਨੇ |
| 13) ਫਿਰੋਜਸ਼ਾਹ ਦੀ ਲੜਾਈ ਕਦੋਂ ਲੜੀ ਗਈ ? | 21 ਦਸੰਬਰ 1845 ਈ: |



Download Free Study Material From SIKHYA APP

| | |
|---|---|
| 14) ਫਿਰੋਜ਼ਸਾਹ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਹਿਊਗ ਗਫ਼, ਜਾਨ ਲਿਟਲਰ, ਲਾਰਡ ਹਾਰਡਿੰਗ |
| 15) ਫਿਰੋਜ਼ਸ਼ਾਹ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਕਿਸਨੇ ਕੀਤੀ ? | ਲਾਲ ਸਿੰਘ, ਤੇਜਾ ਸਿੰਘ |
| 16) ਬੱਦੋਵਾਲ ਦੀ ਲੜਾਈ ਕਦੋਂ ਹੋਈ ? | 21 ਜਨਵਰੀ 1846 ਈ: |
| 17) ਬੱਦੋਵਾਲ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਹੈਰੀ ਸਮਿਥ ਨੇ |
| 18) ਬੱਦੋਵਾਲ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਕਿਸਨੇ ਕੀਤੀ ? | ਰਣਜੋਧ ਸਿੰਘ |
| 19) ਬੱਦੋਵਾਲ ਕਿੱਥੇ ਸਥਿਤ ਹੈ ? | ਲੁਧਿਆਣਾ ਤੋਂ 18 ਕਿਲੋਮੀਟਰ ਦੂਰ |
| 20) ਅਲੀਵਾਲ ਦੀ ਲੜਾਈ ਕਦੋਂ ਹੋਈ ? | 28 ਜਨਵਰੀ 1846 ਈ: |
| 21) ਅਲੀਵਾਲ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਹੈਰੀ ਸਮਿਥ ਨੇ |
| 22) ਅਲੀਵਾਲ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਕਿਸਨੇ ਕੀਤੀ ? | ਰਣਜੋਧ ਸਿੰਘ ਨੇ |
| 23) ਪਹਿਲੇ ਐਂਗਲੋ-ਸਿੱਖ ਯੁੱਧ ਦੀ ਅੰਤਮ ਲੜਾਈ ਕਿਹੜੀ ਸੀ ? | ਸਭਰਾਓਂ ਦੀ ਲੜਾਈ |
| 24) ਸਭਰਾਓਂ ਦੀ ਲੜਾਈ ਕਦੋਂ ਹੋਈ ? | 10 ਫਰਵਰੀ 1846 ਈ: ਨੂੰ |
| 25) ਸਭਰਾਓਂ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਕਿਸਨੇ ਕੀਤੀ ? | ਲਾਲ ਸਿੰਘ, ਤੇਜਾ ਸਿੰਘ |
| 26) ਸਭਰਾਓਂ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਲਾਰਡ ਹਿਊਗ ਗਫ਼, ਲਾਰਡ ਹਾਰਡਿੰਗ |
| 27) ਕਿਹੜੇ ਸਿੱਖ ਜਰਨੈਲ ਨੇ ਲਾਲ ਸਿੰਘ ਅਤੇ ਤੇਜਾ ਸਿੰਘ ਦੇ ਨੱਸਣ ਤੋਂ ਬਾਅਦ ਸਿੱਖ ਫੌਜ ਨਾਲ ਮਿਲਕੇ ਅੰਗਰੇਜਾਂ ਦਾ ਮੁਕਾਬਲਾ ਕੀਤਾ ? | ਸ਼ਾਮ ਸਿੰਘ ਅਟਾਰੀ ਵਾਲਾ |


Download Free Study Material From SIKHYA APP

| | |
|---|---|
| 28) ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਕੀ ਸੀ ? | ਲਾਲ ਸਿੰਘ ਤੇ ਤੇਜਾ ਸਿੰਘ ਦੀ ਗੱਦਾਰੀ |
| 29) ਪਹਿਲੇ ਐਂਗਲੋ-ਸਿੱਖ ਯੁੱਧ ਦੇ ਨਤੀਜੇ ਵਜੋਂ ਅੰਗਰੇਜਾਂ ਅਤੇ ਲਾਹੌਰ ਦਰਬਾਰ ਵਿਚਕਾਰ ਕਿਹੜੀ ਸੰਧੀ ਹੋਈ ? | ਲਾਹੌਰ ਦੀ ਸੰਧੀ |
| 30) ਲਾਹੌਰ ਦੀ ਸੰਧੀ ਕਦੋਂ ਹੋਈ ? | 9 ਮਾਰਚ 1846 ਈ: |
| 31) ਅੰਗਰੇਜਾਂ ਵੱਲੋਂ ਪਹਿਲੇ ਐਂਗਲੋ-ਸਿੱਖ ਯੁੱਧ ਲਈ ਕਿੰਨਾ ਹਰਜਾਨਾ ਮੰਗਿਆ ਗਿਆ ? | ਡੇਢ ਕਰੋੜ ਰੁਪਏ |
| 32) ਲਾਹੌਰ ਦੀ ਸੰਧੀ ਅਨੁਸਾਰ ਇੱਕ ਕਰੋੜ ਰੁਪਏ ਹਰਜਾਨੇ ਦੇ ਬਦਲੇ ਕਿਹੜੇ ਦੋ ਇਲਾਕੇ ਅੰਗਰੇਜਾਂ ਨੂੰ ਦਿੱਤੇ ਗਏ ? | ਕਸ਼ਮੀਰ ਅਤੇ ਹਜਾਰਾ ਦੇ ਇਲਾਕੇ |
| 33) ਲਾਹੌਰ ਦੀ ਸੰਧੀ ਅਨੁਸਾਰ ਲਾਹੌਰ ਦਾ ਮਹਾਰਾਜਾ ਕੌਣ ਬਣਿਆ ? | ਮਹਾਰਾਜਾ ਦਲੀਪ ਸਿੰਘ |
| 34) ਮਹਾਰਾਜਾ ਦਲੀਪ ਸਿੰਘ ਦਾ ਸਰਪ੍ਰਸਤ ਕਿਸਨੂੰ ਬਣਾਇਆ ਗਿਆ ? | ਮਹਾਰਾਣੀ ਜਿੰਦਾਂ |
| 35) ਲਾਹੌਰ ਦੀ ਸੰਧੀ ਅਨੁਸਾਰ ਲਾਹੌਰ ਦਾ ਪ੍ਰਧਾਨ ਮੰਤਰੀ ਕਿਸਨੂੰ ਬਣਾਇਆ ਗਿਆ ? | ਲਾਲ ਸਿੰਘ ਨੂੰ |
| 36) ਲਾਹੌਰ ਦੀ ਸੰਧੀ ਅਨੁਸਾਰ ਲਾਹੌਰ ਰਾਜ ਕਿੰਨੀ ਫੌਜ ਰੱਖ ਸਕਦਾ ਸੀ ? | 20000 ਪੈਦਲ ਸੈਨਾ ਅਤੇ 12000 ਘੋੜ ਸਵਾਰ |
| 37) ਸਹਾਇਕ ਸੰਧੀ ਕਦੋਂ ਹੋਈ ? | 11 ਮਾਰਚ 1846 ਈ: |
| 38) ਭੈਰੋਵਾਲ ਦੀ ਸੰਧੀ ਕਦੋਂ ਕੀਤੀ ਗਈ ? | 16 ਦਸੰਬਰ 1846 ਈ: |
| 39) ਭੈਰੋਵਾਲ ਦੀ ਸੰਧੀ ਅਨੁਸਾਰ ਲਾਹੌਰ ਰਾਜ ਦਾ ਪ੍ਰਬੰਧ ਕਰਨ ਲਈ ਕਿਹੜੀ ਸੰਸਥਾ ਬਣਾਈ ਗਈ ? | ਕੌਂਸਲ ਆਫ਼ ਰੀਜੈਂਸੀ |


Download Free Study Material From SIKHYA APP

40) ਕੌਂਸਲ ਆਫ਼ ਰੀਜੈਂਸੀ ਨੇ ਸਾਰਾ ਕੰਮ ਕਿਸਦੀ ਸਲਾਹ ਨਾਲ ਕਰਨਾ ਸੀ ? ਅੰਗਰੇਜ ਰੈਜ਼ੀਡੈਂਟ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**1) ਪਹਿਲੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ ?**

ਉੱਤਰ: ਪਹਿਲੇ ਐਂਗਲੋ ਸਿੱਖ ਯੁੱਧ ਦੇ ਕਾਰਨ:

1. ਅੰਗਰੇਜਾਂ ਨੇ ਪੰਜਾਬ ਦੇ ਆਲੇ-ਦੁਆਲੇ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਸੀ।
2. ਅੰਗਰੇਜ਼ ਪੰਜਾਬ ਦੀ ਰਾਜਨੀਤਕ ਅਸਥਿਰਤਾ ਦਾ ਫਾਇਦਾ ਉਠਾਉਣਾ ਚਾਹੁੰਦੇ ਸਨ।
3. ਅੰਗਰੇਜ਼ ਅਫ਼ਗਾਨਿਸਤਾਨ ਵਿੱਚ ਹੋਈ ਹਾਰ ਕਾਰਨ ਹੋਈ ਬਦਨਾਮੀ ਦਾ ਦਾਗ ਧੋਣਾ ਚਾਹੁੰਦੇ ਸਨ।
4. ਲਾਲ ਸਿੰਘ ਅਤੇ ਤੇਜ਼ਾ ਸਿੰਘ ਨੇ ਸਿੱਖ ਫੌਜ ਨੂੰ ਅੰਗਰੇਜਾਂ ਨਾਲ ਲੜਾ ਕੇ ਕਮਜੋਰ ਕਰਨਾ ਚਾਹੁੰਦੇ ਸਨ।
5. ਬਰਾਡਫੁੱਟ ਦੀ ਨਿਯੁਕਤੀ ਕਾਰਨ ਸਿੱਖਾਂ ਅਤੇ ਅੰਗਰੇਜਾਂ ਦੇ ਸੰਬੰਧਾਂ ਵਿੱਚ ਕੁੜੱਤਣ ਆ ਗਈ ਸੀ।

**2) ਮੁਦਕੀ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਮੁਦਕੀ ਦੀ ਲੜਾਈ 18 ਦਸੰਬਰ 1845 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਕਰ ਰਿਹਾ ਸੀ। ਸਿੱਖ ਸੈਨਿਕਾਂ ਦੀ ਗਿਣਤੀ 5500 ਸੀ। ਅੰਗਰੇਜੀ ਫੌਜ਼ ਦੀ ਅਗਵਾਈ ਲਾਰਡ ਹਿਊਗ ਗਫ਼ ਕਰ ਰਿਹਾ ਸੀ। ਅੰਗਰੇਜ਼ੀ ਸੈਨਿਕਾਂ ਦੀ ਗਿਣਤੀ 12000 ਸੀ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ਼ ਵਿੱਚ ਹਫੜਾ-ਦਫੜੀ ਮਚ ਗਈ। ਅਜਿਹੇ ਸਮੇਂ ਵਿੱਚ ਲਾਲ ਸਿੰਘ ਮੈਦਾਨ ਵਿੱਚੋਂ ਦੌੜ ਗਿਆ। ਨਤੀਜ਼ੇ ਵਜੋਂ ਸਿੱਖ ਫੌਜ਼ ਹਾਰ ਗਈ।

**3) ਫਿਰੋਜ਼ਸ਼ਾਹ ਜਾਂ ਫੇਰੂ ਸ਼ਹਿਰ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਫਿਰੋਜ਼ਸਾਹ ਜਾਂ ਫੇਰੂ ਸ਼ਹਿਰ ਦੀ ਲੜਾਈ 21 ਦਸੰਬਰ 1845 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਅਤੇ ਤੇਜਾ ਸਿੰਘ ਕਰ ਰਹੇ ਸਨ। ਸਿੱਖ ਸੈਨਿਕਾਂ ਦੀ ਗਿਣਤੀ 30000 ਸੀ। ਅੰਗਰੇਜੀ ਫੌਜ਼ ਦੀ


Download Free Study Material From SIKHYA APP

ਅਗਵਾਈ ਲਾਰਡ ਹਿਊਗ ਗਫ਼, ਜਾਨ ਲਿਟਲਰ ਅਤੇ ਲਾਰਡ ਹਾਰਡਿੰਗ ਕਰ ਰਹੇ ਸਨ। ਅੰਗਰੇਜ਼ੀ ਸੈਨਿਕਾਂ ਦੀਗਿਣਤੀ 17000 ਸੀ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ ਹਥਿਆਰ ਸੁੱਟਣ ਲਈ ਤਿਆਰ ਹੋ ਗਈ। ਅਜਿਹੇ ਸਮੇਂ ਵਿੱਚ ਲਾਲ ਸਿੰਘ ਅਤੇ ਤੇਜਾ ਸਿੰਘ ਮੈਦਾਨ ਛੱਡ ਕੇ ਦੌੜ ਗਏ। ਨਤੀਜ਼ੇ ਵਜੋਂ ਸਿੱਖ ਫੌਜ ਹਾਰ ਗਈ।

**4) ਸਭਰਾਓਂ ਦੀ ਲੜਾਈ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਸਭਰਾਓਂ ਦੀ ਲੜਾਈ 10 ਫਰਵਰੀ 1846 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਅਤੇ ਤੇਜਾ ਸਿੰਘ ਕਰ ਰਹੇ ਸਨ। ਅੰਗਰੇਜੀ ਫੌਜ਼ ਦੀ ਅਗਵਾਈ ਲਾਰਡ ਹਿਊਗ ਗਫ਼ ਅਤੇ ਲਾਰਡ ਹਾਰਡਿੰਗ ਕਰ ਰਹੇ ਸਨ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ਼ ਨੂੰ ਪਿੱਛੇ ਹਟਣਾ ਪਿਆ। ਅਜਿਹੇ ਸਮੇਂ ਵਿੱਚ ਲਾਲ ਸਿੰਘ ਅਤੇ ਤੇਜ਼ਾ ਸਿੰਘ ਮੈਦਾਨ ਛੱਡ ਕੇ ਦੌੜ ਗਏ। ਤੇਜਾ ਸਿੰਘ ਨੇ ਨੱਸਣ ਤੋਂ ਪਹਿਲਾਂ ਸਿੱਖਾਂ ਦੀਆਂ ਬਾਰੂਦ ਵਾਲੀਆਂ ਬੇੜੀਆਂ ਡੁਬੋ ਦਿੱਤੀਆਂ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਇਸ ਲੜਾਈ ਵਿੱਚ ਬਹਾਦਰੀ ਦੇ ਜੌਹਰ ਵਿਖਾਏ ਅਤੇ ਸ਼ਹੀਦੀ ਪ੍ਰਾਪਤ ਕੀਤੀ। ਸਿੱਖ ਫੌਜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

**5) ਲਾਹੌਰ ਦੀ ਸੰਧੀ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਪਹਿਲੇ ਐਂਗਲੋ-ਸਿੱਖ ਯੁੱਧ ਦੇ ਨਤੀਜੇ ਵਜੋਂ ਅੰਗਰੇਜ਼ੀ ਸਰਕਾਰ ਅਤੇ ਲਾਹੌਰ ਦਰਬਾਰ ਵਿਚਕਾਰ ਲਾਹੌਰ ਦੀ ਸੰਧੀ ਹੋਈ। ਇਹ ਸੰਧੀ 9 ਮਾਰਚ 1846 ਈ: ਨੂੰ ਹੋਈ। ਇਸ ਸੰਧੀ ਦੁਆਰਾ ਅੰਗਰੇਜਾਂ ਨੇ ਲਾਹੌਰ ਰਾਜ ਤੇ ਆਪਣੀ ਪਕੜ ਮਜਬੂਤ ਕਰ ਲਈ। ਸਤਲੁਜ ਦੇ ਦੱਖਣ ਵਾਲੇ ਪਾਸੇ ਦੇ ਇਲਾਕੇ ਅੰਗਰੇਜਾਂ ਨੂੰ ਦੇ ਦਿੱਤੇ ਗਏ। ਸਤਲੁਜ ਅਤੇ ਬਿਆਸ ਵਿਚਕਾਰਲੇ ਕਿਲ੍ਹੇ ਅੰਗਰੇਜਾਂ ਦੇ ਹਵਾਲੇ ਕਰ ਦਿੱਤੇ ਗਏ। ਲਾਹੌਰ ਰਾਜ ਦੀ ਫੌਜ ਨੂੰ ਤੋੜ ਦਿੱਤਾ ਗਿਆ। ਇਸ ਸੰਧੀ ਨਾਲ ਸਿੱਖ ਫੌਜਾਂ ਵਿੱਚ ਨਿਰਾਸ਼ਾ ਭਰ ਗਈ ਅਤੇ ਲਾਹੌਰ ਰਾਜ ਨੂੰ ਬਹੁਤ ਬੇਇੱਜਤੀ ਦਾ ਸਾਹਮਣਾ ਕਰਨਾ ਪਿਆ।

**6) ਲਾਹੌਰ ਦੀ ਸੰਧੀ ਦੀਆਂ ਸ਼ਰਤਾਂ ਦੱਸੋ।**

ਉੱਤਰ: ਲਾਹੌਰ ਦੀ ਸੰਧੀ ਦੀਆਂ ਸ਼ਰਤਾਂ:


Download Free Study Material From SIKHYA APP

1. ਅੰਗਰੇਜ਼ ਸਰਕਾਰ ਅਤੇ ਲਾਹੌਰ ਦਰਬਾਰ ਵਿਚਕਾਰ ਮਿੱਤਰਤਾ ਬਣੀ ਰਹੇਗੀ।

2. ਸਤਲੁਜ ਦੇ ਦੱਖਣ ਵਿਚਕਾਰਲੇ ਇਲਾਕਿਆਂ ਤੇ ਅੰਗਰੇਜਾਂ ਦਾ ਹੱਕ ਸਵੀਕਾਰ ਕਰ ਲਿਆ ਗਿਆ।

3. ਸਤਲੁਜ ਅਤੇ ਬਿਆਸ ਵਿਚਕਾਰਲੇ ਸਾਰੇ ਇਲਾਕੇ ਤੇ ਕਿਲ੍ਹੇ ਅੰਗਰੇਜਾਂ ਦੇ ਹਵਾਲੇ ਕਰ ਦਿੱਤੇ ਗਏ।

4. ਲਾਹੌਰ ਦੀ ਪੈਦਲਸੈਨਾ ਦੀ ਗਿਣਤੀ 20000 ਅਤੇ ਘੋੜਸਵਾਰਾਂ ਦੀ ਗਿਣਤੀ 12000 ਨਿਸਚਿਤ ਕੀਤੀ ਗਈ।

5. ਅੰਗਰੇਜ਼ ਫੌਜਾਂ ਜਦੋਂ ਚਾਹੁਣ ਲਾਹੌਰ ਰਾਜ ਵਿੱਚੋਂ ਲੰਘ ਸਕਣਗੀਆਂ।

6. ਅੰਗਰੇਜ਼ਾਂ ਦੀ ਆਗਿਆ ਤੋਂ ਬਿਨਾਂ ਲਾਹੌਰ ਰਾਜ ਆਪਣੀਆਂ ਹੱਦਾਂ ਵਿੱਚ ਤਬਦੀਲੀ ਨਹੀਂ ਕਰ ਸਕੇਗੀ।

**7) ਲਾਹੌਰ ਦੀ ਸੰਧੀ ਦੇ ਕੀ ਸਿੱਟੇ ਨਿਕਲੇ ?**

ਉੱਤਰ: ਲਾਹੌਰ ਦੀ ਸੰਧੀ ਦੇ ਸਿੱਟੇ:

1. ਅੰਗਰੇਜਾਂ ਦੀ ਲਾਹੌਰ ਰਾਜ ਤੇ ਪਕੜ ਮਜ਼ਬੂਤ ਹੋ ਗਈ।

2. ਸਿੱਖ ਸੈਨਾ ਵਿੱਚ ਨਿਰਾਸ਼ਾ ਭਰ ਗਈ।

3. ਲਾਹੌਰ ਰਾਜ ਦੇ ਅਨੇਕਾਂ ਇਲਾਕਿਆਂ ਅਤੇ ਕਿਲ੍ਹਿਆਂ ਤੇ ਅੰਗਰੇਜਾਂ ਦਾ ਕਬਜ਼ਾ ਹੋ ਗਿਆ।

4. ਅੰਗਰੇਜਾਂ ਨੂੰ ਬਹੁਤ ਆਰਥਿਕ ਲਾਭ ਹੋਇਆ।

5. ਲਾਹੌਰ ਰਾਜ ਤੇ ਅਨੇਕਾਂ ਪਾਬੰਦੀਆਂ ਲੱਗ ਗਈਆਂ।

**8) ਭੈਰੋਵਾਲ ਦੀ ਸੰਧੀ ਸਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਭੈਰੋਵਾਲ ਦੀ ਸੰਧੀ ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚਕਾਰ 16 ਦਸੰਬਰ 1846 ਈ: ਨੂੰ ਹੋਈ। ਇਸ ਸੰਧੀ ਅਨੁਸਾਰ ਲਾਹੌਰ ਦਰਬਾਰ ਦੇ ਸਾਰੇ ਵਿਭਾਗਾਂ ਦੀ ਦੇਖਭਾਲ ਲਈ ਬ੍ਰਿਟਿਸ਼ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ। ਮਹਾਰਾਣੀ ਜਿੰਦਾਂ ਨੂੰ ਨੂੰ ਰਾਜ-ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ। ਬ੍ਰਿਟਿਸ਼ ਫੌਜ਼ ਨੂੰ 1854 ਈ: ਤੱਕ ਲਾਹੌਰ ਵਿੱਚ ਰਹਿਣ ਦਾ


Download Free Study Material From SIKHYA APP

ਅਧਿਕਾਰ ਮਿਲ ਗਿਆ। ਅੰਗਰੇਜ਼ ਸਰਕਾਰ ਨੂੰ ਲਾਹੌਰ ਰਾਜ ਦੇ ਕਿਸੇ ਵੀ ਕਿਲ੍ਹੇ ਜਾਂ ਛਾਉਣੀ ਤੇ ਕਬਜ਼ਾ ਕਰਨ ਦਾ ਹੱਕ ਪ੍ਰਾਪਤ ਹੋਇਆ।

**9) ਪਹਿਲੇ ਐਂਗਲੋ-ਸਿੱਖ ਯੁੱਧ ਦੇ ਕੀ ਸਿੱਟੇ ਨਿਕਲੇ ?**

ਉੱਤਰ: ਪਹਿਲੇ ਐਂਗਲੋ–ਸਿੱਖ ਯੁੱਧ ਦੇ ਸਿੱਟੇ:

1. ਸਤਲੁਜ ਦੇ ਦੱਖਣ ਵਾਲੇ ਪਾਸੇ ਦੇ ਇਲਾਕਿਆਂ ਤੇ ਅੰਗਰੇਜਾਂ ਦਾ ਹੱਕ ਸਵੀਕਾਰ ਕਰ ਲਿਆ ਗਿਆ।
2. ਸਤਲੁਜ ਅਤੇ ਬਿਆਸ ਵਿਚਕਾਰਲੇ ਸਾਰੇ ਇਲਾਕੇ ਤੇ ਕਿਲ੍ਹੇ ਅੰਗਰੇਜਾਂ ਦੇ ਹਵਾਲੇ ਕਰ ਦਿੱਤੇ ਗਏ।
3. ਲਾਹੌਰ ਰਾਜ ਦੀ ਪੈਦਲ ਸੈਨਾ ਦੀ ਗਿਣਤੀ 20000 ਅਤੇ ਘੋੜਸਵਾਰਾਂ ਦੀ ਗਿਣਤੀ 12000 ਨਿਸਚਿਤ ਕੀਤੀ ਗਈ।
4. ਲਾਹੌਰ ਦਰਬਾਰ ਦੇ ਸਾਰੇ ਵਿਭਾਗਾਂ ਦੀ ਦੇਖਭਾਲ ਲਈ ਬ੍ਰਿਟਿਸ਼ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ।
5. ਮਹਾਰਾਣੀ ਜਿੰਦਾਂ ਨੂੰ ਨੂੰ ਰਾਜ–ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ।
6. ਬ੍ਰਿਟਿਸ਼ ਫੌਜ਼ ਨੂੰ 1854 ਈ: ਤੱਕ ਲਾਹੌਰ ਵਿੱਚ ਰਹਿਣ ਦਾ ਅਧਿਕਾਰ ਮਿਲ ਗਿਆ।

**10) ਸ਼ਾਮ ਸਿੰਘ ਅਟਾਰੀ ਵਾਲਾ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਇੱਕ ਬਹਾਦਰ ਅਤੇ ਅਣਖੀਲੇ ਸਿੱਖ ਸਨ। ਉਹ 18 ਸਾਲ ਦੀ ਉਮਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਵਿੱਚ ਸ਼ਾਮਿਲ ਹੋ ਗਏ। ਉਹਨਾਂ ਨੇ 10 ਫਰਵਰੀ 1846 ਈ: ਹੋਈ ਸਭਰਾਓਂ ਦੀ ਲੜਾਈ ਵਿੱਚ ਭਾਗ ਲਿਆ। ਜਦੋਂ ਸਿੱਖ ਫੌਜ਼ ਦੀ ਅਗਵਾਈ ਕਰ ਰਹੇ ਲਾਲ ਸਿੰਘ ਤੇਜਾ ਸਿੰਘ ਗੱਦਾਰੀ ਕਰਕੇ ਮੈਦਾਨ ਵਿੱਚੋਂ ਭੱਜ ਗਏ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਮੋਰਚਾ ਸੰਭਾਲਿਆ ਅਤੇ ਸਿੱਖ ਫੌਜ਼ਾਂ ਵਿੱਚ ਜੋਸ਼ ਭਰ ਦਿੱਤਾ। ਉਹਨਾਂ ਦੀ ਅਗਵਾਈ ਹੇਠ ਸਿੱਖ ਫੌਜ਼ਾਂ ਨੇ ਅੰਗਰੇਜਾਂ ਦਾ ਜੋਰਦਾਰ ਮੁਕਾਬਲਾ ਕੀਤਾ। ਇਸ ਲੜਾਈ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਲੜਦੇ–ਲੜਦੇ ਸ਼ਹੀਦੀ ਪਾ ਗਏ।


Download Free Study Material From SIKHYA APP

**11) ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਅੰਗਰੇਜਾਂ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਿਲ ਕਿਉਂ ਨਾ ਕੀਤਾ?**

ਉੱਤਰ: ਪਹਿਲੇ ਐਂਗਲੋ–ਸਿੱਖ ਯੁੱਧ ਤੋਂ ਬਾਅਦ ਪੰਜਾਬ ਤੇ ਕਬਜ਼ਾ ਨਾ ਕਰਨ ਦੇ ਕਾਰਨ:

1. ਬੇਚੈਨ ਸਿੱਖ ਫੌਜ਼ ਅੰਗਰੇਜ਼ਾਂ ਲਈ ਵੱਡੀ ਸਿਰਦਰਦੀ ਬਣ ਸਕਦੀ ਸੀ।
2. ਪੰਜਾਬ ਅੰਗਰੇਜ਼ਾਂ ਅਤੇ ਅਫ਼ਗਾਨਿਸਤਾਨ ਵਿਚਕਾਰ ਚੰਗਾ ਮੱਧਵਰਤੀ ਰਾਜ ਸੀ।
3. ਪੰਜਾਬ ਨੂੰ ਕਾਬੂ ਵਿੱਚ ਰੱਖਣ ਲਈ ਅੰਗਰੇਜਾਂ ਨੂੰ ਵੱਡੀ ਫੌਜ਼ ਦੀ ਜਰੂਰਤ ਪੈਣੀ ਸੀ।
4. ਅੰਗਰੇਜਾਂ ਨੂੰ ਪੰਜਾਬ ਤੋਂ ਹੋਣ ਵਾਲੇ ਆਰਥਿਕ ਲਾਭ ਦੀ ਜਾਣਕਾਰੀ ਨਹੀਂ ਸੀ।

**12) ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਦੇ ਕੀ ਕਾਰਨ ਸਨ?**

ਉੱਤਰ: ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਦੇ ਕਾਰਨ:

1. ਸਿੱਖਾਂ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਲਾਲ ਸਿੰਘ ਅਤੇ ਤੇਜਾ ਸਿੰਘ ਦੀ ਗੱਦਾਰੀ ਸੀ।
2. ਸਿੱਖ ਫੌਜ਼ ਵਿਚਲੇ ਯੂਰਪੀਅਨ ਅਫ਼ਸਰ ਸਿੱਖ ਫੌਜ਼ ਦੇ ਭੇਦ ਅੰਗਰੇਜ਼ਾਂ ਨੂੰ ਦਿੰਦੇ ਸਨ।
3. ਅੰਗਰੇਜ਼ਾਂ ਦੇ ਸਾਧਨ ਸਿੱਖਾਂ ਦੇ ਮੁਕਾਬਲੇ ਜਿਆਦਾ ਸਨ।
4. ਅੰਗਰੇਜ਼ਾਂ ਦੇ ਸੈਨਾਪਤੀਆਂ ਨੂੰ ਲੜਾਈ ਦਾ ਜਿਆਦਾ ਤਜ਼ਰਬਾ ਸੀ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**1) ਪਹਿਲੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ?**

ਉੱਤਰ: ਪਹਿਲੇ ਐਂਗਲੋ ਸਿੱਖ ਯੁੱਧ ਦੇ ਕਾਰਨ:

I. **ਅੰਗਰੇਜਾਂ ਦੀ ਪੰਜਾਬ ਨੂੰ ਘੇਰਾ ਪਾਉਣ ਦੀ ਨੀਤੀ:** ਅੰਗਰੇਜਾਂ ਨੇ ਪੰਜਾਬ ਦੇ ਆਲੇ–ਦੁਆਲੇ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਨੇ ਸ਼ਿਕਾਰਪੁਰ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੂੰ ਕੱਢ ਦਿੱਤਾ। ਉਹਨਾਂ ਨੇ


Download Free Study Material From SIKHYA APP

ਫਿਰੋਜ਼ਪੁਰ ਵਿਖੇ ਸੈਨਿਕ ਛਾਉਣੀ ਬਣਾ ਲਈ। ਮਹਾਰਾਜਾ ਰਣਜੀਤ ਸਿੰਘ ਨੂੰ ਗੱਲਾਂ-ਬਾਤਾਂ ਵਿੱਚ ਲਗਾ ਕੇ ਅੰਗਰੇਜਾਂ ਨੇ ਸਿੰਧ ਨਾਲ ਸੰਧੀ ਕਰ ਲਈ ਸੀ।

II. **ਪੰਜਾਬ ਦੀ ਰਾਜਨੀਤਕ ਅਸਥਿਰਤਾ**: ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਰਾਜਨੀਤਕ ਅਸਥਿਰਤਾ ਫੈਲ ਗਈ ਸੀ। ਲਾਹੌਰ ਦਰਬਾਰ ਸਾਜ਼ਿਸ਼ਾਂ ਦਾ ਅਖਾੜਾ ਬਣ ਗਿਆ ਸੀ। ਅੰਗਰੇਜ਼ ਇਸਦਾ ਫਾਇਦਾ ਉਠਾਉਣਾ ਚਾਹੁੰਦੇ ਸਨ।

III. **ਪਹਿਲਾ ਐਂਗਲੋ-ਅਫ਼ਗਾਨ ਯੁੱਧ**: ਪਹਿਲੇ ਐਂਗਲੋ-ਅਫ਼ਗਾਨ ਯੁੱਧ ਵਿੱਚ ਅੰਗਰੇਜਾਂ ਦੀ ਬਹੁਤ ਬੁਰੀ ਤਰ੍ਹਾਂ ਹਾਰ ਹੋਈ। ਇਸ ਨਾਲ ਅੰਗਰੇਜ਼ਾਂ ਦੀ ਬਹੁਤ ਬਦਨਾਮੀ ਹੋਈ। ਅੰਗਰੇਜ਼ ਕਿਸੇ ਵੱਡੀ ਸ਼ਕਤੀ ਨੂੰ ਹਰਾ ਕੇ ਆਪਣੀ ਬਦਨਾਮੀ ਦਾ ਦਾਗ ਧੋਣਾ ਚਾਹੁੰਦੇ ਸਨ।

IV. **ਸਿੰਧ ਤੇ ਕਬਜ਼ਾ**: ਅੰਗਰੇਜ਼ਾਂ ਨੇ ਝੂਠੇ ਇਲਜ਼ਾਮ ਲਗਾ ਕੇ ਸਿੰਧ ਤੇ ਹਮਲਾ ਕਰ ਦਿੱਤਾ ਅਤੇ ਇਸਤੇ ਕਬਜ਼ਾ ਕਰ ਲਿਆ। ਸਿੱਖ ਸਿੰਧ ਨੂੰ ਆਪਣੇ ਸਾਮਰਾਜ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਸਨ। ਅੰਗਰੇਜਾਂ ਦੇ ਸਿੰਧ ਤੇ ਕਬਜ਼ੇ ਕਾਰਨ ਸਿੱਖਾਂ ਅਤੇ ਅੰਗਰੇਜ਼ਾਂ ਦੇ ਸੰਬੰਧ ਹੋਰ ਵਿਗੜ ਗਏ।

V. **ਅੰਗਰੇਜ਼ਾਂ ਦੀਆਂ ਸੈਨਿਕ ਤਿਆਰੀਆਂ**: ਅੰਗਰੇਜ਼ਾਂ ਨੇ ਸੈਨਿਕ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਦੇਸ਼ ਦੇ ਬਾਕੀ ਭਾਗਾਂ ਤੋਂ ਸੈਨਿਕਾਂ ਨੂੰ ਫਿਰੋਜ਼ਪੁਰ, ਅੰਬਾਲਾ ਅਤੇ ਲੁਧਿਆਣਾ ਵਿਖੇ ਇਕੱਠਾ ਕੀਤਾ ਗਿਆ। ਬਹੁਤ ਸਾਰੇ ਹਥਿਆਰ ਅਤੇ ਸੈਨਾ ਸਮੱਗਰੀ ਵੀ ਮੰਗਵਾਈ ਗਈ।

VI. **ਮੇਜਰ ਬਰਾਡਫੁੱਟ ਦੀ ਨਿਯੁਕਤੀ**: 1844 ਈ: ਵਿੱਚ ਅੰਗਰੇਜਾਂ ਨੇ ਮੇਜਰ ਬਰਾਡਫੁੱਟ ਨੂੰ ਲੁਧਿਆਣਾ ਵਿਖੇ ਆਪਣਾ ਪੁਲੀਟੀਕਲ ਏਜੰਟ ਨਿਯੁਕਤ ਕੀਤਾ। ਮੇਜਰ ਬਰਾਡਫੁੱਟ ਸਿੱਖਾਂ ਦਾ ਸਖ਼ਤ ਵਿਰੋਧੀ ਸੀ। ਉਸਨੀਆਂ ਆਪਣੀਆਂ ਕਾਰਵਾਈਆਂ ਕਰਕੇ ਸਿੱਖ ਸੈਨਾ ਨੂੰ ਭੜਕਾਇਆ।


Download Free Study Material From SIKHYA APP

**VII. ਮੌਰਾਂ ਪਿੰਡ ਦਾ ਮਸਲਾ:** ਮਹਾਰਾਜਾ ਰਣਜੀਤ ਸਿੰਘ ਨੇ ਮੌਰਾਂ ਪਿੰਡ ਧੰਨਾ ਸਿੰਘ ਨਾਂ ਦੇ ਆਪਣੇ ਇੱਕ ਸੇਵਕ ਨੂੰ ਇਨਾਮ ਵਜੋਂ ਦਿੱਤਾ ਸੀ। 1843 ਈ: ਵਿੱਚ ਨਾਭੇ ਦੇ ਰਾਜੇ ਦੇਵਿੰਦਰ ਸਿੰਘ ਨੇ ਇਸ ਪਿੰਡ ਤੇ ਕਬਜ਼ਾ ਕਰ ਲਿਆ। ਅੰਗਰੇਜਾਂ ਨੇ ਨਾਭੇ ਦੇ ਰਾਜੇ ਦੀ ਹਮਾਇਤ ਕੀਤੀ।

**VIII. ਲਾਲ ਸਿੰਘ ਅਤੇ ਤੇਜਾ ਸਿੰਘ ਦੁਆਰਾ ਸਿੱਖ ਫ਼ੌਜ ਨੂੰ ਭੜਕਾਉਣਾ:** ਲਾਲ ਸਿੰਘ ਲਾਹੌਰ ਦਰਬਾਰ ਦਾ ਪ੍ਰਧਾਨ ਮੰਤਰੀ ਅਤੇ ਤੇਜਾ ਸਿੰਘ ਸਿੱਖ ਫ਼ੌਜ ਦਾ ਸੈਨਾਪਤੀ ਸੀ। ਉਹ ਅੰਦਰਖਾਤੇ ਅੰਗਰੇਜਾਂ ਨਾਲ ਰਲੇ ਹੋਏ ਸਨ। ਉਹ ਦੋਵੇਂ ਸਿੱਖ ਫ਼ੌਜ ਦੀ ਵਧਦੀ ਹੋਈ ਸ਼ਕਤੀ ਤੋਂ ਡਰਦੇ ਸਨ। ਇਸ ਲਈ ਉਹ ਸਿੱਖ ਸੈਨਾ ਨੂੰ ਅੰਗਰੇਜਾਂ ਨਾਲ ਲੜਾ ਕੇ ਕਮਜ਼ੋਰ ਕਰਨਾ ਚਾਹੁੰਦੇ ਸਨ।

**2) ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਮੁੱਖ ਲੜਾਈਆਂ/ਘਟਨਾਵਾਂ ਦਾ ਵਰਣਨ ਕਰੋ।**

ਉੱਤਰ: 13 ਦਸੰਬਰ 1845 ਈ: ਵਿੱਚ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਨਾਲ ਯੁੱਧ ਦੀ ਘੋਸ਼ਣਾ ਕੀਤੀ। ਇਸ ਯੁੱਧ ਦੌਰਾਨ ਹੇਠ ਲਿਖੀਆਂ ਪ੍ਰਸਿੱਧ ਲੜਾਈਆਂ ਲੜੀਆਂ ਗਈਆਂ:

**I. ਮੁਦਕੀ ਦੀ ਲੜਾਈ:**

ਮੁਦਕੀ ਦੀ ਲੜਾਈ 18 ਦਸੰਬਰ 1845 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਕਰ ਰਿਹਾ ਸੀ। ਸਿੱਖ ਸੈਨਿਕਾਂ ਦੀ ਗਿਣਤੀ 5500 ਸੀ। ਅੰਗਰੇਜੀ ਫੌਜ਼ ਦੀ ਅਗਵਾਈ ਲਾਰਡ ਹਿਊਗ ਗਫ਼ ਕਰ ਰਿਹਾ ਸੀ। ਅੰਗਰੇਜ਼ੀ ਸੈਨਿਕਾਂ ਦੀ ਗਿਣਤੀ 12000 ਸੀ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ਼ ਵਿੱਚ ਹਫੜਾ-ਦਫੜੀ ਮਚ ਗਈ। ਅਜਿਹੇ ਸਮੇਂ ਵਿੱਚ ਲਾਲ ਸਿੰਘ ਮੈਦਾਨ ਵਿੱਚੋਂ ਦੌੜ ਗਿਆ। ਨਤੀਜ਼ੇ ਵਜੋਂ ਸਿੱਖ ਫੌਜ਼ ਹਾਰ ਗਈ।

**II. ਫਿਰੋਜ਼ਸ਼ਾਹ ਜਾਂ ਫੇਰੂ ਸ਼ਹਿਰ ਦੀ ਲੜਾਈ:**


Download Free Study Material From SIKHYA APP

ਫਿਰੋਜ਼ਸਾਹ ਜਾਂ ਫੇਰੂ ਸ਼ਹਿਰ ਦੀ ਲੜਾਈ 21 ਦਸੰਬਰ 1845 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਅਤੇ ਤੇਜਾ ਸਿੰਘ ਕਰ ਰਹੇ ਸਨ। ਸਿੱਖ ਸੈਨਿਕਾਂ ਦੀ ਗਿਣਤੀ 30000 ਸੀ। ਅੰਗਰੇਜੀ ਫੌਜ਼ ਦੀ ਅਗਵਾਈ ਲਾਰਡ ਹਿਊਗ ਗਫ਼, ਜਾਨ ਲਿਟਲਰ ਅਤੇ ਲਾਰਡ ਹਾਰਡਿੰਗ ਕਰ ਰਹੇ ਸਨ। ਅੰਗਰੇਜ਼ੀ ਸੈਨਿਕਾਂ ਦੀ ਗਿਣਤੀ 17000 ਸੀ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ ਹਥਿਆਰ ਸੁੱਟਣ ਲਈ ਤਿਆਰ ਹੋ ਗਈ। ਅਜਿਹੇ ਸਮੇਂ ਵਿੱਚ ਲਾਲ ਸਿੰਘ ਅਤੇ ਤੇਜਾ ਸਿੰਘ ਮੈਦਾਨ ਛੱਡ ਕੇ ਦੌੜ ਗਏ। ਨਤੀਜ਼ੇ ਵਜੋਂ ਸਿੱਖ ਫੌਜ ਹਾਰ ਗਈ।

**III. ਬੱਦੋਵਾਲ ਦੀ ਲੜਾਈ:**

ਇਹ ਲੜਾਈ 21 ਜਨਵਰੀ 1846 ਈ: ਨੂੰ ਹੋਈ। ਸਿੱਖ ਸੈਨਾ ਦੀ ਅਗਵਾਈ ਰਣਜੋਧ ਸਿੰਘ ਅਤੇ ਅੰਗਰੇਜ ਸੈਨਾ ਦੀ ਅਗਵਾਈ ਹੈਰੀ ਸਮਿੱਥ ਕਰ ਰਿਹਾ ਸੀ। ਜੇ ਰਣਜੋਧ ਸਿੰਘ ਚਾਹੁੰਦਾ ਤਾਂ ਉਹ ਹੈਰੀ ਸਮਿੱਥ ਦੇ ਪਹੁੰਚਣ ਤੋਂ ਪਹਿਲਾਂ ਹੀ ਲੁਧਿਆਣਾ ਛਾਉਣੀ ਤੇ ਕਬਜ਼ਾ ਕਰ ਸਕਦਾ ਸੀ। ਪਰ ਉਸਨੇ ਅਜਿਹਾ ਨਾ ਕੀਤਾ। ਹੈਰੀ ਸਮਿੱਥ ਦੇ ਸੈਨਾ ਲੈ ਕੇ ਪਹੁੰਚਣ ਤੇ ਲੜਾਈ ਸ਼ੁਰੂ ਹੋਈ। ਸਿੱਖ ਬੜੀ ਬਹਾਦਰੀ ਨਾਲ ਲੜੇ। ਉਹਨਾਂ ਨੇ ਅੰਗਰੇਜਾਂ ਦੇ ਹਥਿਆਰ ਅਤੇ ਗੋਲਾ ਬਾਰੂਦ ਵੀ ਲੁੱਟ ਲਿਆ।

**IV. ਅਲੀਵਾਲ ਦੀ ਲੜਾਈ:**

ਇਹ ਲੜਾਈ 28 ਜਨਵਰੀ 1846 ਨੂੰ ਹੋਈ। ਬੱਦੋਵਾਲ ਦੀ ਲੜਾਈ ਤੋਂ ਬਾਅਦ ਸਿੱਖ ਅਲੀਵਾਲ ਵਿਖੇ ਪਹੁੰਚ ਗਏ। ਅਜੇ ਉਹ ਅਲੀਵਾਲ ਵਿਖੇ ਮੋਰਚੇ ਲਗਾ ਹੀ ਰਹੇ ਸਨ ਕਿ ਹੈਰੀ ਸਮਿਥ ਅਤੇ ਬ੍ਰਿਗੇਡੀਅਰ ਵ੍ਹੀਲਰ ਦੀ ਸਾਂਝੀ ਫ਼ੌਜ ਨੇ ਉਹਨਾਂ ਤੇ ਹਮਲਾ ਕਰ ਦਿੱਤਾ। ਸਿੱਖ ਬੜੀ ਬਹਾਦਰੀ ਨਾਲ ਲੜ ਰਹੇ ਸਨ ਪਰ ਰਣਜੋਧ ਸਿੰਘ ਯੁੱਧ ਤੋਂ ਦੌੜ ਗਿਆ। ਇਸ ਲੜਾਈ ਵਿੱਚ ਅੰਗਰੇਜਾਂ ਦੀ ਜਿੱਤ ਹੋਈ।

**V. ਸਭਰਾਓਂ ਦੀ ਲੜਾਈ:**


Download Free Study Material From SIKHYA APP

ਸਭਰਾਓਂ ਦੀ ਲੜਾਈ 10 ਫਰਵਰੀ 1846 ਈ: ਨੂੰ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਅਤੇ ਤੇਜਾ ਸਿੰਘ ਕਰ ਰਹੇ ਸਨ। ਅੰਗਰੇਜੀ ਫੌਜ਼ ਦੀ ਅਗਵਾਈ ਲਾਰਡ ਹਿਊਗ ਗਫ਼ ਅਤੇ ਲਾਰਡ ਹਾਰਡਿੰਗ ਕਰ ਰਹੇ ਸਨ। ਸਿੱਖ ਫੌਜ਼ਾਂ ਨੇ ਏਨਾ ਜੋਰਦਾਰ ਹਮਲਾ ਕੀਤਾ ਕਿ ਅੰਗਰੇਜ਼ੀ ਫੌਜ਼ ਨੂੰ ਪਿੱਛੇ ਹਟਣਾ ਪਿਆ। ਅਜਿਹੇ ਸਮੇਂ ਵਿੱਚ ਲਾਲ ਸਿੰਘ ਅਤੇ ਤੇਜ਼ਾ ਸਿੰਘ ਮੈਦਾਨ ਛੱਡ ਕੇ ਦੌੜ ਗਏ। ਤੇਜਾ ਸਿੰਘ ਨੇ ਨੱਸਣ ਤੋਂ ਪਹਿਲਾਂ ਸਿੱਖਾਂ ਦੀਆਂ ਬਾਰੂਦ ਵਾਲੀਆਂ ਬੇੜੀਆਂ ਡੁਬੋ ਦਿੱਤੀਆਂ। ਸਰਦਾਰ ਸ਼ਾਮ ਸਿੰਘ ਬਹਾਦਰੀ ਵਾਲਾ ਨੇ ਇਸ ਲੜਾਈ ਵਿੱਚ ਬਹਾਦਰੀ ਦੇ ਜੌਹਰ ਵਿਖਾਏ ਅਤੇ ਸ਼ਹੀਦੀ ਪ੍ਰਾਪਤ ਕੀਤੀ। ਸਿੱਖ ਫੌਜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

**3) ਲਾਹੌਰ ਦੀ ਸੰਧੀ ਬਾਰੇ ਤੁਸੀਂ ਕੀ ਜਾਣਦੇ ਹੋ ? ਇਸ ਸੰਧੀ ਦੀਆਂ ਕੀ ਸ਼ਰਤਾਂ ਸਨ ? ਇਸ ਸੰਧੀ ਦੇ ਕੀ ਸਿੱਟੇ ਨਿਕਲੇ ?**

ਉੱਤਰ:

I. **ਲਾਹੌਰ ਦੀ ਸੰਧੀ:** ਪਹਿਲੇ ਐਂਗਲੋ-ਸਿੱਖ ਯੁੱਧ ਦੇ ਨਤੀਜੇ ਵਜੋਂ ਅੰਗਰੇਜ਼ੀ ਸਰਕਾਰ ਅਤੇ ਲਾਹੌਰ ਦਰਬਾਰ ਵਿਚਕਾਰ ਲਾਹੌਰ ਦੀ ਸੰਧੀ ਹੋਈ। ਇਹ ਸੰਧੀ 9 ਮਾਰਚ 1846 ਈ: ਨੂੰ ਹੋਈ। ਇਸ ਸੰਧੀ ਦੁਆਰਾ ਅੰਗਰੇਜਾਂ ਨੇ ਲਾਹੌਰ ਰਾਜ ਤੇ ਆਪਣੀ ਪਕੜਮਜਬੂਤ ਕਰ ਲਈ। ਸਤਲੁਜ ਦੇ ਦੱਖਣ ਵਾਲੇ ਇਲਾਕੇ ਅੰਗਰੇਜਾਂ ਨੂੰ ਦੇ ਦਿੱਤੇ ਗਏ। ਸਤਲੁਜ ਅਤੇ ਬਿਆਸ ਵਿਚਕਾਰਲੇ ਕਿਲ੍ਹੇ ਅੰਗਰੇਜਾਂ ਦੇ ਹਵਾਲੇ ਕਰ ਦਿੱਤੇ ਗਏ। ਲਾਹੌਰ ਰਾਜ ਦੀ ਫੌਜ ਨੂੰ ਤੋੜ ਦਿੱਤਾ ਗਿਆ। ਇਸ ਸੰਧੀ ਨਾਲ ਸਿੱਖ ਫੌਜਾਂ ਵਿੱਚ ਨਿਰਾਸ਼ਾ ਭਰ ਗਈ ਅਤੇ ਲਾਹੌਰ ਰਾਜ ਨੂੰ ਬਹੁਤ ਬੇਇੱਜਤੀ ਦਾ ਸਾਹਮਣਾ ਕਰਨਾ ਪਿਆ।

II. **ਲਾਹੌਰ ਦੀ ਸੰਧੀਦੀਆਂ ਸ਼ਰਤਾਂ:**

1. ਅੰਗਰੇਜ਼ ਸਰਕਾਰ ਅਤੇ ਲਾਹੌਰ ਦਰਬਾਰ ਵਿਚਕਾਰ ਮਿੱਤਰਤਾ ਬਣੀ ਰਹੇਗੀ।
2. ਸਤਲੁਜ ਦੇ ਦੱਖਣ ਵਿਚਕਾਰਲੇ ਇਲਾਕਿਆਂ ਤੇ ਅੰਗਰੇਜਾਂ ਦਾ ਹੱਕ ਸਵੀਕਾਰ ਕਰ ਲਿਆ ਗਿਆ।


Download Free Study Material From SIKHYA APP

3. ਸਤਲੁਜ ਅਤੇ ਬਿਆਸ ਵਿਚਕਾਰਲੇ ਸਾਰੇ ਇਲਾਕੇ ਤੇ ਕਿਲ੍ਹੇ ਅੰਗਰੇਜਾਂ ਦੇ ਹਵਾਲੇ ਕਰ ਦਿੱਤੇ ਗਏ।

4. ਲਾਹੌਰ ਦੀ ਪੈਦਲਸੈਨਾ ਦੀ ਗਿਣਤੀ 20000 ਅਤੇ ਘੋੜਸਵਾਰਾਂ ਦੀ ਗਿਣਤੀ 12000 ਨਿਸਚਿਤ ਕੀਤੀ ਗਈ।

5. ਅੰਗਰੇਜ਼ ਫੌਜਾਂ ਜਦੋਂ ਚਾਹੁਣ ਲਾਹੌਰ ਰਾਜ ਵਿੱਚੋਂ ਲੰਘ ਸਕਣਗੀਆਂ।

6. ਅੰਗਰੇਜ਼ਾਂ ਦੀ ਆਗਿਆ ਤੋਂ ਬਿਨਾਂ ਲਾਹੌਰ ਰਾਜ ਆਪਣੀਆਂ ਹੱਦਾਂ ਵਿੱਚ ਤਬਦੀਲੀ ਨਹੀਂ ਕਰ ਸਕੇਗੀ।

III. **ਲਾਹੌਰ ਦੀ ਸੰਧੀ ਦੇ ਸਿੱਟੇ:**

1. ਅੰਗਰੇਜਾਂ ਦੀ ਲਾਹੌਰ ਰਾਜ ਤੇ ਪਕੜ ਮਜ਼ਬੂਤ ਹੋ ਗਈ।

2. ਸਿੱਖ ਸੈਨਾ ਵਿੱਚ ਨਿਰਾਸ਼ਾ ਭਰ ਗਈ।

3. ਲਾਹੌਰ ਰਾਜ ਦੇ ਅਨੇਕਾਂ ਇਲਾਕਿਆਂ ਅਤੇ ਕਿਲ੍ਹਿਆਂ ਤੇ ਅੰਗਰੇਜਾਂ ਦਾ ਕਬਜ਼ਾ ਹੋ ਗਿਆ।

4. ਅੰਗਰੇਜਾਂ ਨੂੰ ਬਹੁਤ ਆਰਥਿਕ ਲਾਭ ਹੋਇਆ।

5. ਲਾਹੌਰ ਰਾਜ ਤੇ ਅਨੇਕਾਂ ਪਾਬੰਦੀਆਂ ਲੱਗ ਗਈਆਂ।


Download Free Study Material From SIKHYA APP

# ਪਾਠ 22

## ਦੂਜਾ ਅੰਗਰੇਜ ਸਿੱਖ ਯੁੱਧ: ਕਾਰਨ, ਸਿੱਟੇ ਅਤੇ ਪੰਜਾਬ ਤੇ ਕਬਜ਼ਾ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

| | |
|---|---|
| 1) ਅੰਗਰੇਜਾਂ ਨੇ ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਕਸ਼ਮੀਰ ਦਾ ਇਲਾਕਾ ਲਾਹੌਰ ਰਾਜ ਕੋਲੋਂ ਲੈ ਕੇ ਕਿਸਦੇ ਹਵਾਲੇ ਕਰ ਦਿੱਤਾ ਸੀ ? | ਰਾਜਾ ਗੁਲਾਬ ਸਿੰਘ ਦੇ |
| 2) ਭੈਰੋਵਾਲ ਦੀ ਸੰਧੀ ਅਨੁਸਾਰ ਲਾਹੌਰ ਦਰਬਾਰ ਦਾ ਬ੍ਰਿਟਿਸ਼ ਰੈਜੀਡੈਂਟ ਕਿਸਨੂੰ ਬਣਾਇਆ ਗਿਆ ਸੀ ? | ਹੈਨਰੀ ਲਾਰੈਂਸ ਨੂੰ |
| 3) ਮਹਾਰਾਣੀ ਜਿੰਦਾਂ ਨੂੰ ਦੇਸ਼ ਨਿਕਾਲਾ ਦੇ ਕੇ ਕਿੱਥੇ ਭੇਜਿਆ ਗਿਆ ? | ਬਨਾਰਸ ਵਿਖੇ |
| 4) ਦੀਵਾਨ ਮੂਲਰਾਜ ਕਿੱਥੋਂ ਦਾ ਨਾਜ਼ਿਮ ਸੀ ? | ਮੁਲਤਾਨ ਦਾ |
| 5) ਮੂਲਰਾਜ ਦੁਆਰਾ ਅਸਤੀਫ਼ਾ ਦੇਣ ਤੇ ਕਿਸਨੂੰ ਮੁਲਤਾਨ ਦਾ ਨਾਜ਼ਿਮ ਨਿਯੁਕਤ ਕੀਤਾ ਗਿਆ ? | ਸ: ਕਾਹਨ ਸਿੰਘ ਨੂੰ |
| 6) ਸ: ਚਤਰ ਸਿੰਘ ਅਟਾਰੀ ਵਾਲਾ ਕਿੱਥੋਂ ਦਾ ਨਾਜ਼ਿਮ ਸੀ ? | ਹਜ਼ਾਰਾ ਦਾ |
| 7) ਲਾਰਡ ਡਲਹੌਜੀ ਭਾਰਤ ਦਾ ਗਵਰਨਰ ਜਨਰਲ ਕਦੋਂ ਬਣਿਆ ? | 1848 ਈ: |
| 8) ਲਾਰਡ ਡਲਹੌਜੀ ਨੇ ਭਾਰਤੀ ਰਾਜਾਂ ਤੇ ਕਬਜ਼ਾ ਕਰਨ ਲਈ ਕਿਹੜੀ ਨੀਤੀ ਅਪਣਾਈ ? | ਲੈਪਸ ਦੀ ਨੀਤੀ |
| 9) ਦੂਜੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਲੜਾਈ ਕਿਹੜੀ ਸੀ ? | ਰਾਮਨਗਰ ਦੀ ਲੜਾਈ |
| 10) ਰਾਮਨਗਰ ਦੀ ਲੜਾਈ ਕਦੋਂ ਹੋਈ ? | 22 ਨਵੰਬਰ 1848 ਈ: |
| 11) ਰਾਮਨਗਰ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਹਿਊਗ ਗਫ਼ |
| 12) ਰਾਮਨਗਰ ਦੀ ਲੜਾਈ ਵਿੱਚ ਸਿੱਖਾਂ ਦੀ ਅਗਵਾਈ ਕਿਸਨੇ ਕੀਤੀ ? | ਸ: ਸ਼ੇਰ ਸਿੰਘ ਨੇ |


Download Free Study Material From SIKHYA APP

| | |
|---|---|
| 13) ਰਾਮਨਗਰ ਦੀ ਲੜਾਈ ਵਿੱਚ ਅੰਗਰੇਜਾਂ ਦੇ ਕਿਹੜੇ ਦੋ ਪ੍ਰਸਿੱਧ ਸੈਨਾਪਤੀ ਮਾਰੇ ਗਏ ? | ਜਨਰਲ ਹੈਵਲਾਕ ਅਤੇ ਜਨਰਲ ਕਿਊਰਟਨ |
| 14) ਚਿਲਿਆਂਵਾਲਾ ਦੀ ਲੜਾਈ ਕਦੋਂ ਹੋਈ ? | 13 ਜਨਵਰੀ 1849 ਈ: ਨੂੰ |
| 15) ਚਿਲਿਆਂਵਾਲਾ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕਿਸਨੇ ਕੀਤੀ ? | ਹਿਊਗ ਗਫ਼ ਨੇ |
| 16) ਚਿਲਿਆਂਵਾਲਾ ਦੀ ਲੜਾਈ ਵਿੱਚ ਸਿੱਖਾਂ ਦੀ ਅਗਵਾਈ ਕਿਸਨੇ ਕੀਤੀ ? | ਸ: ਸ਼ੇਰ ਸਿੰਘ ਨੇ |
| 17) ਚਿਲਿਆਂਵਾਲਾ ਲੜਾਈ ਵਿੱਚ ਕਿਸਦੀ ਜਿੱਤ ਹੋਈ ? | ਸਿੱਖਾਂ ਦੀ |
| 18) ਅੰਗਰੇਜਾਂ ਨੇ ਮੁਲਤਾਨ ਦੇ ਕਿਲ੍ਹੇ ਨੂੰ ਕਦੋਂ ਘੇਰਾ ਪਾਇਆ ? | 1 ਦਸੰਬਰ 1848 ਈ: |
| 19) ਮੂਲਰਾਜ ਨੇ ਅੰਗਰੇਜਾਂ ਅੱਗੇ ਹਥਿਆਰ ਕਦੋਂ ਸੁੱਟੇ ? | 22 ਜਨਵਰੀ 1849 ਈ: |
| 20) ਦੂਜੇ ਐਂਗਲੋ-ਸਿੱਖ ਯੁੱਧ ਦੀ ਅੰਤਮ ਲੜਾਈ ਕਿਹੜੀ ਸੀ ? | ਗੁਜਰਾਤ ਦੀ ਲੜਾਈ |
| 21) ਗੁਜਰਾਤ ਦੀ ਲੜਾਈ ਵਿੱਚ ਸਿੱਖਾਂ ਦੀ ਅਗਵਾਈ ਕੌਣ ਕਰ ਰਿਹਾ ਸੀ ? | ਸ: ਸ਼ੇਰ ਸਿੰਘ |
| 22) ਗੁਜਰਾਤ ਦੀ ਲੜਾਈ ਵਿੱਚ ਸ਼ੇਰ ਸਿੰਘ ਦੀ ਸਹਾਇਤਾ ਲਈ ਕੌਣ ਆਇਆ ? | ਭਾਈ ਮਹਾਰਾਜ ਸਿੰਘ ਅਤੇ ਅਕਰਮ ਖਾਂ |
| 23) ਗੁਜਰਾਤ ਦੀ ਲੜਾਈ ਵਿੱਚ ਅੰਗਰੇਜਾਂ ਦੀ ਅਗਵਾਈ ਕੌਣ ਕਰ ਰਿਹਾ ਸੀ ? | ਹਿਊਗ ਗਫ਼ |
| 24) ਗੁਜਰਾਤ ਦੀ ਲੜਾਈ ਕਦੋਂ ਸ਼ੁਰੂ ਹੋਈ ? | 21 ਫਰਵਰੀ 1849 ਈ: |
| 25) ਗੁਜਰਾਤ ਦੀ ਲੜਾਈ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ? | ਤੋਪਾਂ ਦੀ ਲੜਾਈ |
| 26) ਚਤਰ ਸਿੰਘ ਅਤੇ ਸ਼ੇਰ ਸਿੰਘ ਨੇ ਅੰਗਰੇਜਾਂ ਸਾਹਮਣੇ ਹਾਰ ਕਦੋਂ ਮੰਨੀ ? | 10 ਮਾਰਚ 1849 ਈ: |
| 27) ਅੰਤਮ ਸਿੱਖ ਮਹਾਰਾਜਾ ਕੌਣ ਸੀ ? | ਮਹਾਰਾਜਾ ਦਲੀਪ ਸਿੰਘ |
| 28) ਲਾਹੌਰ ਘੋਸ਼ਣਾ ਪੱਤਰ ਕਦੋਂ ਪੜ੍ਹਿਆ ਗਿਆ ? | 29 ਮਾਰਚ 1849 ਈ: |



Download Free Study Material From SIKHYA APP

| | |
|---|---|
| 29) ਪੰਜਾਬ ਦਾ ਪਹਿਲਾ ਚੀਫ਼ ਕਮਿਸ਼ਨਰ ਕਿਸਨੂੰ ਨਿਯੁਕਤ ਕੀਤਾ ਗਿਆ ? | ਹੈਨਰੀ ਲਾਰੈਂਸ ਨੂੰ |
| 30) ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਕਿਹੜੀਆਂ ਰਿਆਸਤਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ? | ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਫਰੀਦਕੋਟ, ਕਪੂਰਥਲਾ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**1) ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ ?**

ਉੱਤਰ: ਦੂਜੇ ਐਂਗਲੋ ਸਿੱਖ ਯੁੱਧ ਦੇ ਕਾਰਨ:

I. ਸਿੱਖ ਸੈਨਾ ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਹੋਈ ਹਾਰ ਦਾ ਬਦਲਾ ਲੈਣਾ ਚਾਹੁੰਦੀ ਸੀ।

II. ਪੰਜਾਬ ਦੇ ਲੋਕ ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ ਤੋਂ ਅਸੰਤੁਸ਼ਟ ਸਨ।

III. ਪਹਿਲੇ ਐਂਗਲੋ-ਸਿੱਖ ਤੋਂ ਬਾਅਦ ਬਹੁਤ ਸਾਰੇ ਸਿੱਖ ਸੈਨਿਕਾਂ ਨੂੰ ਸੈਨਾ ਵਿੱਚੋਂ ਕੱਢ ਦਿੱਤਾ ਗਿਆ ਸੀ।

IV. ਪੰਜਾਬ ਦੇ ਲੋਕ ਮਹਾਰਾਣੀ ਜਿੰਦਾਂ ਦੀ ਬੇਇੱਜਤੀ ਦਾ ਬਦਲਾ ਲੈਣਾ ਚਾਹੁੰਦੇ ਸਨ।

V. ਦੀਵਾਨ ਮੂਲਰਾਜ ਨੇ ਅੰਗਰੇਜ਼ਾਂ ਖਿਲਾਫ਼ ਵਿਦਰੋਹ ਕਰ ਦਿੱਤਾ ਸੀ।

VI. ਲਾਰਡ ਡਲਹੌਜੀ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ।

**2) ਦੀਵਾਨ ਮੂਲਰਾਜ ਦੇ ਵਿਦਰੋਹ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਦੀਵਾਨ ਮੂਲਰਾਜ ਮੁਲਤਾਨ ਦਾ ਨਾਜ਼ਿਮ ਸੀ। ਅੰਗਰੇਜਾਂ ਨੇ ਮੁਲਤਾਨ ਤੋਂ ਵਸੂਲ ਕੀਤੇ ਜਾਣ ਵਾਲਾ ਸਲਾਨਾ ਲਗਾਨ ਬਹੁਤ ਵਧਾ ਦਿੱਤਾ। ਇਸ ਲਈ ਮੂਲਰਾਜ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਅੰਗਰੇਜਾਂ ਨੇ ਕਾਹਨ ਸਿੰਘ ਨੂੰ ਮੁਲਤਾਨ ਦਾ ਨਾਜ਼ਿਮ ਨਿਯੁਕਤ ਕਰ ਦਿੱਤਾ। ਮੂਲਰਾਜ ਤੋਂ ਚਾਰਜ ਲੈਣ ਲਈ ਬ੍ਰਿਟਿਸ਼ ਰੈਜ਼ੀਡੈਂਟ ਨੇ ਕਾਹਨ


Download Free Study Material From SIKHYA APP

ਸਿੰਘ ਨਾਲ ਦੋ ਅੰਗਰੇਜ਼ ਅਫ਼ਸਰਾਂ ਨੂੰ ਭੇਜਿਆ। ਮੂਲਰਾਜ ਨੇ ਕਿਲ੍ਹੇ ਦੀਆਂ ਚਾਬੀਆਂ ਇਹਨਾਂ ਨੂੰ ਦੇ ਦਿੱਤੀਆਂ। ਪਰ ਅਗਲੇ ਦਿਨ ਮੂਲਰਾਜ ਦੇ ਕੁਝ ਸੈਨਿਕਾਂ ਨੇ ਦੋਹਾਂ ਅੰਗਰੇਜ਼ ਅਫ਼ਸਰਾਂ ਨੂੰ ਮਾਰ ਦਿੱਤਾ ਅਤੇ ਕਾਹਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਅੰਗਰੇਜਾਂ ਨੇ ਸਾਰੀ ਘਟਨਾ ਦੀ ਜਿੰਮੇਵਾਰੀ ਮੂਲਰਾਜ ਤੇ ਪਾ ਦਿੱਤੀ। ਇਸ ਲਈ ਮੂਲਰਾਜ ਨੇ ਵਿਦਰੋਹ ਕਰ ਦਿੱਤਾ।

**3) ਚਤਰ ਸਿੰਘ ਦੇ ਵਿਦਰੋਹ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਸਰਦਾਰ ਚਤਰ ਸਿੰਘ ਅਟਾਰੀ ਵਾਲਾ ਹਜ਼ਾਰਾ ਦਾ ਨਾਜ਼ਿਮ ਸੀ। ਕੈਪਟਨ ਐਬਟ ਦੁਆਰਾ ਭੜਕਾਏ ਹੋਏ ਹਜ਼ਾਰਾ ਦੇ ਕੁਝ ਮੁਸਲਮਾਨਾਂ ਨੇ ਸਰਦਾਰ ਚਤਰ ਸਿਘ ਅਟਾਰੀਵਾਲਾ ਦੇ ਰਿਹਾਇਸ਼ ਤੇ ਹਮਲਾ ਕਰ ਦਿੱਤਾ। ਸਰਦਾਰ ਚਤਰ ਸਿੰਘ ਨੇ ਅੰਗਰੇਜ਼ ਅਫ਼ਸਰ ਕੈਨੋਰਾ ਨੂੰ ਉਹਨਾਂ ਖਿਲਾਫ਼ ਕਾਰਵਾਈ ਕਰਨ ਲਈ ਕਿਹਾ। ਕੈਨੋਰਾ ਨੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ਾਂ ਨੇ ਉਲਟਾ ਸਰਦਾਰ ਚਤਰ ਸਿੰਘ ਨੂੰ ਹੀ ਉਸਦੇ ਅਹੁਦੇ ਤੋਂ ਹਟਾ ਦਿੱਤਾ। ਇਸ ਲਈ ਸਰਦਾਰ ਚਤਰ ਸਿੰਘ ਨੇ ਅੰਗਰੇਜਾਂ ਵਿਰੁੱਧ ਵਿਦਰੋਹ ਕਰ ਦਿੱਤਾ।

**4) ਰਾਮਨਗਰ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਇਹ ਲੜਾਈ ਦੂਜੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਲੜਾਈ ਸੀ। ਇਹ ਲੜਾਈ 22 ਨਵੰਬਰ 1848 ਈ: ਨੂੰ ਲਾਰਡ ਹਿਊਗ ਗੱਫ਼ ਅਤੇ ਸ਼ੇਰ ਸਿੰਘ ਦੀਆਂ ਫੌਜਾਂ ਵਿਚਕਾਰ ਹੋਈ। ਅੰਗਰੇਜ਼ੀ ਫੌਜ ਵਿੱਚ ਸੈਨਾ ਦੀ ਗਿਣਤੀ ਲੱਗਭਗ 20000 ਸੀ। ਸ਼ੇਰ ਸਿੰਘ ਦੇ ਸੈਨਿਕਾਂ ਦੀ ਗਿਣਤੀ ਲੱਗਭਗ 15000 ਸੀ। ਸਿੱਖਾਂ ਨੇ ਰਾਮਨਗਰ ਵਿੱਚ ਪਹਿਲਾਂ ਹੀ ਮੋਰਚੇ ਲਗਾ ਲਏ ਸਨ। ਜਦੋਂ ਅੰਗਰੇਜ਼ ਸੈਨਾ ਉੱਥੇ ਪਹੁੰਚੀ ਤਾਂ ਸਿੱਖਾਂ ਨੇ ਉਹਨਾਂ ਨੂੰ ਲਲਕਾਰਿਆ। ਇਸ ਲੜਾਈ ਵਿੱਚ ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ।

**5) ਚਿਲ੍ਹਿਆਂਵਾਲਾ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**


Download Free Study Material From SIKHYA APP

ਉੱਤਰ: ਇਹ ਲੜਾਈ 13 ਜਨਵਰੀ 1849 ਈ: ਨੂੰ ਲੜੀ ਗਈ। ਇਹ ਲੜਾਈ ਸ਼ੇਰ ਸਿੰਘ ਅਤੇ ਲਾਰਡ ਹਿਊਗ ਗਫ਼ ਦੀਆਂ ਫੌਜਾਂ ਵਿਚਕਾਰ ਲੜੀ ਗਈ। ਹਿਊਗ ਗਫ਼ ਸੋਚ ਰਿਹਾ ਸੀ ਕਿ ਉਸਦੀ ਫੌਜ ਦੀ ਗਿਣਤੀ ਘਟ ਹੈ। ਇਸ ਲਈ ਉਸਨੇ ਸ਼ੇਰ ਸਿੰਘ ਦੀ ਫੌਜ ਤੇ ਹਮਲਾ ਨਾ ਕੀਤਾ। ਫਿਰ ਉਸਨੂੰ ਪਤਾ ਲੱਗਿਆ ਕਿ ਸਰਦਾਰ ਚਤਰ ਸਿੰਘ ਆਪਣੀ ਫੌਜ ਲੈ ਕੇ ਸ਼ੇਰ ਸਿੰਘ ਦੀ ਸਹਾਇਤਾ ਕਰਨ ਲਈ ਆ ਰਿਹਾ ਹੈ। ਉਸਨੇ ਤੁਰੰਤ ਸ਼ੇਰ ਸਿੰਘ ਦੀ ਫੌਜ ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ। ਸਿੱਖਾਂ ਦੀ ਜਿੱਤ ਹੋਈ।

**6) ਮੁਲਤਾਨ ਦੀ ਲੜਾਈ ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਇਹ ਲੜਾਈਦਸੰਬਰ 1849 ਈ: ਵਿੱਚ ਲੜੀ ਗਈ। ਇਹ ਲੜਾਈ ਦੀਵਾਨ ਮੂਲਰਾਜ ਅਤੇ ਜਨਰਲ ਵਿਸ਼ ਦੀਆਂ ਫੌਜਾਂ ਵਿਚਕਾਰ ਲੜੀ ਗਈ। ਮੂਲਰਾਜ ਦੀ ਸਹਾਇਤਾ ਸ਼ੇਰ ਸਿੰਘ ਕਰ ਰਿਹਾ ਸੀ। ਅੰਗਰੇਜ਼ਾਂ ਨੇ ਨਕਲੀ ਚਿੱਠੀਆਂ ਲਿਖ ਕੇ ਮੂਲਰਾਜ ਅਤੇ ਸ਼ੇਰ ਸਿੰਘ ਵਿਚਕਾਰ ਫੁੱਟ ਪਵਾ ਦਿੱਤੀ। ਸ਼ੇਰ ਸਿੰਘ ਆਪਣੀ ਫੌਜ਼ ਲੈ ਕੇ ਮੂਲਰਾਜ ਦਾ ਸਾਥ ਛੱਡ ਗਿਆ। ਅੰਗਰੇਜਾਂ ਨੇ ਮੂਲਰਾਜ ਨੂੰ ਮੁਲਤਾਨ ਦੇ ਕਿਲ੍ਹੇ ਵਿੱਚ ਘੇਰ ਲਿਆ। ਇੱਕ ਦਿਨ ਅੰਗਰੇਜਾਂ ਦੁਆਰਾ ਸੁੱਟਿਆ ਗਿਆ ਇੱਕ ਗੋਲਾ ਮੂਲਰਾਜ ਦੇ ਬਾਰੂਦ ਤੇ ਡਿੱਗ ਪਿਆ ਜਿਸ ਕਾਰਨ ਮੂਲਰਾਜ ਦਾ ਸਾਰਾ ਬਾਰੂਦ ਨਸ਼ਟ ਹੋ ਗਿਆ। ਇਸ ਲਈ ਮੂਲਰਾਜ ਨੂੰ ਹਾਰ ਮੰਨਣੀ ਪਈ।

**7) ਗੁਜਰਾਤ ਦੀ ਲੜਾਈ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਇਹ ਲੜਾਈ ਦੂਜੇ ਐਂਗਲੋ-ਸਿੱਖ ਯੁੱਧ ਦੀ ਆਖਰੀ ਲੜਾਈ ਸੀ। ਇਹ ਲੜਾਈ 21 ਫਰਵਰੀ 1849 ਈ: ਨੂੰ ਲੜੀ ਗਈ। ਅੰਗਰੇਜ਼ ਸੈਨਾ ਦੀ ਅਗਵਾਈ ਲਾਰਡ ਹਿਊਜ਼ ਗਫ਼ ਕਰ ਰਿਹਾ ਸੀ। ਸਿੱਖ ਸੈਨਾ ਦੀ ਅਗਵਾਈ ਸ਼ੇਰ ਸਿੰਘ ਕਰ ਰਿਹਾ ਸੀ। ਚਤਰ ਸਿੰਘ ਦੇ ਸੈਨਿਕ ਵੀ ਉਸਦੀ ਸਹਾਇਤਾ ਲਈ ਆ ਗਏ। ਭਾਈ ਮਹਿਰਾਜ ਸਿੰਘ ਅਤੇ ਅਕਰਮ ਖਾਂ ਵੀ ਆਪਣੀ ਸੈਨਾ ਲੈ ਕੇ ਸ਼ੇਰ ਸਿੰਘ ਦੀ ਸਹਾਇਤਾ ਲਈ ਆ ਗਏ। ਸਿੱਖ ਸੈਨਿਕਾਂ ਦੀ ਗਿਣਤੀ 40000 ਹੋ ਗਈ ਜਦੋਂ ਕਿ ਅੰਗਰੇਜ਼ ਸੈਨਾ ਦੀ ਗਿਣਤੀ 68000 ਸੀ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਇਸ ਲੜਾਈ ਨੂੰ ਤੋਪਾਂ ਦੀ


Download Free Study Material From SIKHYA APP

ਲੜਾਈ ਵੀ ਕਿਹਾ ਜਾਂਦਾ ਹੈ। ਸਿੱਖਾਂ ਦੀਆਂ ਤੋਪਾਂ ਦਾ ਬਾਰੂਦ ਛੇਤੀ ਖਤਮ ਹੋ ਗਿਆ। ਇਸ ਲਈ ਉਹ ਜਿਆਦਾ ਦੇਰ ਅੰਗਰੇਜਾਂ ਦਾ ਮੁਕਾਬਲਾ ਨਾ ਕਰ ਸਕੇ। ਇਸ ਲੜਾਈ ਵਿੱਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ। ਅੰਗਰੇਜ਼ਾਂ ਦੀ ਜਿੱਤ ਹੋਈ।

**8) ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਸਿੱਟੇ ਨਿਕਲੇ ?**

ਉੱਤਰ: ਦੂਜੇ ਐਂਗਲੋ–ਸਿੱਖ ਯੁੱਧ ਦੇ ਸਿੱਟੇ:

1. ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ।
2. ਸਿੱਖ ਫੌਜ਼ ਦੀ ਗਿਣਤੀ ਘਟਾ ਦਿੱਤੀ ਗਈ।
3. ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ।
4. ਪੰਜਾਬ ਦਾ ਪ੍ਰਬੰਧ ਚਲਾਉਣ ਲਈ ਪ੍ਰਸ਼ਾਸਨਿਕ ਬੋਰਡ ਦੀ ਸਥਾਪਨਾ ਕੀਤੀ ਗਈ।
5. ਲਾਹੌਰ ਦਰਬਾਰ ਦੀ ਸਾਰੀ ਜਾਇਦਾਦ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ।

**9) ਕੀ ਲਾਰਡ ਡਲਹੌਜੀ ਦਾ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਮਿਲਾਉਣਾ ਉਚਿਤ ਸੀ ? ਆਪਣੇ ਪੱਖ ਵਿੱਚ ਦਲੀਲਾਂ ਦਿਓ।**

ਉੱਤਰ: ਹਾਂ। ਲਾਰਡ ਡਲਹੌਜੀ ਦਾ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣਾ ਉਚਿਤ ਸੀ, ਕਿਉਂਕਿ

1. ਸਿੱਖਾਂ ਨੇ ਆਪਣੇ ਵਚਨਾਂ ਨੂੰ ਤੋੜਿਆ ਸੀ।
2. ਪੰਜਾਬ ਹੁਣ ਅੰਗਰੇਜ਼ਾਂ ਅਤੇ ਅਫ਼ਗਾਨਿਸਤਾਨ ਵਿਚਕਾਰ ਚੰਗਾ ਮੱਧਵਰਤੀ ਰਾਜ ਨਹੀਂ ਰਿਹਾ ਸੀ।
3. ਲਾਹੌਰ ਦਰਬਾਰ ਨੇ ਅੰਗਰੇਜਾਂ ਨੂੰ ਯੁੱਧ ਵਿੱਚ ਹੋਏ ਨੁਕਸਾਨ ਦਾ ਮੁਆਵਜਾ ਨਹੀਂ ਦਿੱਤਾ ਸੀ।
4. ਜੇਕਰ ਅੰਗਰੇਜ਼ ਪੰਜਾਬ ਤੇ ਕਬਜ਼ਾ ਨਾ ਕਰਦੇ ਤਾਂ ਸਿੱਖਾਂ ਨੇ ਅੰਗਰੇਜਾਂ ਲਈ ਸਿਰਦਰਦੀ ਪੈਦਾ ਕਰਨੀ ਸੀ।

**10) ਲਾਰਡ ਡਲਹੌਜੀ ਦਾ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਮਿਲਾਉਣਾ ਉਚਿਤ ਨਹੀਂ ਸੀ। ਆਪਣੇ ਪੱਖ ਵਿੱਚ ਦਲੀਲਾਂ ਦਿਓ।**

ਉੱਤਰ: ਲਾਰਡ ਡਲਹੌਜੀ ਦਾ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣਾ ਉਚਿਤ ਨਹੀਂ ਸੀ, ਕਿਉਂਕਿ


Download Free Study Material From SIKHYA APP

1. ਸਿੱਖਾਂ ਨੇ ਹਮਲਾ ਨਹੀਂ ਕੀਤਾ। ਉਹਨਾਂ ਨੂੰ ਅਜਿਹਾ ਕਰਨ ਲਈ ਭੜਕਾਇਆ ਗਿਆ।

2. ਅੰਗਰੇਜਾਂ ਨੇ ਆਪ ਹੀ ਮੁਲਤਾਨ ਦੀ ਬਗਾਵਤ ਨੂੰ ਫੈਲਣ ਦਿੱਤਾ ਸੀ।

3. ਲਾਹੌਰ ਦਰਬਾਰ ਨੇ ਅੰਗਰੇਜਾਂ ਨੂੰ ਪੂਰਾ ਸਹਿਯੋਗ ਦਿੱਤਾ ਸੀ।

4. ਸਾਰੀ ਸਿੱਖ ਸੈਨਾ ਨੇ ਵਿਦਰੋਹ ਨਹੀਂ ਕੀਤਾ ਸੀ।

5. ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰਨ ਦਾ ਤਰੀਕਾ ਗਲਤ ਸੀ।

**11) ਮਹਾਰਾਜਾ ਦਲੀਪ ਸਿੰਘ ਤੇ ਇੱਕ ਨੋਟ ਲਿਖੋ।**

ਉੱਤਰ: ਮਹਾਰਾਜਾ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ। ਰਾਜਗੱਦੀ ਤੇ ਬੈਠਣ ਸਮੇਂ ਉਸਦੀ ਉਮਰ ਸਿਰਫ 5 ਸਾਲ ਸੀ। ਇਸ ਲਈ ਮਹਾਰਾਣੀ ਜਿੰਦਾਂ ਨੂੰ ਉਸਦਾ ਸਰਪ੍ਰਸਤ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਲਾਲ ਸਿੰਘ ਗੱਦਾਰ ਨਿਕਲਿਆ। ਦੂਜੇ ਐਂਗਲੋ -ਸਿੱਖ ਯੁੱਧ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। 22 ਅਕਤੂਬਰ 1893 ਈ: ਨੂੰ ਪੈਰਿਸ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਮੌਤ ਹੋ ਗਈ।

**12) ਮਹਾਰਾਣੀ ਜਿੰਦਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ: ਮਹਾਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਸੀ। ਰਾਜਗੱਦੀ ਤੇ ਬੈਠਣ ਸਮੇਂ ਮਹਾਰਾਜਾ ਦਲੀਪ ਸਿੰਘ ਦੀ ਉਮਰ ਸਿਰਫ਼ 5 ਸਾਲ ਸੀ। ਇਸ ਲਈ ਮਹਾਰਾਣੀ ਜਿੰਦਾਂ ਨੂੰ ਉਸਦੀ ਸਰਪ੍ਰਸਤ ਬਣਾਇਆ ਗਿਆ। ਭੈਰੋਵਾਲ ਦੀ ਸੰਧੀ ਦੁਆਰਾ ਅੰਗਰੇਜਾਂ ਨੇ ਮਹਾਰਾਣੀ ਜਿੰਦਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ ਸਨ ਅਤੇ ਪੈਨਸ਼ਨ ਲਗਾ ਦਿੱਤੀ ਸੀ। 1849 ਈ: ਵਿੱਚ ਮਹਾਰਾਣੀ ਜਿੰਦਾਂ ਭੇਸ ਬਦਲ ਕੇ ਨੇਪਾਲ ਪਹੁੰਚ ਗਈ। 1863 ਈ: ਨੂੰ ਇੰਗਲੈਂਡ ਵਿੱਚ ਮਹਾਰਾਣੀ ਜਿੰਦਾਂ ਦੀ ਮੌਤ ਹੋ ਗਈ।

**13) ਭਾਈ ਮਹਾਰਾਜ ਸਿੰਘ ਤੇ ਇੱਕ ਨੋਟ ਲਿਖੋ।**


Download Free Study Material From SIKHYA APP

ਉੱਤਰ: ਭਾਈ ਮਹਾਰਾਜ ਸਿੰਘ ਨੌਰੰਗਾਬਾਦ ਦੇ ਪ੍ਰਸਿੱਧ ਸੰਤ ਭਾਈ ਬੀਰ ਸਿੰਘ ਦੇ ਚੇਲੇ ਸਨ। ਉਹ ਪੰਜਾਬ ਦੀ ਅਜਾਦੀ ਚਾਹੁੰਦੇ ਸਨ। ਉਹਨਾਂ ਨੇ ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਸਾਰੀਆਂ ਲੜਾਈਆਂ ਵਿੱਚ ਹਿੱਸਾ ਲਿਆ ਸੀ। ਗੁਜਰਾਤ ਦੀ ਲੜਾਈ ਤੋਂ ਬਾਅਦ ਉਹਨਾਂ ਨੇ ਹਥਿਆਰ ਨਾ ਸੁੱਟੇ ਅਤੇ ਜੰਮੂ ਚਲੇ ਗਏ। ਉਹਨਾਂ ਨੇ ਕਾਬਲ ਦੇ ਸ਼ਾਸਕ ਨਾਲ ਮਿਲਕੇ ਅੰਗਰੇਜਾਂ ਖਿਲਾਫ਼ ਵਿਦਰੋਹ ਦੀ ਯੋਜਨਾ ਬਣਾਈ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਕਲਕੱਤਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸਤੋਂ ਬਾਅਦ ਉਹਨਾਂ ਨੂੰ ਸਿੰਗਾਪੁਰ ਜੇਲ੍ਹ ਵਿੱਚ ਭੇਜਿਆ ਗਿਆ। ਸਿੰਗਾਪੁਰ ਵਿਖੇ 1856 ਈ: ਵਿੱਚ ਉਹਨਾਂ ਦੀ ਮੌਤ ਹੋ ਗਈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**1) ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ ?**

ਉੱਤਰ: ਦੂਜੇ ਐਂਗਲੋ ਸਿੱਖ ਯੁੱਧ ਦੇ ਕਾਰਨ:

I. **ਸਿੱਖਾਂ ਦੀ ਬਦਲਾ ਲੈਣ ਦੀ ਇੱਛਾ**: ਸਿੱਖ ਭਾਵੇਂ ਹਾਰ ਗਏ ਸਨ ਪਰ ਉਹਨਾਂ ਦੇ ਹੌਸਲੇ ਨਹੀਂ ਟੁੱਟੇ ਸਨ। ਉਹਨਾਂ ਦੀ ਹਾਰ ਦਾ ਵੱਡਾ ਕਾਰਨ ਤੇਜਾ ਸਿੰਘ ਅਤੇ ਲਾਲ ਸਿੰਘ ਦੀ ਗੱਦਾਰੀ ਸੀ। ਉਹ ਆਪਣੀ ਹਾਰ ਦਾ ਬਦਲਾ ਲੈਣਾ ਚਾਹੁੰਦੇ ਸਨ।

II. **ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ**: ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ ਨੇ ਸਿੱਖਾਂ ਦੇ ਵੱਕਾਰ ਨੂੰ ਭਾਰੀ ਸੱਟ ਮਾਰੀ ਸੀ। ਇਹਨਾਂ ਸੰਧੀਆਂ ਦੁਆਰਾ ਲਾਹੌਰ ਦਰਬਾਰ ਤੇ ਅਨੇਕਾਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ ਜਿਹੜੀਆਂ ਸਿੱਖਾਂ ਨੂੰ ਮੰਜੂਰ ਨਹੀਂ ਸਨ।

III. **ਸਿੱਖ ਸਾਮਰਾਜ ਨੂੰ ਤੋੜਣਾ**: ਅੰਗਰੇਜਾਂ ਨੇ ਜਲੰਧਰ ਦੁਆਬ ਦੇ ਖੇਤਰ ਤੇ ਕਬਜਾ ਕਰ ਲਿਆ ਸੀ। ਕਸ਼ਮੀਰ ਦਾ ਖੇਤਰ ਅੰਗਰੇਜਾਂ ਨੇ ਆਪਣੇ ਮਿੱਤਰ ਰਾਜੇ ਗੁਲਾਬ ਸਿੰਘ ਨੂੰ ਦੇ ਦਿੱਤਾ ਸੀ। ਇਸ ਪ੍ਰਕਾਰ ਮਹਾਰਾਜਾ ਰਣਜੀਤ


Download Free Study Material From SIKHYA APP

ਸਿੰਘ ਦੁਆਰਾ ਬਣਾਇਆ ਗਿਆ ਸਿੱਖ ਸਾਮਰਾਜ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਸਿੱਖ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ।

IV. **ਸਿੱਖ ਸੈਨਿਕਾਂ ਵਿੱਚ ਰੋਸ**: ਲਾਹੌਰ ਸੰਧੀ ਤੋਂ ਬਾਅਦ ਹਜ਼ਾਰਾਂ ਸਿੱਖ ਸੈਨਿਕਾਂ ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਸੀ। ਇਹ ਸੈਨਿਕ ਬੇਰੁਜ਼ਗਾਰ ਹੋ ਗਏ ਸਨ।ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਹੋਈ ਹਾਰ ਕਾਰਨ ਲੋਕ ਉਹਨਾਂ ਨੂੰ ਮਿਹਣੇ ਮਾਰਦੇ ਸਨ। ਇਸ ਲਈ ਇਹ ਸਿੱਖ ਸੈਨਿਕ ਅੰਗਰੇਜ਼ਾਂ ਤੋਂ ਬਦਲਾ ਲੈਣਾ ਚਾਹੁੰਦੇ ਸਨ।

V. **ਅੰਗਰੇਜ਼ਾਂ ਦੇ ਸੁਧਾਰ**: ਅੰਗਰੇਜ਼ਾਂ ਨੇ ਪੰਜਾਬ ਵਿੱਚ ਕਈ ਸੁਧਾਰ ਕੀਤੇ। ਉਹਨਾਂ ਨੇ ਸਤੀ ਪ੍ਰਥਾ, ਨਵਜੰਮੀਆਂ ਬੱਚੀਆਂ ਦੀ ਹੱਤਿਆ, ਗੁਲਾਮੀ ਪ੍ਰਥਾ, ਜਿੰਮੀਦਾਰੀ ਪ੍ਰਥਾ ਆਦਿ ਤੇ ਪਾਬੰਦੀ ਲਗਾਉਣ ਦੇ ਯਤਨ ਕੀਤੇ। ਪੰਜਾਬੀਆਂ ਨੇ ਇਸਨੂੰ ਆਪਣੇ ਸਮਾਜਿਕ ਜੀਵਨ ਵਿੱਚ ਦਖ਼ਲ ਅੰਦਾਜ਼ੀ ਸਮਝਿਆ।

VI. **ਅੰਗਰੇਜ਼ਾਂ ਦੀ ਲਾਹੌਰ ਦਰਬਾਰ ਵਿੱਚ ਨਿਯੁਕਤੀ**: ਅੰਗਰੇਜ਼ਾਂ ਨੇ ਲਾਹੌਰ ਦਰਬਾਰ ਵਿੱਚ ਹੈਨਰੀ ਲਾਰੈਂਸ ਨੂੰ ਆਪਣਾ ਰੈਜ਼ੀਡੈਂਟ ਨਿਯੁਕਤ ਕੀਤਾ। ਹੈਨਰੀ ਲਾਰੈਂਸ ਨੇ ਲਾਹੌਰ ਦਰਬਾਰ ਦੇ ਉੱਚੇ ਅਹੁਦਿਆਂ ਤੇ ਅੰਗਰੇਜ਼ਾਂ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਸਰਦਾਰਾਂ ਨੂੰ ਇਹ ਗੱਲ ਚੰਗੀ ਨਾ ਲੱਗੀ।

VII. **ਮਹਾਰਾਣੀ ਜਿੰਦਾਂ ਨਾਲ ਮਾੜਾ ਸਲੂਕ**: ਅੰਗਰੇਜਾਂ ਨੇ ਮਹਾਰਾਣੀ ਜਿੰਦਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ ਅਤੇ ਪੈਨਸ਼ਨ ਲਗਾ ਦਿੱਤੀ। ਫ਼ਿਰ ਉਸਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸਤੋਂ ਬਾਅਦ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ। ਇਸ ਗੱਲ ਕਾਰਨ ਸਿੱਖਾਂ ਵਿੱਚ ਅੰਗਰੇਜ਼ਾਂ ਵਿਰੁੱਧ ਗੁੱਸਾ ਭਰ ਗਿਆ।

VIII. **ਦੀਵਾਨ ਮੂਲਰਾਜ ਦਾ ਵਿਦਰੋਹ**: ਦੀਵਾਨ ਮੂਲਰਾਜ ਮੁਲਤਾਨ ਦਾ ਨਾਜ਼ਿਮ ਸੀ। ਅੰਗਰੇਜਾਂ ਨੇ ਮੁਲਤਾਨ ਦਾ ਸਲਾਨਾ ਲਗਾਨ ਬਹੁਤ ਵਧਾ ਦਿੱਤਾ। ਇਸ ਲਈ ਮੂਲਰਾਜ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਅੰਗਰੇਜਾਂ ਨੇ ਨਵੇਂ ਨਾਜ਼ਿਮ ਕਾਹਨ ਸਿੰਘ ਨੂੰ ਅੰਗਰੇਜ਼ ਅਫ਼ਸਰਾਂ ਨਾਲ ਮੂਲਰਾਜ ਤੋਂ ਚਾਰਜ ਲੈਣ ਭੇਜਿਆ।


Download Free Study Material From SIKHYA APP

ਮੂਲਰਾਜ ਨੇ ਕਿਲ੍ਹੇ ਦੀਆਂ ਚਾਬੀਆਂ ਉਹਨਾਂ ਨੂੰ ਦੇ ਦਿੱਤੀਆਂ। ਪਰ ਅਗਲੇ ਦਿਨ ਮੂਲਰਾਜ ਦੇ ਕੁਝ ਸੈਨਿਕਾਂ ਨੇ ਦੋਹਾਂ ਅੰਗਰੇਜ਼ ਅਫ਼ਸਰਾਂ ਨੂੰ ਮਾਰ ਦਿੱਤਾ ਅਤੇ ਕਾਹਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਅੰਗਰੇਜਾਂ ਨੇ ਸਾਰੀ ਘਟਨਾ ਦੀ ਜਿੰਮੇਵਾਰੀ ਮੂਲਰਾਜ ਤੇ ਪਾ ਦਿੱਤੀ। ਇਸ ਲਈ ਮੂਲਰਾਜ ਨੇ ਵਿਦਰੋਹ ਕਰ ਦਿੱਤਾ।

IX. **ਚਤਰ ਸਿੰਘ ਦਾ ਵਿਦਰੋਹ:** ਸਰਦਾਰ ਚਤਰ ਸਿੰਘ ਅਟਾਰੀਵਾਲਾ ਹਜ਼ਾਰਾ ਦਾ ਨਾਜ਼ਿਮ ਸੀ। ਅੰਗਰੇਜ਼ਾਂ ਦੇ ਭੜਕਾਏ ਹੋਏ ਕੁਝ ਮੁਸਲਮਾਨਾਂ ਨੇ ਸਰਦਾਰ ਚਤਰ ਸਿਘ ਅਟਾਰੀਵਾਲਾ ਦੇ ਰਿਹਾਇਸ਼ ਤੇ ਹਮਲਾ ਕਰ ਦਿੱਤਾ। ਚਤਰ ਸਿੰਘ ਨੇ ਅੰਗਰੇਜ਼ਾਂ ਨੂੰ ਉਹਨਾਂ ਖਿਲਾਫ਼ ਕਾਰਵਾਈ ਕਰਨ ਲਈ ਕਿਹਾ। ਅੰਗਰੇਜ਼ਾਂ ਨੇ ਉਲਟਾ ਸਰਦਾਰ ਚਤਰ ਸਿੰਘ ਨੂੰ ਹੀ ਉਸਦੇ ਅਹੁਦੇ ਤੋਂ ਹਟਾ ਦਿੱਤਾ। ਚਤਰ ਸਿੰਘ ਨੇ ਅੰਗਰੇਜਾਂ ਵਿਰੁੱਧ ਵਿਦਰੋਹ ਕਰ ਦਿੱਤਾ।

X. **ਸ਼ੇਰ ਸਿੰਘ ਦਾ ਵਿਦਰੋਹ:** ਸ਼ੇਰ ਸਿੰਘ, ਚਤਰ ਸਿੰਘ ਦਾ ਪੁੱਤਰ ਸੀ। ਜਦੋਂ ਉਸਨੂੰ ਆਪਣੇ ਪਿਤਾ ਨਾਲ ਹੋਈ ਬਦਸਲੂਕੀ ਦਾ ਪਤਾ ਲੱਗਿਆ ਤਾਂ ਉਸਨੇ ਅੰਗਰੇਜਾਂ ਖਿਲਾਫ਼ ਵਿਦਰੋਹ ਕਰ ਦਿੱਤਾ।

XI. **ਲਾਰਡ ਡਲਹੌਜ਼ੀ ਦੀ ਨੀਤੀ:** ਲਾਰਡ ਡਲਹੌਜ਼ੀ ਬਹੁਤ ਵੱਡਾ ਸਾਮਰਾਜਵਾਦੀ ਸੀ। ਉਸਨੇ ਭਾਰਤ ਦੇ ਅਨੇਕਾਂ ਰਾਜਾਂ ਤੇ ਕਬਜ਼ਾ ਕੀਤਾ ਸੀ। ਉਹ ਪੰਜਾਬ ਤੇ ਵੀ ਕਬਜ਼ਾ ਕਰਨਾ ਚਾਹੁੰਦਾ ਸੀ।

**2) ਦੂਜੇ ਐਂਗਲੋ ਸਿੱਖ ਯੁੱਧ ਦੀਆਂ ਮੁੱਖ ਲੜਾਈਆਂ/ਘਟਨਾਵਾਂ ਦਾ ਵਰਣਨ ਕਰੋ।**

ਉੱਤਰ: ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਮੁੱਖ ਲੜਾਈਆਂ/ਘਟਨਾਵਾਂ:

I. **ਰਾਮਨਗਰ ਦੀ ਲੜਾਈ:** ਇਹ ਲੜਾਈ ਦੂਜੇ ਐਂਗਲੋ-ਸਿੱਖ ਯੁੱਧ ਦੀ ਪਹਿਲੀ ਲੜਾਈ ਸੀ। ਇਹ ਲੜਾਈ 22 ਨਵੰਬਰ 1848 ਈ: ਨੂੰ ਲਾਰਡ ਹਿਊਗ ਗੱਫ਼ ਅਤੇ ਸ਼ੇਰ ਸਿੰਘ ਦੀਆਂ ਫੌਜਾਂ ਵਿਚਕਾਰ ਹੋਈ। ਅੰਗਰੇਜ਼ੀ ਫੌਜ ਵਿੱਚ ਸੈਨਾ ਦੀ ਗਿਣਤੀ ਲੱਗਭਗ 20000 ਸੀ। ਸ਼ੇਰ ਸਿੰਘ ਦੇ ਸੈਨਿਕਾਂ ਦੀ ਗਿਣਤੀ ਲੱਗਭਗ 15000 ਸੀ। ਸਿੱਖਾਂ ਨੇ ਰਾਮਨਗਰ ਵਿੱਚ ਪਹਿਲਾਂ ਹੀ ਮੋਰਚੇ ਲਗਾ ਲਏ ਸਨ। ਜਦੋਂ ਅੰਗਰੇਜ਼ ਸੈਨਾ ਉੱਥੇ ਪਹੁੰਚੀ ਤਾਂ ਸਿੱਖਾਂ ਨੇ ਉਹਨਾਂ ਨੂੰ ਲਲਕਾਰਿਆ। ਇਸ ਲੜਾਈ ਵਿੱਚ ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ।


Download Free Study Material From SIKHYA APP

II. **ਚਿਲ੍ਹਿਆਂਵਾਲਾ ਦੀ ਲੜਾਈ:** ਇਹ ਲੜਾਈ 13 ਜਨਵਰੀ 1849 ਈ: ਨੂੰ ਲੜੀ ਗਈ। ਇਹ ਲੜਾਈ ਸ਼ੇਰ ਸਿੰਘ ਅਤੇ ਲਾਰਡ ਹਿਊਗ ਗਫ਼ ਦੀਆਂ ਫੌਜਾਂ ਵਿਚਕਾਰ ਲੜੀ ਗਈ। ਹਿਊਗ ਗਫ਼ ਸੋਚ ਰਿਹਾ ਸੀ ਕਿ ਉਸਦੀ ਫੌਜ ਦੀ ਗਿਣਤੀ ਘਟ ਹੈ। ਇਸ ਲਈ ਉਸਨੇ ਸ਼ੇਰ ਸਿੰਘ ਦੀ ਫੌਜ ਤੇ ਹਮਲਾ ਨਾ ਕੀਤਾ। ਫਿਰ ਉਸਨੂੰ ਪਤਾ ਲੱਗਿਆ ਕਿ ਸਰਦਾਰ ਚਤਰ ਸਿੰਘ ਆਪਣੀ ਫੌਜ ਲੈ ਕੇ ਸ਼ੇਰ ਸਿੰਘ ਦੀ ਸਹਾਇਤਾ ਕਰਨ ਲਈ ਆ ਰਿਹਾ ਹੈ। ਉਸਨੇ ਤੁਰੰਤ ਸ਼ੇਰ ਸਿੰਘ ਦੀ ਫੌਜ ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ। ਸਿੱਖਾਂ ਦੀ ਜਿੱਤ ਹੋਈ।

III. **ਮੁਲਤਾਨ ਦੀ ਲੜਾਈ:** ਇਹ ਲੜਾਈ ਦਸੰਬਰ 1849 ਈ: ਵਿੱਚ ਲੜੀ ਗਈ। ਇਹ ਲੜਾਈ ਦੀਵਾਨ ਮੂਲਰਾਜ ਅਤੇ ਜਨਰਲ ਵਿਸ਼ ਦੀਆਂ ਫੌਜਾਂ ਵਿਚਕਾਰ ਲੜੀ ਗਈ। ਮੂਲਰਾਜ ਦੀ ਸਹਾਇਤਾ ਸ਼ੇਰ ਸਿੰਘ ਕਰ ਰਿਹਾ ਸੀ। ਅੰਗਰੇਜ਼ਾਂ ਨੇ ਨਕਲੀ ਚਿੱਠੀਆਂ ਲਿਖਕੇ ਮੂਲਰਾਜ ਅਤੇ ਸ਼ੇਰ ਸਿੰਘ ਵਿਚਕਾਰ ਫੁੱਟ ਪਵਾ ਦਿੱਤੀ। ਸ਼ੇਰ ਸਿੰਘ ਆਪਣੀ ਫੌਜ਼ ਲੈ ਕੇ ਮੂਲਰਾਜ ਦਾ ਸਾਥ ਛੱਡ ਗਿਆ। ਅੰਗਰੇਜਾਂ ਨੇ ਮੂਲਰਾਜ ਨੂੰ ਮੁਲਤਾਨ ਦੇ ਕਿਲ੍ਹੇ ਵਿੱਚ ਘੇਰ ਲਿਆ। ਇੱਕ ਦਿਨ ਅੰਗਰੇਜਾਂ ਦੁਆਰ ਸੁੱਟਿਆ ਗਿਆ ਇੱਕ ਗੋਲਾ ਮੂਲਰਾਜ ਦੇ ਬਾਰੂਦ ਤੇ ਡਿੱਗ ਪਿਆ ਜਿਸ ਕਾਰਨ ਮੂਲਰਾਜ ਦਾ ਸਾਰਾ ਬਾਰੂਦ ਨਸ਼ਟ ਹੋ ਗਿਆ। ਇਸ ਲਈ ਮੂਲਰਾਜ ਨੂੰ ਹਾਰ ਮੰਨਣੀ ਪਈ।

IV. **ਗੁਜਰਾਤ ਦੀ ਲੜਾਈ:** ਇਹ ਲੜਾਈ ਦੂਜੇ ਐਂਗਲੋ-ਸਿੱਖ ਯੁੱਧ ਦੀ ਆਖਰੀ ਲੜਾਈ ਸੀ। ਇਹ ਲੜਾਈ 21 ਫਰਵਰੀ 1849 ਈ: ਨੂੰ ਲੜੀ ਗਈ। ਅੰਗਰੇਜ਼ ਸੈਨਾ ਦੀ ਅਗਵਾਈ ਲਾਰਡ ਹਿਊਜ਼ ਗਫ਼ ਕਰ ਰਿਹਾ ਸੀ। ਸਿੱਖ ਸੈਨਾ ਦੀ ਅਗਵਾਈ ਸ਼ੇਰ ਸਿੰਘ ਕਰ ਰਿਹਾ ਸੀ। ਚਤਰ ਸਿੰਘ ਦੇ ਸੈਨਿਕ ਵੀ ਉਸਦੀ ਸਹਾਇਤਾ ਲਈ ਆ ਗਏ। ਭਾਈ ਮਹਾਰਾਜ ਸਿੰਘ ਅਤੇ ਅਕਰਮ ਖਾਂ ਵੀ ਆਪਣੀ ਸੈਨਾ ਲੈ ਕੇ ਸ਼ੇਰ ਸਿੰਘ ਦੀ ਸਹਾਇਤਾ ਲਈ ਆ ਗਏ। ਸਿੱਖ ਸੈਨਿਕਾਂ ਦੀ ਗਿਣਤੀ 40000 ਹੋ ਗਈ ਜਦੋਂ ਕਿ ਅੰਗਰੇਜ਼ ਸੈਨਾ ਦੀ ਗਿਣਤੀ 68000 ਸੀ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਇਸ ਲੜਾਈ ਨੂੰ ਤੋਪਾਂ ਦੀ ਲੜਾਈ ਵੀ ਕਿਹਾ ਜਾਂਦਾ ਹੈ। ਸਿੱਖਾਂ ਦੀਆਂ ਤੋਪਾਂ


Download Free Study Material From SIKHYA APP

ਦਾ ਬਾਰੂਦ ਛੇਤੀ ਖਤਮ ਹੋ ਗਿਆ। ਇਸ ਲਈ ਉਹ ਜਿਆਦਾ ਦੇਰ ਅੰਗਰੇਜਾਂ ਦਾ ਮੁਕਾਬਲਾ ਨਾ ਕਰ ਸਕੇ। ਇਸ ਲੜਾਈ ਵਿੱਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ। ਅੰਗਰੇਜ਼ਾਂ ਦੀ ਜਿੱਤ ਹੋਈ।

**3) ਦੂਜੇ ਐਂਗਲੋ-ਸਿੱਖ ਯੁੱਧ ਦੇ ਕੀ ਸਿੱਟੇ ਨਿਕਲੇ ?**

ਉੱਤਰ: ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟੇ:

I. **ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦਾ ਅੰਤ:** ਇਸ ਲੜਾਈ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਨੂੰ ਖਤਮ ਕਰ ਦਿੱਤਾ। 29 ਮਾਰਚ 1849 ਈ: ਨੂੰ ਲਾਹੌਰ ਘੋਸ਼ਣਾ ਪੱਤਰ ਰਾਹੀਂ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ ਅਤੇ ਉਸਦੀ ਪੈਨਸ਼ਨ ਲਗਾ ਦਿੱਤੀ ਗਈ। ਲਾਹੌਰ ਦਰਬਾਰ ਤੇ ਅੰਗਰੇਜ਼ਾਂ ਦਾ ਕਬਜਾ ਹੋ ਗਿਆ।

II. **ਸਿੱਖ ਫੌਜ਼ ਨੂੰ ਤੋੜਣਾ:** ਦੂਜੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਸਿੱਖ ਫੌਜ਼ ਨੂੰ ਤੋੜ ਦਿੱਤਾ ਗਿਆ। ਜਿਆਦਾਤਰ ਸੈਨਿਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਕੁਝ ਸੈਨਿਕਾਂ ਨੂੰ ਅੰਗਰੇਜ਼ੀ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ।

III. **ਵਿਦਰੋਹੀਆਂ ਨੂੰ ਸਜ਼ਾਵਾਂ:** ਦੀਵਾਨ ਮੂਲਰਾਜ ਅਤੇ ਭਾਈ ਮਹਾਰਾਜ ਸਿੰਘ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਸਰਦਾਰ ਚਤਰ ਸਿੰਘ ਅਤੇ ਸ਼ੇਰ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਜੇਲ੍ਹ ਵਿੱਚ ਪਾ ਦਿੱਤਾ ਗਿਆ।

IV. **ਪ੍ਰਸ਼ਾਸਨਿਕ ਬੋਰਡ ਦੀ ਸਥਾਪਨਾ:** ਪੰਜਾਬ ਦਾ ਪ੍ਰਬੰਧ ਚਲਾਉਣ ਲਈ ਪ੍ਰਸ਼ਾਸਨਿਕ ਬੋਰਡ ਦੀ ਸਥਾਪਨਾ ਕੀਤੀ ਗਈ। ਇਸ ਪ੍ਰਸ਼ਾਸਨਿਕ ਬੋਰਡ ਨੇ 1853 ਈ: ਤੱਕ ਕੰਮ ਕੀਤਾ। ਇਸਤੋਂ ਬਾਅਦ ਪ੍ਰਸ਼ਾਸਨਿਕ ਬੋਰਡ ਨੂੰ ਭੰਗ ਕਰਕੇ ਜਾਨ ਲਾਰੈਂਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਨਿਯੁਕਤ ਕੀਤਾ ਗਿਆ।


Download Free Study Material From SIKHYA APP

V. **ਪੰਜਾਬ ਵਿੱਚ ਸੁਧਾਰ:** ਅੰਗਰੇਜ਼ਾਂ ਨੇ ਪੰਜਾਬ ਵਿੱਚ ਅਨੇਕਾਂ ਸੁਧਾਰ ਕੀਤੇ। ਪੁਲੀਸ ਪ੍ਰਣਾਲੀ ਅਤੇ ਨਿਆਂ ਪ੍ਰਣਾਲੀ ਨੂੰ ਜਿਆਦਾ ਕੁਸ਼ਲ ਬਣਾਇਆ ਗਿਆ। ਸੜਕਾਂ ਅਤੇ ਨਹਿਰਾਂ ਦਾ ਨਿਰਮਾਣ ਕਰਕੇ ਖੇਤੀਬਾੜੀ ਅਤੇ ਵਪਾਰ ਨੂੰ ਉਤਸਾਹਿਤ ਕੀਤਾ ਗਿਆ। ਜਾਗੀਰਦਾਰੀ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਗਿਆ।

VI. **ਰਾਜਨੀਤਕ ਅਸਥਿਰਤਾ ਦੀ ਸਮਾਪਤੀ:** ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੈਦਾ ਹੋਈ ਬਦਅਮਨੀ ਅਤੇ ਰਾਜਨੀਤਕ ਅਸਥਿਰਤਾ ਨੂੰ ਖਤਮ ਕਰ ਦਿੱਤਾ ਗਿਆ। ਪੰਜਾਬ ਵਿੱਚ ਸ਼ਾਤੀ ਦੀ ਸਥਾਪਨਾ ਕੀਤੀ ਗਈ। ਉੱਤਰ-ਪੱਛਮੀ ਸੀਮਾ ਨੂੰ ਮਜ਼ਬੂਤ ਬਣਾਇਆ ਗਿਆ।

VII. **ਪੰਜਾਬ ਦੀਆਂ ਰਿਆਸਤਾਂ ਨਾਲ ਚੰਗਾ ਸਲੂਕ:** ਦੂਜੇ ਐਂਗਲੋ-ਸਿੱਖ ਯੁੱਧ ਸਮੇਂ ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਫ਼ਰੀਦਕੋਟ ਅਤੇ ਕਪੂਰਥਲਾ ਆਦਿ ਰਿਆਸਤਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਹਨਾਂ ਸਿਆਸਤਾਂ ਨਾਲ ਚੰਗਾ ਸਲੂਕ ਕੀਤਾ ਗਿਆ ਅਤੇ ਇਹਨਾਂ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।


Download Free Study Material From SIKHYA APP
Copy protected with Online-PDF-No-Copy.com